
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 50
March 23, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 645ਵੇਂ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈਆਂ।
(ਸਬੰਧਤ ਇਸ਼ਤਿਹਾਰ ਅੰਦਰ ਦੇਖੋ)

# ਹੁਣ ਵਿਧਾਨ ਸਭਾ 'ਚ ਲੱਗਣਗੇ ਸ਼ਹੀਦ ਭਗਤ ਸਿੰਘ, ਡਾ. ਅੰਬੇਡਕਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ

## ਮੁੱਖ ਮੰਤਰੀ ਭਗਵੰਤ ਮਾਨ ਨੇ 'ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ' ਨੰਬਰ 9501200200 ਜਾਰੀ ਕੀਤਾ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਨੇ ਅੱਜ ਸਦਨ ਦੇ ਆਗੂ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿਧਾਨ ਸਭਾ ਦੇ ਕੰਪਲੈਕਸ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ, ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਅਤੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਲਗਾਉਣ ਲਈ ਪੇਸ਼ ਕੀਤਾ ਮਤਾ ਸਰਬਸੰਮਤੀ ਨਾਲ ਪਾਸ ਕਰ ਦਿੱਤਾ।



ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਭ੍ਰਿਸ਼ਟਾਚਾਰ ਰੋਕੂ ਹੈਲਪਲਾਈਨ ਨੰਬਰ 9501200200 ਜਾਰੀ ਕਰ ਦਿੱਤਾ ਹੈ। ਉਨ੍ਹਾਂ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਹੈਲਪਲਾਈਨ ਨੰਬਰ 'ਤੇ ਸਿਰਫ਼ ਰਿਸ਼ਵਤ ਦੀ ਮੰਗ ਕਰਨ ਵਾਲੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਵੀਡੀਓ ਜਾਂ ਆਡੀਓ ਭੇਜੀ ਜਾਵੇ।

ਸਦਨ ਵਿੱਚ ਭਗਵੰਤ ਮਾਨ ਨੇ ਕਿਹਾ, "ਇੱਕ ਕਰਜ਼ਦਾਰ ਕੌਮ ਵਜੋਂ ਅਸੀਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਯੋਗਦਾਨ ਨੂੰ ਕਦੇ ਨਹੀਂ ਭੁੱਲ ਸਕਦੇ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਸੇ ਤਰ੍ਹਾਂ, ਡਾ. ਬੀ.ਆਰ. ਅੰਬੇਡਕਰ ਨੇ ਭਾਰਤੀ ਸੰਵਿਧਾਨ ਦੇ ਮੁੱਖ ਨਿਰਮਾਤਾ ਦੇ ਤੌਰ 'ਤੇ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਦੇ ਯੁੱਗ ਵਿੱਚ ਦੇਸ਼ ਦੀ ਕਿਸਮਤ ਨੂੰ ਘੜਿਆ।

ਇਨ੍ਹਾਂ ਮਹਾਨ ਆਗੂਆਂ ਨੂੰ ਸਾਡੇ ਸਾਰਿਆਂ ਲਈ ਦੇਸ਼ ਦਾ ਰੋਲ ਮਾਡਲ ਦੱਸਦਿਆਂ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਮਹਾਨ ਆਗੂਆਂ ਦਾ ਜੀਵਨ ਸਾਰੇ ਲੋਕਾਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣਿਆ ਰਹੇਗਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੀ ਵਿਰਾਸਤ ਨੂੰ ਸਦਾ ਕਾਇਮ ਰੱਖਣ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਇਸੇ ਤਰ੍ਹਾਂ ਖਾਲਸਾ ਰਾਜ ਦੇ ਬਾਨੀ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਵੀ ਪੰਜਾਬ ਵਿਧਾਨ ਸਭਾ ਦੇ ਕੰਪਲੈਕਸ ਵਿੱਚ ਉਸਾਰਿਆ ਜਾਵੇਗਾ। ਇਸ ਦੌਰਾਨ ਭਗਵੰਤ ਮਾਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਰਾਜਗੁਰੂ ਅਤੇ ਸ਼ਹੀਦ ਸੁਖਦੇਵ ਦੇ ਸ਼ਹੀਦੀ ਦਿਹਾੜੇ 'ਤੇ ਇਹਨਾਂ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਵਜੋਂ ਬੁੱਧਵਾਰ (23 ਮਾਰਚ) ਨੂੰ ਸੂਬੇ ਭਰ ਵਿੱਚ ਗਜ਼ਟਿਡ ਛੁੱਟੀ ਦਾ ਐਲਾਨ ਵੀ ਕੀਤਾ।



ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਉਹਨਾਂ ਦੀ ਸ਼ਹਾਦਤ 'ਤੇ ਅਦਾਰਾ 'ਦੇਸ਼ ਦੁਆਬਾ' ਕੋਟਿ-ਕੋਟਿ ਪ੍ਰਣਾਮ ਕਰਦਾ ਹੈ।

# ਹਥਿਆਰ ਨਹੀਂ ਸੁੱਟੇਗਾ ਯੂਕਰੇਨ-ਜ਼ੇਲੈਂਸਕੀ

**ਲਵੀਵ (ਬਿਊਰੋ)–** ਯੂਕਰੇਨ ਦੇ ਅਧਿਕਾਰੀਆਂ ਨੇ ਮਾਰਿਉਪੋਲ ਵਿਚ ਹਥਿਆਰ ਸੁੱਟਣ ਦੀ ਰੂਸ ਦੀ ਮੰਗ ਨੂੰ ਠੁਕਰਾ ਦਿੱਤਾ ਹੈ। ਰੂਸ ਨੇ ਕਿਹਾ ਸੀ ਕਿ ਯੁਕਰੇਨੀ ਬਲ ਸਮਰਪਣ ਕਰ ਕੇ ਚਿੱਟੇ ਝੰਡੇ ਲਹਿਰਾਉਣ। ਇਸ ਤੋਂ ਬਾਅਦ ਹੀ ਘਿਰੇ ਹੋਏ ਸ਼ਹਿਰ ਵਿਚੋਂ ਸੁਰੱਖਿਅਤ ਲਾਂਘਾ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮਾਰਿਉਪੋਲ ਬੰਦਰਗਾਹ ਵਾਲਾ ਸ਼ਹਿਰ ਹੈ ਤੇ ਰਣਨੀਤਕ ਤੌਰ 'ਤੇ ਬੇਹੱਦ ਮਹੱਤਵਪੂਰਨ ਹੈ। ਰੂਸ ਜਿੱਥੇ ਮਾਰਿਉਪੋਲ ਨੂੰ ਜਿੱਤਣ ਲਈ ਜ਼ੋਰਦਾਰ ਬੰਬਾਰੀ ਕਰ ਰਿਹਾ, ਉੱਥੇ ਹੀ ਯੂਕਰੇਨ ਦੇ ਬਾਕੀ ਹਿੱਸਿਆਂ ਵਿਚ ਵੀ ਜੂਝ ਰਿਹਾ ਹੈ। ਰਾਜਧਾਨੀ ਕੀਵ ਵਿਚ ਰੂਸ ਵੱਲੋਂ ਕੀਤੀ ਗਈ ਗੋਲੀਬਾਰੀ ਨਾਲ ਇਕ ਸ਼ਾਪਿੰਗ ਸੈਂਟਰ ਤਬਾਹ ਹੋ ਗਿਆ ਤੇ 8 ਲੋਕਾਂ ਦੀ ਮੌਤ ਹੋ ਗਈ। ਮਾਰਿਉਪੋਲ ਉਤੇ ਰੂਸ ਤਿੰਨ ਹਫ਼ਤਿਆਂ ਤੋਂ ਬੰਬ ਸੁੱਟ ਰਿਹਾ ਹੈ ਤੇ ਇੱਥੇ ਹਾਲਾਤ ਬਹੁਤ ਮਾੜੇ ਹੋ ਗਏ ਹਨ। ਹਮਲੇ ਵਿਚ ਰੂਸ ਨੇ ਇਕ ਆਰਟ ਸਕੂਲ ਨੂੰ ਵੀ ਨਿਸ਼ਾਨਾ ਬਣਾਇਆ ਜਿੱਥੇ 400 ਲੋਕਾਂ ਨੇ ਸ਼ਰਨ ਲਈ ਹੋਈ ਹੈ। ਦੱਸਣਯੋਗ ਹੈ ਕਿ ਮਾਰਿਉਪੋਲ ਤੇ ਹੋਰਾਂ ਸ਼ਹਿਰਾਂ ਵਿਚੋਂ ਲੋਕਾਂ ਨੂੰ ਸੁਰੱਖਿਅਤ ਜਾਣ ਦੇਣ ਦੇ ਲਈ ਦੋਵਾਂ ਧਿਰਾਂ ਵੱਲੋਂ ਕਈ ਵਾਰ ਸਹਿਮਤੀ ਬਣਾਈ ਗਈ ਹੈ, ਪਰ ਇਹ ਯਤਨ ਅੰਸ਼ਕ ਤੌਰ 'ਤੇ ਹੀ ਸਫ਼ਲ ਹੋਏ ਹਨ ਜਾਂ ਫਿਰ ਗੋਲੀਬੰਦੀ ਟੁੱਟਣ ਕਾਰਨ ਨਾਕਾਮ ਹੋ ਗਏ ਹਨ। ਮਾਰਿਉਪੋਲ ਸ਼ਹਿਰ ਨੂੰ ਜਿੱਤਣ 'ਤੇ ਰੂਸੀ ਫ਼ੌਜਾਂ ਦੱਖਣੀ ਤੇ ਪੂਰਬੀ ਯੂਕਰੇਨ ਦੇ ਹਿੱਸਿਆਂ ਵਿਚ ਇਕੱਠੀਆਂ ਹੋ ਜਾਣਗੀਆਂ। ਇਸੇ ਦੌਰਾਨ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਫਰਾਂਸ, ਜਰਮਨੀ, ਇਟਲੀ ਤੇ ਬਰਤਾਨੀਆ ਦੇ ਆਗੂਆਂ ਨਾਲ ਯੂਕਰੇਨ ਜੰਗ ਬਾਰੇ ਗੱਲਬਾਤ ਕੀਤੀ ਹੈ।




SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
facebook.
rajasweetsandcatering
Twitter
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE
LARGEST
COLLECTION
FOR INDIAN
FIJIAN & PAKISTANI
GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਰਾਜ ਸਭਾ ਲਈ 'ਆਪ' ਦੇ 5 ਉਮੀਦਵਾਰ: ਗੈਰ-ਪੰਜਾਬੀ ਉਮੀਦਵਾਰਾਂ 'ਤੇ ਸਿਆਸਤ ਗਰਮਾਈ!

**ਚੰਡੀਗੜ੍ਹ** – ਪੰਜਾਬ ਦੀਆਂ ਪੰਜ ਰਾਜ ਸਭਾ ਸੀਟਾਂ ਲਈ ਹੋਣ ਵਾਲੀਆਂ ਚੋਣਾਂ ਲਈ ਆਮ ਆਦਮੀ ਪਾਰਟੀ (ਆਪ) ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਸੋਮਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਹਾਜਰੀ ਵਿੱਚ ਐਲਾਨੇ ਗਏ ਉਮੀਦਵਾਰਾਂ ਸਾਬਕਾ ਕ੍ਰਿਕਟਰ ਹਰਭਜਨ ਸਿੰਘ ਭੱਜੀ, 'ਆਪ' ਪੰਜਾਬ ਦੇ ਸਹਿ ਪ੍ਰਭਾਰੀ ਰਾਘਵ ਚੱਢਾ, ਚੋਣ ਰਣਨੀਤੀਕਾਰ ਸੰਦੀਪ ਪਾਠਕ, ਦੇਸ਼ ਦੀ ਪ੍ਰਸਿੱਧ ਯੂਨੀਵਰਸਿਟੀ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐਲਪੀਯੂ) ਦੇ ਚਾਂਸਲਰ ਅਸ਼ੋਕ ਮਿਤਲ ਅਤੇ ਲੁਧਿਆਣਾ ਦੇ ਉਦਯੋਗਪਤੀ ਸੰਜੀਵ ਅਰੋੜਾ ਨੇ ਪੰਜਾਬ ਵਿਧਾਨ ਸਭਾ ਵਿੱਚ ਰਾਜ ਸਭਾ ਚੋਣ ਲਈ ਨਾਮਜ਼ਦਗੀ ਪੱਤਰ ਭਰੇ।

2022 ਦੀਆਂ ਪੰਜਾਬ ਵਿਧਾਨ ਸਭਾ ਚੋਣਾ 'ਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਹੋਈ ਅਤੇ ਪਾਰਟੀ ਦੇ 92 ਉਮੀਦਵਾਰ ਜਿੱਤ ਕੇ ਵਿਧਾਨ ਸਭਾ ਪਹੁੰਚੇ ਹਨ। ਵਿਧਾਨ ਸਭਾ ਦੀਆਂ ਸੀਟਾਂ ਦੀ ਗਿਣਤੀ ਅਤੇ ਅੰਕੜਿਆਂ ਅਨੁਸਾਰ 'ਆਪ' ਦੇ ਸਾਰੇ ਪੰਜੇ ਉਮੀਦਵਾਰਾਂ ਦਾ ਨਿਰਵਿਰੋਧ ਚੁਣਿਆ ਜਾਣਾ ਨਿਸ਼ਚਿਤ ਹੈ। ਰਾਜ ਸਭਾ ਲਈ ਉਮੀਦਵਾਰ ਰਾਘਵ ਚੱਢਾ, ਜਿਹੜੇ ਪਾਰਟੀ ਦੇ ਪੰਜਾਬ ਮਾਮਲਿਆਂ ਬਾਰੇ ਸਹਿ ਪ੍ਰਭਾਰੀ ਹਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਕਾਫ਼ੀ ਭਰੋਸੇਮੰਦ ਹਨ। ਵਿਸ਼ਵ ਪ੍ਰਸਿੱਧ ਲੰਡਨ ਸਕੂਲ ਆਫ਼ ਇਕਨਾਮਿਕਸ ਤੋਂ ਪੜ੍ਹੇ ਰਾਘਵ ਚੱਢਾ ਨੂੰ ਪਾਰਟੀ ਵੱਲੋਂ ਸਭ ਤੋਂ ਘੱਟ ਉਮਰ ਦੇ ਬੁਲਾਰੇ ਵਜੋਂ ਨਿਯੁਕਤ ਕੀਤਾ ਗਿਆ ਸੀ। 2020 'ਚ ਦਿੱਲੀ ਵਿਧਾਨ ਸਭਾ ਚੋਣਾ ਵਿੱਚ ਰਾਘਵ ਚੱਢਾ ਨੇ ਰਾਜਿੰਦਰ ਨਗਰ ਵਿਧਾਨ ਸਭਾ ਸੀਟ ਤੋਂ ਜਿੱਤ ਪ੍ਰਾਪਤ ਕੀਤੀ ਸੀ ਅਤੇ ਉਹ ਦਿੱਲੀ ਜਲ ਬੋਰਡ ਦੇ ਉਪ ਪ੍ਰਧਾਨ ਵੀ ਹਨ ਅਤੇ ਪੰਜਾਬ 'ਚ ਪਾਰਟੀ ਦੀ ਸ਼ਾਨਦਾਰ ਜਿੱਤ ਲਈ ਰਣਨੀਤੀਕਾਰਾਂ ਵਿੱਚੋਂ ਇੱਕ ਹਨ।

ਸੰਦੀਪ ਪਾਠਕ, ਪੰਜਾਬ ਵਿਧਾਨ ਚੋਣਾ ਵਿੱਚ ਪਾਰਟੀ ਦੇ ਚਾਣਕਿਆ ਦੀ ਭੂਮਿਕਾ ਵਿੱਚ ਰਹੇ ਹਨ। ਸੰਦੀਪ ਪਾਠਕ ਨੇ ਕੈਂਬ੍ਰਿਜ ਯੂਨੀਵਰਸਿਟੀ, ਇੰਗਲੈਂਡ ਤੋਂ ਪੀ।ਐਚ।ਡੀ ਕੀਤੀ ਹੈ ਅਤੇ ਉਹ ਆਈ।ਆਈ।ਟੀ ਦਿੱਲੀ 'ਚ ਐਸੋਸੀਏਟ ਪ੍ਰੋਫ਼ੈਸਰ ਰਹੇ ਹਨ। ਅਰਵਿੰਦ ਕੇਜਰੀਵਾਲ ਦੇ ਭ੍ਰਿਸ਼ਟਾਚਾਰ ਮੁਕਤ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪਾਠਕ ਪਾਰਟੀ 'ਚ ਸ਼ਾਮਲ ਹੋਏ ਅਤੇ ਉਹ ਕਈ ਸਾਲਾਂ ਤੋਂ ਪਰਦੇ ਦੇ ਪਿੱਛੇ ਰਹਿ ਕੇ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ। ਪਾਠਕ ਨੇ ਹੀ ਪੂਰੇ ਪੰਜਾਬ ਵਿੱਚ ਪਾਰਟੀ ਦਾ ਮਜ਼ਬੂਤ ਸੰਗਠਨ ਤਿਆਰ ਕੀਤਾ ਅਤੇ 2022 ਵਿਧਾਨ ਸਭਾ ਚੋਣਾ ਦੌਰਾਨ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਦੀ ਰਣਨੀਤੀ ਤਿਆਰ ਕੀਤੀ। ਵਿਗਿਆਨਿਕ ਤਰੀਕੇ ਨਾਲ ਸਹੀ ਅਤੇ ਸਟੀਕ ਚੋਣ ਸਰਵੇਖਣ ਕਰਕੇ ਅਤੇ ਚੰਗੇ ਉਮੀਦਵਾਰਾਂ ਦੀ ਚੋਣ ਕਰਕੇ ਪਾਠਕ ਨੇ ਪਰਦੇ ਦੇ ਪਿੱਛੇ ਰਹਿ ਕੇ ਪੰਜਾਬ ਵਿੱਚ ਪਾਰਟੀ ਦੀ ਇਤਿਹਾਸਕ ਜਿੱਤ ਦੀ ਪਟਕਥਾ ਤਿਆਰ ਕੀਤੀ।

ਮਸ਼ਹੂਰ ਕ੍ਰਿਕਟਰ ਅਤੇ ਭਾਰਤ ਦੇ ਸਭ ਤੋਂ ਸਫ਼ਲ ਆਫ਼ ਸਪਿਨ ਗੇਂਦਬਾਜ਼ ਹਰਭਜਨ ਸਿੰਘ ਭੱਜੀ ਨੇ ਵੀ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਕੇ ਰਾਜਸਭਾ ਲਈ ਨਾਮਜ਼ਦਗੀ ਪੱਤਰ ਭਰਿਆ। ਹਰਭਜਨ ਸਿੰਘ 1998 ਤੋਂ 2016 ਤੱਕ ਭਾਰਤੀ ਕ੍ਰਿਕਟ ਟੀਮ ਲਈ ਖੇਡੇ ਅਤੇ ਆਪਣੀ ਅਦਭੁਤ ਗੇਂਦਬਾਜੀ ਨਾਲ ਦੇਸ਼ ਦੇ ਲੋਕਾਂ ਦੇ ਦਿਲਾਂ ਵਿੱਚ ਖਾਸ ਜਗ੍ਹਾ ਬਣਾਈ। ਸਿੰਘ ਇੰਡੀਅਨ ਪ੍ਰੀਮੀਅਰ ਲੀਗ ਵਿੱਚ ਮੁੰਬਈ ਇੰਡੀਅਨਜ਼ ਟੀਮ ਦੇ ਕਪਤਾਨ ਸਨ ਅਤੇ ਉਹ ਕਿੰਗਜ਼ ਇਲੈਵਨ ਪੰਜਾਬ ਦੇ ਵੀ ਕਪਤਾਨ ਰਹੇ ਸਨ। ਆਪਣੀ ਅਦਭੁਤ ਖੇਡ ਲਈ ਹਰਭਜਨ ਸਿੰਘ ਨੂੰ ਦੇਸ਼ ਦੇ ਪ੍ਰਸਿੱਧ ਖੇਲ ਰਤਨ ਸਨਮਾਨ ਅਰਜੁਨ ਅਵਾਰਡ ਅਤੇ ਪਦਮ ਸ੍ਰੀ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ ਦੇ ਸੰਸਥਾਪਕ ਅਤੇ ਚਾਂਸਲਰ ਅਸ਼ੋਕ ਮਿਤਲ ਨੂੰ ਵੀ ਆਮ ਆਦਮੀ ਪਾਰਟੀ ਨੇ ਰਾਜ ਸਭਾ ਲਈ ਆਪਣਾ ਉਮੀਦਵਾਰ ਬਣਾਇਆ ਹੈ। ਮਿਤਲ ਉਚ ਸਿੱਖਿਆ ਦੇ ਖੇਤਰ 'ਚ ਆਪਣੇ ਪ੍ਰਸੰਸਾਯੋਗ ਕੰਮਾਂ ਅਤੇ ਸਮਾਜ ਸੇਵਾ ਲਈ ਜਾਣੇ ਜਾਂਦੇ ਹਨ। ਆਮ ਪਰਿਵਾਰ 'ਚ ਜੰਮੇਂ ਅਸ਼ੋਕ ਮਿਤਲ ਨੇ ਆਪਣੀ ਮਿਹਨਤ ਅਤੇ ਯੋਗਤਾ ਦੇ ਦਮ 'ਤੇ ਸਫ਼ਲਤਾ ਹਾਸਲ ਕੀਤੀ ਅਤੇ ਵੱਡਾ ਮੁਕਾਮ ਹਾਸਲ ਕੀਤਾ। ਪੰਜਾਬ ਦੇ ਸਿੱਖਿਆ ਖੇਤਰ 'ਚ ਯੋਗਦਾਨ ਪਾਉਣ ਲਈ ਉਨ੍ਹਾਂ ਜਲੰਧਰ 'ਚ ਦੇਸ਼ ਦੀ ਪ੍ਰਸਿੱਧ ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐਲ।ਪੀ।ਯੂ) ਦੀ ਸਥਾਪਨਾ ਕੀਤੀ। ਐਲ.ਪੀ.ਯੂ ਭਾਰਤ ਦੀਆਂ ਸਭ ਤੋਂ ਪ੍ਰਸਿੱਧ ਵੱਡੀਆਂ ਯੂਨੀਵਰਸਿਟੀਆਂ ਵਿੱਚੋਂ ਇੱਕ ਹੈ ਅਤੇ ਇੱਥੇ 50 ਤੋਂ ਜ਼ਿਆਦਾ ਮੁਲਕਾਂ ਦੇ ਵਿਦਿਆਰਥੀ ਪੜ੍ਹਨ ਲਈ ਆਉਂਦੇ ਹਨ।

ਲੁਧਿਆਣਾ ਦੇ ਵੱਡੇ ਉਦਯੋਗਪਤੀਆਂ ਵਿਚੋਂ ਇੱਕ ਸੰਜੀਵ ਅਰੋੜਾ ਵੀ ਆਮ ਆਦਮੀ ਪਾਰਟੀ ਵੱਲੋਂ ਰਾਜ ਸਭਾ ਜਾਣਗੇ। ਸੰਜੀਵ ਅਰੋੜਾ ਕ੍ਰਿਸ਼ਨਾ ਪ੍ਰਾਣ ਬ੍ਰੈਸਟ ਕੈਂਸਰ ਚੈਰੀਟੇਬਲ ਟਰੱਸਟ ਚਲਾਉਂਦੇ ਹਨ। ਆਪਣੇ ਮਾਤਾ ਪਿਤਾ ਦੇ ਕੈਂਸਰ ਕਾਰਨ ਜਾਨ ਗੁਆ ਦੇਣ ਤੋਂ ਬਾਅਦ ਉਨ੍ਹਾਂ ਚੈਰੀਟੇਬਲ ਟਰੱਸਟ ਸਥਾਪਤ ਕੀਤਾ ਅਤੇ 160 ਤੋਂ ਜ਼ਿਆਦਾ ਕੈਂਸਰ ਰੋਗੀਆਂ ਦਾ ਮੁਫ਼ਤ ਇਲਾਜ ਕਰਵਾਇਆ। ਸੰਜੀਵ ਅਰੋੜਾ ਦਿਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਲੁਧਿਆਣਾ ਦੀ ਗਵਰਨਿੰਗ ਬਾਡੀ ਦੇ ਮੈਂਬਰ ਹਨ ਅਤੇ ਪੰਜਾਬ ਕ੍ਰਿਕਟ ਐਸੋਸੀਏਸ਼ਨ ਦੀ ਅਪੈਕਸ ਕਾਊਂਸਲ ਦੇ ਮੈਂਬਰ ਵੀ ਹਨ।



### 'ਆਪ' ਦੇ ਰਾਜ ਸਭਾ ਉਮੀਦ-ਵਾਰਾਂ ਦੇ ਬਾਹਰਲੇ ਨਾਵਾਂ 'ਤੇ ਸਿਆਸਤ ਗਰਮਾਈ

ਆਮ ਆਦਮੀ ਪਾਰਟੀ ਨੇ ਪੰਜ ਰਾਜ ਸਭਾ ਸੀਟਾਂ ਲਈ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਸਾਰੇ ਪੰਜ ਉਮੀਦਵਾਰਾਂ ਨੇ ਵੀ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕਰ ਦਿੱਤੇ ਹਨ। ਇਸ ਦੌਰਾਨ ਵਿਰੋਧੀ ਧਿਰ ਕੁਝ ਉਮੀਦਵਾਰਾਂ 'ਤੇ ਹਮਲੇ ਕਰ ਰਹੀ ਹੈ। ਵਿਰੋਧੀ ਧਿਰ ਦਾ ਕਹਿਣਾ ਹੈ ਕਿ ਪੰਜਾਬ ਤੋਂ ਬਾਹਰਲੇ ਸੂਬਿਆਂ ਦੇ ਲੋਕਾਂ ਨੂੰ ਰਾਜ ਸਭਾ ਮੈਂਬਰ ਬਣਾਇਆ ਜਾ ਰਿਹਾ ਹੈ। ਸੂਬੇ ਦੇ ਸਾਬਕਾ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਦਿੱਲੀ ਦੇ ਲੋਕਾਂ ਨੂੰ ਰਾਜ ਸਭਾ ਦਾ ਮੈਂਬਰ ਬਣਾਉਣ ਲਈ ਆਮ ਆਦਮੀ ਪਾਰਟੀ ਦੀ ਸਖ਼ਤ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਅਜਿਹਾ ਕਰਕੇ ਸੂਬੇ ਦੇ ਹੱਕ ਖੋਹ ਲਏ ਹਨ। ਸਾਰੇ ਰਾਜ ਸਭਾ ਮੈਂਬਰ ਪੰਜਾਬ ਤੋਂ ਹੋਣੇ ਚਾਹੀਦੇ ਹਨ। ਬਾਦਲ ਨੇ ਕਿਹਾ ਕਿ ਜਿਸ ਸੂਬੇ ਦੇ ਵਿਧਾਇਕ ਹਨ, ਉਸ ਦੇ ਰਾਜ ਸਭਾ ਮੈਂਬਰ ਹਨ। ਉਨ੍ਹਾਂ ਕਿਹਾ ਕਿ ਹੁਣ ਸੂਬੇ ਦਾ ਪਾਣੀ ਵੀ ਇਸੇ ਤਰ੍ਹਾਂ ਖੋਹਿਆ ਜਾਵੇਗਾ। ਬਾਦਲ ਨੇ ਇਹ ਗੱਲ ਅੱਜ ਆਪਣੇ ਧੰਨਵਾਦੀ ਦੌਰੇ ਦੇ ਦੂਜੇ ਦਿਨ ਪਿੰਡ ਲਾਹੜੀ ਪੱਲੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਸਾਬਕਾ ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਉਹ ਇਹ ਗੱਲ ਚੋਣਾਂ ਦੌਰਾਨ ਹੀ ਕਹਿ ਰਹੇ ਸਨ, ਜੇਕਰ ਸੂਬੇ ਵਿੱਚ 'ਆਪ' ਦੀ ਸਰਕਾਰ ਆਈ ਤਾਂ ਦਿੱਲੀ ਤੋਂ ਰਾਜ ਚੱਲੇਗਾ। ਹੁਣ ਉਹੀ ਕੁਝ ਹੋ ਰਿਹਾ ਹੈ। ਹੁਣ ਇਸ ਤੋਂ ਬਾਅਦ ਪੰਜਾਬ ਦਾ ਪਾਣੀ ਵੀ ਲੈ ਜਾਵੇਗਾ। ਪੰਜਾਬ ਦੇ ਮੰਤਰੀ ਨਾਮ ਦੇ ਹੀ ਹਨ, ਰਾਜ ਦਿੱਲੀ ਤੋਂ ਹੀ ਚੱਲੇਗਾ। ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਐਸਵਾਈਐਲ ਦਾ ਮੁੱਦਾ ਹੱਲ ਕਰਨ ਦੀ ਮੰਗ 'ਤੇ ਬਾਦਲ ਨੇ ਕਿਹਾ ਕਿ ਸੂਬੇ ਦੇ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੀ ਹੱਕ ਹੈ। ਜਿਸ ਰਾਜ ਵਿਚ ਨਦੀਆਂ ਵਗਦੀਆਂ ਹਨ, ਪਾਣੀ ਦਾ ਹੱਕ ਉਸੇ ਰਾਜ ਦਾ ਹੈ। ਅਕਾਲੀ ਦਲ ਨੇ ਇਹ ਨਹਿਰ ਨਹੀਂ ਬਣਨ ਦਿੱਤੀ। ਹੁਣ ਦੇਖੋ ਆਮ ਆਦਮੀ ਪਾਰਟੀ ਕੀ ਕਰਦੀ ਹੈ। ਬਿਕਰਮ ਮਜੀਠੀਆ ਦੇ ਮਾਮਲੇ 'ਚ ਨਵੀਂ ਐਸ।ਆਈ।ਟੀ ਦੇ ਗਠਨ ਦੇ ਸਵਾਲ 'ਤੇ ਬਾਦਲ ਨੇ ਕਿਹਾ ਕਿ ਸੂਬੇ 'ਚ ਅਕਾਲੀ ਦਲ ਹੀ ਸੂਬੇ ਦੇ ਹੱਕਾਂ ਲਈ ਲੜਨ ਵਾਲੀ ਪਾਰਟੀ ਹੈ।

ਕਾਂਗਰਸੀ ਵਿਧਾਇਕ ਤੇ ਸਾਬਕਾ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਬਾਹਰੀ ਵਿਅਕਤੀਆਂ ਨੂੰ ਉਮੀਦਵਾਰ ਬਣਾਉਣ 'ਤੇ ਇਤਰਾਜ਼ ਪ੍ਰਗਟਾਇਆ। ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਚਿੱਠੀ ਲਿਖ ਕੇ ਕਿਹਾ ਹੈ ਕਿ ਪੰਜਾਬ ਦੇ ਲੋਕਾਂ ਨੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਵਿੱਚ ਵੱਡਾ ਵਿਸ਼ਵਾਸ ਦਿਖਾ ਕੇ ਵਿਧਾਨ ਸਭਾ ਵਿੱਚ ਭੇਜਿਆ ਹੈ। ਉਹ ਵੀ ਪੰਜਾਬ ਅਤੇ ਪੰਜਾਬੀਅਤ ਦੀ ਗੱਲ ਕਰਦੇ ਰਹੇ ਹਨ ਅਤੇ ਪੰਜਾਬ ਅਤੇ ਪੰਜਾਬੀਅਤ ਦੀ ਰਾਖੀ ਕਰਨ ਦਾ ਸਮਾਂ ਆ ਗਿਆ ਹੈ।

ਪੰਜਾਬ ਵਿੱਚੋਂ ਰਾਜ ਸਭਾ ਦੀ ਮੈਂਬਰੀ ਲਈ ਆਮ ਆਦਮੀ ਪਾਰਟੀ ਵੱਲੋਂ ਐਲਾਨ ਕੀਤੇ ਨਾਵਾਂ 'ਤੇ ਪ੍ਰਤੀਕਰਮ ਦਿੰਦਿਆਂ ਸੀਨੀਅਰ ਅਕਾਲੀ ਆਗੂ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸੱਤਾ ਸੰਭਾਲੀ ਸੀ, ਪਰੰਤੂ ਕੇਜਰੀਵਾਲ ਦੇ ਰਾਜ ਸਭਾ ਮੈਂਬਰਾਂ ਬਾਰੇ ਫੈਸਲੇ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਹੱਕਾਂ 'ਤੇ ਕੋਹਾੜਾ ਮਾਰਨ ਲਈ ਦਸਤਾ ਪੰਜਾਬ ਦੇ ਵਿਰੋਧੀਆਂ ਦੇ ਹੱਥ ਫੜ੍ਹਾ ਲਿਆ ਹੈ।

ਪ੍ਰੋ ਚੰਦੂਮਾਜਰਾ ਨੇ ਕਿਹਾ ਕਿ ਰਾਜ ਸਭਾ ਅੰਦਰ ਅਬਾਦੀ ਦੇ ਹਿਸਾਬ ਨਾਲ ਨੁਮਾਇੰਦਗੀ ਮਿਲਣ ਕਰਕੇ ਪੰਜਾਬ ਨੂੰ ਪਹਿਲਾਂ ਹੀ ਵੱਡਾ ਨੁਕਸਾਨ ਹੋ ਰਿਹਾ ਹੈ। ਬਾਕੀ ਸੂਬਿਆਂ ਵਿਚ ਦੋ-ਦੋ ਸਾਲਾਂ ਦੇ ਵਕਫੇ ਨਾਲ ਰਾਜ ਸਭਾ ਦੀ ਮੈਂਬਰੀ ਦੀ ਚੋਣ ਹੁੰਦੀ ਹੈ, ਪਰੰਤੂ ਪੰਜਾਬ ਵਿਚ ਲੰਮਾ ਸਮਾਂ ਗਵਰਨਰੀ ਰਾਜ ਰਹਿਣ ਕਰਕੇ ਇਥੋਂ ਸਾਰੇ ਮੈਂਬਰ ਇੱਕੋ ਵਾਰ ਭੇਜਣ ਕਰਕੇ ਵੀ ਪੰਜਾਬ ਨੂੰ ਨੁਕਸਾਨ ਹੁੰਦਾ ਹੈ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਰੂਸ ਵਲੋਂ ਲੋੜ ਪੈਣ 'ਤੇ ਯੂਕਰੇਨ 'ਤੇ ਪ੍ਰਮਾਣੂ ਹਮਲਾ ਕਰਨ ਤੋਂ ਪਿੱਛੇ ਨਾ ਹਟਣ ਦੀ ਚਿਤਾਵਨੀ

**ਮਾਸਕੋ –** ਰੂਸ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਲੋੜ ਪਈ ਤਾਂ ਉਹ ਯੂਕਰੇਨ 'ਤੇ ਪ੍ਰਮਾਣੂ ਹਮਲਾ ਕਰਨ ਤੋਂ ਪਿੱਛੇ ਨਹੀਂ ਹਟੇਗਾ। ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਦੱਸਿਆ ਹੈ ਕਿ ਜੇਕਰ ਰੂਸ ਨੂੰ ਕਿਸੇ ਕਿਸਮ ਦਾ ਖਤਰਾ ਹੈ ਤਾਂ ਉਹ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਵੀ ਕਰ ਸਕਦਾ ਹੈ। ਦਮਿਤਰੀ ਦਾ ਬਿਆਨ ਕਿਤੇ ਨਾ ਕਿਤੇ ਅਮਰੀਕਾ ਦੇ ਬਿਆਨਾਂ ਦੀ ਪੁਸ਼ਟੀ ਕਰਦਾ ਨਜ਼ਰ ਆ ਰਿਹਾ ਹੈ। ਅਮਰੀਕਾ ਦੋ-ਤਿੰਨ ਵਾਰ ਇਸ ਤਰ੍ਹਾਂ ਦਾ ਖਦਸ਼ਾ ਜ਼ਾਹਰ ਕਰ ਚੁੱਕਾ ਹੈ ਕਿ ਰੂਸ ਯੂਕਰੇਨ 'ਤੇ ਪ੍ਰਮਾਣੂ ਹਮਲਾ ਕਰ ਸਕਦਾ ਹੈ।



ਜ਼ਿਕਰਯੋਗ ਹੈ ਕਿ ਰੂਸ ਨੇ 24 ਫਰਵਰੀ ਨੂੰ ਯੂਕਰੇਨ 'ਤੇ ਹਮਲਾ ਸ਼ੁਰੂ ਕਰ ਦਿੱਤਾ ਸੀ। ਹੁਣ ਇਸ ਜੰਗ ਨੂੰ ਇੱਕ ਮਹੀਨਾ ਹੋਣ ਵਾਲਾ ਹੈ। ਇਸ ਲਈ ਇਸ ਵਿੱਚ ਬਹੁਤ ਕੁਝ ਬਦਲ ਗਿਆ ਹੈ। ਸ਼ੁਰੂ ਵਿੱਚ, ਰੂਸ ਨੇ ਹਮਲਿਆਂ ਲਈ ਛੋਟੇ ਹਥਿਆਰਾਂ ਅਤੇ ਪੈਦਲ ਸੈਨਾ ਦੀ ਵਰਤੋਂ ਕੀਤੀ। ਇਸ ਦੇ ਸਭ ਤੋਂ ਅੱਗੇ ਉਸ ਦੇ ਟੈਂਕ ਸਨ। ਬਾਅਦ ਵਿੱਚ ਉਸਨੇ ਮਿਜ਼ਾਈਲਾਂ ਸਮੇਤ ਵੱਡੇ ਹਥਿਆਰਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਉਸ ਨੇ ਇਸ ਜੰਗ ਵਿੱਚ ਹਾਈਪਰਸੋਨਿਕ ਮਿਜ਼ਾਈਲਾਂ ਅਤੇ ਹਵਾਈ ਹਮਲੇ ਕੀਤੇ ਹਨ। ਅਜਿਹੇ 'ਚ ਰੂਸ ਦਾ ਬਿਆਨ ਕਾਫੀ ਵਧ ਗਿਆ ਹੈ।

ਇਸ ਜੰਗ ਕਾਰਨ ਹੁਣ ਤਕ 35 ਲੱਖ ਲੋਕ ਸ਼ਰਨ-ਾਰਥੀ ਬਣ ਕੇ ਰਹਿਣ ਲਈ ਮਜਬੂਰ ਹਨ। ਯੂਕਰੇਨ ਦੇ ਕਈ ਸ਼ਹਿਰਾਂ ਵਿੱਚ ਇਮਾਰਤਾਂ ਮਲਬੇ ਵਿੱਚ ਆ ਗਈਆਂ ਹਨ। ਮੈਕਸਰ ਤਕਨਾਲੋਜੀ ਦੀਆਂ ਸੈਟੇਲਾਈਟ ਤਸਵੀਰਾਂ 'ਚ ਇਰਪਿਨ ਸ਼ਹਿਰ 'ਚ ਹੋਈ ਤਬਾਹੀ ਨੂੰ ਦੇਖਿਆ ਜਾ ਸਕਦਾ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਯੂਕਰੇਨ ਦੀ ਸਥਿਤੀ 'ਤੇ ਲਗਾਤਾਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਹਾਲ ਹੀ 'ਚ ਕਿਹਾ ਕਿ ਯੂਕਰੇਨ ਦੇ ਮਾਰੀਉਪੋਲ ਤੋਂ ਹਜ਼ਾਰਾਂ ਲੋਕਾਂ ਨੇ ਦੂਜੇ ਦੇਸ਼ਾਂ 'ਚ ਸ਼ਰਨ ਲਈ ਹੈ। ਰੂਸ ਇਸ ਸ਼ਹਿਰ 'ਤੇ ਭਾਰੀ ਬੰਬ ਬਾਰੀ ਕਰ ਰਿਹਾ ਹੈ।

# ਮਿਆਂਮਾਰ 'ਚ ਰੋਹਿੰਗਿਆ ਮੁਸਲਮਾਨਾਂ ਦੇ ਦਮਨ ਨੂੰ ਅਮਰੀਕਾ ਵਲੋਂ 'ਨਸਲਕੁਸ਼ੀ' ਘੋਸ਼ਿਤ

**ਵਾਸ਼ਿੰਗਟਨ–** ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਕਿਹਾ ਹੈ ਕਿ ਮਿਆਂਮਾਰ ਵਿੱਚ ਮੁਸਲਿਮ ਰੋਹਿੰਗਿਆ ਆਬਾਦੀ ਦਾ ਹਿੰਸਕ ਦਮਨ 'ਨਸਲਕੁਸ਼ੀ' ਦੇ ਬਰਾਬਰ ਹੈ। ਯੂਐਸ ਹੋਲੋਕਾਸਟ ਮੈਮੋਰੀਅਲ ਮਿਊਜ਼ੀਅਮ ਵਿੱਚ ਆਪਣੇ ਸੰਬੋਧਨ ਵਿੱਚ ਬਲਿੰਕਨ ਨੇ ਕਿਹਾ ਕਿ ਅਧਿਕਾਰੀਆਂ ਨੇ ਨਸਲੀ ਘੱਟ-ਗਿਣਤੀਆਂ ਖ਼ਿਲਾਫ਼ ਇੱਕ ਵਿਆਪਕ ਅਤੇ ਪੜਾਅਵਾਰ ਮੁਹਿੰਮ ਦੇ ਹਿੱਸੇ ਵਜੋਂ ਮਿਆਂਮਾਰ ਦੀ ਫ਼ੌਜ ਦੁਆਰਾ ਨਾਗਰਿਕਾਂ 'ਤੇ ਸਮੂਹਿਕ ਅੱਤਿਆਚਾਰਾਂ ਦੇ ਪੁਸ਼ਟੀ ਕੀਤੇ ਅੰਕੜਿਆਂ ਦੇ ਅਧਾਰ 'ਤੇ ਇਸ ਨੂੰ "ਨਸਲਕੁਸ਼ੀ" ਕਿਹਾ ਗਿਆ ਹੈ।

ਵਿਦੇਸ਼ ਮੰਤਰੀ ਨੇ ਯੂਕ੍ਰੇਨ ਸਮੇਤ ਦੁਨੀਆ ਦੇ ਹੋਰ ਕਿਤੇ ਵੀ ਭਿਆਨਕ ਹਮਲੇ ਦੀ ਸਥਿਤੀ ਵਿੱਚ ਅਣਮਨੁੱਖਤਾ ਵੱਲ ਧਿਆਨ ਦੇਣ ਦੀ ਮਹੱਤਤਾ ਨੂੰ ਰੇਖਾਂਕਿਤ ਕੀਤਾ। ਉਹਨਾਂ ਨੇ ਕਿਹਾ ਕਿ ਅਸੀਂ ਯੂਕ੍ਰੇਨ ਦੇ ਲੋਕਾਂ ਨਾਲ ਖੜ੍ਹੇ ਹਾਂ ਅਤੇ ਅਸੀਂ ਸਾਨੂੰ ਉਹਨਾਂ ਲੋਕਾਂ ਨਾਲ ਵੀ ਖੜ੍ਹੇ ਹੋਣਾ ਚਾਹੀਦਾ ਹੈ ਜੋ ਹੋਰ ਥਾਵਾਂ 'ਤੇ ਅੱਤਿਆਚਾਰ ਦਾ ਸਹਿਨ ਕਰ ਰਹੇ ਹਨ।ਫਰਵਰੀ 2021 ਵਿਚ ਲੋਕਤੰਤਰੀ ਤੌਰ 'ਤੇ ਚੁਣੀ ਗਈ ਸਰਕਾਰ ਦੇ ਫ਼ੌਜੀ



ਤਖ਼ਤਾ ਪਲਟ ਤੋਂ ਬਾਅਦ ਮਿਆਂਮਾਰ ਦੀ ਸਰਕਾਰ ਅਮਰੀਕੀ ਪਾਬੰਦੀਆਂ ਦਾ ਸਾਹਮਣਾ ਕਰ ਰਹੀ ਹੈ। ਦੇਸ਼ ਭਰ ਵਿੱਚ ਹਜ਼ਾਰਾਂ ਨਾਗਰਿਕ ਮਾਰੇ ਜਾ ਚੁੱਕੇ ਹਨ ਅਤੇ ਸੱਤਾਧਾਰੀ ਫ਼ੌਜੀ ਸਰਕਾਰ ਦਾ ਵਿਰੋਧ ਕਰਨ ਵਾਲਿਆਂ ਨੂੰ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਜੇਨ ਸਾਕੀ ਨੇ ਕਿਹਾ ਕਿ ਬਲਿੰਕਨ ਦੀ ਘੋਸ਼ਣਾ "ਖ਼ਾਸ ਤੌਰ 'ਤੇ ਪੀੜਤਾਂ ਅਤੇ ਬਚੇ ਲੋਕਾਂ 'ਤੇ ਜ਼ੋਰ ਦਿੰਦੀ ਹੈ ਕਿ ਅਮਰੀਕਾ ਇਨ੍ਹਾਂ ਅਪਰਾਧਾਂ ਦੀ ਗੰਭੀਰਤਾ ਨੂੰ ਜਾਣਦਾ ਹੈ।

ਉਹਨਾਂ ਮੁਤਾਬਕ ਸਾਡਾ ਵਿਚਾਰ ਹੈ ਕਿ ਮਿਆਂਮਾਰ ਦੀ ਫ਼ੌਜ ਦੇ ਅਪਰਾਧਾਂ 'ਤੇ ਰੌਸ਼ਨੀ ਪਾਉਣ ਨਾਲ ਅੰਤਰਰਾਸ਼ਟਰੀ ਦਬਾਅ ਵਧੇਗਾ, ਜਿਸ ਨਾਲ ਉਨ੍ਹਾਂ ਲਈ ਦੁਰਵਿਵਹਾਰ ਕਰਨਾ ਹੋਰ ਵੀ ਮੁਸ਼ਕਲ ਹੋ ਜਾਵੇਗਾ। ਅਗਸਤ 2017 ਤੋਂ ਹੁਣ ਤੱਕ 700,000 ਤੋਂ ਵੱਧ ਰੋਹਿੰਗਿਆ ਮੁਸਲਮਾਨ ਬੋਧੀ ਬਹੁਗਿਣਤੀ ਵਾਲੇ ਮਿਆਂਮਾਰ ਤੋਂ ਬੰਗਲਾਦੇਸ਼ ਦੇ ਸ਼ਰਨਾਰਥੀ ਕੈਂਪਾਂ ਵਿੱਚ ਚਲੇ ਗਏ ਹਨ। ਜਦੋਂ ਇੱਕ ਬਾਗੀ ਸਮੂਹ ਦੇ ਹਮਲਿਆਂ ਤੋਂ ਬਾਅਦ ਫ਼ੌਜ ਨੇ ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਕੱਢਣ ਦੇ ਉਦੇਸ਼ ਨਾਲ ਇੱਕ ਮੁਹਿੰਮ ਸ਼ੁਰੂ ਕੀਤੀ। ਮਨੁੱਖੀ ਅਧਿਕਾਰ ਸੰਗਠਨਾਂ ਨੇ ਵੀ ਇਸ ਦਾ ਸਵਾਗਤ ਕੀਤਾ ਹੈ। ਇੱਕ 2018 ਸਟੇਟ ਡਿਪਾਰਟਮੈਂਟ ਦੀ ਰਿਪੋਰਟ ਵਿੱਚ ਮਿਆਂਮਾਰ ਦੀ ਫ਼ੌਜ ਨੇ 2016 ਤੋਂ ਪਿੰਡਾਂ ਨੂੰ ਤਬਾਹ ਕਰਨ ਅਤੇ ਨਾਗਰਿਕਾਂ ਨਾਲ ਬਲਾਤਕਾਰ, ਤਸ਼ੱਦਦ ਅਤੇ ਸਮੂਹਿਕ ਕਤਲਾਂ ਦੀਆਂ ਉਦਾਹਰਣਾਂ ਸ਼ਾਮਲ ਕੀਤੀਆਂ ਹਨ। ਇਸ ਦੌਰਾਨ, ਬੰਗਲਾਦੇਸ਼ ਵਿੱਚ ਰੋਹਿੰਗਿਆ ਸ਼ਰਨਾਰਥੀਆਂ ਨੇ ਅਮਰੀਕੀ ਘੋਸ਼ਣਾ ਦਾ ਸੁਆਗਤ ਕੀਤਾ ਹੈ ਕਿ ਮਿਆਂਮਾਰ ਵਿੱਚ ਮੁਸਲਿਮ ਨਸਲੀ ਸਮੂਹ ਦਾ ਹਿੰਸਕ ਦਮਨ ਇੱਕ 'ਨਸਲਕੁਸ਼ੀ' ਹੈ।







# ਯੂਬਾ ਸਿਟੀ 'ਚ ਬਣੇਗਾ ਦੀਦਾਰ ਸਿੰਘ ਬੈਂਸ ਦੇ ਨਾਮ ਤੇ ਵਿਸ਼ਾਲ ਪਾਰਕ

**ਯੂਬਾ ਸਿਟੀ–** ਇਥੋਂ ਦੀ ਸਥਾਨਕ ਸਿਟੀ ਕਾਊਂਸਲ ਵੱਲੋਂ ਸਰਬ-ਸੰਮਤੀ ਨਾਲ਼ ਨਿਰਣਾ ਲਿਆ ਗਿਆ ਹੈ ਕਿ ਅਮਰੀਕਾ ਦੇ ਉੱਘੇ ਫਾਰਮਰ ਅਤੇ ਟਿਆਰਾ ਬਿਊਨਾ



ਸਿੱਖ ਟੈਂਪਲ ਦੇ ਬਾਨੀ ਸਰਦਾਰ ਦੀਦਾਰ ਸਿੰਘ ਬੈਂਸ ਦੇ ਨਾਮ ਤੇ ਪੰਜਾਬੀ ਬਹੁ-ਗਿਣਤੀ ਵਾਲੇ ਸ਼ਹਿਰ ਯੂਬਾ ਸਿਟੀ ਵਿੱਚ ਬੱਤੀ ਲੱਖ ਤੋਂ ਜ਼ਿਆਦਾ ਖ਼ਰਚ ਨਾਲ਼ ਹਾਰਟਰ ਪਾਰਕ ਵੇਅ ਨਾਮੀ ਸੜਕ ਤੇ ਇੱਕ ਵਿਸ਼ਾਲ ਪਾਰਕ ਦਾ ਨਿਰਮਾਣ ਕਰੇਗੀ। ਬਣਨ ਵਾਲ਼ੇ ਇਸ ਪਾਰਕ ਵਿੱਚ 42 ਪਾਰਕਿੰਗ ਸਪਾਟ, ਦੋ ਪੈਵਲੀਅਨ ਖੇਤਰ ਛੱਤਾਂ ਸਮੇਤ, ਬਾਥ-ਰੂਮ ਸਹੂਲਤਾਂ, ਇੱਕ ਬਾਈਕ ਪਾਰਕ, ਪਾਰਕ ਦੇ ਗਿਰਦ ਤੁਰਨ ਲਈ ਪੱਕਾ ਰਸਤਾ, ਇੱਕ ਕਸਰਤ-ਸ਼ਾਲਾ, ਇੱਕ ਮੁਕੰਮਲ ਬਾਸਕਟ-ਬਾਲ ਕੋਰਟ ਅਤੇ ਬੱਚਿਆਂ ਦੇ ਖੇਡਣ ਲਈ ਵਿਸ਼ਾਲ ਪਲੇ-ਗਰਾਊਂਡ ਦਾ ਨਿਰਮਾਣ ਕੀਤਾ ਜਾਵੇਗਾ। ਯਾਦ ਰਹੇ ਜਿਸ ਜ਼ਮੀਨ ਤੇ ਇਹ ਨਿਰਮਾਣ ਹੋਣ ਜਾ ਰਿਹਾ ਹੈ ਉਸ ਨੂੰ ਸਰਦਾਰ ਦੀਦਾਰ ਸਿੰਘ ਬੈਂਸ ਨੇ ਹੀ ਸਿਟੀ ਕਾਊਂਸਲ ਨੂੰ ਦਾਨ ਕੀਤਾ ਹੋਇਆ ਹੈ। ਸਰਦਾਰ ਦੀਦਾਰ ਸਿੰਘ ਬੈਂਸ 1958 ਵਿੱਚ ਹੁਸ਼ਿਆਰ ਪੁਰ ਜ਼ਿਲ੍ਹੇ ਵਿੱਚ ਪੈਂਦੇ ਪਿੰਡ ਨੰਗ਼ਲ ਕਲਾਂ ਤੋਂ ਕੇਵਲ ਅੱਠ ਅਮਰੀਕੀ ਡਾਲਰ ਜੇਬ ਵਿੱਚ ਲੈ ਕੇ ਅਮਰੀਕਾ ਆਏ ਸਨ।

# ਸਿੱਖ ਕੌਂਸ਼ਲ ਆਫ ਸੈਂਟਰਲ ਕੈਲੀਫੋਰਨੀਆ ਵੱਲੋਂ ਯੂਕਰੇਨ 'ਤੇ ਰੂਸੀ ਫੌਜੀ ਹਮਲੇ ਦੀ ਨਿੰਦਾ



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਸੈਂਟਰਲ ਕੈਲੀਫੋਰਨੀਆ ਸਿੱਖ ਕੌਂਸਲ ਦੇ ਪ੍ਰਮੁੱਖ ਮੈਂਬਰਾਂ ਦੀ ਮਹੀਨੇਵਾਰ ਵਿਸ਼ੇਸ਼ ਮੀਟਿੰਗ ਗੁਰਦੁਆਰਾ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੋਸਾਇਟੀ, ਕਰੰਦਰਜ਼ ਵਿਖੇ ਸ। ਸੁਖਦੇਵ ਸਿੰਘ ਚੀਮਾਂ (ਜਰਨਲ ਸਕੱਤਰ) ਦੀ ਪ੍ਰਧਾਨਗੀ ਹੇਠ ਹੋਈ। ਜਿੱਥੇ ਸਿੱਖ ਸੰਗਤ ਨਾਲ ਜੁੜੇ ਮੁੱਦਿਆਂ ਅਤੇ ਗੁਰੂਘਰਾਂ ਵਿੱਚ ਆਉਣ ਵਾਲੇ ਮੁੱਖ ਪ੍ਰੋਗਰਾਮਾਂ ਬਾਰੇ ਵਿਚਾਰਾ ਹੋਈਆਂ। ਇਸੇ ਦੌਰਾਨ ਸਿੱਖ ਕੌਂਸ਼ਲ ਆਫ ਸੈਂਟਰਲ ਕੈਲੀਫੋਰਨੀਆਂ ਦੇ ਸਮੂੰਹ ਮੈਂਬਰਾਂ ਨੇ ਇਕ ਵਿਸ਼ੇਸ਼ ਮਤੇ ਰਾਹੀ ਰੂਸ ਦੁਆਰਾ ਯੂਕਰੇਨ ਉੱਪਰ ਕੀਤੇ ਜਾ ਰਹੇ ਹਥਿਆਰਬੰਦ ਨਸ਼ਲਵਾਦੀ ਹਮਲਿਆਂ ਦੀ ਨਿੰਦਾ ਕੀਤੀ। ਇਸ ਸਮੇਂ ਸਥਾਨਿਕ ਨਾਗਰਿਕਾਂ ਦੀਆਂ ਮੌਤਾਂ ਲਈ ਸ਼ੌਕ ਪ੍ਰਗਟ ਕੀਤਾ ਗਿਆ। ਯੂਕਰੇਨ ਵਿੱਚ ਫਸੇ ਭਰਤੀ ਅਤੇ ਹੋਰ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਉੱਥੋਂ ਸੁਰੱਖਿਅਤ ਬਾਹਰ ਕੱਢਣ ਵਿੱਚ ਮਦਦ ਕਰ ਰਹੀਆਂ ਵੱਖ-ਵੱਖ ਸਰਕਾਰਾ, ਸੰਸਥਾਵਾ ਅਤੇ ਸਿੱਖ ਜੱਥੇਬੰਦੀਆ ਦੀ ਸ਼ਲਾਘਾ ਵੀ ਕੀਤੀ ਗਈ। ਇਸ ਸਮੇਂ ਚਿੰਤਾ ਪ੍ਰਗਟ ਕਰਦੇ ਹੋਏ ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਵੀ ਕੀਤੀ ਗਈ।

# ਕੇਜਰੀਵਾਲ ਦੀ ਦਖਲਅੰਦਾਜ਼ੀ ਪੰਜਾਬ ਨੂੰ ਹੋਰ ਕਮਜ਼ੋਰ ਕਰੇਗੀ : ਸੁਖਪਾਲ ਸਿੰਘ ਖਹਿਰਾ

**ਭੁਲੱਥ (ਅਜੇ ਗੋਗਨਾ)–** ਆਮ ਆਦਮੀ ਪਾਰਟੀ ਵੱਲੋਂ ਬੀਤੇ ਦਿਨ ਨੂੰ ਪੰਜਾਬ ਤੋਂ ਐਲਾਨੀਆਂ ਗਈਆਂ 5 ਨਾਮਜ਼ਦਗੀਆਂ ਨਾ ਸਿਰਫ਼ ਨਿਰਾਸ਼ਾਜਨਕ ਹਨ ਸਗੋਂ ਇਸ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਾਫ਼ ਮੋਹਰ ਲੱਗ ਗਈ ਹੈ। ਇਹ ਪ੍ਰਗਟਾਵਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਅਤੇ ਵਿਰੋਧੀ ਧਿਰ ਦੇ ਸਾਬਕਾ ਆਗੂ ਸੁਖਪਾਲ ਸਿੰਘ ਖਹਿਰਾ ਨੇ ਇਕ ਲਿਖਤੀ ਪ੍ਰੈੱਸ ਨੋਟ ਜਾਰੀ ਕਰਦਿਆਂ ਕੀਤਾ।ਖਹਿਰਾ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਦੀਆਂ ਕੁਝ ਉੱਘੀਆਂ ਸ਼ਖ਼ਸੀਅਤਾਂ ਨੂੰ ਯਕੀਨੀ ਬਣਾਉਣਗੇ। ਤਾਂ ਜੋ ਪੰਜਾਬ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਇਆ ਜਾ ਸਕੇ।ਹਾਲਾਂਕਿ ਇਹ ਜਾਪਦਾ ਹੈ ਕਿ ਰਾਘਵ ਚੱਢਾ, ਸੰਦੀਪ ਪਾਠਕ, ਅਸ਼ੋਕ ਮਿੱਤਲ, ਸੰਜੀਵ ਅਰੋੜਾ ਅਤੇ ਹਰਭਜਨ ਸਿੰਘ ਨੂੰ ਨਾਮਜ਼ਦ ਕਰਕੇ ਪੰਜਾਬ ਦੇ ਨਵੇਂ ਚੁਣੇ ਗਏ ਮੁੱਖ ਮੰਤਰੀ ਨੇ ਪੂਰੀ ਤਰ੍ਹਾਂ ਆਪਣੇ ਹਿੱਤਾਂ ਨੂੰ ਸਮਰਪਣ ਕਰ ਦਿੱਤਾ ਹੈ। ਗ਼ੌਰਤਲਬ ਹੈ ਕਿ ਜਦੋਂ ਐਨਡੀ ਗੁਪਤਾ ਅਤੇ ਸੁਸ਼ੀਲ ਗੁਪਤਾ ਨੂੰ ਦਿੱਲੀ ਤੋਂ ਰਾਜ ਸਭਾ ਲਈ ਨਾਮਜ਼ਦ ਕੀਤਾ ਗਿਆ ਸੀ ਤਾਂ ਆਸ਼ੂਤੋਸ਼, ਕੁਮਾਰ ਵਿਸ਼ਵਾਸ ਅਤੇ ਆਸ਼ੀਸ਼ ਖੇਤਾਨ ਸਮੇਤ 'ਆਪ' ਦੇ ਕਈ ਸੀਨੀਅਰ ਆਗੂਆਂ ਨੇ ਬਿਨਾਂ ਕੋਈ ਕਾਰਨ ਦੱਸੇ ਪਾਰਟੀ ਛੱਡ ਦਿੱਤੀ ਸੀ ਕਿਉਂਕਿ ਉਹ ਬਹੁਤ ਜ਼ਿਆਦਾ ਸਨ। ਕੇਜਰੀਵਾਲ ਦੇ ਇਸ ਕਦਮ ਤੋਂ ਨਿਰਾਸ਼ ਹਨ। ਅੱਜ ਪੰਜਾਬ ਨਾਲ ਵੀ ਅਜਿਹਾ ਹੀ ਹੋਇਆ ਹੈ।ਖਹਿਰਾ ਨੇ ਕਿਹਾ ਸੀ ਕਿ ਉਸ ਸਮੇਂ ਕੇਜਰੀਵਾਲ 'ਤੇ ਦੋਸ਼ ਲਾਏ ਗਏ ਸਨ ਕਿ ਉਸ ਨੇ ਪਾਰਟੀ ਨੂੰ ਮੋਟੀਆਂ ਰਕਮਾਂ ਦਾਨ ਕਰਨ ਦੀ ਤਾਕਤ ਕਾਰਨ ਗੁਪਤਾ ਨੂੰ ਨਾਮਜ਼ਦ ਕੀਤਾ ਸੀ।ਖਹਿਰਾ ਨੇ ਕਿਹਾ ਕਿ ਜੇਕਰ ਭਗਵੰਤ ਕੇਜਰੀਵਾਲ ਨੂੰ ਬਹੁਤ ਜ਼ਿਆਦਾ ਦਖਲ ਦੇਣ ਦੀ ਇਜਾਜ਼ਤ ਦੇਣਗੇ ਪੰਜਾਬ ਦੇ ਮਾਮਲਿਆਂ ਨਾਲ ਇਹ ਸੂਬੇ ਵਿੱਚ 'ਆਪ' ਨੂੰ ਮਿਲੇ ਵੱਡੇ ਫਤਵੇ ਦਾ ਬਹੁਤ ਵੱਡਾ ਨਿਰਾਦਰ ਕੀਤਾ।

# ਪੰਜਾਬ ਦੇ ਨਵੇਂ ਮੰਤਰੀਆਂ ਨੇ ਅਹੁਦਾ ਸੰਭਾਲਦਿਆਂ ਤਨਦੇਹੀ ਨਾਲ ਕੰਮ ਕਰਨ ਦਾ ਲਿਆ ਪ੍ਰਣ!

**ਚੰਡੀਗੜ੍ਹ –** ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਦੇ ਮੰਤਰੀਆਂ ਨੇ ਚਾਰਜ ਸੰਭਾਲ ਲਿਆ। ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਤੇ ਪੰਜਾਬ ਦੇ ਟਰਾਂਸਪੋਰਟ ਤੇ ਪ੍ਰਾਹੁਣਚਾਰੀ ਵਿਭਾਗ ਦੇ ਮੰਤਰੀ ਸ। ਲਾਲਜੀਤ ਸਿੰਘ ਭੁੱਲਰ, ਹਰਭਜਨ ਸਿੰਘ ਈਟੀਓ ਬਿਜਲੀ ਮੰਤਰੀ ਦਾ ਅਹੁਦਾ ਸੰਭਾਲਿਆ। ਸ। ਹਰਭਜਨ ਸਿੰਘ ਨੇ ਇੱਥੇ ਸਿਵਲ ਸਕੱਤਰੇਤ ਵਿਖੇ ਆਪਣਾ ਅਹੁਦਾ ਸੰਭਾਲਦਿਆਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ। ਹਰਭਜਨ ਸਿੰਘ ਨੇ ਵਿਸ਼ਵਾਸ ਪ੍ਰਗਟਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਸੁਹਿਰਦਤਾ ਨਾਲ ਕੰਮ ਕਰਨਗੇ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਬਨਿਟ ਮੰਤਰੀ ਸ। ਲਾਲਜੀਤ ਸਿੰਘ ਭੁੱਲਰ, ਕੈਬਨਿਟ ਮੰਤਰੀ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਵਿਧਾਇਕ ਸ. ਕੁਲਵੰਤ ਪੰਡੋਰੀ, ਵਿਧਾਇਕ ਸ੍ਰੀ ਦਿਨੇਸ਼ ਚੱਢਾ, ਵਿਧਾਇਕ ਸ। ਮਨਜੀਤ ਸਿੰਘ ਬਿਲਾਸਪੁਰ, ਬਿਜਲੀ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਦਲੀਪ ਕੁਮਾਰ, ਪ੍ਰਮੁੱਖ ਸਕੱਤਰ ਲੋਕ ਨਿਰਮਾਣ ਵਿਭਾਗ ਸ੍ਰੀ ਵਿਕਾਸ ਪ੍ਰਤਾਪ, ਚੇਅਰਮੈਨ-ਕਮ ਮੈਨੇਜਿੰਗ ਡਾਇਰੈਕਟਰ (ਪੀਐਸਪੀਸੀਐਲ) ਸ। ਬਲਦੇਵ ਸਿੰਘ ਸਰਾਂ ਮੌਜੂਦ ਸਨ।

ਨਵੀਂ ਸਰਕਾਰ ਦੇ ਗਠਨ ਕਾਰਨ ਪੰਜਾਬ ਸਰਕਾਰ ਬਜਟ ਤਿਆਰ ਨਹੀਂ ਕਰ ਸਕੀ ਹੈ ਜਿਸ ਨੂੰ ਦੇਖਦੇ ਹੋਏ ਸਰਕਾਰ ਨੇ 3 ਮਹੀਨੇ ਲਈ 'ਵੋਟ ਆਨ ਅਕਾਊਂਟ' ਵਿਧਾਨ ਸਭਾ 'ਚ ਸਰਬਸੰਮਤੀ ਨਾਲ ਪਾਸ ਕਰਵਾਇਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪੰਜਾਬ ਵਿਧਾਨ ਸਭਾ 'ਚ ਤਿੰਨ ਮਹੀਨੇ ਦੇ ਸਮੇਂ 'ਚ ਆਉਣ ਵਾਲੇ ਖਰਚੇ ਲਈ ਬਜਟ ਪਾਸ ਕਰਨ ਦਾ ਮਤਾ ਰੱਖਿਆ ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਵਿੱਤ ਮੰਤਰੀ ਨੇ 37,71,20,23,76,000 (ਸੈਂਤੀ ਹਜ਼ਾਰ ਇਕ ਸੌ ਵੀਹ ਕਰੋੜ ਤੇਈ ਲੱਖ ਛਿਅੱਤਰ ਹਜ਼ਾਰ ਰੁਪਏ) ਦਾ ਲੇਖਾ ਅਨੁਦਾਨ ਪੇਸ਼ ਕੀਤਾ। ਵਿੱਤ ਮੰਤਰੀ ਵੱਲੋਂ ਪੇਸ਼ ਕੀਤੇ ਗਏ ਲੇਖਾ ਅਨੁਦਾਨ 'ਤੇ ਕਿਸੇ ਨੇ ਬਹਿਸ ਵਿਚ ਹਿੱਸਾ ਨਹੀਂ ਲਿਆ ਤੇ ਇਸ ਨੂੰ ਪਾਸ ਕਰ ਦਿੱਤਾ ਗਿਆ।

### ਡਾ. ਬਲਜੀਤ ਕੌਰ

ਪੰਜਾਬ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ। ਬਲਜੀਤ ਕੌਰ ਨੇ ਸਿਵਲ ਸਕੱਤਰੇਤ ਵਿਖੇ ਆਪਣਾ ਅਹੁਦਾ ਸੰਭਾਲਦਿਆਂ ਮਹਿਲਾਵਾਂ ਦੀ ਸੁਰੱਖਿਆ ਨਾਲ ਸਬੰਧਤ ਕਾਨੂੰਨਾਂ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਇਸ ਮੌਕੇ ਡਾ। ਬਲਜੀਤ ਕੌਰ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ ਸ਼ਗਨ ਸਕੀਮ 31 ਮਾਰਚ ਤੱਕ ਲਾਗੂ ਹੋ ਜਾਵੇਗੀ ਕਿਉਂਕਿ ਲਾਭਪਾਤਰੀਆਂ ਨੂੰ ਇਸ ਦੀ ਸਖ਼ਤ ਲੋੜ ਹੈ। ਆਪਣੀਆਂ ਤਰਜੀਹਾਂ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਸਿੱਖਿਆ ਲੜਕੀਆਂ ਦੇ ਸ਼ਕਤੀਕਰਨ ਦੀ ਕੁੰਜੀ ਹੈ ਅਤੇ ਉਹ ਇਸ ਮੰਤਵ ਲਈ ਵਚਨਬੱਧ ਰਹਿਣਗੇ। ਮਹਿਲਾਵਾਂ ਨੂੰ ਵਿੱਤੀ ਸਹਾਇਤਾ ਦੇਣ ਸਬੰਧੀ ਚੋਣ ਵਾਅਦੇ ਬਾਰੇ ਗੱਲ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਆਪਣੇ ਹਰ ਚੋਣ ਵਾਅਦੇ ਨੂੰ ਪੂਰੀ ਤਰ੍ਹਾਂ ਲਾਗੂ ਕਰੇਗੀ। ਪੰਜਾਬ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ। ਬਲਜੀਤ ਕੌਰ ਨੇ ਸਿਵਲ ਸਕੱਤਰੇਤ ਵਿਖੇ ਆਪਣਾ ਅਹੁਦਾ ਸੰਭਾਲਦਿਆਂ ਮਹਿਲਾਵਾਂ ਦੀ ਸੁਰੱਖਿਆ ਨਾਲ ਸਬੰਧਤ ਕਾਨੂੰਨਾਂ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

### ਹਰਜੋਤ ਸਿੰਘ ਬੈਂਸ

ਹਰਜੋਤ ਸਿੰਘ ਬੈਂਸ ਨੇ ਅੱਜ ਸਵੇਰੇ 9 ਵਜੇ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਪੰਜਾਬ ਦੇ ਸਭ ਤੋਂ ਛੋਟੀ ਉਮਰ ਦੇ ਕੈਬਨਿਟ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ। ਬੈਂਸ ਨੇ ਪੰਜਾਬ ਦੇ ਖਣਨ ਤੇ ਭੂ-ਵਿਗਿਆਨ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਜੇਲ੍ਹਾਂ ਅਤੇ ਕਾਨੂੰਨ ਤੇ ਵਿਧਾਨਿਕ ਮਾਮਲਿਆਂ ਬਾਰੇ ਮੰਤਰੀ ਵਜੋਂ ਅਹੁਦਾ ਸੰਭਾਲਿਆ ਹੈ। ਅਹੁਦਾ ਸੰਭਾਲਣ ਦੀਆਂ ਰਸਮਾਂ ਮੁਕੰਮਲ ਕਰਨ ਉਪਰੰਤ ਬੈਂਸ ਵਿਧਾਨ ਸਭਾ ਸੈਸ਼ਨ ਵਿਚ ਸਮੇਂ ਸਿਰ ਸ਼ਾਮਲ ਹੋਣ ਲਈ ਰਵਾਨਾ ਹੋ ਗਏ। ਜ਼ਿਕਰਯੋਗ ਹੈ ਕਿ ਗੈਰ-ਸਿਆਸੀ ਪਿਛੋਕੜ ਵਾਲੇ ਹਰਜੋਤ ਸਿੰਘ ਬੈਂਸ ਸ੍ਰੀ ਆਨੰਦਪੁਰ ਸਾਹਿਬ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ ਹਨ। ਹਰਜੋਤ ਸਿੰਘ ਬੈਂਸ ਨੇ 2014 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ.ਏ। ਐੱਲ.ਐੱਲ.ਬੀ. (ਆਨਰਜ਼) ਅਤੇ 2018 ਵਿਚ ਲੰਡਨ ਸਕੂਲ ਆਫ਼ ਇਕਨਾਮਿਕਸ ਐਂਡ ਪੋਲੀਟਿਕਲ ਸਾਇੰਸ (ਐੱਲ.ਐੱਸ.ਈ.), ਲੰਡਨ ਯੂ.ਕੇ. ਤੋਂ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੀ ਡਿਗਰੀ ਹਾਸਲ ਕੀਤੀ ਹੈ। ਅਹੁਦਾ ਸੰਭਾਲਣ ਉਪਰੰਤ ਬੈਂਸ ਨੇ ਕਿਹਾ ਕਿ ਮੈਂ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦੇਣ ਲਈ ਪਰਮਾਤਮਾ ਦਾ ਤਹਿ ਦਿਲੋਂ ਸ਼ੁਕਰ-ਗੁਜ਼ਾਰ ਹਾਂ। ਉਨ੍ਹਾਂ ਕਿਹਾ ਕਿ ਉਹ ਦਿੱਲੀ ਦੇ ਮੁੱਖ ਮੰਤਰੀ ਤੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੀ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪਣ ਲਈ ਧੰਨਵਾਦੀ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿੰਦੇ ਹਨ ਕਿ ਸੂਬੇ ਦੀ ਬਿਹਤਰੀ ਲਈ 24 ਘੰਟੇ ਪੂਰੀ ਸਰਗਰਮੀ ਅਤੇ ਇਮਾਨਦਾਰੀ ਨਾਲ ਕੰਮ ਕਰਨਗੇ।

### ਲਾਲਜੀਤ ਸਿੰਘ ਭੁੱਲਰ

ਆਪਣਾ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਟਰਾਂਸਪੋਰਟ ਮੰਤਰੀ ਸ। ਲਾਲਜੀਤ ਸਿੰਘ ਭੁੱਲਰ ਨੇ ਟਰਾਂਸਪੋਰਟ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਵਿਭਾਗ ਦੇ ਕੰਮਕਾਜ ਦਾ ਜਾਇਜ਼ਾ ਲਿਆ। ਇਸ ਮੌਕੇ ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਨੇ ਕਿਹਾ ਕਿ ਪੰਜਾਬ ਵਿਚ ਸਰਕਾਰੀ ਬੱਸਾਂ ਵਿਚ ਮਹਿਲਾਵਾਂ ਲਈ ਮੁਫਤ ਸਫਰ ਜਾਰੀ ਰਹੇਗਾ। ਨਾਲ ਹੀ 40 ਕਿਲੋਮੀਟਰ ਦੇ ਪਰਮਿਟ 'ਤੇ 250 ਕਿਲੋਮੀਟਰ ਤੱਕ ਜਾ ਰਹੀਆਂ ਬੱਸਾਂ 'ਤੇ ਐਕਸ਼ਨ ਲਿਆ ਜਾਵੇਗਾ। ਦੂਜੇ ਮੰਤਰੀਆਂ ਨੇ ਵੀ ਪੰਜਾਬ ਵਿਚ ਭ੍ਰਿਸ਼ਟਾਚਾਰ ਫ੍ਰੀ ਸਰਕਾਰ ਤੇ ਪ੍ਰਸ਼ਾਸਨ ਦੇਣ ਦਾ ਭਰੋਸਾ ਦਿੱਤਾ। ਭੁੱਲਰ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਕਾਰਨ ਟਰਾਂਸਪੋਰਟ ਸਿਸਟਮ ਭ੍ਰਿਸ਼ਟ ਹੋ ਗਿਆ ਸੀ। ਇਸ ਲਈ ਪੀ।ਆਰ।ਟੀ।ਸੀ।, ਪੰਜਾਬ ਰੋਡਵੇਜ਼ ਅਤੇ ਸਮੁੱਚੇ ਵਿਭਾਗ ਵੱਲੋਂ ਖਾਮੀਆਂ ਨੂੰ ਲੱਭ ਕੇ ਠੀਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਔਰਤਾਂ ਲਈ ਮੁਫ਼ਤ ਬੱਸ ਸਫ਼ਰ ਜਾਰੀ ਰਹੇਗਾ। ਬੱਸਾਂ ਵਿੱਚ ਬੱਚਿਆਂ, ਬਜ਼ੁਰਗਾਂ ਅਤੇ ਅੰਗਹੀਣਾਂ ਲਈ ਸੀਟਾਂ ਰਾਖਵੀਆਂ ਹੋਣਗੀਆਂ।

### ਭਗਵੰਤ ਮਾਨ ਹਰ ਵਿਧਾਇਕ ਲਈ 10 ਕਰੋੜ ਰੁਪਏ ਸਾਲਾਨਾ ਰੱਖਣਾ ਚਾਹੁੰਦੇ

ਚੰਡੀਗੜ੍ਹ – ਪੰਜਾਬ ਵਿੱਚ ਨੌਜਵਾਨਾਂ ਲਈ ਸਰਕਾਰੀ ਖੇਤਰ ਵਿੱਚ 25,000 ਨੌਕਰੀਆਂ ਦਾ ਐਲਾਨ ਕਰਨ ਤੋਂ ਬਾਅਦ, ਓਓਫ ਸਰਕਾਰ ਦਿੱਲੀ ਸਰਕਾਰ ਦੀ ਤਰਜ਼ 'ਤੇ ਐਮਐਲਏ ਲੋਕਲ ਏਰੀਆ ਡਿਵੈਲਪਮੈਂਟ (ਐਮ।ਐਲ।ਏ।ਐਲ।ਡੀ।) ਸਕੀਮ ਦੀ ਸ਼ੁਰੂਆਤ ਕਰਕੇ ਵਿਧਾਇਕਾਂ ਨੂੰ ਸਸ਼ਕਤ ਬਣਾਉਣ ਦੀ ਯੋਜਨਾ ਬਣਾ ਰਹੀ ਹੈ।. ਓਓਧ ਸਕੀਮ ਦੇ ਤਹਿਤ, ਦਿੱਲੀ ਵਿੱਚ ਇੱਕ ਵਿਧਾਇਕ ਆਪਣੇ ਖੇਤਰ ਵਿੱਚ ਵਿਕਾਸ ਕਾਰਜ ਕਰਨ ਲਈ ਇੱਕ ਵਿੱਤੀ ਸਾਲ ਵਿੱਚ 10 ਕਰੋੜ ਰੁਪਏ ਦਾ ਹੱਕਦਾਰ ਹੈ। ਤੁਲਨਾਤਮਕ ਤੌਰ 'ਤੇ, ਸੰਸਦ ਮੈਂਬਰਾਂ (ਐਮਪੀਜ਼) ਨੂੰ ਐਮਪੀਐਲਏਡੀ ਯੋਜਨਾ ਦੇ ਤਹਿਤ 5 ਕਰੋੜ ਰੁਪਏ ਸਾਲਾਨਾ ਪ੍ਰਾਪਤ ਹੁੰਦੇ ਹਨ।

ਇੱਕ ਪਾਸੇ ਤਾਂ ਪੰਜਾਬ ਨੂੰ ਫੰਡਾਂ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਇਹ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਰ ਵਿਧਾਇਕ ਲਈ 10 ਕਰੋੜ ਰੁਪਏ ਸਾਲਾਨਾ ਐਮਐ-ਲਏਲਾਡ ਸਕੀਮ ਅਧੀਨ ਰੱਖਣਾ ਚਾਹੁੰਦੇ ਹਨ। ਮੁੱਖ ਮੰਤਰੀ ਦੇ ਇੱਕ ਸਹਾਇਕ ਨੇ ਕਿਹਾ "ਮਾਨ ਵਿਧਾਇਕਾਂ ਲਈ ਵੀ ਫੰਡਾਂ ਦੇ ਮਜ਼ਬੂਤ ਸਪੋਟਰ ਰਹੇ ਹਨ। ਸੰਸਦ ਮੈਂਬਰਾਂ ਦੇ ਉਲਟ, ਪੰਜਾਬ ਦੇ ਵਿਧਾਇਕਾਂ ਕੋਲ ਆਪਣਾ ਕੋਈ ਫੰਡ ਨਹੀਂ ਹੈ ਜਿਸ ਨੂੰ ਉਹ ਆਪਣੇ ਹਲਕੇ ਵਿੱਚ ਵਰਤ ਸਕਣ। ਉਨ੍ਹਾਂ ਨੂੰ ਫੰਡਾਂ ਲਈ ਮੁੱਖ ਮੰਤਰੀ ਵੱਲ ਤੱਕਣਾ ਪੈਂਦਾ ਹੈ। ਵਿਰੋਧੀ ਧਿਰਾਂ ਨੂੰ ਆਮ ਤੌਰ 'ਤੇ ਬਹੁਤਾ ਕੁਝ ਨਹੀਂ ਮਿਲਦਾ। ਜੇ ਉਨ੍ਹਾਂ ਨੂੰ ਹਰ ਸਾਲ 10 ਕਰੋੜ ਰੁਪਏ ਮਿਲਦੇ ਹਨ, ਤਾਂ ਉਹ ਆਪਣੇ ਖੇਤਰ ਵਿੱਚ ਵਿਕਾਸ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਮਾਨ ਨੇ ਦਿੱਲੀ ਸਰਕਾਰ ਤੋਂ ਇਸ ਦਾ ਸਹਾਰਾ ਲਿਆ ਹੈ। ਰਾਸ਼ਟਰੀ ਰਾਜਧਾਨੀ 'ਚ ਓਓਫ ਸਰਕਾਰ ਨੇ ਫੰਡ 4 ਕਰੋੜ ਰੁਪਏ ਤੋਂ ਵਧਾ ਕੇ 10 ਕਰੋੜ ਰੁਪਏ ਕਰ ਦਿੱਤਾ ਹੈ। ਅਸੀਂ ਪੰਜਾਬ ਵਿੱਚ ਵੀ ਅਜਿਹਾ ਕਰਵਾਵਾਂਗੇ। ਹਰ ਵਿਧਾਇਕ ਨੂੰ ਤਾਕਤ ਦਿੱਤੀ ਜਾਵੇਗੀ, ਇਸ ਨਾਲ ਵਿਧਾਨ ਸਭਾ ਹਲਕਿਆਂ ਦੀ ਵੀ ਮਦਦ ਹੋਵੇਗੀ। ਦੇਸ਼ ਵਿੱਚ ਕਈ ਰਾਜਾਂ ਵਿੱਚ ਓਓਧ ਸਕੀਮ ਚੱਲ ਰਹੀ ਹੈ। ਪੰਜਾਬ ਦੇ ਵਿਧਾਇਕਾਂ ਵੱਲੋਂ ਵੀ ਅਜਿਹੀ ਹੀ ਸਕੀਮ ਦੀ ਮੰਗ ਕੀਤੀ ਗਈ ਹੈ, ਜਿਸ ਤਹਿਤ ਫੰਡ ਵੱਖਰਾ ਰੱਖਿਆ ਜਾਵੇ। ਪਰ ਅਜਿਹਾ ਕਦੇ ਨਹੀਂ ਕੀਤਾ ਗਿਆ।

ਇਕ ਨੇਤਾ ਨੇ ਕਿਹਾ "ਪੰਜਾਬ ਦੇ ਮੁੱਖ ਮੰਤਰੀ ਕਦੇ ਨਹੀਂ ਚਾਹੁੰਦੇ ਸਨ ਕਿ ਵਿਧਾਇਕ ਆਪਣੇ ਦਮ 'ਤੇ ਹੋਣ। ਉਨ੍ਹਾਂ ਨੂੰ ਅਜਿਹੇ ਫੰਡ ਤੋਂ ਵਾਂਝਾ ਕਰਨਾ ਉਨ੍ਹਾਂ ਨੂੰ ਅਧੀਨ ਰੱਖਣ ਦਾ ਇੱਕ ਤਰੀਕਾ ਸੀ। ਅਜਿਹਾ ਹੁਣ ਨਹੀਂ ਹੋਵੇਗਾ।"

ਇਸ ਮਹੀਨੇ ਦੇ ਸ਼ੁਰੂ ਵਿੱਚ, ਹਿਮਾਚਲ ਪ੍ਰਦੇਸ਼ ਸਰਕਾਰ ਨੇ ਰਾਜ ਦਾ ਬਜਟ ਪੇਸ਼ ਕਰਦੇ ਹੋਏ, ਵਿਧਾਇਕ ਫੰਡ ਨੂੰ ਮੌਜੂਦਾ 1।80 ਕਰੋੜ ਰੁਪਏ ਤੋਂ ਵਧਾ ਕੇ 2 ਕਰੋੜ ਰੁਪਏ ਕਰਨ ਦਾ ਐਲਾਨ ਕੀਤਾ ਸੀ। 2017 ਵਿੱਚ ਭਾਜਪਾ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਰਾਜ ਨੇ ਵਿਧਾਇਕ ਫੰਡ ਵਿੱਚ ਕੁੱਲ 90 ਲੱਖ ਰੁਪਏ ਦਾ ਵਾਧਾ ਦਰਜ ਕੀਤਾ ਹੈ।

117 ਮੈਂਬਰੀ ਸਦਨ 'ਚ 92 ਵਿਧਾਇਕਾਂ ਵਾਲੀ ਪੰਜਾਬ ਵਿਧਾਨ ਸਭਾ 'ਚ ਆਪ ਕੋਲ ਭਾਰੀ ਬਹੁਮਤ ਹੈ। ਮਾਨ ਵਿਧਾਇਕਾਂ ਦੇ ਹਰ ਕਾਰਜਕਾਲ ਲਈ ਪੈਨਸ਼ਨ ਦੀ ਪ੍ਰਥਾ ਨੂੰ ਖਤਮ ਕਰਨ ਲਈ ਵੀ ਕੰਮ ਕਰ ਰਹੇ ਹਨ ਅਤੇ ਇੱਕ ਵਿਧਾਇਕ ਲਈ ਇੱਕ ਪੈਨਸ਼ਨ ਲੈਣ ਦੀ ਸੰਭਾਵਨਾ ਹੈ।

****

# ਫਰਿਜਨੋ ਨਿਵਾਸੀ ਰਣਜੀਤ ਸਿੰਘ ਗਿੱਲ, ਵੈਦ ਬਹਾਦਰ ਸਿੰਘ ਗਿੱਲ ਅਤੇ ਸਮੂਹ ਗਿੱਲ ਪਰਿਵਾਰ ਨੂੰ ਸਦਮਾ

## 'ਅੰਤਿਮ ਸਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ 26 ਮਾਰਚ ਨੂੰ ਹੋਵੇਗੀ'

**ਫਰਿਜਨੋ, ਕੈਲੀਫੋਰਨੀਆਂ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ):** ਫਰਿਜਨੋ ਦੀ ਗਦਰੀ ਬਾਬਿਆਂ ਨੂੰ ਸਮਰਪਿਤ ਜਥੇਬੰਦੀ ਇੰਡੋ-ਯੂਐਸਏ ਸੰਸਥਾ ਦੇ ਅਣਥੱਕ ਮੈਂਬਰ ਰਣਜੀਤ ਸਿੰਘ ਗਿੱਲ (ਜੱਗਾ ਸੁਧਾਰ) ਅਤੇ ਵੈਦ ਬਹਾਦਰ ਸਿੰਘ ਗਿੱਲ ਦੇ ਸਤਿਕਾਰਯੋਗ ਮਾਤਾ ਗੁਰਦੇਵ ਕੌਰ ਗਿੱਲ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਉਮਰ ਤਕਰੀਬਨ 90 ਸਾਲ ਸੀ।

ਮਾਤਾ ਜੀ ਦਾ ਪਿਛਲਾ ਪਿੰਡ ਸੁਧਾਰ, ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦਾ ਹੈ ਅਤੇ ਉਹ ਪਿਛਲੇ 26 ਸਾਲਾਂ ਤੋਂ ਆਪਣੇ ਪਰਿਵਾਰ ਸਮੇਤ ਫਰਿਜ਼ਨੋ, ਕੈਲੀਫੋਰਨੀਆਂ ਵਿਖੇ ਰਹਿ ਰਹੇ ਸਨ। ਮਾਤਾ ਜੀ ਬਹੁਤ ਹੀ ਧਾਰਮਿਕ ਭਾਵਨਾ ਵਾਲੇ, ਮਿਲਣਸਾਰ ਅਤੇ ਨਿੱਘੇ ਗੁਰਮੁਖ ਸੁਭਾਅ ਦੇ ਮਾਲਕ ਸਨ।



ਜਿਨ੍ਹਾਂ ਦੀ ਸਿੱਖਿਆ ਅਤੇ ਚੰਗੇ ਸੰਸਕਾਰਾਂ ਸਦਕਾ ਉਨ੍ਹਾਂ ਦਾ ਸਮੁੱਚਾ ਪਰਿਵਾਰ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰ ਰਿਹਾ ਹੈ। ਸਵ। ਮਾਤਾ ਗੁਰਦੇਵ ਕੌਰ ਗਿੱਲ ਦੀ ਦੇਹ ਦਾ ਅੰਤਿਮ ਸਸਕਾਰ ਅਤੇ ਸ਼ਰਧਾਂਜਲੀਆਂ ਦੀ ਰਸਮ ਮਿਤੀ 26 ਮਾਰਚ 2022, ਦਿਨ ਸ਼ਨੀਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ ਫਾਊਲਰ" ਵਿਖੇ ਸਹੀ ਸਮੇਂ ਮੁਤਾਬਕ ਸਵੇਰੇ 10 ਤੋਂ ਦੁਪਿਹਰ 12 ਵਜੇ ਦਰਮਿਆਨ ਹੋਵੇਗੀ। ਫਿਊਨਰਲ ਹੋਮ ਦਾ ਪਤਾ: 4800 E. Clayton Ave, Fowler, CA-93625 ਹੈ। ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਫ਼ਰਿ-ਜਨੋ ਦੇ " ਗੁਰਦਵਾਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਹਿਬ ਜੀ" ਵਿਖੇ ਹੋਵੇਗੀ। ਗੁਰੂਘਰ ਦਾ ਪਤਾ: 2630 N Locan Ave Fresno ca 93723 ਹੈ। ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਣ ਜਾਂ ਵਧੇਰੇ ਜਾਣਕਾਰੀ ਲਈ ਉਨ੍ਹਾਂ ਦੇ ਪੁੱਤਰਾਂ ਵਿੱਚ ਰਣਜੀਤ ਸਿੰਘ ਗਿੱਲ (ਜੱਗਾ ਸੁਧਾਰ) ਨਾਲ (559) 709-9599 ਜਾਂ ਵੈਦ ਬਹਾਦਰ ਸਿੰਘ ਗਿੱਲ ਨਾਲ (559) 289-0013 'ਤੇ ਸੰਪਰਕ ਕਰ ਸਕਦੇ ਹੋ।

ਇਸ ਦੁੱਖ ਦੀ ਘੜੀ ਵਿੱਚ ਅਸੀਂ "ਮਾਛੀਕੇ ਅਤੇ ਧਾਲੀਆਂ ਮੀਡੀਆ ਗਰੁੱਪ, ਅਮਰੀਕਾ" ਗਿੱਲ ਪਰਿਵਾਰ ਦੇ ਦੁੱਖ 'ਚ ਸ਼ਰੀਕ ਹਾਂ, ਅਤੇ ਅਰਦਾਸ ਕਰਦੇ ਹਨ ਕਿ ਪਰਮਾਤਮਾ ਮਾਤਾ ਗੁਰਦੇਵ ਕੌਰ ਗਿੱਲ ਦੀ ਆਤਮਾ ਨੂੰ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

ਦੇਸ਼ ਦੁਆਬਾ

# ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ

## ਤਿੰਨ ਬਲੀਆਂ

**ਡਾ. ਭੀਮ ਰਾਓ ਅੰਬੇਦਕਰ**



ਹੱਥਲਾ ਲੇਖ ਡਾ. ਭੀਮ ਰਾਓ ਅੰਬੇਦਕਰ ਦੀ ਸੰਪਾਦਨਾ ਹੇਠ ਨਿਕਲਣ ਵਾਲੇ ਅਖ਼ਬਾਰ 'ਜਨਤਾ' (ਦਾ ਪੀਪਲ) ਦੇ 13 ਅਪ੍ਰੈਲ 1931 ਸੋਮਵਾਰ ਵਾਲੇ ਅੰਕ 'ਚੋਂ ਲਿਆ ਗਿਆ ਹੈ। ਡਾ. ਭੀਮ ਰਾਓ ਅੰਬੇਦਕਰ ਨੇ ਪਹਿਲਾਂ 'ਮੂਕ ਨਾਇਕ' ਬਹਿਸ਼ਕਰਿਤ ਭਾਰਤ', 'ਸਮਤਾ' ਨਾਮੀ ਅਖ਼ਬਾਰਾਂ/ ਪਰਚਿਆਂ ਦੀ ਸੰਪਾਦਨਾ ਕੀਤੀ ਸੀ ਅਤੇ ਫਿਰ 24 ਨਵੰਬਰ 1930 ਨੂੰ 'ਜਨਤਾ' ਨਾਂ ਹੇਠ ਪਹਿਲਾ ਪੰਦਰਵਾੜਾ ਪਰਚਾ ਜਾਰੀ ਕੀਤਾ ਸੀ। ਉਪਰੋਕਤ ਪਰਚੇ ਸਾਰੇ ਮਰਾਠੀ ਭਾਸ਼ਾਈ ਹੀ ਸਨ। 'ਜਨਤਾ' ਦੇ 22 ਅੰਕ ਲਗਾਤਾਰ ਨਿਕਲੇ, ਫਿਰ ਅੰਕ 23-24 ਸੰਯੁਕਤ ਅੰਕ ਦੇ ਰੂਪ ਵਿਚ ਨਿਕਲਿਆ ਅਤੇ ਪਿੱਛੋਂ ਸਪਤਾਹਿਕ ਹੋ ਗਿਆ। 'ਤਿੰਨ ਬਲੀ' ਨਾਮੀ ਸੰਪਾਦਕੀ ਲਿਖਤ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀਆਂ ਸ਼ਹਾਦਤਾਂ ਉੱਤੇ ਇਕ ਰਾਜਸੀ ਟਿੱਪਣੀ ਵਜੋਂ ਲਿਖਿਆ ਗਿਆ ਸੀ। ਮਰਾਠੀ 'ਚ ਲਿਖੇ ਇਸ ਲੇਖ ਨੂੰ ਲੰਮਾ ਸਮਾਂ ਗੌਲਿਆ ਨਾ ਜਾਣਾ ਇਕ ਚਿੰਤਾ ਦਾ ਵਿਸ਼ਾ ਹੈ ਪਰ ਇਹ ਲੇਖ ਡਾ. ਅੰਬੇਡਕਰ ਦੀ ਭਾਰਤੀ ਇਨਕਲਾਬੀਆਂ ਪ੍ਰਤੀ ਦ੍ਰਿਸ਼ਟੀ ਵਿਚਲੀ ਸਾਂਝ ਨੂੰ ਵੀ ਪ੍ਰਗਟ ਕਰਦਾ ਹੈ। ਡਾ. ਅੰਬੇਦਕਰ ਜਿਹੜੇ ਖ਼ੁਦ ਇਕ ਕਾਨੂੰਨਦਾਨ ਸਨ, ਨੇ ਨਾ ਸਿਰਫ ਇਸ ਸਜ਼ਾ ਨੂੰ ਰਾਜਨੀਤਿਕ ਫੈਸਲੇ ਦੇ ਤੌਰ 'ਤੇ ਚਿੰਨਿਤ ਕੀਤਾ ਸਗੋਂ ਇਸ ਨੂੰ ਇਕ ਨਿਆਂਇਕ ਢੌਂਗ ਵੀ ਕਿਹਾ ਹੈ। ਮਰਾਠੀ 'ਚ ਲਿਖੇ ਇਸ ਲੇਖ ਦਾ ਅਨੁਵਾਦ ਸਾਡੇ ਇਨਕਲਾਬੀ ਮਿੱਤਰ ਸੁਭਾਸ ਗਾਤਾੜੇ ਨੇ ਹਿੰਦੀ ਵਿਚ ਕੀਤਾ, ਜਿਸ ਦਾ ਪੰਜਾਬੀ ਅਨੁਵਾਦ ਅਸੀਂ ਪਾਠਕਾਂ ਸਾਹਮਣੇ ਰੱਖ ਰਹੇ ਹਾਂ।

ਮਰਾਠੀ 'ਚ 'ਤਿੰਨ ਬਲੀ' ਸ਼ਬਦ ਵਰਤਿਆ ਹੈ, ਹਿੰਦੀ ਦੇ ਇਕ ਹੋਰ ਪਰਚੇ ਨੇ ਇਸਨੂੰ 'ਤਿੰਨ ਸ਼ਿਕਾਰ' ਕਰ ਦਿੱਤਾ ਅਤੇ ਇਕ ਨੇ 'ਤਿੰਨ ਸ਼ਹਾਦਤਾਂ' ਕਰ ਦਿੱਤਾ। ਅਸੀਂ ਮਰਾਠੀ ਦੇ 'ਤਿੰਨ ਬਲੀ' ਨੂੰ ਹੀ 'ਤਿੰਨ ਬਲੀਆਂ' ਕੀਤਾ ਹੈ। ਹਿੰਦੂ ਸੰਸਕ੍ਰਿਤੀ ਦਾ 'ਬਲੀ' ਸ਼ਬਦ ਕੋਈ ਵਿਆਖਿਆ ਨਹੀਂ ਮੰਗਦਾ। ਭਾਵ ਬਲੀ ਲਈ ਜਾਂਦੀ ਹੈ ਜਾਂ ਚਾੜ੍ਹੀ ਜਾਂਦੀ ਹੈ।

**ਅਨੁਵਾਦ ਤੇ ਪੇਸ਼ਕਸ਼- ਨਰਭਿੰਦਰ**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਰੂਸ-ਯੂਕਰੇਨ ਯੁੱਧ ਵਿੱਚ ਭਾਰਤ, ਅਮਰੀਕਾ ਅਤੇ ਪੱਛਮੀ ਦੇਸ਼ਾਂ ਦੀ ਭੂਮਿਕਾ



**ਜਗਦੀਸ਼ ਰਾਏ**
91-98557-22733

ਰੂਸ- ਯੁਕਰੇਨ ਯੁੱਧ ਵਿੱਚ ਬਣੀ ਭਿਆਨਕ ਸਥਿਤੀ ਮਾਨਵਤਾ ਪ੍ਰੇਮੀ ਲੋਕਾਂ ਦੇ ਹਿਰਦੇ ਵਿੱਚ ਡੂੰਘੇ ਜ਼ਖਮ ਕਰਦੀ ਜਾ ਰਹੀ ਹੈ।ਯੁਕਰੇਨ ਦੇ ਲੋਕਾਂ ਦੀ ਤਰਸਯੋਗ ਹਾਲਤ ਜਗ ਜਾਹਰ ਹੈ।ਫਿਰ ਵੀ ਉਨ੍ਹਾਂ ਦੀ ਦੇਸ਼ ਭਗਤੀ ਆਪਣੇ ਆਪ ਵਿੱਚ ਇੱਕ ਮਿਸਾਲ ਬਣਦੀ ਜਾ ਰਹੀ ਹੈ। ਮਨੁੱਖੀ ਅਧਿਕਾਰਾਂ ਦਾ ਦਿਨ ਰਾਤ ਘਾਣ ਹੋ ਰਿਹਾ ਹੈ।ਯੁਕਰੇਨ ਦੀਆਂ ਕੀਮਤੀ ਜਾਨਾਂ, ਖਾਸ ਪ੍ਰਾਪਰਟੀ ਅਤੇ ਰਿਹਾਇਸ਼ੀ ਖੇਤਰਾਂ ਵਿੱਚ ਤਬਾਹੀ ਬੇਚੈਨੀ ਪੈਦਾ ਕਰਦੀ ਹੈ। ਦੋਹਾਂ ਦੇਸ਼ਾਂ ਦੀ ਆਰਥਿਕ ਵਿਵਸਥਾ ਲੰਬੇ ਸਮੇਂ ਲਈ ਤਹਿਸ ਨਹਿਸ ਹੋਣ ਜਾ ਰਹੀ ਹੈ। ਇਸ ਭਿਅੰਕਰ ਯੁੱਧ ਦੇ ਸਿੱਟੇ ਵਜੋਂ ਇਨ੍ਹਾਂ ਦੇਸ਼ਾਂ ਦੀ ਹੀ ਨਹੀਂ ਬਲਕਿ ਸਾਰੀ ਦੁਨੀਆਂ ਦੀ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਸਥਿਤੀ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋ ਜਾਵੇਗੀ। ਅਗਰ ਭਾਰਤ ਅਤੇ ਪੱਛਮੀ ਦੇਸ਼ਾਂ ਨੇ ਇਸ ਯੁੱਧ ਨੂੰ ਬੰਦ ਕਰਵਾਉਣ ਵਿੱਚ ਸਹੀ ਸਮੇਂ ਤੇ ਸਹੀ ਪਹੁੰਚ ਨਾ ਅਪਣਾਈ ਤਾਂ ਇਹ ਜੰਗ ਪੂਰੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈ ਸਕਦੀ ਹੈ । ਇਸ ਦਿਨ ਤੋਂ ਬਚਣ ਲਈ ਬਹੁਤ ਹੀ ਠਰੱਮੇ ਅਤੇ ਵਿਵੇਕ ਦੀ ਲੋੜ ਹੈ। ਅਗਰ ਇਸ ਭਿਆਨਕ ਸਥਿਤੀ ਤੇ ਕਾਬੂ ਪਾ ਵੀ ਲਿਆ ਜਾਂਦਾ ਹੈ ਤਾਂ ਵੀ ਦੁਨੀਆਂ ਦੀ ਸਮੀਕਰਣ ਬਦਲਣ ਜਾ ਰਹੀ ਹੈ।ਨਵੀਆਂ ਗੁੱਟਬੰਦੀਆਂ ਦਾ ਬਣਨਾ ਯਕੀਨੀ ਹੈ।ਦੁਨੀਆਂ ਭਰ ਦੇ ਆਮ ਲੋਕਾਂ ਨੂੰ ਲੰਬੇ ਸਮੇਂ ਆਰਥਿਕ ਮੰਦੀ ਦੇ ਦੌਰ ਚੋਂ ਗੁਜਰਨਾ ਪਵੇਗਾ। ਜਦ ਕਿ ਦੁਨੀਆਂ ਦੇ ਲਗਭੱਗ ਸਾਰੇ ਦੇਸ਼ਾਂ ਦੇ ਨਾਗਰਿਕ ਪਹਿਲਾਂ ਹੀ ਮਾਨਸਿਕ ਦਬਾਓ ਵਿੱਚ ਫਸੇ ਹੋਏ ਹਨ।

ਇਸ ਯੁੱਧ ਦੇ ਵਰਤਮਾਨ ਕਾਰਣਾਂ ਨੂੰ ਸਮਝਣ ਲਈ ਇਸ ਦੀ ਪਿਠ ਭੂਮੀ ਵਿੱਚ ਜਾਣਾ ਬਹੁਤ ਜਰੂਰੀ ਹੈ। ਰੂਸ ਵਿੱਚ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਉਸ ਸਮੇਂ ਦੇ ਆਖਰੀ ਬਾਦਸ਼ਾਹ ਚਾਰ ਨਿਕੋਲਸ ਤੋ ਰਾਜ ਸੱਤਾ ਖੋਹਣ ਲਈ 1917 ਦੀ ਕਰਾਂਤੀ ਦੁਨੀਆਂ ਭਰ ਵਿੱਚ ਬੇ ਮਿਸਾਲ ਹੈ। ਇਸ ਦਾ ਸਿਹਰਾ ਦੇਸ਼ ਭਗਤ ਪਰਿਵਾਰ ਵਿੱਚ ਪੈਦਾ ਹੋਏ ਮਹਾਨ ਕ੍ਰਾਂਤੀ ਕਾਰੀ ਲੈਨਿਨ ਨੂੰ ਜਾਂਦਾ ਹੈ, ਜਿਸ ਦੀ ਸੋਚ ਜਰਮਨ ਦਾਰਸ਼ਨਿਕ ਕਾਰਲ ਮਾਰਕਸ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ ।ਇਸ ਵਿਚਾਰਧਾਰਾ ਵਿੱਚ ਲੈਨਿਨ ਨੇ ਆਪਣੀ ਤੀਖਣ ਬੁੱਧੀ ਅਨੁਸਾਰ ਲੋੜੀਂਦੇ ਬਦਲਾਓ ਕੀਤੇ ਅਤੇ ਕੁੱਝ ਨਵਾਂ ਜੋੜਿਆ, ਇਸ ਕਮਿਉਨਿਜ਼ਮ ਨੂੰ ਮਾਰਕਸਵਾਦ-ਲੈਨਿਨਵਾਦ ਕਿਹਾ ਜਾਂਦਾ ਹੈ। ਲੈਨਿਨ ਲਈ ਇਹ ਸਮਾਂ ਬਹੁਤ ਹੀ ਜੱਦੋ ਜਹਿਦ ਦਾ ਸੀ ਜਿਸ ਵਿੱਚ ਮਨੁੱਖੀ ਕਦਰਾਂ ਕੀਮਤਾਂ ਦੀ ਰਾਖੀ ਦੀ ਗੱਲ ਕਰਨੀ ਸੀ। ਲੋਕਾਂ ਨੇ ਕਾਫੀ ਸੁੱਖ ਦਾ ਸਾਹ ਤਾਂ ਲਿਆ, ਪਰ ਇੱਕ ਵਿਚਾਰਧਾਰਾ ਨੂੰ ਸਥਾਪਿਤ ਹੋਣ ਲਈ ਕਾਫੀ ਸਮਾਂ ਲੱਗਦਾ ਹੈ। 1917 ਤੋਂ ਲੈਕੇ ਲੈ 1922 ਤੱਕ ਲੈਨਿਨ ਨੇ ਅਣਥੱਕ ਯਤਨਾਂ ਸੱਦਕਾ ਰੂਸ ਅਤੇ ਇਸ ਦੇ ਨਾਲ ਲੱਗਦ ਦੇਸ਼ਾਂ ਸਹਿਤ ਜਿਨ੍ਹਾਂ ਦੀ ਗਿਣਤੀ ਪੰਦਰਾਂ ਸੀ, ਇੱਕ ਸੰਘ ਦਾ ਰੂਪ ਦੇ ਦਿੱਤਾ ਜਿਸ ਨੂੰ ਸੋਵੀਅਤ ਸਮਾਜਵਾਦੀ ਗਣਰਾਜ ਦੀ ਯੁਨੀਅਨ (ਯੁਨੀਅਨ ਆਫ ਸੋਵੀਅਤ ਸੋਸ਼ਲਿਸਟ ਰੀਪਬਲਿਕਸ) ਦਾ ਨਾਂ ਦਿੱਤਾ। ਜਿਨ੍ਹਾਂ ਵਿੱਚ ਯੁਕਰੇਨ ਵੀ ਇੱਕ ਸੀ। ਹੁਣ ਇਹ ਦੁਨੀਆਂ ਦੀ ਵੱਡੀ ਮਹਾਂਸ਼ਕਤੀ ਬਣ ਰਿਹਾ ਸੀ। ਅੰਤਰਿਕਸ਼ ਦੀ ਖੋਜ, ਮਨੁੱਖ ਅਤੇ ਕੁੱਤੇ ਨੂੰ ਸਪੇਸ ਵਿੱਚ ਭੇਜਣਾ, ਪ੍ਰਮਾਣੂ ਬੰਬਾਂ ਵਿੱਚ ਮੋਹਰੀ ਆਦਿ। ਇਹ ਅਮਰੀਕਾ ਲਈ ਇੱਕ ਬਹੁਤ ਵੱਡੀ ਚਣੌਤੀ ਬਣ ਗਿਆ ਸੀ। ਪਰ 1924 ਵਿੱਚ ਹੋਈ ਲੈਨਿਨ ਦੀ ਅਚਨਚੇਤ ਮੌਤ ਤੋਂ ਬਾਦ ਬਹੁਤ ਕੁੱਝ ਬਦਲ ਗਿਆ। 1924 ਵਿੱਚ ਸਟਾਲਿਨ ਨੇ ਰਾਸ਼ਟਰਪਤੀ ਵਜੋਂ ਇਸ ਸੰਘ ਦੀ ਬਾਗਡੋਰ ਸੰਭਾਲੀ। ਪਰ ਉਸ ਦੀ ਕੱਟੜ ਪੰਥੀ ਸੋਚ ਨੇ ਨਾਗਰਿਕਾਂ ਨੂੰ ਫਿਰ ਤੋਂ ਗੁਲਾਮ ਬਣਾ ਦਿੱਤਾ। ਕੇਵਲ ਇੱਕ ਪਾਰਟੀ ਅਤੇ ਕੇਵਲ ਇੱਕ ਲੀਡਰ। ਲੋਕਾਂ ਦੀ ਅਵਾਜ਼ ਬੰਦ ਕਰ ਦਿੱਤੀ ਗਈ। ਵਿਰੋਧੀ ਵਿਚਾਰਾਂ ਦੇ ਲੋਕਾਂ ਨੂੰ ਹਿਟਲਰ ਤੋਂ ਵੀ ਜਿਆਦਾ ਬੇਰਹਿਮੀ ਨਾਲ ਤਸੀਹੇ ਦਿੱਤੇ ਗਏ ਅਤੇ ਮਾਰਿਆ ਗਿਆ।



1924 ਤੋਂ 1985 ਤੱਕ ਬਹੁਤ ਸਾਰੇ ਰਾਸ਼ਟਰਪਤੀ ਆਏ ਅਤੇ ਥੋੜੇ ਥੋੜੇ ਸਮੇਂ ਤੱਕ ਹੀ ਰਾਜ ਕਰ ਸਕੇ।ਪਰ ਕੋਈ ਠੋਸ ਨੀਤੀ ਨਹੀਂ ਦੇ ਸਕੇ। ਭਾਵੇਂ ਇਹ ਸੰਘ ਅਮਰੀਕਾ ਦੇ ਬਰਾਬਰ ਦੀ ਦੂਜੀ ਵੱਡੀ ਸ਼ਕਤੀ ਸੀ, ਪਰ ਲੋਕਾਂ ਦੀ ਅੰਦਰੂਨੀ ਹਾਲਤ ਠੀਕ ਨਹੀਂ ਸੀ।ਸੰਘ ਵਿੱਚ ਮਿਲੇ ਸਾਰੇ ਦੇਸ਼ ਅਲੱਗ ਹੋਣ ਦੀ ਹੋੜ ਵਿੱਚ ਸਨ। ਅਜਿਹੀ ਸਥਿਤੀ ਵਿੱਚ ਇਸ ਸੰਘ ਨੂੰ 1985 ਵਿੱਚ ਇੱਕ ਉਦਾਰਵਾਦੀ ਰਾਸ਼ਟਰਪਤੀ ਮਿਲਿਆ, ਜਿਸਦਾ ਨਾਮ ਸੀ ਮਿਖਾਇਲ ਗਰਬਾਚੌਵ।ਇਸਨੇ ਲੋਕਾਂ ਦੀ ਗੁਲਾਮੀ ਦੀ ਅਵਸਥਾ ਨੂੰ ਸਮਝ ਉਦਾਰਵਾਦੀ ਪਹੁੰਚ ਅਪਣਾਈ, ਜਿਸ ਵਿੱਚ ਲੋਕਾਂ ਨੂੰ ਬੋਲਣ ਦੀ ਆਜ਼ਾਦੀ।

ਪ੍ਰੈਸ ਨੂੰ ਲੋਕਾਂ ਦੇ ਮੁੱਦੇ ਓਠਾਉਣ ਦਾ ਅਧਿਕਾਰ ਹੁਣ ਇੱਕ ਪਾਰਟੀ ਵਿੱਚ ਇੱਕ ਦੀ ਥਾਂ ਦੋ ਵਿਅਕਤੀਆਂ ਚੋਂ ਚੋਣ ਕਰਨ ਦਾ ਅਧਿਕਾਰ। ਇਨ੍ਹਾਂ ਉਦਾਰਵਾਦੀ ਨੀਤੀਆਂ ਕਾਰਣ ਦਬੀ ਹੋਈ ਬਗਾਵਤ ਅੱਗ ਦਾ ਰੂਪ ਧਾਰਣ ਕਰ ਗਈ ਅਤੇ ਇਸ ਬਗਾਵਤ ਕਾਰਣ ਇਹ ਇਸ ਸੰਘ ਦਾ ਆਖਰੀ ਰਾਸ਼ਟਰਪਤੀ ਹੋ ਨਿੱਬੜਿਆ। ਸੰਘ ਦਾ ਹਿੱਸਾ ਬਣੇ ਸਾਰੇ ਦੇਸ਼ ਅਜ਼ਾਦੀ ਦੀ ਮੰਗ ਕਰਨ ਲੱਗੇ। ਪਰ ਇਸ ਉਦਾਰਵਾਦੀ ਸੋਚ ਨੂੰ ਇਹ ਲੋਕ ਸਹੀ ਤਰ੍ਹਾਂ ਨਾਲ ਸਮਝ ਨਹੀਂ ਸਕੇ। ਅਗਰ ਸੰਜਮ ਨਾਲ ਲੋਕਤੰਤਰਿਕ ਢੰਗ ਨਾਲ ਅਵਾਜ਼ ਉਠਾਈ ਜਾਂਦੀ ਤਾਂ ਇਹ ਸੰਘ ਸਮਾਜਵਾਦੀ ਲੋਕਤੰਤਰਿਕ ਪ੍ਰਣਾਲੀ ਦੀ ਬਹੁਤ ਵੱਡੀ ਮਿਸਾਲ ਬਣਦੇ ਹੋਏ ਦੁਨੀਆਂ ਦੀ ਬਹੁਤ ਵੱਡੀ ਸ਼ਕਤੀ ਹੋਣਾ ਸੀ। ਪਰ ਇਸ ਬਗਾਵਤ ਕਾਰਣ ਸਨ 1991 ਵਿੱਚ ਇਹ ਮਜਬੂਤ ਸੰਘ ਨੂੰ ਵਿਖਰ ਗਿਆ। ਹੁਣ ਰੂਸ ਪਹਿਲਾਂ ਦੀ ਤਰ੍ਹਾ ਅਲੱਗ ਦੇਸ਼ ਬਣ ਗਿਆ ਅਤੇ ਬੌਰਿਸ ਯੇਲਤਇਨ ਇਸ ਦਾ ਰਾਸ਼ਟਰਪਤੀ ਬਣ ਗਿਆ।

ਯੁਕਰੇਨ, ਇਸਟੋਨੀਆ, ਲੈਟਿਵੀਆ, ਲਿਥੂਆਨੀਆ, ਬੇਲਾਰੂਸ, ਮੌਲਡੋਵਾ, ਕਜ਼ਾਕਿਸਤਾਨ, ਤੁਰਕਿਸਤਾਨ, ਅਤੇ ਇਸ ਸੰਘ ਵਿੱਚ ਜੁੜੇ ਹੋਏ ਬਾਕੀ ਹੋਰ ਦੇਸ਼ ਅਜ਼ਾਦ ਤਾਂ ਹੋ ਗਏ ਪਰ ਸੰਘ ਚੋਂ ਬਾਹਰ ਨਿੱਕਲ ਕੇ ਕਮਜ਼ੋਰ ਵੀ ਹੋ ਗਏ।ਅਗਰ ਇਹ ਦੇਸ਼ ਮਿਖਾਇਲ ਗੁਰਬਾਚੌਬ ਦੀ ਉਦਾਰਵਾਦੀ ਨੀਤੀ ਤੋਂ ਲਾਭ ਉਠਾਉਂਦੇ ਅਤੇ ਲੈਨਿਨ ਦੀ ਵਿਚਾਰਧਾਰਾ ਤੇ ਪਹਿਰਾ ਦਿੰਦੇ ਤਾਂ ਅੱਜ ਦੁਨੀਆਂ ਵਿੱਚ ਇੱਕ ਵਧੀਆ ਸਮੀਕਰਣ ਹੋਣੀ ਸੀ। ਇਸ ਵੰਡ ਅਤੇ ਦੇਸ਼ਾਂ ਦੀ ਅਜ਼ਾਦੀ ਨੇ ਅਮਰੀਕਾ ਜੋ ਕਿ ਵੱਡਾ ਵਿਉਪਾਰੀ ਹੈ ਨੂੰ ਸੁੱਖ ਦਾ ਸਾਹ ਦੁਆ ਦਿੱਤਾ ਅਤੇ ਅਮਰੀਕਾ ਨੇ ਇਸ ਖਿੱਤੇ ਨੂੰ ਕਮਜੋਰ ਕਰਨਾ ਸ਼ੁਰੂ ਕਰ ਦਿੱਤਾ। ਇਸ ਦਾ ਮਕਸਦ ਸਪਸ਼ਟ ਹੈ ਕਿ ਰੂਸ ਨੂੰ ਕਮਜ਼ੋਰ ਕਰਨਾ , ਇਸ ਨੂੰ ਸ਼ਕਤੀ ਵਿਹੀਣ ਕਰਨਾ ਅਤੇ ਦੁਨੀਆਂ ਤੇ ਆਪਣੀ ਧੌਂਸ ਬਣਾ ਕੇ ਰੱਖਣਾ।ਅੱਜ ਦੀ ਸਥਿਤੀ ਵਿੱਚ ਅਮਰੀਕਾ ਅਤੇ ਪੱਛਮੀਂ ਦੇਸ਼ਾਂ ਦੀ ਕੋਝੀ ਚਾਲ ਹੈ ਕਿ ਨਾਟੋ ਦੀ ਆੜ ਵਿੱਚ ਦੂਜਿਆਂ ਦੇਸ਼ਾਂ ਦੇ ਮੋਢੇ ਤੇ ਰੱਖ ਕੇ ਬੰਦੂਕ ਚਲਾਓਣਾ। ਇਸ ਵਾਰ ਇਹ ਬੰਦੂਕ ਯੁਕਰੇਨ ਦੇ ਮੋਢੇ ਤੇ ਰੱਖੀ ਗਈ ਹੈ। ਯੁਕਰੇਨ ਲਹੂ ਲੁਹਾਣ ਹੋਇਆ ਪਿਆ ਹੈ। ਹਥਿਆਰ ਤਾਂ ਭੇਜੇ ਜਾ ਰਹੇ ਹਨ ਪਰ ਫੋਜ ਅਤੇ ਲੋਕ ਯੁਕਰੇਨ ਦੇ ਹੀ ਹਨ।ਪਰ ਨਾਟੋ ਦੀ ਸਦੱਸਤਾ ਅਜੇ ਦੂਰ ਦੀ ਗੱਲ ਹੈ। ਇੱਥੇ ਇਹ ਗੱਲ ਸਾਹਮਣੇ ਆਈ ਹੈ ਕਿ ਦੂਰ ਦੇ ਸਵਾਰਥੀ ਕਹੌਤੀ ਮਿੱਤਰ ਨਾਲੋਂ ਗੁਆਂਢੀ ਨਾਲ ਹੀ ਮਿੱਤਰਤਾ ਵਾਲੇ ਸੰਬੰਧ ਜ਼ਿਆਦਾ ਠੀਕ ਰਹਿੰਦੇ ਹਨ। ਇਸ ਗੰਭੀਰ ਪਰਿਸਥਿਤੀ ਵਿੱਚ ਭਾਰਤ ਦੀ ਭੂਮਿਕਾ ਬਹੁਤ ਮਹੱਤਵਪੂਰਣ ਬਣ ਗਈ ਹੈ।ਭਾਰਤ ਪਹਿਲਾਂ ਤੋਂ ਹੀ ਗੁਟ ਨਿਰਲੇਪ ਦੇਸ਼ ਹੈ।ਕਈ ਕਾਰਣਾਂ ਕਰਕੇ ਨਾਟੋ ਦਾ ਮੈਂਬਰ ਵੀ ਨਹੀਂ ਹੈ।ਭਾਰਤ-ਪਾਕਿਸਤਾਨ ਯੁੱਧਾਂ ਵਿੱਚ ਰੂਸ ਭਾਰਤ ਲਈ ਇੱਕ ਵਧੀਆ ਦੋਸਤ ਸਿੱਧ ਹੋਇਆ ਹੈ।ਜਦ ਕਿ ਅਮਰੀਕਾ ਅਤੇ ਪੱਛਮੀ ਦੇਸ਼ ਨਾਂਹ ਪੱਖੀ ਭੂਮਿਕਾ ਵਿੱਚ ਰਹੇ ਹਨ।ਭਾਰਤ ਦੀ ਵਿਦੇਸ਼ ਨੀਤੀ ਸਲਾਹੁਣ ਯੋਗ ਰਹੀ ਹੈ।

ਅੱਜ ਦੇ ਘਟਨਾ ਕ੍ਰਮ ਵਿੱਚ ਰੂਸ ਦੇ ਵਿਰੋਧੀਆਂ ਦੇ ਉਕਸਾਉਣ ਤੇ ਭਾਵਕ ਹੋ ਕ ਯੁੱਧ ਵਿੱਚ ਕੁੱਦ ਪੈਣਾ ਸਮਝਦਾਰੀ ਨਹੀਂ ਹੈ।ਬਲਕਿ ਲੜਾਈ ਨੂੰ ਗੰਭੀਰਤਾ ਨਾਲ ਬੰਦ ਕਰਵਾਉਣ ਦੇ ਯਤਨ ਜ਼ਰੂਰੀ ਹਨ। ਭਾਰਤੀ ਵਿਦਿਆਰਥੀਆਂ ਨੂੰ ਸਹੀ ਸਲਾਮਤ ਵਾਪਿਸ ਲਿਆਉਣਾ ਪਹਿਲ ਬਣਿਆ ਹੋਇਆ ਹੈ। ਜਿੱਥੇ ਸਰਕਾਰ ਯਤਨਸ਼ੀਲ ਹੈ, ਉੱਥੇ ਮੁੱਖ ਵਿਰੋਧੀ ਅਤੇ ਹੋਰ ਰਾਜਨੀਤਕ ਪਾਰਟੀਆਂ ਸਰਕਾਰ ਦਾ ਸਮਰਥਨ ਕਰ ਰਹੀਆਂ ਹਨ, ਇਹ ਭਾਰਤੀ ਲੋਕਤੰਤਤਰ ਦੀ ਸੁੰਦਰਤਾ ਹੈ। ਜਿੱਥੇ ਇਹ ਸਰਕਾਰ ਦੀ ਅਹਿਮ ਜਿੰਮੇਦਾਰੀ ਹੈ ਉੱਥੇ ਇਹ ਕਿਸੇ ਇਕ ਰਾਜਨੀਤਕ ਪਾਰਟੀ ਦੀ ਨਿੱਜੀ ਪ੍ਰਾਪਤੀ ਨਹੀਂ ਬਲਕਿ ਸਰਬ ਸਾਂਝਾ ਉਪਰਾਲਾ ਹੈ। ਜਿੱਥੇ ਰੂਸ ਭਾਰਤ ਦਾ ਮਿੱਤਰ ਦੇਸ਼ ਹੈ, ਉੱਥੇ ਯੁਕਰੇਨ ਵੀ ਕੋਈ ਦੁਸ਼ਮਣ ਨਹੀਂ। ਭਾਰਤ ਨੂੰ ਯੁਕਰੇਨ ਦੇ ਲੋਕਾਂ ਦੀ ਹਰ ਪੱਖੋਂ ਸਹਾਇਤਾ ਕਰਨੀ ਚਾਹੀਦੀ ਹੈ। ਜਿਵੇਂ ਕਿ ਬਹੁਤ ਹੀ ਗੰਭੀਰਤਾ ਨਾਲ ਯੁੱਧ ਵਿਰਾਮ ਕਰਵਾਉਣ ਲਈ ਯਤਨ, ਭੋਜਨ, ਦਵਾਈਆਂ ਅਤੇ ਮੁੜ ਵਸੇਵੇ ਲਈ ਭਰਪੂਰ ਆਰਥਿਕ ਸਹਾਇਤਾ।

ਸੰਯੁਕਤ ਰਾਸ਼ਟਰ ਸੰਗਠਨ ਸ਼ਕਤੀਸ਼ਾਲੀ ਰਾਸ਼ਟਰਾਂ ਸਾਹਮਣੇ ਕਠਪੁਤਲੀ ਬਣਿਆ ਹੋਇਆ ਹੈ। ਇਹ ਇੱਕ ਖਾਨਾਪੂਰਤੀ ਤੋਂ ਜ਼ਿਆਦਾ ਕੁੱਝ ਵੀ ਨਹੀਂ। ਮਾਨਵ ਦੀ ਕੀਮਤ ਤੇ ਪਦਾਰਥਿਕ ਵਿਕਾਸ ਹੋ ਰਿਹਾ ਹੈ। ਉਪਰੋਂ ਸੱਭਿਆ ਕਹਲਾਉਣ ਵਾਲੇ ਅੰਦਰੋਂ ਭੇੜੀਏ ਹਨ, ਕਈ ਵਾਰ ਸਿੱਧ ਹੋ ਚੁਕਿਆ ਹੈ। ਹਉਮੈ ਪੂਰਤੀ ਲਈ ਮਨੁੱਖੀ ਜੀਵਨ ਨੂੰ ਪਰਮਾਣੂ ਬੰਬਾਂ ਦੇ ਢੇਰ ਤੇ ਰੱਖਿਆ ਹੋਇਆ ਹੈ। ਜਿਸ ਵਿਕਾਸ ਦੀ ਅਸਲੀ ਲੋੜ ਹੈ, ਉਹ ਹੈ "ਸਮਤਾ ਸੁਤੰਤਰਤਾ ਅਤੇ ਭਾਈਚਾਰਾ" ਜੋ ਕਿ ਖਤਮ ਹੁੰਦਾ ਜਾ ਰਿਹਾ ਹੈ। ਲੜਾਈਆਂ ਬੰਦ ਕਰਕੇ ਸਾਨੂੰ ਸੱਭ ਨੂੰ ਪੂਰੇ ਵਿਸ਼ਵ ਨੂੰ ਆਪਣਾ ਘਰ ਬਣਾਉਣ ਲਈ ਤਿਆਗ ਦੀ ਭਾਵਨਾ ਅਪਣਾਉਂਦੇ ਹੋਏ ਸਹੀ ਦਿਸ਼ਾ ਵਿੱਚ ਕੰਮ ਕਰਨ ਦੀ ਲੋੜ ਹੈ।

## Matrimonial

Name: Dr. Pratibha
Height: 5.4", Age: 33
Education: BDS
Work Experience 5year of practical experience,
now runs own dental clinic in Phagwara

Father: Bank Manager Retired from State Bank,
Now own business having Education Institute
under Govt. Scheme and Training Partner

Mother: B.ED Home Maker
Sibling Sister Married B.com, MBA
Brother B. Sc. Medical Lab Technology



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ । ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)

31252 Veasy Street, Union City, California 94587



## ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵੇਂ ਪ੍ਰਕਾਸ਼ ਦਿਹਾੜਾ 27 ਮਾਰਚ 2022 ਨੂੰ ਮਨਾਇਆ ਜਾਵੇਗਾ

ਗੁਰੂ ਪਿਆਰੀ ਸਾਧ ਸੰਗਤ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਗੁਰੂ ਘਰ ਦੀ ਬਿਲਡਿੰਗ ਬਣਾਉਣ ਲਈ ਕਾਉਂਟੀ ਵਲੋਂ ਮਨਜ਼ੂਰੀ ਮਿਲ ਗਈ ਹੈ

ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ
ਗੁਰੂ ਘਰ ਦੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਸਹਿਯੋਗ ਦਿਓ ਜੀ।
ਨੋਟ- ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਕੋਵਿਡ-19 ਸਬੰਧੀ ਕਾਉਂਟੀ ਦੀਆਂ ਹਦਾਇਤਾਂ ਦਾ ਪੂਰਨ ਪਾਲਣ ਕੀਤਾ ਜਾਵੇ ਜੀ

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)
ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 645ਵਾਂ ਪ੍ਰਕਾਸ਼ ਦਿਹਾੜਾ
27 ਮਾਰਚ 2022 ਦਿਨ ਐਤਵਾਰ ਨੂੰ ਮਨਾਇਆ ਜਾਵੇਗਾ

ਵਿਨੋਦ ਕੁਮਾਰ ਚੁੰਬਰ (ਚੇਅਰਮੈਨ) | ਰਾਮ ਲੁਭਾਇਆ (ਪ੍ਰਧਾਨ) | ਨਰੇਸ਼ ਕੁਮਾਰ (ਜਨਰਲ ਸਕੱਤਰ) | ਸੋਹਨ ਲਾਲ (ਖਜਾਨਚੀ)

# ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਨੇ ਯੂਕਰੇਨ ਬਾਰਡਰ 'ਤੇ ਪਹੁੰਚ ਕੇ ਯੂਕਰੇਨ ਦੇ ਲੋੜਵੰਦ ਸ਼ਰਨਾਥੀਆਂ ਦੀ ਕੀਤੀ ਮਦਦ

## ਗੁਰੂ ਸਾਹਿਬਾਨ ਸੋਚ ਤੇ ਅਧਾਰਿਤ ਬੇਗ਼ਮਪੁਰਾ ਏਡ ਦੀ ਟੀਮ ਨੂੰ ਮਨੁੱਖਤਾ ਦੀ ਸੇਵਾ ਕਰਨ ਦਾ ਮੌਕਾ ਮਿਲਿਆ- ਆਗੂ

**ਫਗਵਾੜਾ 22 ਮਾਰਚ (ਬੀਕੇ ਰੱਤੂ)-** ਰੂਸ ਅਤੇ ਯੂਕਰੇਨ ਦਰਮਿਆਨ ਚਲ ਰਹੇ ਵਿਨਾਸ਼ ਯੁੱਧ ਦੀ ਮਾਰ ਝੱਲ ਰਹੇ ਲੋਕਾਂ ਦੀ ਮਦਦ ਲਈ ਜਿਥੇ ਦੁਨੀਆਂ ਭਰ ਦੀਆ ਸੰਸਥਾਵਾਂ ਅੱਗੇ ਆਈਆਂ ਉਥੇ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਟੀਮ ਵਲੋਂ ਵੀ ਪਹਿਲੀ ਵਾਰ ਅੰਤਰਰਾਸ਼ਟਰੀ ਪੱਧਰ ਤੇ ਮਾਨਵਤਾ ਤੇ ਹੋ ਰਹੇ ਘਾਣ ਤੇ ਯੁੱਧ ਦੀ ਮਾਰ ਝੱਲ ਰਹੇ ਯੂਕਰੇਨ ਦੇ ਸ਼ਰਨਾਰਥੀਆਂ ਦੀ ਮੱਦਦ ਲਈ ਬਹੁਤ ਵੱਡੇ ਪੱਧਰ ਉਪਰਾਲਾ ਕੀਤਾ ਗਿਆ। ਬੇਗ਼ਮਪੁਰਾ ਏਡ ਦੀ 19 ਮਾਰਚ ਨੂੰ ਪਹਿਲੀ ਵਰੇਗੰਢ ਸੀ ਜਿਸ ਨੂੰ ਲੋੜਵੰਦਾਂ ਮੱਦਦ ਕਰਕੇ ਮਨਾਇਆ ਗਿਆ ।

ਬੇਗ਼ਮਪੁਰਾ ਏਡ ਵਲੋਂ ਪਿਛਲੇ ਇਕ ਸਾਲ ਤੋਂ ਮਾਨਵਤਾ ਦੀ ਭਲਾਈ ਵਾਸਤੇ ਭਾਰਤ ਵਿੱਚ ਬਹੁਤ ਸਾਰੇ ਕਾਰਜ ਚੱਲ ਰਹੇ ਹਨ । ਜਿਸ ਵਿੱਚ ਸਮੇਂ ਸਮੇਂ ਤੇ ਵਿਕਲਾਂਗ ਲੋਕਾਂ ਦੀ ਮਦਦ ਲਈ ਵੀਲ ਚੇਅਰ, ਟਰਾਈਸਾਈਕਲ, ਸਿਹਤ ਦੇ ਇਲਾਜ ਵਾਸਤੇ ਕਈ ਲੋੜਵੰਦ ਗਰੀਬ ਪਰਿਵਾਰਾਂ ਦੀ ਮੱਦਦ ਕੀਤੀ ਗਈ, ਸਿੱਖਿਆ ਦੇ ਲਈ ਬੱਚਿਆਂ ਦੀ ਪੜਾਈ ਵਾਸਤੇ ਬਹੁਤ ਸਾਰੇ ਕਾਰਜ ਨਿਰੰਤਰ ਜਾਰੀ ਹਨ ਅਤੇ ਅੱਗੇ ਤੋਂ ਹੋਰ ਪ੍ਰਵਾਰਾਂ ਦੀ ਮਦਦ ਕੀਤੀ ਜਾਵੇਗੀ । ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦਾ ਮਨੋਰਥ ਮਨੁੱਖਤਾ ਦੀ ਭਲਾਈ ਵਾਸਤੇ ਕਾਰਜ ਕਰਨਾ ਹੈ ਚਾਹੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਤੇ ਹੋਵੇ ਤੇ ਕਿਸੇ ਵੀ ਧਰਮ ਦਾ ਹੋਵੇ।

ਬੇਗ਼ਮਪੁਰਾ ਏਡ ਮਨੁੱਖਤਾ ਦੀ ਸੇਵਾ ਨੂੰ ਹੀ ਉੱਤਮ ਧਰਮ ਮੰਨਦੀ ਹੈ।



ਬੇਗ਼ਮਪੁਰਾ ਏਡ ਫਰਾਂਸ ਦੀ ਪ੍ਰਬੰਧਕੀ ਟੀਮ ਵਲੋਂ ਨਿਰਣਾ ਕੀਤਾ ਗਿਆ ਯੂਕਰੇਨ ਦੇ ਬਾਰਡਰ ਤੇ ਜਾ ਕੇ ਪੀੜਤ ਲੋਕਾਂ ਦੀ ਮੱਦਦ ਕੀਤੀ ਜਾਵੇ । ਭਾਈ ਰਾਮ ਸਿੰਘ ਮੈਹਿੰਗੜਾ ਦੀ ਅਗਵਾਈ ਵਿੱਚ ਉਨਾਂ ਦੇ ਨਾਲ ਭਾਈ ਪਰਮਿੰਦਰ ਸਿੰਘ ਅਤੇ ਭਾਈ ਅਮਰਜੀਤ ਕੈਲੇ ਤਿੰਨ ਮੈਂਬਰੀ ਟੀਮ ਪੈਰਿਸ ਤੋਂ ਪੋਲੈਂਡ ਦੀ ਰਾਜਧਾਨੀ ਵਾਰਸਾ ਪੁੱਜੀ

ਪੋਲੈਂਡ ਪੁੱਜਣ ਤੇ ਭਾਈ ਬਲਦੇਵ ਸਿੰਘ ਅਤੇ ਭਾਈ ਸੰਨੀ ਵਲੋਂ ਟੀਮ ਦਾ ਬਹੁਤ ਸਹਿਯੋਗ ਕੀਤਾ ਗਿਆ। ਇਨ੍ਹਾਂ ਵੀਰਾਂ ਦੇ ਕਰਕੇ ਸਾਨੂੰ ਕੋਈ ਮੁਸ਼ਕਿਲ ਨਹੀਂ ਹੋਈ, ਯੂਕਰੇਨ ਬਾਰਡਰ ਤੇ ਜੋ ਸਮਾਨ ਖਾਣ ਪੀਣ, ਕਪੜੇ, ਬੂਟ ਖਾਸ ਤੇ ਛੋਟੇ ਬੱਚਿਆਂ ਲਈ ਲੋੜੀਦਾ ਸਮਾਨ ਖਰੀਦਿਆ ਗਿਆ । ਯੂਕਰੇਨ ਦੇ ਬਾਰਡਰ ਵੱਲ ਚਾਲੇ ਪਾਏ ਤੇ ਚਾਰ ਘੰਟੇ ਤੋਂ ਦਾ ਸਫ਼ਰ ਤੈਹ ਕਰਕੇ ਯੂਕਰੇਨ ਦੇ ਬਾਰਡਰ ਤੇ ਪੁੱਜੇ ਜਿਥੇ ਜਾ ਕੇ ਪੋਲੈਂਡ ਦੀ ਪੁਲਿਸ ਨਾਲ ਗੱਲਬਾਤ ਕੀਤੀ, ਉਨਾਂ ਨੇ ਸਰਨਾਰਥੀ ਕੈਂਪ ਪੋਲੈਂਡ ਦੇ ਅਧਿਕਾਰੀ ਨਾਲ ਮੁਲਾਕਾਤ ਕਰਵਾਈ ਅਤੇ ਫਰਾਂਸ ਸਰਕਾਰ ਦੇ ਸੁਰੱਖਿਆ ਅਮਲੇ ਦੇ ਅਧਿਕਾਰੀ ਵੀ ਮਿਲੇ ਜਦੋ ਉਨਾਂ ਨੂੰ ਦੱਸਿਆ ਗਿਆ ਕੀ ਬੇਗ਼ਮਪੁਰਾ ਏਡ ਦੀ ਟੀਮ ਫਰਾਂਸ ਤੋਂ ਹੈ ਉਨਾਂ ਵਲੋਂ ਵੀ ਬਹੁਤ ਸਹਿਯੋਗ ਕੀਤਾ ਗਿਆ। ਪੋਲੈਂਡ




ਸਰਕਾਰ ਦੇ ਅਧਿਕਾਰੀਆਂ ਵਲੋਂ ਸਰਨਾਰਥੀ ਕੈਂਪ ਦੀ ਜਾਣਕ-ਾਰੀ ਦਿੱਤੀ ਗਈ । ਯੂਕਰੇਨ ਦੇ ਬਾਰਡਰ ਤੇ ਬਹੁਤ ਗਮਗੀਨ ਮਾਹੌਲ ਸੀ ਛੋਟੇ ਛੋਟੇ ਬੱਚਿਆਂ ਦੇ ਨਾਲ ਮਾਪਿਆਂ ਦੇ ਚੇਹਰੇ ਉਦਾਸੀ ਸਾਫ ਨਜਰ ਆਉਂਦੀ ਸੀ ਕਿਉਕਿ ਇਨਸਾਨ ਸਾਰੀ ਉਮਰ ਆਪਣਾ ਘਰਵਾਰ ਬਨਾਉਂਦਾ ਹੈ ਸਭ ਕੁੱਝ ਛੱਡ ਕੇ ਖਾਲੀ ਹੱਥ ਬੇਘਰਾਂ ਹੋ ਕੇ ਅੱਗੇ ਇਹ ਵੀ ਨਹੀਂ ਪਤਾ ਹੁੰਦਾ ਟਿਕਾਣਾ ਕਿਥੇ ਮਿਲੇਗਾ। ਸਰਨਾਰਥੀ ਕੈਂਪ ਦੀ ਜਾਣਕਾਰੀ ਲੈਣ ਤੋਂ ਬਾਅਦ ਲੋੜਵੰਦ ਪਰਿਵਾਰਾਂ ਦੀ ਮੱਦਦ ਲਈ ਸਮਾਨ ਦਿੱਤਾ ਗਿਆ।

ਸਾਡੇ ਕੋਲ ਸਮਾਨ ਜਿਆਦਾ ਹੋਣ ਕਰਕੇ ਅਧਿਕਾਰੀਆਂ ਵਲੋਂ ਇਕ ਹੋਰ ਬਾਰਡਰ ਦਾ ਐਡਰੈਸ ਦਿੱਤਾ ਗਿਆ ਜੋ ਕੀ ਤਕਰੀਬਨ ਪੰਜਾਹ ਕਿਲੋਮੀਟਰ ਤੇ ਸੀ ਉਥੇ ਵੀ ਜਾ ਕੇ ਪੁਲੀਸ ਅਫਸਰਾਂ ਨੂੰ ਮਿਲੇ ਜਿਥੇ ਸਰਨਾਰਥੀ ਕੈਂਪ ਲਈ ਸਮਾਨ ਦਿੱਤਾ ਗਿਆ ਇਥੇ ਵੀ ਪੋਲੈਂਡ ਦੀ ਫੋਜ ਦੇ ਜਵਾਨਾਂ ਵਲੋਂ ਸਮਾਨ ਉਤਾਰਨ ਲਈ ਮੱਦਦ ਕੀਤੀ ਗਈ। ਮਾਧਿਕਾ ਸ਼ਹਿਰ ਪੋਲੈਂਡ ਯੂਕਰੇਨ ਦਾ ਬਾਰਡਰ ਏਰੀਆਂ ਸੀ ਇਥੇ ਵੀ ਵੱਖ ਵੱਖ ਦੇਸ਼ਾਂ ਦੀਆ ਸੰਸਥਾਵਾਂ ਨੂੰ ਮਿਲਣ ਦਾ ਮੌਕਾ ਮਿਲਿਆ ਜੋ ਮਾਨਵਤਾ ਦੀ ਭਲਾਈ ਵਾਸਤੇ ਨਿਰੰਤਰ ਕਾਰਜ ਕਰਦੀਆਂ ਹਨ। ਇਸੇ ਤਰਾਂ ਬੇਗ਼ਮਪੁਰਾ ਏਡ ਦੀ ਟੀਮ ਵਲੋਂ ਯੂਕਰੇਨ ਦੇ ਪੀੜਤ ਪਰਿਵਾਰ ਦਾ ਸਹਿਯੋਗ ਕੀਤਾ ਗਿਆ ਅਤੇ ਬਾਦ ਦੁਪਹਿਰ ਵਾਪਿਸ ਪੋਲੈਂਡ ਦੀ ਰਾਜਧਾਨੀ ਵਾਰਸਾ ਵੱਲ ਚਾਲੇ ਪਾਏ ਕਿਉਂ 5 ਘੰਟੇ ਵਾਪਸੀ ਦਾ ਸਫ਼ਰ ਸੀ।

ਰਾਤ ਵਾਰਸਾ ਸ਼ਹਿਰ ਵਿੱਚ ਗੁਰਦੁਵਾਰਾ ਸਿੰਘ ਸਭਾ ਪੋਲੈਂਡ ਗੁਰੂ ਘਰ ਠਿਹਰਾਓ ਕੀਤਾ ਪ੍ਰਬੰਧਕਾਂ ਵਲੋ ਵਲੋਂ ਬਹੁਤ ਸਹਿਯੋਗ ਦਿੱਤਾ ਗਿਆ।

ਬੇਸ਼ੱਕ ਲਗਾਤਾਰ ਤਿੰਨ ਦਿਨ ਦਾ ਸਫ਼ਰ ਬਹੁਤ ਮੁਸ਼ਕਲਾਂ ਭਰਿਆ ਸੀ,ਪਰ ਮਨ ਇਸ ਸੇਵਾ ਭਾਵਨਾ ਕਰਕੇ ਉਤਸ਼ਾਹਿਤ ਸੀ ਕੀ ਗੁਰੂ ਸਾਹਿਬਾਨ ਸੋਚ ਤੇ ਅਧਾਰਿਤ ਬੇਗ਼ਮਪੁਰਾ ਏਡ ਇੰਟਰਨੈਸ਼ਨਲ ਦੀ ਵਲੋਂ ਟੀਮ ਵਲੋਂ ਮਨੁੱਖਤਾ ਦੀ ਸੇਵਾ ਕਰਨ ਦਾ ਮੌਕਾ ਮਿਲਿਆ। ਆਉਣ ਵਾਲੇ ਸਮੇਂ ਵਿੱਚ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਬੇਗ਼ਮਪੁਰਾ ਏਡ ਦੀ ਟੀਮ ਕਾਰਜ ਕਰਦੀ ਰਹੇਗੀ ।

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਚਿੜੀਆ ਘਰ ਵਿਚੋਂ ਬਚ ਨਿਕਲੇ ਊਠ ਨੇ ਦੋ ਵਿਅਕਤੀਆਂ ਨੂੰ ਮਾਰਿਆ

**ਸੈਕਰਾਮੈਂਟੋ 12 ਮਾਰਚ–** ਟੈਨੇਸੀ ਦੇ ਇਕ ਚਿੜੀਆ ਘਰ ਵਿਚੋਂ ਬਚ ਕੇ ਨਿਕਲ ਗਏ ਊਠ ਨੇ ਦੋ ਵਿਅਕਤੀਆਂ ਨੂੰ ਮਾਰ ਦਿੱਤਾ। ਓਬੀਅਨ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪੁਲਿਸ ਨੂੰ ਫੋਨ ਉਪਰ ਸੂਚਨਾ ਮਿਲੀ ਸੀ ਕਿ ਸ਼ਰਲੇ ਫਾਰਮਜ ਨੇੜੇ ਇਕ ਊਠ ਲੋਕਾਂ ਉਪਰ ਹਮਲੇ ਕਰ ਰਿਹਾ ਹੈ। ਮੌਕੇ ਉਪਰ ਪੁੱਜੀ ਪੁਲਿਸ ਨੂੰ ਦੋ ਵਿਅਕਤੀ ਬੇਹੋਸ਼ੀ ਦੀ ਹਾਲਤ ਵਿਚ ਮਿਲੇ ਜੋ ਬਾਅਦ ਵਿਚ ਮੌਕੇ ਉਪਰ ਹੀ ਦਮ ਤੋੜ ਗਏ । ਇਨਾਂ ਦਾ ਪਛਾਣ ਬੌਬੀ ਮੈਥਨੀ 42 ਸਾਲ ਤੇ ਟੌਮੀ ਗੁਨ 67 ਸਾਲ ਵਜੋਂ ਹੋਈ ਹੈ। ਊਠ ਨੇ ਮੌਕੇ ਉਪਰ ਪੁੱਜੀ ਪਲਿਸ ਦੀ ਗੱਡੀ ਉਪਰ ਵੀ ਹਮਲਾ ਕੀਤਾ ਪਰੰਤੂ ਉਸ ਉਪਰ ਕਾਬੂ ਪਾ ਲਿਆ ਗਿਆ।

# ਅਮਰੀਕਾ ਵਿਚ ਭਿਆਨਕ ਤੂਫਾਨ ਨੇ ਮਚਾਈ ਤਬਾਹੀ, ਕਈ ਲੋਕ ਜ਼ਖਮੀ

**ਸੈਕਰਾਮੈਂਟੋ 19 ਮਾਰਚ–** ਅਮਰੀਕਾ ਦੇ ਦੱਖਣੀ ਪੂਰਬੀ ਹਿੱਸੇ ਵਿਚ ਆਏ ਭਿਆਨਕ ਤੂਫਾਨ, ਤੇਜ ਹਵਾਵਾਂ ਤੇ ਗੜੇਮਾਰੀ ਕਾਰਨ ਭਾਰੀ ਨੁਕਸਾਨ ਪੁੱਜਾ ਹੈ ਤੇ ਕਈ ਲੋਕਾਂ ਦੇ ਜਖਮੀ ਹੋਣ ਦੀ ਰਿਪੋਰਟ ਹੈ। ਅਨੇਕਾਂ ਘਰਾਂ ਨੂੰ ਨੁਕਸਾਨ ਪੁੱਜਾ ਹੈ। ਐਸਕੈਮਬੀਆ ਕਾਊਂਟੀ, ਅਲਬਾਮਾ ਵਿਚ ਜਖਮੀ ਹੋਏ 6 ਲੋਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਐਸਕਾਮਬੀਆ ਕਾਊਂਟੀ ਦੇ ਪੁਲਿਸ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਕੁਝ ਲੋਕ ਮੋਬਾਇਲ ਹੋਮ ਪਾਰਕ ਵਿਚ ਜਖਮੀ ਹੋਏ ਹਨ ਤੇ ਇਨਾਂ ਨੂੰ ਐਂਬੂਲੈਂਸ ਰਾਹੀਂ ਹਸਪਤਾਲ ਲਿਜਾਇਆ ਗਿਆ । ਬੁਲਾਰੇ ਸ਼ੈਰਿਫ ਹੀਥ ਜੈਕਸਨ ਨੇ ਦੱਸਿਆ ਕਿ ਪੈਨਸਾਕੋਲਾ, ਫਲੋਰਿਡਾ ਦੇ ਉਤਰ ਵਿਚ 9 ਘਰ ਤਬਾਹ ਹੋਏ ਹਨ ਜਦ ਕਿ ਇਕ ਘਰ ਨੂੰ ਤੂਫਾਨ ਆਪਣੇ ਨਾਲ ਹੀ ਵਹਾਅ ਕੇ ਲੈ ਗਿਆ। ਉਨਾਂ ਦੱਸਿਆ ਕਿ ਮੌਕੇ ਉਪਰ ਜਾਇਜਾ ਲੈਣ ਲਈ ਕੌਮੀ ਮੌਸਮ ਸੇਵਾ ਦੇ ਅਧਿਕਾਰੀ ਜਾਣਗੇ। ਇਸ ਕਿਸਮ ਦਾ ਤੂਫਾਨ ਹੀ ਜਾਰਜੀਆ ਵਿਚ ਆਉਣ ਦੀ ਰਿਪੋਰਟ ਹੈ ਜੋ ਕਾਰੋਲੀਨਾਸ ਵਲ ਵਧ ਰਿਹਾ ਹੈ।

# ਟੈਕਸਾਸ ਵਿਚ ਲੋਕਾਂ ਨੂੰ ਅੱਗ ਤੋਂ ਬਚਾਉਣ ਦਾ ਯਤਨ ਕਰ ਰਹੇ ਇਕ ਪੁਲਿਸ ਅਧਿਕਾਰੀ ਦੀ ਮੌਤ

**ਸੈਕਰਾਮੈਂਟੋ 19 ਮਾਰਚ–** ਟੈਕਸਾਸ ਦੇ ਜੰਗਲ ਨੂੰ ਲੱਗੀ ਅੱਗ ਕਾਰਨ ਸੈਂਕੜੇ ਲੋਕਾਂ ਨੂੰ ਘਰ ਬਾਰ ਛੱਡ ਕੇ ਭੱਜਣ ਲਈ ਮਜਬੂਰ ਹੋਣਾ ਪਿਆ ਹੈ। ਟੈਕਸਾਸ ਫੌਰੈਸਟ ਸਰਵਿਸ ਦੇ ਇਕ ਅਧਿਕਾਰੀ ਅਨੁਸਾਰ 62 ਵਰਗ ਮੀਲ ਤੋਂ ਵਧ ਰਕਬਾ ਸੜ ਗਿਆ ਹੈ। ਈਸਟਲੈਂਡ ਕਾਊਂਟੀ, ਟੈਕਸਾਸ ਵਿਚ ਬਚਾਅ ਕਾਰਵਾਈ ਵਿਚ ਲੱਗੀ ਪੁਲਿਸ ਵਿਭਾਗ ਦੀ ਡਿਪਟੀ ਬਾਰਬਰਾ ਫੈਨਲੇ ਦੀ ਮੌਤ ਹੋ ਗਈ। ਪੁਲਿਸ ਮੁੱਖੀ ਜੈਸਨ ਵੈਗਰ ਨੇ ਕਿਹਾ ਹੈ ਕਿ ਫੈਨਲੇ



ਨੇ ਅੱਗ ਵਿਚ ਘਿਰੇ ਇਕ ਬਜੁਰਗ ਨੂੰ ਬਚਾਉਣ ਦਾ ਯਤਨ ਕੀਤਾ ਜਿਸ ਦੌਰਾਨ ਉਹ ਖੁਦ ਅੱਗ ਦੀ ਲਪੇਟ ਵਿਚ ਆ ਗਈ। ਅੱਗ ਨਾਲ ਪ੍ਰਭਾਵਿਤ ਗੋਰਮੈਨ ਕਸਬੇ ਵਿਚੋਂ ਤਕਰੀਬਨ 475 ਘਰਾਂ ਨੂੰ ਖਾਲੀ ਕਰਵਾਇਆ ਗਿਆ ਹੈ ਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਡਾਊਨ ਟਾਊਨ ਰੇਂਜਰ ਵਿਚ ਇਕ ਚਰਚ ਵੀ ਅੱਗ ਦੀ ਲਪੇਟ ਵਿਚ ਆ ਕੇ ਤਬਾਹ ਹੋ ਗਿਆ। ਇਹ 103 ਸਾਲ ਪੁਰਾਣੀ ਇਮਾਰਤ ਸੀ। ਹੋਰ ਕਈ ਇਤਿਹਾਸਕ ਇਮਾਰਤਾਂ ਦੇ ਵੀ ਸੜ ਜਾਣ ਦੀ ਖਬਰ ਹੈ।


### ਮਾਮਲਾ 2015 ਵਿਚ ਪੁਲਿਸ ਹੱਥੋਂ ਹੋਈ ਮੌਤ ਦਾ

# ਸੰਘੀ ਅਦਾਲਤ ਵੱਲੋਂ ਪੁਲਿਸ ਦੀ ਕਾਰਵਾਈ ਨੂੰ ਗਲਤ ਕਰਾਰ ਦਿੰਦਿਆਂ ਪੀੜਤ ਪਰਿਵਾਰ ਨੂੰ 8.50 ਕਰੋੜ ਡਾਲਰ ਦਾ ਮੁਆਵਜ਼ਾ ਦੇਣ ਦਾ ਆਦੇਸ਼

**ਸੈਕਰਾਮੈਂਟੋ 20 ਮਾਰਚ–**ਸੈਨ ਡਇਏਗੋ ਕਾਊਂਟੀ ਦੀ ਪੁਲਿਸ ਨਾਲ ਹੋਈ ਤਕਰਾਰ ਤੋਂ ਬਾਅਦ ਕੈਲੀਫੋਰਨੀਆ ਦੇ ਇਕ ਵਿਅਕਤੀ ਦੀ ਹੋਈ ਮੌਤ ਦੇ ਮਾਮਲੇ ਵਿਚ ਸੰਘੀ ਅਦਾਲਤ ਨੇ ਪੀੜਤ ਪਰਿਵਾਰ ਨੂੰ 8.50 ਕਰੋੜ ਡਾਲਰ ਦਾ ਮੁਆਵਜ਼ਾ ਦੇਣ ਦਾ ਆਦੇਸ਼ ਜਾਰੀ ਕੀਤਾ ਹੈ। ਇਹ ਘਟਨਾ 2015 ਦੀ ਹੈ। ਪੁਲਿਸ ਨਾਲ ਤਕਰਾਰ ਦੌਰਾਨ ਮਾਰੇ ਗਏ ਲੱਕੀ ਫੌਨਸੀ ਨਾਮੀ ਵਿਅਕਤੀ ਦੇ ਪਰਿਵਾਰ ਵੱਲੋਂ ਕਾਊਂਟੀ ਤੇ ਪੁਲਿਸ ਵਿਭਾਗ ਵਿਰੁੱਧ ਦਾਇਰ ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਸੀ ਕਿ ਪੁਲਿਸ ਦੀ ਲਾਪਰਵਾਹੀ ਤੇ ਧੱਕੇਸ਼ਾਹੀ ਕਾਰਨ ਫੌਨਸੀ ਦੀ ਮੌਤ ਹੋਈ ਹੈ। ਦਾਇਰ ਪਟੀਸ਼ਨ ਵਿਚ ਕਿਹਾ ਗਿਆ ਸੀ ਕਿ ਪੁਲਿਸ ਵੱਲੋਂ ਲੱਕੀ ਫੌਨਸੀ ਨੂੰ ਹੱਥਕੜੀ ਲਾਉਣ ਦੀ ਕੋਸ਼ਿਸ਼ ਦੌਰਾਨ ਉਹ ਡਰ ਗਿਆ ਸੀ ਤੇ ਭੰਬਲਭੂਸੇ ਵਿਚ ਪੈ ਗਿਆ ਸੀ। ਉਸ ਨੇ ਇਕ ਡਿਪਟੀ ਨਾਲ ਸਵਾਲ ਜਵਾਬ ਕੀਤੇ। ਬਾਅਦ ਵਿਚ ਪੁਲਿਸ ਨੇ ਉਸ ਨੂੰ ਬਿਜਲੀ ਦਾ ਝਟਕਾ ਦਿੱਤਾ ਤੇ ਉਸ ਨੂੰ ਜਕੜ ਲਿਆ। ਹਸਪਤਾਲ ਵਿਚ ਲਿਜਾਣ ਸਮੇ ਉਸ ਦਾ ਮੂੰਹ ਵੀ ਢਕ ਦਿੱਤਾ ਗਿਆ। ਦੂਸਰੇ ਪਾਸੇ ਪੁਲਿਸ ਦਾ ਪੱਖ ਸੀ ਕਿ ਫੌਨਸੀ ਵੱਲੋਂ ਕੀਤੀ ਹਥੋਪਾਈ ਵਿਚ ਦੋ ਡਿਪਟੀ ਜ਼ਖਮੀ ਹੋ ਗਏ ਸਨ ਤੇ ਉਨਾਂ ਨੇ ਹੋਰ ਫੋਰਸ ਭੇਜਣ ਦੀ ਬੇਨਤੀ ਕੀਤੀ ਸੀ। ਸੰਘੀ ਅਦਾਲਤ ਨੇ ਆਪਣੇ ਨਿਰਨੇ ਵਿਚ ਕਿਹਾ ਹੈ ਕਿ "ਪੁਲਿਸ ਨੇ ਫੌਨਸੀ ਵਿਰੁੱਧ ਬੇਲੋੜੀ ਤਾਕਤ ਦੀ ਵਰਤੋਂ ਕੀਤੀ ਤੇ ਘਟਨਾ ਵਿਚ ਸ਼ਾਮਲ ਪੁਲਿਸ ਅਧਿਕਾਰੀਆਂ ਨੂੰ ਚੰਗੀ ਤਰਾਂ ਸਿਖਲਾਈ ਨਹੀਂ ਦਿੱਤੀ ਗਈ ਜਿਨਾਂ ਨੇ ਫੌਨਸੀ ਦੇ ਮਾਨਵੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਪੁਲਿਸ ਅਧਿਕਾਰੀਆਂ ਨੇ ਆਪਣੀ ਡਿਊਟੀ ਵਿਚ ਲਾਪਰਵਾਹੀ ਵਰਤੀ ਹੈ। ਇਨਾਂ ਸਾਰੇ ਹਾਲਾਤ ਵਿਚ ਇਕ ਅਣਉਚਿੱਤ ਮੌਤ ਹੋਈ ਹੈ।" ਅਦਾਲਤ ਨੇ ਕਿਹਾ ਹੈ ਕਿ ਫੌਨਸੀ ਦੇ ਪਰਿਵਾਰ ਨੂੰ ਪੁੱਜੇ ਦੁੱਖ ਤੇ ਸਹੀ ਤਕਲੀਫ ਦੀ ਭਰਪਾਈ ਲਈ 8.15 ਕਰੋੜ ਡਾਲਰ ਦਾ ਮੁਆਵਜ਼ਾ ਦਿੱਤਾ ਜਾਵੇ। ਸੈਨ ਡਇਏਗੋ ਕਾਊਂਟੀ ਦਾ ਪੁਲਿਸ ਵਿਭਾਗ ਇਸ ਫੈਸਲੇ ਨੂੰ ਚੁਣੌਤੀ ਦੇਣ ਲਈ ਆਪਣੇ ਕਾਨੂੰਨੀ ਪ੍ਰਤੀਨਿੱਧੀਆਂ ਨਾਲ ਸਲਾਹ ਮਸ਼ਵਰਾ ਕਰ ਰਿਹਾ ਹੈ।

# ਓਕਲਾਹੋਮਾ ਹਾਈਵੇਅ 'ਤੇ ਵਾਪਰੇ ਸੜਕ ਹਾਦਸੇ ਵਿਚ ਹਾਈ ਸਕੂਲ ਦੀਆਂ 6 ਵਿਦਿਆਰਥਣਾਂ ਦੀ ਮੌਤ

**ਸੈਕਰਾਮੈਂਟੋ 23 ਮਾਰਚ–** ਬੀਤੇ ਦਿਨ ਓਕਲਾਹੋਮਾ ਹਾਈਵੇਅ ਉਪਰ ਇਕ ਛੋਟੇ ਯਾਤਰੀ ਵਾਹਣ ਤੇ ਸੈਮੀ ਟਰੱਕ ਵਿਚਾਲੇ ਜਬਰਦਸਤ ਟੱਕਰ ਹੋਣ ਕਾਰਨ ਇਕ ਹਾਈ ਸਕੂਲ ਦੀਆਂ 6 ਵਿਦਿਆਰਥਣਾਂ ਦੀ ਮੌਤ ਹੋ ਗਈ। ਇਹ



ਵਿਦਿਆਰਥਣਾਂ ਯਾਤਰੀ ਵਾਹਣ ਵਿਚ ਸਵਾਰ ਸਨ। ਓਕਲਾਹੋਮਾ ਰਾਸ਼ਟਰੀ ਮਾਰਗ ਗਸ਼ਤੀ ਦਲ ਦੇ ਬੁਲਾਰੇ ਸਾਰਾਹ ਸਟੀਵਰਟ ਅਨੁਸਾਰ ਇਹ ਹਾਦਸਾ ਮੰਗਲਵਾਰ ਦੁਪਹਿਰ 1.30 ਵਜੇ ਦੇ ਆਸ ਪਾਸ ਓਕਲਾਹੋਮਾ ਸ਼ਹਿਰ ਦੇ ਦੱਖਣ ਵਿਚ ਤਕਰੀਬਨ 122 ਕਿਲੋਮੀਟਰ ਦੂਰ ਟਿਸ਼ੋਮਿੰਗੋ ਸ਼ਹਿਰ ਵਿਚ ਹੋਇਆ। ਸੈਮੀ ਟਰੱਕ ਦਾ ਡਰਾਈਵਰ ਵੀ ਜਖਮੀ ਹੈ ਪਰੰਤੂ ਉਸ ਦੀ ਹਾਲਤ ਬਾਰੇ ਪਤਾ ਨਹੀਂ ਲੱਗ ਸਕਿਆ। ਟਿਸ਼ੋਮਿੰਗੋ ਪਬਲਿਕ ਸਕੂਲ ਦੇ ਸੁਪਰਡੈਂਟ ਬੌਬੀ ਵੇਟਮੈਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਵਿਦਿਆਰਥਣਾਂ ਦੀ ਮੌਤ ਨਾਲ ਸਾਨੂੰ ਸੱਦਮਾ ਪੁੱਜਾ ਹੈ ਤੇ ਵੱਡਾ ਘਾਟਾ ਪਿਆ ਹੈ। ਸਮੁੱਚਾ ਸਟਾਫ ਤੇ ਵਿਦਿਆਰਥੀ ਸਦਮੇ ਵਿਚ ਹਨ। ਵੇਟਮੈਨ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਹੈ।

# ਅਮਰੀਕਾ ਵਿਚ ਪਿਛਲੇ ਹਫਤੇ 9 ਥਾਵਾਂ 'ਤੇ ਹੋਈ ਗੋਲੀਬਾਰੀ ਵਿਚ ਹੋਈਆਂ 8 ਮੌਤਾਂ ਤੇ 60 ਤੋਂ ਵਧ ਜ਼ਖਮੀ

**ਸੈਕਰਾਮੈਂਟੋ 22 ਮਾਰਚ–** ਅਮਰੀਕਾ ਵਿਚ ਵਧ ਰਹੀ ਗੰਨ ਹਿੰਸਾ ਤੇ ਅਪਰਾਧ ਨੇ ਹਾਲਾਤ ਗੰਭੀਰ ਬਣਾ ਦਿੱਤੇ ਹਨ ਤੇ ਕੋਈ ਵੀ ਦਿਨ ਅਜਿਹਾ ਨਹੀਂ ਨਿਕਲਦਾ ਜਿਸ ਦਿਨ ਕੋਈ ਮੰਦਭਾਗੀ ਘਟਨਾ ਨਾ ਵਾਪਰੀ ਹੋਵੇ। ਪਿਛਲੇ ਹਫਤੇ ਅਮਰੀਕਾ ਦੀਆਂ ਵੱਖ ਵੱਖ 9 ਥਾਵਾਂ 'ਤੇ ਗੋਲੀਬਾਰੀ ਦੀਆਂ ਘਟਨਾਵਾਂ ਵਾਪਰੀਆਂ ਜਿਨਾਂ ਵਿਚ 8 ਵਿਅਕਤੀ ਮਾਰੇ ਗਏ ਤੇ 60 ਹੋਰ ਜ਼ਖਮੀ ਹੋ ਗਏ। ਇਸ ਸਾਲ ਹੁਣ ਤੱਕ ਘੱਟੋ ਘੱਟ 107 ਸਮੂਹਿਕ ਗੋਲੀਬਾਰੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਗੰਨ ਵਾਇਓਲੈਂਸ ਅਰਕੀਵ ਅਨੁਸਾਰ ਸਮੂਹਿਕ ਗੋਲੀਬਾਰੀ ਵਿਚ ਉਨਾਂ ਘਟਨਾਵਾਂ ਨੂੰ ਗਿਣਿਆ ਜਾਂਦਾ ਹੈ ਜਿਨਾਂ ਵਿਚ 4 ਜਾਂ 4 ਤੋਂ ਵਧ ਲੋਕ ਮਾਰੇ ਜਾਂਦੇ ਹਨ। ਇਸ ਵਿਚ ਹਮਲਾਵਰ ਦੀ ਹੋਈ ਮੌਤ ਨੂੰ ਨਹੀਂ ਗਿਣਿਆ ਜਾਂਦਾ। ਪੁਲਿਸ ਵਿਭਾਗ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ ਅਮਰੀਕਾ ਦੇ ਸਭ ਤੋਂ ਵਧ ਵੱਸੋਂ ਵਾਲੇ ਸ਼ਹਿਰਾਂ ਵਿਚ ਕਤਲਾਂ ਦੀਆਂ ਦੋ ਤਿਹਾਈ ਘਟਨਾਵਾਂ ਵਾਪਰੀਆਂ ਹਨ। ਇਨਾਂ ਵਿਚੋਂ ਜਿਆਦਾਤਰ ਹਤਿਆਵਾਂ ਅਗਨ ਸ਼ਸ਼ਤਰਾਂ ਨਾਲ ਕੀਤੀਆਂ ਗਈਆਂ ਹਨ। ਬਾਈਡਨ ਪ੍ਰਸ਼ਾਸਨ ਨੇ ਹਾਲ ਹੀ ਵਿਚ ਗੰਨ ਅਪਰਾਧ ਨੂੰ ਠਲਣ ਲਈ ਆਪਣੀਆਂ ਕੋਸ਼ਿਸ਼ਾਂ ਤੇਜ ਕੀਤੀਆਂ ਹਨ। ਕਈ ਰਾਜਾਂ ਨੇ ਇਸ ਸਬੰਧ ਵਿਚ ਕਾਨੂੰਨ ਬਣਾਏ ਹਨ



ਜਿਨਾਂ ਤਹਿਤ ਅਮਰੀਕੀ ਨਾਗਰਿਕਾਂ ਨੂੰ ਜਨਤਿਕ ਥਾਵਾਂ 'ਤੇ ਖੁਲਆਮ ਹਥਿਆਰ ਲਿਜਾਣ ਦੀ ਮਨਾਹੀ ਕੀਤੀ ਗਈ ਹੈ ਤੇ ਉਹ ਗੁਪਤ ਢੰਗ ਨਾਲ ਹੀ ਹਥਿਆਰ ਆਪਣੇ ਨਾਲ ਲਿਜਾ ਸਕਦੇ ਹਨ।

ਗੋਲੀਬਾਰੀ ਦੀਆਂ ਘਟਨਾਵਾਂ ਦਾ ਵੇਰਵਾ– ਪਿਛਲੇ ਹਫਤੇ ਨਿਊ ਲਿਬਰੀਆ, ਲੋਇਸੀਆਨਾ ਵਿਚ ਗੋਲੀਬਾਰੀ ਦੀ ਘਟਨਾ ਵਿਚ 5 ਵਿਅਕਤੀ ਜ਼ਖਮੀ ਹੋਏ। ਨਾਰਫੋਲਕ, ਵਿਰਜੀਨੀਆ ਵਿਚ ਇਕ ਰੈਸਟੋਰੈਂਟ ਦੇ ਬਾਹਰ ਚੱਲੀਆਂ ਗੋਲੀਆਂ ਵਿਚ 2 ਵਿਅਕਤੀ ਮਾਰੇ ਗਏ ਤੇ 3 ਹੋਰ ਜਖਮੀ ਹੋ ਗਏ। ਮੈਡੀਸਨ ਹਾਈਟਸ, ਵਿਰਜੀਨੀਆਂ ਵਿਚ ਇਕ ਵਿਅਕਤੀ ਮਾਰਿਆ ਗਿਆ ਤੇ 4 ਹੋਰ ਜ਼ਖਮੀ ਹੋ ਗਏ। ਡੂਮਾਸ।ਅਰਕੰਸਾਸ ਵਿਚ ਚਲ ਰਹੇ ਕਾਰ ਸ਼ੋਅ ਦੌਰਾਨ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਮਾਰਿਆ ਗਿਆ ਤੇ 27 ਹੋਰ ਜ਼ਖਮੀ ਹੋ ਗਏ। ਹੋਸਟਨ ਵਿਚ ਇਕ ਜਨਮ ਦਿਨ ਦੀ ਪਾਰਟੀਅ ਦੌਰਾਨ ਚੱਲੀਆਂ ਗੋਲੀਆਂ ਵਿਚ 4 ਬੱਚਿਆਂ ਦੇ ਗੋਲੀਆਂ ਮਾਰੀਆਂ ਗਈਆਂ ਜਿਨਾਂ ਵਿਚੋਂ ਇਕ ਦੀ ਮੌਤ ਹੋ ਗਈ। ਉਤਰੀ ਕੈਰੋਲੀਨਾ ਵਿਚ ਫੇਟੇਵਿਲੇ ਵਿਖੇ ਇਕ ਹੋਟਲ ਵਿਚ 3 ਵਿਅਕਤੀ ਮਾਰੇ ਗਏ ਤੇ 3 ਹੋਰ ਜ਼ਖਮੀ ਹੋ ਗਏ। ਡਲਾਸ ਵਿਚ ਘੱਟੋ ਘੱਟ 10 ਵਿਅਕਤੀ ਜ਼ਖਮੀ ਹੋਏ। ਇਸੇ ਤਰਾਂ ਹਫਤੇ ਦੇ ਆਖਰੀ ਦਿਨ ਸ਼ਨੀਵਾਰ ਨੂੰ ਆਸਟਿਨ, ਟੈਕਸਾਸ ਤੇ ਮਿਲਵਾਊਕੀ ਵਿਚ ਵਾਪਰੀਆਂ ਗੋਲੀਬਾਰੀ ਦੀਆਂ ਘਟਨਾਵਾਂ ਵਿਚ 4-4 ਵਿਅਕਤੀ ਜ਼ਖਮੀ ਹੋਏ ਹਨ।

# ਆਪ ਦੀ ਪੰਜਾਬ ਸਰਕਾਰ ਨੂੰ ਗੀਤ "ਉਮੀਦ" ਰਾਹੀ ਜੇਕੇ ਢਿੱਲੋ ਵੱਲੋਂ ਲੋਕਾਂ ਦਾ ਸੁਨੇਹਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ)–** ਪੰਜਾਬ ਅੰਦਰ ਪਿਛਲੇ ਕਈ ਦਹਾਕਿਆਂ ਤੋਂ ਚਲ ਰਹੀਆਂ ਸਰਕਾਰਾ ਦੀਆਂ ਸਮਾਜ ਲਈ ਨੀਤੀਆਂ ਤੋਂ ਲੋਕ ਸੰਤੁਸਟ ਨਹੀਂ ਸਨ। ਪੰਜਾਬ ਦੇ ਲੋਕਾਂ ਅਤੇ ਵਿਦੇਸ਼ੀ ਵਸਦੇ ਪੰਜਾਬ ਦੇ ਸਮੁੱਚੇ ਭਾਈਚਾਰੇ ਅਨੁਸਾਰ ਅਕਾਲੀ ਦਲ ਅਤੇ ਕਾਂਗਰਸ ਦੀਆਂ ਸਰਕਾਰਾ ਨੇ ਬੀਤੇ ਕਈ ਦਹਾਕੇ ਪੰਜਾਬ ਦੇ ਲੋਕਾ ਨੂੰ ਵਿਕਾਸ ਦੇ ਨਾਂ ਹੇਠ ਲੁੱਟਿਆ ਅਤੇ ਕੋਈ ਵੀ ਸਰਵਪੱਖੀ ਵਿਕਾਸ ਨਹੀਂ ਕੀਤਾ। ਸਗੋਂ ਇੰਨ੍ਹਾਂ ਲੀਡਰਾ ਨੇ ਪੰਜਾਬ ਨੂੰ ਨਿਘਾਰ ਵੱਲ ਸੁੱਟਣ ਦੀ ਕਸਰ ਨਹੀਂ ਛੱਡੀ। ਪਰ ਹੁਣ ਲੋਕਾ ਦੀ ਸੂਝ-ਬੂਝ ਅਤੇ ਸਿਆਣਪ ਕਾਰਨ ਪੰਜਾਬ ਦੇ ਲੋਕਾਂ ਨੇ ਨਵੀਂ "ਆਮ ਆਦਮੀ ਪਾਰਟੀ" ਦੀ ਸਰਕਾਰ ਨੂੰ ਮੌਕਾ ਦਿੱਤਾ ਹੈ। ਸੋ ਹੁਣ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਸਦੀ ਨਵੀਂ ਪੰਜਾਬ ਸਰਕਾਰ ਤੋਂ ਸਥਾਨਿਕ ਅਤੇ ਵਿਦੇਸ਼ੀ ਪੰਜਾਬੀਆਂ ਨੂੰ ਬਹੁਤ ਉ-ਮੀਦਾ ਹਨ। ਇੰਨ੍ਹਾਂ ਹੀ ਉਮੀਦਾ ਨੂੰ ਇਕ ਗੀਤ "ਉਮੀਦ" ਦੇ ਰੂਪ ਵਿੱਚ ਗਾਇਕ ਜੇ। ਕੇ। ਢਿੱਲੋ ਨੇ ਬਹੁਤ ਖ਼ੂਬਸੂਰਤ ਸ਼ਬਦਾਂ ਵਿੱਚ ਲਿਖਿਆ ਅਤੇ ਗਾਇਆ ਹੈ। ਇਸ ਦੇ ਸੰਗੀਤਕਾਰ ਜੇ। ਸ਼ਾਹ ਹਨ। ਇਸ ਗੀਤ ਦੇ ਪ੍ਰੋਡਿਊਸਰ ਕੈਲੇ-ਫੋਰਨੀਆਂ ਤੋਂ ਗੁਰਿੰਦਰਜੀਤ ਨੀਟਾ ਮਾਛੀਕੇ ਹਨ। ਜਦ ਕਿ ਰਾਜਿੰਦਰ ਸਿੰਘ ਸੇਖੋ ਅਤੇ ਗੁਰਪ੍ਰੀਤ ਗਿੱਲ ਦਾ ਨੇ ਸਹਿਯੋਗ ਦਿੱਤਾ ਹੈ। ਇਸ ਗੀਤ ਨੂੰ



"ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ ਵੱਲੋਂ "ਕੇ। ਧਾਲੀਆਂ" ਅਤੇ ਹੋਰ ਟੀਵੀ ਚੈਨਲਾਂ ਰਾਹੀ ਨਿਰਸਵਾਰਥ ਰਿਲੀਜ਼ ਕੀਤਾ ਗਿਆ। ਇਸ ਸਮੇਂ ਪ੍ਰੋਜੈਕਟ ਦੇ ਡਾਇਰੈਕਟਰ ਕੁਮਾਰ ਵਿਨੋਦ, ਗਾਇਕ ਜੇ। ਕੇ। ਢਿੱਲੋ ਅਤੇ ਅਮਰੀਕਾ ਤੋਂ ਆਮ ਆਦਮੀ ਪਾਰਟੀ ਦੇ ਸਹਿਯੋਗੀ ਗੁਰਦੀਸ ਪੰਜਾਬੀ ਨਾਲ




ਗੱਲਬਾਤ ਕੀਤੀ ਗਈ। ਜਿੰਨਾਂ ਨੇ ਭਗਵੰਤ ਮਾਨ ਤੋਂ ਪੰਜਾਬ ਲਈ ਬਹੁਤ ਉਮੀਦ ਰੱਖਦੇ ਹੋਏ ਲੋਕਾ ਦੇ ਵਿਕਾਸ ਅਤੇ ਆਰਥਿਕ ਪੱਧਰ ਉੱਚੇ ਚੁੱਕਣ ਦੀ ਗੱਲ ਕੀਤੀ। ਸਮੁੱਚੇ ਤੌਰ 'ਤੇ ਦੁਨੀਆਂ ਅੰਦਰ ਪੰਜਾਬ ਦੇ ਲੋਕਾ ਨੂੰ ਆਮ ਆਦਮੀ ਪਾਰਟੀ ਤੋਂ ਬਹੁਤ ਉਮੀਦਾ ਹਨ। ਸੋ ਅਸੀਂ ਵੀ ਸਮੁੱਚੇ ਭਾਈਚਾਰੇ ਦੇ ਨਾਲ ਇਸ ਪਾਰਟੀ ਤੋਂ ਪੰਜਾਬ ਵਿੱਚ ਪਾਰਟੀਬਾਜ਼ੀ ਅਤੇ ਸਵਾਰਥੀ ਸੋਚ ਤੋਂ ਉਪਰ ਉੱਠ ਪੰਜਾਬ ਦੇ ਵਿਕਾਸ ਵਿੱਚ ਹਰ ਸੰਭਵ ਯਤਨ ਕਰਨ ਦੀ ਆਸ ਰੱਖਦੇ ਹਾਂ। ਲੋਕਾ ਦੀ ਅਵਾਜ਼ ਨੂੰ ਆਮ ਆਦਮੀ ਪਾਰਟੀ ਤੱਕ ਗੀਤ ਰਾਹੀ ਪਹੁੰਚਾਉਣ ਵਾਲਾ ਗਾਇਕ ਅਤੇ ਗੀਤਕਾਰ ਜੇ ਕੇ ਢਿੱਲੋ ਵਧਾਈ ਦਾ ਪਾਤਰ ਹੈ।

# ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਕਰੇਗਾ ਸ੍ਰੀ ਹਰਿਮੰਦਰ ਸਾਹਿਬ 'ਚ ਸੋਨੇ ਦੀ ਧੁਆਈ ਦੀ ਸੇਵਾ

**ਅੰਮ੍ਰਿਤਸਰ–** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੇ ਬਾਹਰੀ ਸੋਨੇ ਦੀ ਧੁਆਈ ਤੇ ਸਾਫ਼-ਸਫ਼ਾਈ ਦੀ ਸੇਵਾ ਆਰੰਭ ਕੀਤੀ ਗਈ। ਸੋਨੇ ਦੀ ਧੁਆਈ ਦੀ ਸੇਵਾ ਸ਼ੋਮਣੀ ਕਮੇਟੀ ਵੱਲੋਂ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਦੇ ਮੁਖੀ ਭਾਈ ਮਹਿੰਦਰ ਸਿੰਘ ਨੂੰ ਦਿੱਤੀ ਗਈ ਹੈ। ਸੇਵਕ ਜਥੇ ਵੱਲੋਂ ਇਹ ਸੇਵਾ ਹਰ ਸਾਲ ਹੋਲੇ ਮਹੱਲੇ ਤੋਂ ਬਾਅਦ ਕੀਤੀ ਜਾਂਦੀ ਹੈ, ਜੋ ਤਕਰੀਬਨ 10 ਦਿਨਾਂ 'ਚ ਮੁਕੰਮਲ ਹੁੰਦੀ ਹੈ। ਸੋਨੇ ਦੀ ਧੁਆਈ ਦੀ ਸੇਵਾ ਮੁੱਖ ਗੁੰਬਦ, ਛੋਟੀਆਂ ਗੁਮਟੀਆਂ, ਬਾਹਰੀ ਦੀਵਾਰਾਂ, ਪੁਲ 'ਤੇ ਲੱਗੀਆਂ ਬੁਰਜੀਆਂ ਦੀਆਂ ਗੁੰਮਟੀਆਂ, ਦਰਸ਼ਨੀ ਡਿਓੜੀ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਲੱਗੇ ਸੋਨੇ ਦੀ ਧੁਆਈ ਦੀ ਸੇਵਾ ਵੀ ਕੀਤੀ ਜਾਂਦੀ ਹੈ। ਧੁਆਈ ਦੀ ਸੇਵਾ ਆਰੰਭ ਕਰਨ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਪ੍ਰਤਾਪ ਸਿੰਘ, ਮੈਨੇਜਰ ਸੁਲੱਖਣ ਸਿੰਘ ਭੰਗਾਲੀ,



ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ, ਸੁਖਦੇਵ ਸਿੰਘ ਭੂਰਾਕੋਹਨਾ ਆਦਿ ਮੌਜੂਦ ਸਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੇ ਸੋਨੇ ਦੀ ਸਾਫ਼-ਸਫ਼ਾਈ ਅਤੇ ਸਾਂਭ-ਸੰਭਾਲ ਵੱਲ ਵਿਸ਼ੇਸ਼ ਤਵੱਜੋਂ ਦਿੱਤੀ ਜਾਂਦੀ ਹੈ ਅਤੇ ਸਮੇਂ-ਸਮੇਂ ਇਸ ਦੀ ਧੁਆਈ ਦਾ ਕਾਰਜ ਭਾਈ ਮਹਿੰਦਰ ਸਿੰਘ ਬਰਮਿੰਘਮ ਵਾਲਿਆਂ ਵੱਲੋਂ ਸੰਗਤ ਦੇ ਸਹਿਯੋਗ ਨਾਲ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਬਾਰਿਸ਼ ਤੇ ਪ੍ਰਦੂਸ਼ਣ ਆਦਿ ਕਰਕੇ ਸੋਨੇ ਦੀ ਚਮਕ ਸਮਾਂ ਪਾ ਕੇ ਘੱਟ ਜਾਂਦੀ ਹੈ, ਜਿਸ ਦੀ ਸਾਫ਼-ਸਫ਼ਾਈ ਜ਼ਰੂਰੀ ਹੋ ਜਾਂਦੀ ਹੈ। ਇਸ ਵਾਰ ਕੋਰੋਨਾ ਕਾਰਨ ਇਹ ਸੇਵਾ ਕਰੀਬ 2 ਸਾਲ ਦੇ ਅਰਸੇ ਮਗਰੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਨਿਸ਼ਕਾਮ ਸੇਵਕ ਜਥੇ ਵੱਲੋਂ ਇਹ ਸੇਵਾ ਨਿਸ਼ਕਾਮ ਰੂਪ ਵਿਚ ਕੀਤੀ ਜਾਂਦੀ ਹੈ।

# ਚਿੱਟੀ ਸਿੰਘਪੁਰਾ ਕਤਲੇਆਮ ਅੱਜ ਵੀ ਅਣਸੁਲਝਿਆ

**ਅੰਮ੍ਰਿਤਸਰ–** 20 ਮਾਰਚ 2000 ਨੂੰ ਕਸ਼ਮੀਰ ਵਾਦੀ ਦੇ ਪਿੰਡ ਚਿੱਟੀ ਸਿੰਘਪੁਰਾ ਵਿਚ 36 ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ, ਇਸ ਦੁਖਦ ਘਟਨਾਕ੍ਰਮ ਨੂੰ ਯਾਦ ਕਰਦਿਆਂ ਭਾਜਪਾ ਦੇ ਸਿੱਖ ਆਗੂ ਪ੍ਰੋ। ਸਰਚਾਂਦ ਸਿੰਘ ਨੇ ਕਿਹਾ ਕਿ ਇਹ ਮਾਮਲਾ ਅਜੇ ਵੀ ਅਣਸੁਲਝਿਆ ਹੈ। ਪੀੜਤ ਪਰਿਵਾਰ ਅੱਜ ਵੀ ਇਸ ਅਣਸੁਲਝੇ ਰਹੱਸ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 90ਵਿਆਂ ਵਿਚ ਕਸ਼ਮੀਰੀ ਪੰਡਿਤਾਂ ਨੂੰ ਵਾਦੀ 'ਚੋਂ ਕੱਢਣ ਲਈ ਜ਼ੁਲਮ ਕੀਤਾ ਗਿਆ, ਜਿਸ ਕਾਰਨ ਡੇਢ ਲੱਖ ਹਿੰਦੂਆਂ ਨੂੰ ਘਰ-ਬਾਰ ਛੱਡ ਕੇ ਪਰਵਾਸ ਕਰਨਾ ਪਿਆ। ਉਨ੍ਹਾਂ ਕਿਹਾ ਕਿ 'ਦਿ ਕਸ਼ਮੀਰ ਫਾਈਲਜ਼' ਫ਼ਿਲਮ ਰਾਹੀਂ ਕਸ਼ਮੀਰੀ ਪੰਡਿਤਾਂ ਨਾਲ ਵਾਦੀ ਵਿੱਚ ਵਾਪਰੀਆਂ ਘਟਨਾਵਾਂ ਦੁਨੀਆ ਸਾਹਮਣੇ ਆਈਆਂ ਹਨ।



ਇਸ ਫਿਲਮ ਨੇ ਉਸ ਵੇਲੇ ਦੇ ਜ਼ੁਲਮ ਅਤੇ ਪੀੜ ਦੀ ਕਹਾਣੀ ਨੂੰ ਬੇਬਾਕੀ ਨਾਲ ਦਿਖਾਇਆ ਹੈ ਪਰ ਇਸ ਦੌਰਾਨ ਅਨੰਤਨਾਗ ਜ਼ਿਲ੍ਹੇ ਦੇ ਪਿੰਡ ਚਿੱਟੀ ਸਿੰਘਪੁਰਾ ਵਿਚ 36 ਸਿੱਖ ਨੌਜਵਾਨਾਂ ਤੇ ਬਜ਼ੁਰਗਾਂ ਦੇ ਕੀਤੇ ਕਤਲ ਦਾ ਮਾਮਲਾ ਹੌਲੀ-ਹੌਲੀ ਅਲੋਪ ਹੋ ਰਿਹਾ ਹੈ। ਸਰਕਾਰ ਨੂੰ ਉਸ ਉੱਪਰ ਵੀ ਕਦਮ ਚੁੱਕਣੇ ਚਾਹੀਦੇ ਹਨ।

# ਬਿਕਰਮ ਮਜੀਠੀਆ ਦੀ ਨਿਆਇਕ ਹਿਰਾਸਤ 'ਚ ਵਾਧਾ

**ਪਟਿਆਲਾ –** ਡਰੱਗਜ਼ ਕੇਸ 'ਚ ਨਾਮਜ਼ਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਮਾਮਲੇ ਦੀ ਵੀਡਿਓ ਕਾਨਫਰੰਸਿੰਗ ਰਾਹੀਂ ਸੁਣਵਾਈ ਹੋਈ। ਇਸ ਦੌਰਾਨ ਮੋਹਾਲੀ ਅਦਾਲਤ ਨੇ ਮਜੀਠੀਆ ਨੂੰ 5 ਅਪ੍ਰੈਲ ਤੱਕ ਨਿਆਂਇਕ ਹਿਰਾਸਤ 'ਚ ਰੱਖਣ ਦਾ ਹੁਕਮ ਸੁਣਾਇਆ ਹੈ। ਮਜੀਠੀਆ 25 ਫਰਵਰੀ ਤੋਂ ਪਟਿਆਲਾ ਜੇਲ੍ਹ ਵਿਚ ਬੰਦ ਹਨ। ਦੱਸ ਦੇਈਏ ਕਿ ਮਜੀਠੀਆ ਨੂੰ ਪਿਛਲੀ ਪੇਸ਼ੀ ਤੋਂ ਬਾਅਦ 22 ਮਾਰਚ ਤੱਕ ਨਿਆਂਇਕ ਹਿਰਾਸਤ ਵਿੱਚ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਸੀ। ਪੰਜਾਬ ਦੀ ਨਵੀਂ ਸਰਕਾਰ ਨੇ ਬਿਕਰਮ ਮਜੀਠੀਆ ਖਿਲਾਫ ਜਾਂਚ ਕਰ ਰਹੀ ੀਠ ਦਾ ਪੁਨਰਗਠਨ ਕਰ ਦਿੱਤਾ ਹੈ। ਨਵੀਂ ਐਸਆਈਟੀ ਦੀ ਨਿਗਰਾਨੀ ਆਈਜੀਪੀ (ਕ੍ਰਾਈਮ) ਗੁਰਸ਼ਰਨ ਸਿੰਘ ਸੰਧੂ ਕਰਨਗੇ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੁਲਿਸ ਵਿਭਾਗ ਸਬੰਧੀ ਇਹ ਪਹਿਲਾ ਹੁਕਮ ਜਾਰੀ ਕੀਤਾ ਗਿਆ ਸੀ। ਨਵੀਂ ਟੀਮ ਦੀ ਅਗਵਾਈ ਆਈਪੀਐਸ ਅਧਿਕਾਰੀ ਏਆਈਜੀ ਡਾਕਟਰ ਰਾਹੁਲ ਐਸ। ਇਸ ਦੇ ਚਾਰ ਹੋਰ ਮੈਂਬਰ ਹੋਣਗੇ। ਪਿਛਲੀ ਐਸਆਈਟੀ ਵਿੱਚ ਏਆਈਜੀ ਬਲਰਾਜ ਸਿੰਘ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਟੀਮ ਮਾਮਲੇ ਦੀ ਜਾਂਚ ਕਰ ਰਹੀ ਸੀ। ਸਾਬਕਾ ਮੰਤਰੀ ਅਤੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਵਿਰੁੱਧ 20 ਦਸੰਬਰ, 2021 ਨੂੰ ਐਨਡੀਪੀਐਸ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੀਤੀ ਗਈ ਐਫਆਈਆਰ ਦੇ ਆਧਾਰ 'ਤੇ ਦੋਸ਼ਾਂ ਦੀ ਜਾਂਚ ਲਈ ਐਸਆਈਟੀ ਦਾ ਗਠਨ ਕੀਤਾ ਗਿਆ ਸੀ। 49 ਪੰਨਿਆਂ ਦੀ ਐਫਆਈਆਰ ਐਸ-ਟੀਐਫ ਡਰੱਗਜ਼ ਦੇ ਮੁਖੀ ਏਡੀਜੀਪੀ ਹਰਪ੍ਰੀਤ ਸਿੰਘ ਸਿੱਧੂ ਖ਼ਿਲਾਫ਼ ਜਾਂਚ ਰਿਪੋਰਟ 'ਤੇ ਆਧਾਰਿਤ ਸੀ।

ਪਿਛਲੇ ਸਾਲ 20 ਦਸੰਬਰ ਨੂੰ ਸਟੇਟ ਕ੍ਰਾਈਮ ਬ੍ਰਾਂਚ ਨੇ ਐਸਟੀਐਫ ਦੀ ਰਿਪੋਰਟ ਦੇ ਆਧਾਰ 'ਤੇ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਨਸ਼ਾ ਤਸਕਰੀ ਦਾ ਕੇਸ ਦਰਜ



ਕੀਤਾ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਸੁਪਰੀਮ ਕੋਰਟ ਦੀ ਸ਼ਰਨ ਲਈ। ਇਸ 'ਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮਜੀਠੀਆ ਦੀ ਗ੍ਰਿਫਤਾਰੀ 'ਤੇ 23 ਫਰਵਰੀ ਤੱਕ ਰੋਕ ਲਗਾ ਦਿੱਤੀ ਸੀ। ਬਿਕਰਮ ਸਿੰਘ ਮਜੀਠੀਆ ਨੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਬੀਤੀ 24 ਮਾਰਚ ਨੂੰ ਜ਼ਿਲ੍ਹਾ ਅਦਾਲਤ ਵਿੱਚ ਪਹੁੰਚ ਕੇ ਆਤਮ ਸਮਰਪਣ ਕਰ ਦਿੱਤਾ ਸੀ ਅਤੇ ਨਾਲ ਹੀ ਜ਼ਮਾਨਤ ਲਈ ਪਟੀਸ਼ਨ ਵੀ ਦਾਇਰ ਕੀਤੀ ਸੀ ਪਰ ਅਦਾਲਤ ਨੇ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ ਸੀ।






# ਰਾਜ ਸਭਾ ਮੈਂਬਰ ਤੇ ਸਾਬਕਾ ਮੰਤਰੀ ਸ਼ਮਸ਼ੇਰ ਸਿੰਘ ਦੂਲੋ ਨੇ ਅੰਬੇਡਕਰ ਭਵਨ ਵਿਖੇ "ਰਮਾਬਾਈ ਅੰਬੇਡਕਰ ਯਾਦਗਾਰ ਹਾਲ" ਦਾ ਨੀਂਹ ਪੱਥਰ ਰੱਖਿਆ

## ਸਾਬਕਾ ਮੰਤਰੀ ਨੇ ਕਿਹਾ 70 ਸਾਲਾਂ ਵਿੱਚ ਕੇਂਦਰੀ ਤੇ ਸੂਬਾਈ ਸਰਕਾਰਾਂ ਨੇ ਅਨੁਸੂਚਿਤ ਜਾਤੀ ਸਮਾਜ ਨੂੰ ਇਨਸਾਫ਼ ਨਹੀਂ ਦਿੱਤਾ











**ਜਲੰਧਰ–** ਅੰਬੇਡਕਰ ਭਵਨ ਜਲੰਧਰ ਵਿਖੇ ਇਕ ਵਿਸ਼ੇਸ਼ ਪ੍ਰੋ-ਗਰਾਮ ਤਹਿਤ ਸਾਬਕਾ ਮੰਤਰੀ ਤੇ ਮੌਜੂਦਾ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਆਪਣੇ ਕਰ ਕਮਲਾਂ ਨਾਲ ਰਮਾ ਬਾਈ ਦੀ ਯਾਦ ਵਿਚ "ਰਮਾਬਾਈ ਅੰਬੇਡਕਰ ਯਾਦਗਾਰ ਹਾਲ ਦਾ ਨੀਂਹ ਪੱਥਰ ਰੱਖਿਆ। ਇਸ ਹਾਲ ਦੀ ਤਿਆਰੀ ਲਈ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਆਪਣੇ ਅਖਤਿਆਰੀ ਫੰਡ ਵਿੱਚੋਂ ਵੀਹ ਲੱਖ ਰੁਪਏ ਦੀ ਸਹਾਇਤਾ ਦਿੱਤੀ ਜੋ ਪੀ ਡਬਲਯੂ ਡੀ ਮਹਿਕਮੇ ਨੂੰ ਮਿਲ ਗਈ ਹੈ।

ਇਸ ਸਮਾਗਮ ਵਿਚ ਮਹਿਕਮੇ ਦੇ ਐਸ ਡੀ ਓ ਨੇ ਖੁਦ ਹਾਜ਼ਰ ਹੋ ਕੇ ਇਹ ਜਾਣਕਾਰੀ ਦਿੱਤੀ ਕਿ ਸਰਕਾਰ ਕੋਲੋਂ ਮਹਿਕਮੇ ਕੋਲ ਵੀਹ ਲੱਖ ਰੁਪਏ ਦਾ ਫੰਡ ਇਸ ਹਾਲ ਦੀ ਉਸਾਰੀ ਲਈ ਆ ਚੁੱਕਾ ਹੈ ਜਲਦੀ ਹਾਲ ਦੀ ਉਸਾਰੀ ਸ਼ੁਰੂ ਹੋ ਰਹੀ ਹੈ। ਇਸ ਮੌਕੇ ਦੂਲੋ ਨੇ ਆਪਣੇ ਭਾਸ਼ਨ ਵਿੱਚ ਆਖਿਆ ਕਿ ਦੇਸ਼ ਅੰਦਰ ਜਿੰਨੀਆਂ ਵੀ ਕੇਂਦਰੀ ਤੇ ਸੂਬਾ ਸਰਕਾਰਾਂ ਬਣੀਆਂ ਹਨ ਇਨ੍ਹਾਂ ਨੇ ਦਲਿਤ ਤੇ ਪਛੜੇ ਸਮਾਜ ਦੀ ਭਲਾਈ ਵੱਲ ਤਵੱਜੋ ਨਹੀਂ ਦਿੱਤੀ।

ਦੂਲੋ ਨੇ ਕਿਹਾ ਕਿ ਮਾੜੇ ਰਾਜਨੀਤਿਕ ਰਾਜ ਪ੍ਰਬੰਧਾਂ ਨੇ ਦੇਸ਼ ਨੂੰ ਰਿਸ਼ਵਤਖੋਰੀ, ਮਹਿੰਗਾਈ, ਬੇਰੁਜ਼ਗਾਰੀ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਵਿਗੜੀ ਹਾਲਤ, ਹਰ ਕਿਸਮ ਦਾ ਮਾਫ਼ੀਆ, ਧੀਆਂ ਭੈਣਾਂ ਦੇ ਸਮੂਹਿਕ ਬਲਾਤਕਾਰ ਹੀ ਨਹੀਂ ਉਨ੍ਹਾਂ ਦੇ ਕਤਲ ਵੀ ਦਿਨ ਦਿਹਾੜੇ ਹੋ ਰਹੇ ਹਨ। ਇਸ ਮੌਕੇ ਉੱਘੇ ਅੰਬੇਡਕਰੀ ਐਲ ਆਰ ਬਾਲੀ ਨੇ ਆਪਣੇ ਵਿਚਾਰਾਂ ਵਿਚ ਦੱਸਿਆ ਕਿ ਕਿਵੇਂ ਬਾਬਾ ਸਾਹਿਬ ਇਸ ਸਥਾਨ ਤੇ ਆਏ ਤੇ ਉਨ੍ਹਾਂ ਨੇ ਦਲਿਤ ਤੇ ਪਛੜੇ ਸਮਾਜ ਦੀ ਰੂਹ ਵਿੱਚ ਜਾਨ ਪਾਈ। ਰਾਜ ਸਭਾ ਮੈਂਬਰ ਦੂਲੋ ਨੂੰ ਸਨਮਾਨਤ ਵੀ ਕੀਤਾ ਗਿਆ। ਬਾਲੀ ਨੇ ਰਾਜ ਸਭਾ ਮੈਂਬਰ ਦੂਲੋ ਅਤੇ ਹਾਜ਼ਰ ਲੋਕਾਂ ਦਾ ਧੰਨਵਾਦ ਕੀਤਾ।

ਟਰੱਸਟ ਦੇ ਚੇਅਰਮੈਨ ਸੋਹਨ ਲਾਲ ਨੇ ਆਪਣੇ ਸਮਾਜ ਲਈ ਦੂਲੋ ਹੋਣਾ ਦੀ ਦੇਣ ਦਾ ਜ਼ਿਕਰ ਕੀਤਾ ਤੇ ਉ-ਪਲਬਧੀਆਂ ਗਿਣਾਈਆਂ। ਇਸ ਦੌਰਾਨ ਟਰੱਸਟ ਦੇ ਸਕੱਤਰ ਡਾ ਜੀਸੀ ਕੌਲ ਨੇ ਵੀ ਰਾਜ ਸਭਾ ਮੈਂਬਰ ਦੂਲੋ ਹੋਣਾ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਡਾ ਆਰ ਐਲ ਜੱਸੀ, ਬਲਦੇਵ ਰਾਜ ਭਾਰਦਵਾਜ, ਡਾ: ਰਾਹੁਲ, ਚਰਨ ਦਾਸ ਸੰਧੂ, ਹਰਮੇਸ਼ ਜੱਸਲ, ਡਾ: ਤਰਸੇਮ ਸਾਗਰ, ਐਸ ਡੀਓ ਪ੍ਰੇਮ ਕਮਲ, ਡਾ: ਚਰਨਜੀਤ ਸਿੰਘ, ਡਾ: ਮਹਿੰਦਰ ਸੰਧੂ, ਹਰਭਜਨ ਸਾਂਪਲਾ, ਸੁਖਰਾਜ, ਤਿਲਕ ਰਾਜ, ਰਮੇਸ਼ ਚੰਦਰ ਸਬਕਾ ਅੰਬੈਸਡਰ , ਡੀਪੀ ਭਗਤ, ਦਰਸ਼ਨ ਲਾਲ ਜੇਠੂਮਾਜਰਾ, ਰਾਜੇਸ਼ ਵਿਰਦੀ, ਮੈਡਮ ਸੁਦੇਸ਼ ਕਲਿਆਣ, ਬੀਬੀ ਮੋਹਿੰਦੋ ਰੱਤੂ ਤੇ ਹੋਰ ਹਾਜ਼ਰ ਸਨ।

**(ਵਿਵੇਕ ਭਾਟੀਆ)**

# ਨਨਕਾਣਾ ਸਾਹਿਬ ਵਿਖੇ ਸੰਗਤਾਂ ਵੱਲੋਂ ਪੀਰ ਬੁੱਧੂ ਸ਼ਾਹ ਜੀ ਦਾ ਸ਼ਹੀਦੀ ਦਿਹਾੜਾ ਪ੍ਰੇਮ ਸ਼ਰਧਾ ਨਾਲ ਮਨਾਇਆ ਗਿਆ

**ਨਨਕਾਣਾ ਸਾਹਿਬ –** ਪੀਰ ਬੁੱਧੂ ਸਾਹ ਜੀ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ "ਪੀਰ ਬੁੱਧੂ ਸ਼ਾਹ ਦੀ ਕੁਰਬਾਨੀ ਅਤੇ ਗੰਗੂ ਅਤੇ ਹੋਰਨਾਂ ਦੀ ਲੂਣਹਰਾਮੀ" ਵਿਸ਼ੇ 'ਤੇ ਸ੍ਰੀ ਨਨਕਾਣਾ ਵਿਖੇ ਸੈਮੀਨਾਰ ਰੱਖਿਆ ਗਿਆ।




ਸੱਭ ਤੋਂ ਪਹਿਲਾਂ ਗਿਆਨੀ ਜਨਮ ਸਿੰਘ ਜੀ ਨੇ ਪੀਰ ਬੁੱਧੂ ਸ਼ਾਹ ਜੀ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਕੀਤੀ ਗਈ ਕੁਰਬਾਨੀ ਬਾਰੇ ਚਾਨਣ ਪਾਉਂਦੇ ਹੋਏ ਦੱਸਿਆ ਕਿ ਅੱਜ ਦਾ ਸ਼ਹੀਦੀ ਦਿਹਾੜਾ ਅਸੀਂ ਸਢੋਰੇ ਦੇ ਮਹਾਨ ਸੂਫੀ, ਸੰਤ ਦੀ ਸ਼ਹੀਦੀ ਯਾਦ ਨੂੰ ਤਾਜ਼ਾ ਕਰਨ ਲਈ ਮਨਾ ਰਹੇ ਹਾਂ ਜਿਨ੍ਹਾਂ ਨੇ ਸਮੇਂ ਦੀ ਹਕੂਮਤ ਦੀ ਪ੍ਰਵਾਹ ਨਾ ਕਰਦਿਆਂ ਕਲਗੀਆਂ ਵਾਲੇ ਪਾਤਸ਼ਾਹ ਦਾ ਦ੍ਰਿੜ੍ਹਤਾ ਅਤੇ ਸ਼ਰਧਾ ਨਾਲ ਸਾਥ ਦਿੱਤਾ। ਐਸੇ ਪੂਜਣ ਯੋਗ ਮਹਾਨ ਹਸਤੀ ਦਾ ਨਾਮ ਸੱਯਦ ਬਦਰੁਦੀਨ ਅਲਮਾਰੂਫ ਬੁੱਧੂ ਸ਼ਾਹ ਸੀ। ਅਤੇ ਉਨ੍ਹਾਂ ਦਾ ਜਨਮ 13 ਜੂਨ 1947 ਈ। ਨੂੰ ਸਢੋਰੇ ਨਗਰ ਵਿਚ ਸੱਯਦ ਗੁਲਾਮ ਸ਼ਾਹ ਜੀ ਦੇ ਗ੍ਰਹਿ ਵਿਖੇ ਹੋਇਆ।

ਪੀਰ ਜੀ ਦਾ ਖਾਨਦਾਨ ਸੱਯਦ ਨਿਜ਼ਾਮੁਦੀਨ ਸ਼ਾਹ ਔਲੀਆ ਨਾਲ ਸੱਤਵੀ ਪੀੜੀ ਵਿਚ ਜੁੜਦਾ ਹੈ। ਪੀਰ ਜੀ ਦੀ ਸ਼ਾਦੀ ਅਠਾਰਾਂ ਸਾਲ ਦੀ ਉਮਰ ਵਿੱਚ ਔਰਗਜ਼ੇਬ ਬਾਦਸ਼ਾਹ ਦੇ ਸੈਨਾਪਤੀ ਸੈਦਖਾਨ ਦੀ ਭੈਣ ਨਾਲ ਹੋਈ।

ਗਿਆਨੀ ਜੀ ਦੱਸਿਆ ਕਿ ਅੱਜ ਅਸੀਂ ਪੀਰ ਬੁੱਧੂ ਸ਼ਾਹ ਜੀ ਦੀ ਕੁਰਬਾਨੀ ਨੂੰ ਵਿਸਾਰੀ ਬੈਠੈ ਹਾਂ। ਆਪ ਜੀ ਗੁਰੂ ਜੀ ਕੋਲ ਪਾਉਂਟਾ ਸਾਹਿਬ ਆਏ ਅਤੇ ਅਤੇ ਉਨ੍ਹਾਂ (ਗੁਰੂ ਜੀ) ਨੂੰ ਬੇਕਾਰ ਹੋਏ ਪਠਾਣ ਸਿਪਾਹੀਆਂ ਨੂੰ ਨੌਕਰੀ ਤੇ ਰੱਖਣ ਲਈ ਬੇਨਤੀ ਕੀਤੀ ਤੇ ਗੁਰੂ ਗੋਬਿੰਦ ਸਿੰਘ ਜੀ ਕੋਲ ਸਿਫ਼ਾਰਿਸ਼ ਕਰਕੇ ੫੦੦ ਪਠਾਣ ਨੌਕਰ ਰਖਵਾਏ ਸਨ॥ ਗੁਰੂ ਸਾਹਿਬ ਪਾਉਂਟੇ ਦੀ ਧਰਤੀ ਤੇ ਸਿੱਖ ਸਿਪਾਹੀਆਂ ਨੂੰ ਯੁੱਧ ਸਿੱਖਿਆ ਦਿੰਦੇ ਜਿਹੜੀ ਕਿ ਅੱਜ ਹਰ ਅੰਮ੍ਰਿਤਧਾਰੀ ਸਿੱਖ ਨੂੰ ਅੰਮ੍ਰਿਤ ਸੰਚਾਰ ਤੋਂ ਬਾਅਦ ਦੇਣੀ ਚਾਹੀਦੀ ਹੈ। ਕਿਉਂਕਿ ਖਾਲਸਾ ਸੰਤ-ਸਿਪਾਹੀ ਹੈ। ਗੁਰੂ ਸਾਹਿਬ ਨੇ ਇਸ ਧਰਤੀ ਤੇ ਬਹੁਤ ਸਾਰਾ ਸਾਹਿਤ ਵੀ ਲਿਖਿਆ। ਪਰ ਹਿੰਦੂ ਪਹਾੜੀ ਰਾਜਿਆਂ ਪਾਸੋਂ ਇਹ ਬਰਦਾਸ਼ਤ ਨਹੀਂ ਹੁੰਦਾ ਸੀ। ਉਹ ਲਗਾਤਾਰ ਗੁਰੂ ਜੀ ਦੀ ਸ਼ਕਤੀ ਨੂੰ ਘੱਟ ਕਰਨ ਦੇ ਜਤਨਾਂ ਵਿੱਚ ਲੱਗੇ ਰਹਿੰਦੇ ਸੀ। ਜਿਸ ਤਰ੍ਹਾਂ ਅੱਜ ਵੀ ਉਹ ਸਿੱਖ ਕੌਮ ਨੂੰ ਵੱਖਰੀ ਕੌਮ ਮੰਨਣ ਨੂੰ ਤਿਆਰ ਨਹੀਂ ਹਨ। ਬਿਲਾਸਪੁਰ ਦੇ ਰਾਜੇ ਭੀਮ ਚੰਦ ਨੇ ਪਹਾੜੀ ਰਾਜਿਆਂ ਨੂੰ ਕਿਹਾ ਕਿ ਹੁਣ ਪਾਉਂਟੇ ਦੀ ਧਰਤੀ ਤੇ ਗੁਰੂ ਨੂੰ ਅਤੇ ਸਿੱਖਾਂ ਨੂੰ ਖਤਮ ਕਰਨਾ ਬਹੁਤ ਸੌਖਾ ਕੰਮ ਹੈ, ਕਿਉਂਕਿ ਉਹ ਮੁੱਠੀ ਭਰ ਹਨ। ਸਾਨੂੰ ਚਾਹੀਦਾ ਹੈ ਕਿ ਰਲ ਕੇ ਉਨ੍ਹਾਂ ਤੇ ਹਮਲਾ ਕਰੀਏ। ਭੰਗਾਣੀ ਦਾ ਯੁੱਧ ਜਦੋਂ ਸ਼ੁਰੂ ਹੋਇਆ ਤਾਂ ਸਰਦਾਰ ਕਾਲਾ ਖਾਂ ਨੂੰ ਛੱਡ ਕੇ ਬਾਕੀ ਤਿੰਨੇ ਨਿਬਾਯਤ ਖਾਂ, ਭੀਖਨ ਖਾਂ ਅਤੇ ਹਯਾਤ ਖਾਂ ਆਪਣੇ ਸਵਾਰਾਂ ਸਮੇਤ ਭੰਗਾਣੀ ਦੇ ਯੁੱਧ ਵਿਚ ਗੁਰੂ ਜੀ ਦਾ ਸਾਥ ਛੱਡ ਗਏ।

ਜਦੋਂ ਬੁੱਧੂ ਸ਼ਾਹ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਵੀ ਤੁਰੰਤ ਆਪਣੇ ਚਾਰ ਪੁੱਤਰ ਅਤੇ 700 ਮਰੀਦ ਲੈ ਕੇ ਦਸ਼ਮੇਸ਼ ਦੀ ਮਦਦ ਲਈ ਭੰਗਾਣੀ ਦੇ ਜੰਗ ਵਿੱਚ ਜਾ ਕੁੱਦੇ। ਇਸ ਜੰਗ ਵਿੱਚ ਗਿਆਨੀ ਜੀ ਨੇ ਦੱਸਿਆ ਕਿ ਪੀਰ ਜੀ ਦੇ ਪੁੱਤਰ ਸੱਯਦ ਸ਼ਾਹ ਹੁਸੈਨ, ਸੱਯਦ ਮੁਹੰਮਦ ਬਖਸ਼ ਜਿਸ ਨੇ ਗੁਰੂ ਜੀ ਖਾਤਰ ਆਪਣਾ ਖੂਨ ਦਿੱਤਾ। ਮੁਹੰਮਦ ਸ਼ਾਹ ਅਤੇ ਸਜ਼ਦ ਅਸ਼ਰਫ ਦੋਨੋਂ ਭੰਗਾਣੀ ਦੇ ਜੰਗ ਵਿਚ ਸ਼ਹੀਦ ਹੋਏ, ਜਿਨ੍ਹਾਂ ਨੂੰ ਗੁਰੂ ਪਾਤਸ਼ਾਹ ਨੇ ਬੜੇ ਅਦਬ ਨਾਲ ਪਾਉਂਟਾ ਸਾਹਿਬ ਵਿਖੇ ਦਫਨਾਇਆ। ਹੋਰ ਬਹੁਤ ਸਾਰੇ ਮੁਰੀਦ ਸ਼ਹੀਦ ਹੋਏ ਅਤੇ ਜੰਗ



ਦੀ ਸਮਾਪਤੀ ਤੇ ਗੁਰੂ ਕਲਗੀਧਰ ਪਾਤਸ਼ਾਹ ਨੇ ਆਪਣੀ ਦਸਤਾਰ ਕੰਘੇ ਸਹਿਤ ਜਿਸ ਵਿੱਚ ਵਾਹੇ ਹੋਏ ਕੇਸ ਵੀ ਲੱਗੇ ਹੋਏ ਸਨ ਅਤੇ ਛੋਟੀ ਕ੍ਰਿਪਾਨ ਪੀਰ ਬੁੱਧੂਸ਼ਾਹ ਨੂੰ, ਇੱਕ ਹੁਕਮਨਾਮੇ ਸਮੇਤ ਬਖਸ਼ੀ।

ਗਿਆਨੀ ਜੀ ਨੇ ਕਿਹਾ ਕਿ ਆਪਣੇ ਪੁੱਤਰਾਂ ਅਤੇ ਅਨੇਕਾਂ ਮੁਰੀਦ ਸ਼ਹੀਦ ਕਰਵਾਉਣ ਤੋਂ ਬਾਅਦ ਪੀਰ ਜੀ ਨੇ ਗੁਰੂ ਸਾਹਿਬ ਪਾਸੋਂ ਕੇਸਾਂ ਸਹਿਤ ਕੰਘਾ ਮੰਗਿਆ। ਲੇਕਿਨ ਅੱਜ ਸਾਨੂੰ ਆਪਣੇ ਘਰਾਂ 'ਚ ਝਾਤੀ ਮਾਰਨ ਦੀ ਲੋੜ ਹੈ ਕੀ ਸਾਡੇ ਪਰਿਵਾਰ ਦੇ ਸਾਰੇ ਮੈਂਬਰ ਕੰਘਾ ਲਗਾਉਂਦੇ ਹਨ ? ਕੀ ਅੱਜ ਸਿੱਖ ਨੌਜਵਾਨ ਪੀੜ੍ਹੀ ਕੇਸਾਂ ਦੀ ਮਹਾਨਤਾ ਬਾਰੇ ਸੁਚੇਤ ਹੈ ?

ਅੱਜ ਦੇ ਹੀ ਦਿਨ ੨੧ ਮਾਰਚ ੧੭੦੪ ਨੂੰ ਪੀਰ ਬੁੱਧੂ ਸ਼ਾਹ ਜੀ ਨੂੰ ਜੰਗ ਦੇ ਮੈਦਾਨ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਮਦਦ ਕਰਨ ਦਾ ਦੋਸ਼ ਲਗਾ ਕੇ ਸਰਦਾਰ ਉਸਮਾਨ ਖਾਂ ਹਾਕਮ ਸਢੋਰਾ ਨੇ ਪੀਰ ਜੀ ਨੂੰ ਧੋਖੇ ਨਾਲ ਪਕੜ ਕੇ, ਸ਼ਹੀਦ ਕਰ ਦਿੱਤਾ।

ਇਸ ਸੈਮੀਨਾਰ 'ਚ ਬੋਲਦਿਆਂ ਪੰਜਾਬੀ ਸਿੱਖ ਸੰਗਤ ਦੇ ਚੇਅਰਮੈਂਨ ਸਰਦਾਰ ਗੋਪਾਲ ਸਿੰਘ ਚਾਵਲਾ ਨੇ ਆਪਣੇ ਵੀਚਾਰ ਰੱਖਦੇ ਕਿਹਾ ਕਿ ਪਹਾੜੀ ਹਿੰਦੂ ਰਾਜਿਆਂ ਵੱਲੋਂ ਸਿੱਖੀ ਦੀ ਵੱਧਦੀ ਤਾਕਤ ਨੂੰ ਪਸੰਦ ਨਾ ਕਰਨ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਸਾਨੂੰ ਗੰਗੂ ਬ੍ਰਾਹਮਣੀ ਸੋਚ ਦੇ ਧਾਰਨੀ ਲੋਕਾਂ ਤੋਂ ਹਮੇਸ਼ਾਂ ਸੁਚੇਤ ਰਹਿਣਾ ਚਾਹੀਦਾ ਹੈ। ਚਾਹੇ ਉਹ ਆਰ।ਐਸ।ਐਸ ਹੋਵੇ ਜਾਂ ਸਿੱਖ ਪੰਥ ਵਿੱਚ ਘੁਸਪੈਠ ਕਰ ਚੁੱਕੇ ਉਹ ਲੋਕ ਜੋ ਸ਼ਕਲ-ਸੂਰਤ ਤੋਂ ਚਾਹੇ ਦਿੱਖਦੇ ਸਾਡੇ ਵਰਗੇ ਹੀ ਹਨ ਪਰ ਅੰਦਰੋ ਨਮਕ ਹਰਾਮ ਨੇ। ਸਾਨੂੰ ਹਮੇਸ਼ਾਂ ਗੁਰੂ ਘਰ ਲਈ ਕੁਰਬਾਨੀ ਕਰਨ ਵਾਲੇ ਭਾਈ ਮਰਦਾਨਾਂ ਜੀ, ਹਜ਼ਰਤ ਸਾਂਈ ਮੀਆਂ ਮੀਰ ਜੀ, ਪੀਰ ਬੁੱਧੂਸ਼ਾਹ ਜੀ ਅਤੇ ਨਵਾਬ ਸ਼ੇਰ ਮੁਹੰਮਦ ਖਾਂ ਮਲੇਰਕੋਟਲਾ ਆਦਿਕ ਗੁਰੂ ਘਰ ਨਾਲ ਪਿਆਰ ਅਤੇ ਕੁਰਬਾਨ ਹੋਣ ਵਾਲਿਆਂ ਦੇ ਦਿਨ ਧੂੰਮਧਾਮ ਨਾਲ ਮਨਾਣੇ ਚਾਹੀਦੇ ਹਨ।

ਇਸ ਸੈਮੀਨਾਰ ਦੇ ਅੰਤ 'ਚ ਗੰਗੂ ਬ੍ਰਾਹਮਣ, ਝੂਠਾ ਨੰਦ ਅਤੇ ਨਮਕਹਲਾਲ ਤੇ ਨਮਕਹਰਾਮ ਬਾਰੇ ਗ੍ਰੰਥੀ ਬਲਵੰਤ ਸਿੰਘ ਨੇ ਸੰਗਤਾਂ ਨਾਲ ਵੀਚਾਰ ਸਾਂਝੇ ਕੀਤੇ ਅਤੇ ਨਬੀ ਖਾਂ ਗਨੀ ਖਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਉੱਚ ਦਾ ਪੀਰ ਬਣਾ ਕੇ ਲੈ ਜਾਣ ਬਾਰੇ ਵੀ ਸਾਂਝ ਪਾਈ ਅਤੇ ਕਿਹਾ ਕਿ ਸਾਨੂੰ ਇਨ੍ਹਾਂ ਮਹਾਪੁਰਸ਼ਾਂ ਦੀ ਕੁਰਬਾਨੀ ਨੂੰ ਭੁੱਲਣਾ ਨਹੀਂ ਚਾਹੀਦਾ ਬਲਕਿ ਇਨ੍ਹਾਂ ਦੀ ਯਾਦ ਵਿਚ ਅਸਥਾਨ ਬਣਾਏ ਜਾਣੇ ਚਾਹੀਦੇ ਹਨ ਤਾਂ ਕਿ ਵਰਤਮਾਨ ਪੀੜ੍ਹੀ ਸੇਧ ਪ੍ਰਾਪਤ ਕਰ ਸਕੇ। ਉਨ੍ਹਾਂ ਨੇ ਸੰਗਤਾਂ ਦਾ ਇਸ ਸੈਮੀਨਾਰ 'ਚ ਹਾਜ਼ਰੀ ਭਰਨ ਵਾਲੇ ਸਿੱਖ ਨੌਜਵਾਨਾਂ ਅਤੇ ਬੀਬੀਆਂ ਦਾ ਧੰਨਵਾਦ ਕੀਤਾ ਅਤੇ ਸਰਬੱਤ ਦੇ ਭਲਾ ਲਈ ਅਰਦਾਸ ਕੀਤੀ ਗਈ।

# ਡਾ.ਅੰਬੇਡਕਰ ਭਵਨ 'ਚ ਬਣੇਗਾ ਰਾਮਾਬਾਈ ਯਾਦਗਾਰ ਹਾਲ, ਦੂਲੋਂ ਨੇ ਰੱਖਿਆ ਨੀਂਹ ਪੱਥਰ

## ਦਲਿਤ ਸਮਾਜ ਬ੍ਰਾਹਮਣਵਾਦ ਦਿਲ 'ਚੋਂ ਕੱਢ ਕੇ ਅੱਗੇ ਵਧੇ- ਪ੍ਰੋ. ਕੌਲ


ਮੇਹਰ ਮਲਿਕ















**ਜਲੰਧਰ –** ਸੰਵਿਧਾਨ ਨਿਰਮਾਤਾ ਡਾ. ਬੀ. ਆਰ. ਅੰਬੇਡਕਰ ਦੀ ਧਰਮ ਪਤਨੀ ਰਾਮਾਬਾਈ ਅੰਬੇਡਕਰ ਦੀ ਯਾਦ ਵਿਚ ਜਲੰਧਰ ਅੰਬੇਡਕਰ ਭਵਨ ਵਿਖੇ ਯਾਦਗਾਰ ਹਾਲ ਦਾ ਨੀਂਹ ਪੱਥਰ ਰਾਜ ਸਭਾ ਮੈਂਬਰ ਸਮਸ਼ੇਰ ਸਿੰਘ ਦੂਲੋ ਨੇ ਰੱਖਿਆ। ਦੂਲੋ ਨੇ ਆਪਣੇ ਸੰਬੋਧਨ 'ਚ ਬੋਲਦਿਆਂ ਕਿਹਾ ਕਿ ਮੈਂ ਡਾ. ਅੰ-ਬੇਡਕਰ ਸਾਹਿਬ ਤੋਂ ਬਹੁਤ ਪ੍ਰਭਾਵਿਤ ਹਾਂ ਕਿਉਂਕਿ ਉਨ੍ਹਾਂ ਨੇ ਭਾਰਤ ਦਾ ਨਹੀਂ ਸਗੋਂ ਪੂਰੀ ਦੁਨੀਆਂ ਦਾ ਮਾਰਗ ਦਰਸ਼ਨ ਕੀਤਾ ਹੈ। ਦੂਲੋ ਨੇ ਕਿਹਾ ਕਿ ਡਾ. ਅੰਬੇਡਕਰ ਦੀ ਪਾਰਖੂ ਅੱਖ ਨੂੰ ਅੰ-ਗਰੇਜ਼ਾਂ ਨੇ ਪਰਖਿਆ ਅਤੇ ਉਨ੍ਹਾਂ ਦੀ ਪੜ੍ਹਾਈ ਵਿਚ ਬੜੇ ਤਰਤੀਬੀ ਤਰੀਕੇ ਨਾਲ ਸਹਾਇਤਾ ਕੀਤੀ।

ਦੂਲੋ ਨੇ ਅੱਗੇ ਬੋਲਦਿਆਂ ਕਿਹਾ ਕਿ ਸਾਡੇ ਸਮਾਜ ਦੇ ਲੋਕ ਭਵਨਾਂ ਅਤੇ ਗੁਰੂ ਰਵਿਦਾਸ ਦੇ ਮੰਦਰਾਂ ਦਾ ਬੇਲੋੜਾ ਨਿਰਮਾਣ ਕਰ ਰਹੇ ਹਨ ਪਰ ਇਨ੍ਹਾਂ 'ਚੋਂ ਜੋ ਸਾਨੂੰ ਇਕਜੁਟਤਾ ਅਤੇ ਇਕਮੁਠਤਾ ਰਹਿਣ ਦੀ ਤਾਲੀਮ ਲੈਣੀ ਚਾਹੀਦੀ ਹੈ। ਉਸ ਪੱਖੋਂ ਅਸੀਂ ਬਿਲਕੁਲ ਅਧੂਰੇ ਹਾਂ। ਉਹਨਾਂ ਕਿਹਾ ਕਿ ਗੁਜਰਾਤ ਦਾ ਵਪਾਰੀ ਵਰਗ ਯਾਨਿ ਕਿ ਬਾਣੀਆ ਟਾਈਪ ਵਿਅਕਤੀ ਅਛੂਤਾਂ ਤੋਂ ਅੱਜ ਵੀ ਨਫਰਤ ਕਰਦਾ ਹੈ ਤੇ ਕਰਦਾ ਹੀ ਰਹੇਗਾ। ਇਸ ਲਈ ਜ਼ਰੂਰੀ ਹੈ ਕਿ ਅੰਬੇਡਕਰ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੀ ਕੌਮ ਨੂੰ ਕੁੰ-ਭਕਰਨੀ ਨੀਂਦ ਤੋਂ ਜਗਾਈਏ ਤਾਂ ਕਿ ਮੰਜ਼ਿਲ ਨੂੰ ਸ਼ਰਅੰਜ਼ਾਮ ਤੱਕ ਪਹੁੰਚਾਉਣ ਲਈ ਮਾਰਗ ਦਰਸ਼ਨ ਕੀਤਾ ਜਾਵੇ। ਦੂਲੋ ਨੇ ਕਿਹਾ ਕਿ ਉਹਨਾਂ ਖੰਨਾ ਸ਼ਹਿਰ ਵਿਚ ਡਾ. ਅੰਬੇਡਕਰ ਸਾਹਿਬ ਦਾ ਆਲੀਸ਼ਾਨ ਭਵਨ ਬਣਾ ਕੇ ਕੌਮ ਨੂੰ ਸਮਰਪਿਤ ਕੀਤਾ ਹੈ। ਉਹਨਾਂ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਸਾਨੂੰ ਪਚਾਸੀ ਪ੍ਰਤੀਸ਼ਤ ਲੋਕਾਂ ਨੂੰ ਇਕੋ ਦਾਇਰੇ ਵਿਚ ਇਕੱਠਾ ਕਰਨ ਦੀ ਲੋੜ ਹੈ ਤਾਂ ਕਿ ਭਾਰਤ ਦੀ ਰਾਜ ਸੱਤਾ ਉਪਰਕਾਬਜ਼ ਹੋਇਆ ਜਾ ਸਕੇ।

ਲਾਹੌਰੀ ਰਾਮ ਬਾਲੀ ਹੋਰਾਂ ਨੇ ਵੀ ਦੂਲੋ ਸਾਹਿਬ ਦਾ 20 ਲੱਖ ਰੁਪਏ ਰਾਮਾਬਾਈ ਯਾਦਗਾਰ ਹਾਲ ਨੂੰ ਦੇਣ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਮੇਰੀ ਉਮਰ 92 ਸਾਲ ਦ ਕਰੀਬ ਹੋ ਚੁੱਕੀ ਹੈ, ਮੈਂ ਅਜੇ ਵੀ ਦਲਿਤਾਂ ਦੀ ਬਿਹਤਰੀ ਲਈ ਨੌਜਵਾਨਾਂ ਵਾਲਾ ਹੌਸਲਾ ਲੈ ਕੇ ਵਿੱਚਰ ਰਿਹਾ ਹਾਂ। ਬਾਲੀ ਨੇ ਕੌਮ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਜੇਕਰ ਤੁਸੀਂ ਡਾ. ਅੰਬੇਡਕਰ ਸਾਹਿਬ ਦੇ ਸਹੀ ਪੈਰੋਕਾਰ ਹੋ ਤਾਂ ਭਾਰਤ ਅਤੇ ਪੰਜਾਬ ਦੀ ਰਾਜ ਸੱਤਾ ਉਪਰ ਕਾਬਜ਼ ਹੋਣ ਲਈ ਹੰਭਲਾ ਮਾਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਮੈਂ 6 ਸਾਲ ਦਾ ਅਰਸਾ ਡਾ. ਅੰਬੇਡਕਰ ਹੋਰਾਂ ਨਾਲ ਕੰਮ ਕੀਤਾ ਹੈ ਅਤੇ ਜੋ ਮੈਂ ਉਹਨਾਂ ਸਿੱਖਿਆ, ਉਹੀ ਆਪ ਨੂੰ ਵੰਡਣਾ ਚਾਹੁੰਦੇ ਹਾਂ। ਬਾਲੀ ਨੇ ਕਿਹਾ ਕਿ ਅੰਬੇਡਕਰ ਸਾਹਿਬ 27 ਅਕਤੂਬਰ 1951 ਨੂੰ ਆਏ ਸਨ ਅਤੇ ਦਲਿਤ ਮੋਰਚੇ ਦੇ ਦੌਰਾਨ ਆਬਾਦਪੁਰ ਦੇ ਨੌਜਵਾਨ ਰਾਮ ਪ੍ਰਕਾਸ਼ ਸ਼ਹੀਦ ਹੋ ਗਏ ਸਨ, ਉਹਨਾਂ ਨੇ ਸ਼ਹੀਦੀ ਦਾ ਜਾਮ ਆਪਣੀ ਕੌਮ ਲਈ ਪੀਤਾ ਅਤੇ ਅਸੀਂ ਰਾਮ ਪ੍ਰਕਾਸ਼ ਦੀ ਸ਼ਹੀਦੀ ਤੋਂ ਕੋਈ ਸਬਕ ਨਹੀਂ ਸਿੱਖਿਆ।

ਇਸ ਮੌਕੇ ਪ੍ਰੋ. ਜੀ. ਸੀ. ਕੌਲ ਹੋਰਾਂ ਨੇ ਆਪਣੇ ਸੰਬੋਧਨ ਦੌਰਾਨ ਬੜੇ ਗਰਮ ਅਤੇ ਭਾਵਪੂਰਨ ਲਹਿਜੇ ਵਿਚ ਕਿਹਾ ਕਿ ਜੇਕਰ ਅਸੀਂ ਮੌਕੇ ਦੀ ਨਜ਼ਾਕਤ ਨੂੰ ਨਾ ਸਮਝ ਸਕੇ ਤਾਂ ਅਸੀਂ ਹੋਰ ਔਖੇ ਹੋਵਾਂਗੇ। ਕੌਲ ਨੇ ਡਾ. ਅੰਬੇਡਕਰ ਸਾਹਿਬ ਦੇ ਫਲਸਫੇ ਨੂੰ ਦੁਹਰਾਉਂਦਿਆਂ ਕਿਹਾ ਕਿ ਜਿਹੜੇ ਦੌਰ ਵਿਚੋਂ ਉਹ ਲੰਘੇ ਸਨ, ਅੱਜ ਦੇ ਹਾਲਾਤ ਉਸ ਨਾਲੋਂ ਕਿਤੇ ਬਦਤਰ ਹੋ ਗਏ ਹਨ ਕਿਉਂਕਿ ਭਾਰਤੀ ਆਰ. ਐਸ. ਐਸ. ਢਾਂਚਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਹੱਥਕੰਡੇ ਅਪਣਾ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਅੱਜ ਦਲਿਤ, ਮੁਸਲਿਮ, ਸਿੱਖ ਅਤੇ ਇਸਾਈ ਲੋਕ ਇਕੱਠੇ ਨਹੀਂ ਹੁੰਦੇ ਤਾਂ ਆਉਣ ਵਾਲਾ ਸਮਾਂ ਭਿਆਨਕ ਰੁਖ ਅਖਤਿਆਰ ਕਰ ਲਵੇਗਾ।

ਪ੍ਰੋ. ਕੌਲ ਨੇ ਜਜ਼ਬਾਤੀ ਲਹਿਜੇ ਵਿਚ ਬੋਲਦਿਆਂ ਕਿਹਾ ਕਿ ਅੱਜ ਸਮਾਂ ਆ ਗਿਆ ਹੈ, ਉਹਨਾਂ ਤਾਕਤਾਂ ਨੂੰ ਪਿੱਛੇ ਧੱਕਣ ਦਾ ਜੋ ਸਾਨੂੰ ਹਜ਼ਾਰਾਂ ਸਾਲਾਂ ਦੀ ਗੁਲਾਮੀ ਦਾ ਅਹਿਸਾਸ ਕਰਵਾ ਕੇ ਰਾਜ ਭਾਗ ਸੰਭਾਲੀ ਬੈਠੇ ਹਨ, ਲੋੜ ਹੈ ਪਚਾਸੀ ਪ੍ਰਤੀਸ਼ਤ ਨੂੰ ਇਕੱਠਿਆਂ ਹੋਣ ਦੀ। ਉਹਨਾਂ ਕਿਹਾ ਕਿ ਅੱਜ ਲੋੜ ਇਕੱਠੇ ਹੋਣ ਦੀ ਹੈ ਅਤੇ ਇਕੋ ਸੁਰ 'ਚ ਇਨਕਲਾਬ ਜਿੰਦਾਬਾਦ ਵੱਲ ਤੁਰਨ ਦੀ ਹੈ, ਜੇਕਰ ਅਸੀਂ ਇਸ ਰਸਤੇ ਵੱਲ ਤੁਰ ਪਏ ਤਾਂ ਮੰਜ਼ਿਲ ਆਪਣੇ ਆਪ ਸਾਡੇ ਕਦਮ ਚੁੰਮੇਗੀ। ਪ੍ਰੋ. ਕੌਲ ਨੇ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਐਸ. ਸੀ. ਲੋਕ ਜੇਕਰ ਆਪਣੇ ਦਿਲ ਦਿਮਾਗ 'ਚੋਂ ਬ੍ਰਾਹਮਣਵਾਦ ਕੱਢ ਦੇਣ ਤਾਂ ਸਹਿਜੇ ਹੀ ਸੱਤਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਅੱਜ ਦੇ ਸਮਾਗਮ ਵਿਚ ਅੰਬੇਡਕਰ ਟਰੱਸਟ ਦੇ ਚੇਅਰਮੈਨ ਸੋਹਣ ਲਾਲ ਹੋਰਾਂ ਨੇ ਰਾਜ ਸਭਾ ਦੇ ਮੈਂਬਰ ਸ਼ਮਸੇਰ ਸਿੰਘ ਦੂਲੋ ਬਾਰੇ ਸੰਖੇਪ ਜਾਣਕਾਰੀ ਲੋਕਾਂ ਨਾਲ ਸਾਂਝੀ ਕੀਤੀ ਅਤੇ ਕਿਹਾ ਕਿ ਜੇਕਰ ਦੂਲੋ ਜਿਹੇ ਲੋਕ ਸਾਡੇ ਨਾਲ ਜੁੜ ਜਾਣ ਤਾਂ ਪੈਂਡਿਆਂ ਨੂੰ ਸਰਲ ਕੀਤਾ ਜਾ ਸਕਦਾ ਹੈ। ਉਹਨਾਂ ਕਿਹਾ ਕਿ ਡਾ. ਅੰਬੇਡਕਰ ਸਾਹਿਬ ਦੇ ਵਿਚਾਰਾਂ ਦੇ ਧਾਰਨੀ ਬਣ ਕੇ ਹੀ ਸਭ ਕੁਝ ਹਾਸਲ ਕੀਤਾ ਜਾ ਸਕਦਾ ਹੈ। ਇਸ ਮੌਕੇ ਹੋਰਾਂ ਤੋਂ ਇਲਾਵਾ ਡਾ. ਰਾਮ ਲਾਲ ਜੱਸੀ, ਡਾ. ਰਾਹੁਲ, ਬਲਦੇਵ ਜੀ, ਮੇਹਰ ਮਲਿਕ, ਚਰਨ ਦਾਸ ਸੰਧੂ, ਹਰਮੇਸ਼, ਪ੍ਰੋਫੈਸਰ ਸਾਗਰ, ਗੁਰਦਿਆਲ ਜੱਸਲ ਅਤੇ ਹੋਰ ਲੋਕ ਵੀ ਸ਼ਾਮਲ ਹੋਏ।

**ਰਿਪੋਰਟ- ਮੇਹਰ ਮਲਿਕ 94781-31973**

# ਬਹੁਜਨ ਕ੍ਰਾਂਤੀ ਮੋਰਚਾ ਅਤੇ ਰਾਸ਼ਟਰੀ ਪਿਛੜਾ ਵਰਗ ਮੋਰਚਾ ਦੇ ਬੈਨਰ ਹੇਠ ਜ਼ਿਲ੍ਹਾ ਕਪੂਰਥਲਾ ਵਿਖੇ ਜ਼ਿਲ੍ਹਾ ਕਚਹਿਰੀ ਵਿੱਚ ਧਰਨਾ ਪ੍ਰਦਰਸ਼ਨ

ਪੂਰੇ ਭਾਰਤ ਦੇ ਅੰਦਰ 12 ਮੁੱਦਿਆਂ ਨੂੰ ਲੈ ਕੇ ਬਹੁਜਨ ਕ੍ਰਾਂਤੀ ਮੋਰਚਾ ਅਤੇ ਰਾਸ਼ਟਰੀ ਪਿਛੜਾ ਵਰਗ ਮੋਰਚਾ ਦੇ ਬੈਨਰ ਹੇਠ ਜ਼ਿਲ੍ਹਾ ਕਪੂਰਥਲਾ ਵਿਖੇ ਜ਼ਿਲ੍ਹਾ ਕਚਹਿਰੀ ਵਿੱਚ ਧਰਨਾ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿੱਚ ਵੱਖ ਵੱਖ ਜਥੇਬੰਦੀਆਂ ਵੱਲੋਂ ਧਰਨਾ ਪ੍ਰਦਰਸ਼ਨ ਵਿੱਚ ਹਿਸਾ ਲਿਆ ਗਿਆ। ਮੁੱਖ ਮੁੱਦੇ ਜਿਨ੍ਹਾਂ ਵਿੱਚ ਕੇਂਦਰ ਸਰਕਾਰ ਵੱਲੋਂ ਭਛ ਦੀ ਜਾਤੀ ਆਧਾਰਿਤ ਮਰਦਮਸ਼ੁਮਾਰੀ ਨਾ ਕਰਵਾਉਣ ਲਈ ਹਲਫ਼ੀਆ ਬਿਆਨ ਦੇਣਾ, ਕਿਸਾਨਾਂ ਦੀ ਫ਼ਸਲ ਤੇ ਐਮ।ਐਸ।ਪੀ ਦੀ ਗਾਰੰਟੀ ਕ਼ਾਨੂਨ ਲਾਗੂ ਨਾ ਕਰਨਾ, ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਨਾ ਕਰਨਾ, ਐਨ।ਪੀ।ਆਰ ਰਾਹੀਂ ਸਾਜਿਸ਼ ਤਹਿਤ ਆਪਣੇ ਹੀ ਦੇਸ਼ ਦੇ ਲੋਕਾਂ ਨੂੰ ਕੈਦ ਕਰਨਾ, ਓੜੰ ਵਿੱਚ ਵੱਡੇ ਪੱਧਰ ਤੇ ਧਾਂਧਲੀ ਕਰਕੇ ਲੋਕਤੰਤਰ ਦਾ ਜਨਾਜ਼ਾ ਕੱਢਣ ਦੇ ਵਿਰੋਧ ਵਿੱਚ,



ਸਰਕਾਰੀ ਕਰਮਚਾਰੀ ਜਿਹੜੇ ਆਪਣੀ ਜ਼ਿੰਦਗੀ ਦਾ ਕੀਮਤੀ ਸਮਾਂ ਸਰਕਾਰੀ ਸੇਵਾ ਵਿੱਚ ਗੁਜ਼ਾਰਦੇ ਹਨ ਉਨ੍ਹਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਤਾਲਾਬੰਦੀ ਦੌਰਾਨ ਮਜ਼ਦੂਰਾਂ ਦੇ ਵਿਰੋਧ ਵਿੱਚ ਕਨੂੰਨ ਬਣਾਉਣਾ, ਸੁਪਰੀਮ ਕੋਰਟ ਦੇ ਫੈਸਲੇ ਦੇ ਖਿਲਾਫ ਜਾ ਕੇ ਕੇਂਦਰ ਸਰਕਾਰ ਵਲੋਂ ਲੋਕਾਂ ਨੂੰ ਜ਼ਬਰਦਸਤੀ ਵੇਕਸ਼ਿਨੇਸ਼ਨ ਕਰਨਾ ਆਦਿ ਸ਼ਾਮਿਲ ਸਨ। ਜਿਸ ਵਿੱਚ ਜ਼ਿਲ੍ਹਾ ਕੁਲੈਕਟਰ ਰਾਹੀਂ ਭਾਰਤ ਦੇ ਰਾਸ਼ਟਰਪਤੀ ਦੇ ਨਾਂਅ ਅਨਿਲ ਕੁਮਾਰ ਸੁਪਰਡੈਂਟ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਤਿੰਨ ਰਤਨ ਮਿਸ਼ਨ ਦੇ ਡਾਇਰੈਕਟਰ ਸਵਾਮੀ ਰਾਜਪਾਲ, ਭਾਰਤ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਕਮਲਜੀਤ ਸਿੰਘ, ਬਹੁਜਨ ਮੁਕਤੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਬਲਦੇਵ ਰਾਜ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰਧਾਨ ਰਾਣਾ ਸੈਦੋਵਾਲ ਤੇ ਜਨਰਲ ਸਕੱਤਰ ਡਾਕਟਰ ਤੇਜਪਾਲ, ਵੀਰ ਕੁਮਾਰ ਪੰਜਾਬ ਖੇਤ ਮਜ਼ਦੂਰ ਸਭਾ, ਸੁਖਦੇਵ ਸਿੰਘ , ਸਲਵਿੰਦਰ ਸਿੰਘ, ਮਨਜਿੰਦਰ ਸਿੰਘ, ਜਤਿੰਦਰ ਕੁਮਾਰ, ਕੁਲਦੀਪ ਸਿੰਘ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ ਇੱਦਾ, ਕੁਲਦੀਪ ਸਿੰਘ ਖ਼ਾਨਗਾਹ,ਬੀਬੀ ਮਨਜੀਤ ਕੌਰ, ਮਹਿੰਦਰ ਕੌਰ, ਹਰਵਿੰਦਰ ਸਾਕਸ਼ੀ, ਬਖਸ਼ੋ, ਸੀਤਾ, ਆਦਿ ਹਾਜ਼ਰ ਸਨ।

## ਗਲਾਸਗੋ/ ਲੰਡਨ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਸਕਾਟਲੈਂਡ: ਹੋਲੀਰੂਡ ਪੈਲੇਸ ਨੂੰ ਯੂਕਰੇਨੀ ਸ਼ਰਨਾਰਥੀਆਂ ਲਈ ਅਸਥਾਈ ਰਿਹਾਇਸ਼ ਵਜੋਂ ਵਰਤਣ ਦਾ ਸੁਝਾਅ

**ਗਲਾਸਗੋ–** ਰੂਸ ਦੁਆਰਾ ਯੂਕਰੇਨ ਉੱਪਰ ਹਮਲਾ ਕੀਤੇ ਜਾਣ ਦੇ ਬਾਅਦ ਯੂਕੇ ਭਰ ਦੇ ਲੋਕਾਂ ਨੂੰ ਯੂਕਰੇਨ ਨੂੰ ਛੱਡਣ ਵਾਲੇ ਲੋਕਾਂ ਦੀ ਮੇਜ਼ਬਾਨੀ ਕਰਨ ਦੀ ਅਪੀਲ ਕੀਤੀ ਜਾ ਰਹੀ ਹੈ। ਇਸ ਬੁਰੇ ਦੌਰ ਵਿੱਚ ਸਕਾਟਲੈਂਡ ਵੱਲੋਂ ਵੀ ਯੂਕਰੇਨੀ ਸ਼ਰਨਾਰਥੀਆਂ ਦੀ ਸਹਾਇਤਾ ਲਈ ਹਾਮੀ ਭਰੀ ਗਈ ਹੈ। ਇਸ ਸੰਬੰਧੀ ਸਕਾਟਲੈਂਡ ਦੀ ਫ਼ਸਟ ਮਨਿਸਟਰ ਨਿਕੋਲਾ ਸਟਰਜਨ ਨੇ ਬੁੱਧਵਾਰ ਨੂੰ ਸਕਾਟਿਸ਼ ਸੰਸਦ ਵਿੱਚ ਯੂਕਰੇਨੀ ਸ਼ਰਨਾਰਥੀਆਂ ਬਾਰੇ ਇੱਕ ਅਪਡੇਟ ਪ੍ਰਦਾਨ ਕੀਤੀ। ਇਸੇ ਦੌਰਾਨ ਐਡਿਨਬਰਾ ਵਿੱਚ ਮਹਾਰਾਣੀ ਐਲਿਜਾਬੈਥ ਦੀ ਸਰਕਾਰੀ ਰਿਹਾਇਸ਼ ਹੋਲੀਰੂਡ ਪੈਲੇਸ ਨੂੰ ਯੂਕਰੇਨੀ ਸ਼ਰਨਾਰਥੀਆਂ ਲਈ ਅਸਥਾਈ ਰਿਹਾਇਸ਼ ਵਜੋਂ ਵਰਤਣ ਲਈ ਸੁਝਾਅ ਦਿੱਤਾ ਗਿਆ ਹੈ। ਯੂਕੇ



ਸਰਕਾਰ ਨੇ ਸਕਾਟਿਸ਼ ਸਰਕਾਰ ਦੇ ਯੂਕਰੇਨੀ ਨਾਗਰਿਕਾਂ ਲਈ 'ਸੁਪਰ ਸਪਾਂਸਰ' ਵਜੋਂ ਕੰਮ ਕਰਨ ਦੇ ਪ੍ਰਸਤਾਵ ਨੂੰ ਸਿਧਾਂਤਕ ਤੌਰ 'ਤੇ ਸਮਰਥਨ ਦਿੱਤਾ ਹੈ, ਜਿਸ ਨਾਲ ਲਗਭਗ 3000 ਲੋਕਾਂ ਦੇ ਸਕਾਟਲੈਂਡ ਆਉਣ ਦਾ ਰਾਹ ਪੱਧਰਾ ਹੋ ਗਿਆ ਹੈ। ਇਸ ਤੋਂ ਪਹਿਲਾਂ, ਸਟਰਜਨ ਨੇ ਘੋਸ਼ਣਾ ਕੀਤੀ ਸੀ ਕਿ 1 ਮਿਲੀਅਨ ਪੌਂਡ ਤੋਂ ਵੱਧ ਫੰਡ ਸਕਾਟਲੈਂਡ ਵਿੱਚ ਆਉਣ ਵਾਲੇ ਯੂਕਰੇਨੀ ਸ਼ਰਨਾਰਥੀਆਂ ਦਾ ਸਮਰਥਨ ਕਰਨ ਵਾਲੀਆਂ ਸੰਸਥਾਵਾਂ ਵੱਲ ਜਾਵੇਗਾ। ਸਟਰਜਨ ਦੇ ਬਿਆਨ ਤੋਂ ਬਾਅਦ ਐਮ ਐਸ ਪੀ ਰਿਸਟੀਨ ਗ੍ਰਾਹਮ ਨੇ ਸੁਝਾਅ ਦਿੱਤਾ ਕਿ ਐਡਿਨਬਰਾ ਵਿੱਚ ਹੋਲੀਰੂਡ ਪੈਲੇਸ ਨੂੰ ਯੂਕਰੇਨ ਤੋਂ ਆਉਣ ਵਾਲਿਆਂ ਲਈ ਰਿਹਾਇਸ਼ ਵਜੋਂ ਵਰਤਿਆ ਜਾ ਸਕਦਾ ਹੈ ਅਤੇ ਉਸਨੇ ਸਕਾਟਿਸ਼ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਪਣੀ ਮਲਕੀਅਤ ਅਧੀਨ ਰਿਹਾਇਸ਼ ਦਾ ਵੱਧ ਤੋਂ ਵੱਧ ਲਾਭ ਉਠਾਉਣ। ਉਸ ਅਨੁਸਾਰ ਐਡਿਨਬਰਾ ਵਿੱਚ ਹੋਲੀਰੂਡ ਪੈਲੇਸ ਹੈ, ਜਿਸ ਵਿੱਚ 200 ਤੋਂ ਵੱਧ ਕਮਰੇ ਹਨ ਅਤੇ ਜਿਹਨਾਂ ਨੂੰ ਸ਼ਰਨਾਰਥੀਆਂ ਦੀ ਅਸਥਾਈ ਰਿਹਾਇਸ਼ ਲਈ ਵਰਤਿਆ ਜਾ ਸਕਦਾ ਹੈ।

## ਕਾਰ ਵਿੱਚੋਂ ਬਰਾਮਦ ਕੀਤੀ 180,000 ਪੌਂਡ ਮੁੱਲ ਦੀ ਭੰਗ

**ਗਲਾਸਗੋ–** ਸਕਾਟਲੈਂਡ ਪੁਲਿਸ ਵੱਲੋਂ ਕੀਤੀ ਕਾਰਵਾਈ ਦੌਰਾਨ ਇੱਕ ਕਾਰ ਵਿੱਚੋਂ ਵੱਡੀ ਮਾਤਰਾ ਵਿੱਚ ਭੰਗ ਬਰਾਮਦ ਕੀਤੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਨੇ ਦੱਸਿਆ ਕਿ ਪਰਥ ਅਤੇ ਡੰਡੀ ਦੇ ਵਿਚਕਾਰ ਏ 90 'ਤੇ ਇੱਕ ਕਾਰ ਵਿੱਚ



ਵੱਡੀ ਮਾਤਰਾ 'ਚ ਭੰਗ ਮਿਲਣ ਤੋਂ ਬਾਅਦ ਇੱਕ 52 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਸ 'ਤੇ ਦੋਸ਼ ਲਾਏ ਗਏ ਹਨ। ਅਫਸਰਾਂ ਨੇ ਦੱਸਿਆ ਕਿ ਭੰਗ ਦੀ ਅੰਦਾਜ਼ਨ ਕੀਮਤ 180,000 ਪੌਂਡ ਹੈ। ਬਰਾਮਦ ਕੀਤੇ ਜਾਣ ਤੋਂ ਪਹਿਲਾਂ ਇੰਚਰ ਦੇ ਨੇੜੇ ਕਾਰ ਨੂੰ ਰੋਕਿਆ। ਦੋਸ਼ੀ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਉਹ ਸੋਮਵਾਰ ਨੂੰ ਡੰਡੀ ਸ਼ੈਰਿਫ ਕੋਰਟ ਵਿੱਚ ਪੇਸ਼ ਹੋਣ ਵਾਲਾ ਹੈ।

ਇੰਸਪੈਕਟਰ ਰੌਬਿਨ ਸਿਮ, ਆਰਗੇਨਾਈਜ਼ਡ ਕ੍ਰਾਈਮ ਐਂਡ ਕਾਊਂਟਰ ਟੈਰੋਰਿਜ਼ਮ ਯੂਨਿਟ ਨੇ ਕਿਹਾ ਕਿ ਇਹ ਇੱਕ ਮਹੱਤਵਪੂਰਨ ਰਿਕਵਰੀ ਹੈ ਅਤੇ ਉੱਤਰ ਪੂਰਬ ਵਿੱਚ ਨਸ਼ੀਲੇ ਪਦਾਰਥਾਂ ਦੀ ਸਮਗਲਿੰਗ ਨੂੰ ਠੱਲ੍ਹ ਪਾਉਣ ਲਈ ਪੁਲਿਸ ਨਿਰੰਤਰ ਵਚਨਬੱਧ ਹੈ।

## ਕੋਰੋਨਾ ਕੇਸਾਂ 'ਚ ਵਾਧੇ ਦੇ ਬਾਵਜੂਦ ਪਾਬੰਦੀਆਂ 'ਚ ਦਿੱਤੀ ਜਾ ਰਹੀ ਹੈ ਢਿੱਲ

**ਗਲਾਸਗੋ–** ਸਕਾਟਲੈਂਡ ਵਿੱਚ ਫਿਰ ਤੋਂ ਕੋਰੋਨਾ ਵਾਇਰਸ ਦੀ ਲਾਗ ਦੇ ਮਾਮਲੇ ਸਾਹਮਣੇ ਆ ਰਹੇ ਹਨ। ਇਹਨਾਂ ਕੇਸਾਂ ਦੇ ਬਾਵਜੂਦ ਵੀ ਕੋਰੋਨਾ ਪਾਬੰਦੀਆਂ ਵਿੱਚ ਲਗਾਤਾਰ ਢਿੱਲ ਦਿੱਤੀ ਜਾ ਰਹੀ ਹੈ। ਜਿਸ ਦੀ ਅਗਲੀ ਲੜੀ ਤਹਿਤ ਸੋਮਵਾਰ ਤੋਂ ਗਾਹਕਾਂ ਦੇ ਵੇਰਵਿਆਂ ਨੂੰ ਪ੍ਰਾਹੁਣਚਾਰੀ ਸਥਾਨਾਂ ਦੁਆਰਾ ਇਕੱਤਰ ਕਰਨ ਦੀ ਜ਼ਰੂਰਤ



ਨਹੀਂ ਹੋਵੇਗੀ ਪਰ ਚਿਹਰੇ ਦੇ ਮਾਸਕ ਦੀ ਲੋੜ ਹੋਵੇਗੀ। ਇਹ ਦੇਸ਼ ਭਰ ਵਿੱਚ ਕੋਵਿਡ ਦੀ ਲਾਗ ਦੇ ਕੇਸਾਂ ਵਿੱਚ ਵਾਧੇ ਦੇ ਬਾਵਜੂਦ ਆਇਆ ਹੈ ਅਤੇ ਪਿਛਲੇ ਹਫ਼ਤੇ 376,300 ਲੋਕਾਂ ਨੂੰ ਵਾਇਰਸ ਹੋਣ ਦਾ ਅਨੁਮਾਨ ਹੈ। 21 ਮਾਰਚ ਨੂੰ ਹੋਏ ਬਦਲਾਅ ਦੇ ਤਹਿਤ, ਕਾਰੋਬਾਰਾਂ ਲਈ ਸੰਪਰਕ ਟਰੇਸਿੰਗ ਲਈ ਗਾਹਕਾਂ ਦੇ ਵੇਰਵੇ ਇਕੱਠੇ ਕਰਨ ਦੀ ਕਾਨੂੰਨੀ ਲੋੜ ਨੂੰ ਖਤਮ ਕਰ ਦਿੱਤਾ ਜਾਵੇਗਾ ਅਤੇ ਕਾਰੋਬਾਰਾਂ, ਪੂਜਾ ਸਥਾਨਾਂ ਅਤੇ ਹੋਰਾਂ ਲਈ ਸਕਾਟਿਸ਼ ਸਰਕਾਰ ਦੇ ਕੋਰੋਨਾ ਵਾਇਰਸ ਸੰਬੰਧੀ ਵਿਹਾਰਕ ਉਪਾਅ ਲੈਣ ਦੀ ਜ਼ਰੂਰਤ ਨੂੰ ਵੀ ਖਤਮ ਕੀਤਾ ਜਾ ਰਿਹਾ ਹੈ। ਹਾਲਾਂਕਿ, ਜਨਤਕ ਆਵਾਜਾਈ ਅਤੇ ਜ਼ਿਆਦਾਤਰ ਅੰਦਰੂਨੀ ਜਨਤਕ ਥਾਂਵਾਂ ਵਿੱਚ ਚਿਹਰੇ ਨੂੰ ਢਕਣ ਦੀ ਕਾਨੂੰਨੀ ਲੋੜ ਘੱਟੋ ਘੱਟ ਸੋਮਵਾਰ, 4 ਅਪ੍ਰੈਲ ਤੱਕ ਜਾਰੀ ਹੈ।

## ਯੂਕੇ : ਹਜ਼ਾਰਾਂ ਲੋਕਾਂ ਨੇ ਆਪਣੇ ਘਰਾਂ ਵਿੱਚ ਯੂਕਰੇਨੀ ਸ਼ਰਨਾਰਥੀਆਂ ਨੂੰ ਰੱਖਣ ਲਈ ਭਰੀ ਹਾਮੀ

**ਗਲਾਸਗੋ/ ਲੰਡਨ–** ਯੂਕੇ ਸਰਕਾਰ ਦੁਆਰਾ ਯੂਕਰੇਨ ਦੇ ਸ਼ਰਨਾਰਥੀਆਂ ਲਈ ਹੋਮ ਸਕੀਮ ਸ਼ੁਰੂ ਕਰਨ ਤੋਂ ਬਾਅਦ ਲਗਭਗ 44,000 ਲੋਕਾਂ ਨੇ ਆਪਣੇ ਘਰਾਂ ਵਿੱਚ ਇੱਕ ਸ਼ਰਨਾਰਥੀ ਦੀ ਮੇਜ਼ਬਾਨੀ ਕਰਨ ਲਈ ਸਾਈਨ ਅੱਪ ਕੀਤਾ ਹੈ। ਸੋਮਵਾਰ ਨੂੰ, ਕਮਿਊਨਿਟੀਜ਼ ਸੈਕਟਰੀ ਮਾਈਕਲ ਗੋਵ ਨੇ ਹਾਊਸ ਆਫ ਕਾਮਨਜ਼ ਵਿੱਚ ਇਹ ਸਕੀਮ ਰੱਖੀ, ਜਿਸ ਵਿੱਚ ਸ਼ਰਨਾਰਥੀਆਂ ਨੂੰ ਘੱਟੋ-ਘੱਟ ਛੇ ਮਹੀਨਿਆਂ ਲਈ ਰਿਹਾਇਸ਼ ਪ੍ਰਦਾਨ ਕੀਤੀ ਜਾਵੇਗੀ। ਇਸ ਸਕੀਮ ਤਹਿਤ ਸਪਾਂਸਰ ਕੀਤੇ ਯੂਕਰੇਨੀਅਨਾਂ ਨੂੰ ਕੰਮ ਕਰਨ ਅਤੇ ਜਨਤਕ ਸੇਵਾਵਾਂ ਤੱਕ ਪਹੁੰਚ ਕਰਨ ਦੇ ਹੱਕ ਦੇ ਨਾਲ, ਯੂਕੇ ਵਿੱਚ ਰਹਿਣ ਲਈ ਤਿੰਨ ਸਾਲਾਂ ਦੀ ਆਗਿਆ ਦਿੱਤੀ ਜਾਵੇਗੀ। ਯੂਕੇ




ਸਰਕਾਰ ਹਰੇਕ ਪਰਿਵਾਰ ਲਈ ਸਪਾਂਸਰਾਂ ਨੂੰ 350 ਪੌਂਡ ਦਾ ਮਹੀਨਾਵਾਰ ਭੁਗਤਾਨ ਪ੍ਰਦਾਨ ਕਰੇਗੀ ਜਿਸਦੀ ਉਹ ਦੇਖਭਾਲ ਕਰਦੇ ਹਨ, ਹਾਲਾਂਕਿ ਸਪਾਂਸਰ ਉਹਨਾਂ ਲਈ ਭੋਜਨ ਜਾਂ ਰਹਿਣ-ਸਹਿਣ ਦੇ ਖਰਚੇ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਨਹੀਂ ਹਨ। ਇਹ ਭੁਗਤਾਨ ਟੈਕਸ-ਮੁਕਤ ਹੋਣਗੇ ਅਤੇ ਲਾਭ, ਅਧਿਕਾਰ ਜਾਂ ਕੌਂਸਲ ਟੈਕਸ ਸਥਿਤੀ ਨੂੰ ਪ੍ਰਭਾਵਿਤ ਨਹੀਂ ਕਰਨਗੇ। ਇਸਦੇ ਇਲਾਵਾ ਸਕਾਟਲੈਂਡ ਦੀ ਫ਼ਸਟ ਮਨਿਸਟਰ ਨਿਕੋਲਾ ਸਟਰਜਨ ਨੇ ਕਿਹਾ ਕਿ ਸਕਾਟਿਸ਼ ਸਰਕਾਰ ਸ਼ਰਨਾਰਥੀਆਂ ਲਈ "ਸੁਪਰ ਸਪਾਂਸਰ" ਬਣਨ ਲਈ ਤਿਆਰ ਹੈ ਅਤੇ 3000 ਯੂਕਰੇਨੀਅਨਾਂ ਦਾ ਤੁਰੰਤ ਸਵਾਗਤ ਕਰ ਸਕਦੀ ਹੈ।

## ਸਕਾਟਲੈਂਡ ਯੂਕਰੇਨ ਦੇ ਅਨਾਥ ਬੱਚਿਆਂ ਨੂੰ ਹਿੱਕ ਨਾਲ ਲਾਉਣ ਲਈ ਤਿਆਰ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਰੂਸ ਦੁਆਰਾ ਯੂਕਰੇਨ ਉੱਪਰ ਹਮਲਾ ਕਰਕੇ ਵੱਡੀ ਗਿਣਤੀ ਵਿੱਚ ਬੱਚਿਆਂ ਨੂੰ ਅਨਾਥ ਬਣਾ ਦਿੱਤਾ ਗਿਆ ਹੈ। ਸਕਾਟਲੈਂਡ ਵੱਲੋਂ ਸੰਕਟ ਦੀ ਇਸ ਘੜੀ ਵਿੱਚ ਯੂਕਰੇਨੀ ਲੋਕਾਂ ਨੂੰ ਪਨਾਹ ਦੇਣ ਦੀ ਹਾਮੀ ਭਰੀ ਗਈ ਹੈ। ਜਿਸ ਤਹਿਤ ਤਕਰੀਬਨ 50 ਯੂਕਰੇਨੀ ਅਨਾਥ ਬੱਚਿਆਂ ਦਾ ਸਵਾਗਤ ਇਸ ਹਫ਼ਤੇ ਸਕਾਟਲੈਂਡ ਵਿੱਚ ਕੀਤਾ ਜਾਵੇਗਾ। ਹਿਬਸ ਫੁੱਟਬਾਲ ਪ੍ਰਸ਼ੰਸਕ ਚੈਰਿਟੀ ਦੁਆਰਾ ਡਨੀਪਰੋ ਤੋਂ ਕੱਢੇ ਗਏ ਯੂਕਰੇਨੀ ਅਨਾਥ ਬੱਚੇ ਸੋਮਵਾਰ ਨੂੰ ਲੰਡਨ ਪਹੁੰਚਣ ਲਈ ਤਿਆਰ ਹਨ। ਲਗਭਗ 50 ਨੌਜਵਾਨ ਜਿਨ੍ਹਾਂ ਦੀ ਉਮਰ ਦੋ ਤੋਂ 19 ਸਾਲ ਤੱਕ ਹੈ ਅਤੇ ਉਨ੍ਹਾਂ ਦੇ ਦੇਖਭਾਲ ਕਰਨ ਵਾ-ਲਿਆਂ ਨੂੰ ਲੰਡਨ ਲਿਜਾਇਆ ਜਾ ਰਿਹਾ ਹੈ, ਜਿੱਥੇ ਉਹ ਬੁੱਧਵਾਰ ਨੂੰ ਸਕਾਟਲੈਂਡ ਦੀ ਯਾਤਰਾ ਤੋਂ ਪਹਿਲਾਂ ਇੱਕ ਦਿਨ ਸੈਰ-ਸਪਾਟਾ ਕਰਨਗੇ। ਇਸ ਬਚਾਅ ਮਿਸ਼ਨ ਦਾ ਆਯੋਜਨ ਡਨੀਪਰੋ ਕਿਡਜ਼ ਦੁਆਰਾ ਕੀਤਾ ਗਿਆ ਹੈ, ਜੋ ਕਿ 17 ਸਾਲ ਪਹਿਲਾਂ ਯੂਕਰੇਨ ਵਿੱਚ ਹਿਬਸ ਯੂਰਪੀਅਨ ਮੈਚ ਤੋਂ ਬਾਅਦ ਸਥਾਪਤ ਕੀਤਾ ਗਿਆ ਸੀ। ਯੂਕਰੇਨ ਦਾ ਚੌਥਾ ਸਭ ਤੋਂ ਵੱਡਾ ਸ਼ਹਿਰ, ਡਨੀਪਰੋ, 24 ਫਰਵਰੀ ਤੋਂ ਸ਼ੁਰੂ ਹੋਏ ਹਮਲੇ ਤੋਂ ਬਾਅਦ ਤੀਬਰ ਰੂਸੀ ਗੋਲਾਬਾਰੀ ਦਾ ਸ਼ਿਕਾਰ ਹੈ। ਨਿਪਰੋ ਕਿਡਜ਼ ਦੇ ਚੇਅਰਮੈਨ ਸਟੀਵਨ ਕੈਰ ਅਨੁਸਾਰ ਉਹ ਬੱਚਿਆਂ ਨੂੰ ਯੂ।ਕੇ। ਤੱਕ ਪਹੁੰਚਾਉਣ ਲਈ ਰਾਹਤ ਮਹਿਸੂਸ ਕਰ ਰਹੇ ਹਨ। ਇਹਨਾਂ ਅਨਾਥ ਬੱਚਿਆਂ ਨੂੰ ਸ਼ੁਰੂ ਵਿੱਚ ਸਰਹੱਦ ਪਾਰ ਕਰਕੇ ਪੋਲੈਂਡ ਵਿੱਚ ਜਾਣ ਤੋਂ ਪਹਿਲਾਂ ਪੱਛਮੀ ਯੂਕਰੇਨ ਵਿੱਚ ਲਵੀਵ ਲਿਜਾਇਆ ਗਿਆ ਸੀ, ਜਿੱਥੇ ਉਹ ਜ਼ਨਿਨ ਵਿੱਚ ਰਹੇ ਹਨ। ਗ੍ਰਹਿ ਸਕੱਤਰ ਪ੍ਰੀਤੀ ਪਟੇਲ ਨੇ ਕਿਹਾ ਕਿ ਪਿਛਲੇ ਹਫ਼ਤੇ ਬੱਚਿਆਂ ਨੂੰ ਯੂਕੇ ਜਾਣ ਲਈ ਹਰੀ ਝੰਡੀ ਦੇ ਦਿੱਤੀ ਗਈ ਸੀ।



ਇਸ ਨੂੰ ਸੋਮਵਾਰ ਨੂੰ ਰੱਦ ਕੀਤਾ ਜਾਣਾ ਸੀ, ਪਰ ਕੋਵਿਡ ਕੇਸਾਂ ਦੀ ਗਿਣਤੀ ਵਿੱਚ ਵਾਧੇ ਦੇ ਕਾਰਨ ਘੱਟੋ ਘੱਟ ਹੋਰ ਦੋ ਹਫ਼ਤਿਆਂ ਲਈ ਲੋੜ ਨੂੰ ਵਧਾਉਣ ਦਾ ਫੈਸਲਾ ਲਿਆ ਗਿਆ। ਕੋਵਿਡ ਦੇ ਲੱਛਣਾਂ ਦਾ ਅਨੁਭਵ ਕਰਨ ਵਾਲੇ ਲੋਕਾਂ ਨੂੰ ਅਜੇ ਵੀ ਘੱਟੋ ਘੱਟ ਅਪ੍ਰੈਲ ਦੇ ਅੰਤ ਤੱਕ ਟੈਸਟ ਕਰਵਾਉਣ ਦੀ ਜ਼ਰੂਰਤ ਹੋਵੇਗੀ। 18 ਅਪ੍ਰੈਲ ਤੋਂ, ਸਕਾਟਿਸ਼ ਸਰਕਾਰ ਕੋਵਿਡ ਲੱਛਣਾਂ ਵਾਲੇ ਲੋਕਾਂ ਨੂੰ ਹਫ਼ਤੇ ਵਿੱਚ ਦੋ ਵਾਰ ਟੈਸਟ ਕਰਨ ਦੀ ਸਲਾਹ ਨਹੀਂ ਦੇਵੇਗੀ। ਹਾਲਾਂਕਿ, ਸਿਹਤ ਅਤੇ ਦੇਖਭਾਲ ਸੈਟਿੰਗਾਂ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਅਜੇ ਵੀ ਹਫ਼ਤੇ ਵਿੱਚ ਦੋ ਵਾਰ ਟੈਸਟ ਕਰਨ ਦੀ ਲੋੜ ਹੋਵੇਗੀ।

## ਕਾਲੇ ਨੌਜਵਾਨ ਦੇ ਕਤਲ ਦੇ ਮਾਮਲੇ ਵਿਚ ਗੋਰੇ ਜੋੜੇ ਵਿਰੁੱਧ ਦੋਸ਼ ਆਇਦ

**ਸੈਕਰਾਮੈਂਟੋ 23 ਮਾਰਚ (ਹਸਨ ਲੜੋਆ ਬੰਗਾ)–**ਟਰੇਸੀ, ਕੈਲੀਫੋਰਨੀਆ ਵਿਚ ਬੀਤੇ ਹਫਤੇ ਇਕ ਸਿਆਹਫਾਮ ਨੌਜਵਾਨ ਦੇ ਹੋਏ ਕਤਲ ਦੇ ਮਾਮਲੇ ਵਿਚ ਇਕ ਗੋਰੇ ਜੋੜੇ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਜਸਟਿਨ ਪੀਪਲਜ ਨਾਮੀ ਨੌਜਵਾਨ ਦੀ ਟਰੇਸੀ ਦੇ ਚੈਵਰੋਨ ਗੈਸ ਸਟੇਸ਼ਨ 'ਤੇ ਗੋਲੀਆਂ ਤੇ ਚਾਕੂ ਮਾਰ ਕੇ 15 ਮਾਰਚ ਨੂੰ ਹੱਤਿਆ ਕਰ ਦਿੱਤੀ ਗਈ ਸੀ। ਕੈਲੀ-ਫੋਰਨੀਆ ਦੇ ਡਿਸਟ੍ਰਿਕਟ ਅਟਾਰਨੀ ਨੇ ਇਸ ਹੱਤਿਆ ਨੂੰ ਨਫਰਤੀ ਅਪਰਾਧ ਕਰਾਰ ਦਿੱਤਾ ਹੈ। ਗੋਰੇ ਜੋੜੇ ਦੀ ਪਛਾਣ 42 ਸਾਲਾ ਕ੍ਰਿਸਟੀਨਾ ਲਿਨ ਗਾਰਨਰ ਤੇ 49 ਸਾਲਾ ਜਰਮੀ ਵੇਨ ਜੋਨਜ ਵਜੋਂ ਹੋਈ ਹੈ। ਇਨਾਂ ਵਿਰੁਧ ਲਾਏ ਗਏ ਦੋਸ਼ਾਂ ਅਨੁਸਾਰ ਜੋੜੇ ਨੇ ਨੌਜਵਾਨ ਦੀ ਨਸਲ, ਰੰਗ ਤੇ ਧਰਮ ਕਾਰਨ ਗਿਣਮਿਥਕੇ ਹੱਤਿਆ ਕੀਤੀ ਹੈ।





# ਖੇਡ ਸੰਸਥਾਵਾਂ ਜਿੱਤਾਂ ਦੀ ਥਾਂ ਵਧੀਆ ਖਿਡਾਰੀ ਪੈਦਾ ਕਰਨ ਨੂੰ ਪਹਿਲ ਦੇਣ

ਖੇਡਾਂ ਨੂੰ ਵੱਖ-ਵੱਖ ਯੁੱਗਾਂ ਵਿਚ ਮਨੁੱਖ ਨੇ ਭਿੰਨ-ਭਿੰਨ ਰੂਪਾਂ 'ਚ ਅਪਣਾਇਆ ਹੈ। ਜਿਨ੍ਹਾਂ ਖਿੱਤਿਆਂ ਦੇ ਲੋਕਾਂ ਨੇ ਸਮਾਂ ਬਦਲਣ ਦੇ ਨਾਲ-ਨਾਲ ਖੇਡਾਂ ਦੇ ਮਨੋਰਥ ਬਦਲੇ ਹਨ, ਉਨ੍ਹਾਂ ਮੁਲਕਾਂ ਦੇ ਬਸ਼ਿੰਦਿਆਂ ਨੇ ਖੇਡਾਂ ਦੇ ਖੇਤਰ 'ਚ ਵਿਸ਼ਵ ਪੱਧਰ 'ਤੇ ਮਾਣਮੱਤੀਆਂ ਪ੍ਰਾਪਤੀਆਂ ਵੀ ਕੀਤੀਆਂ ਹਨ ਅਤੇ ਵਧੀਆ ਇਨਸਾਨ ਵੀ ਪੈਦਾ ਕੀਤੇ

**ਨਵਦੀਪ ਕੌਰ**

ਹਨ। ਪਰ ਭਾਰਤ ਵਿਚ ਅਜੋਕੇ ਦੌਰ ਵਿਚ ਖੇਡਾਂ ਦਾ ਜਿਸ ਤਰ੍ਹਾਂ ਸੰਚਾਲਨ ਕੀਤਾ ਜਾ ਰਿਹਾ ਹੈ, ਉਸ ਨਾਲ ਨਾ ਤਾਂ ਅਸੀਂ ਸੰਸਾਰ ਪੱਧਰ 'ਤੇ ਚਮਕ ਰਹੇ ਹਾਂ ਅਤੇ ਨਾ ਹੀ ਆਪਣੀ ਨਵੀਂ ਪੀੜ੍ਹੀ ਨੂੰ ਵਧੀਆ ਕਦਰਾਂ-ਕੀਮਤਾਂ ਦੇ ਰਹੇ ਹਾਂ।


ਭਾਰਤ ਵਿਚ ਖੇਡਾਂ ਦੇ ਮਨੋਰਥ ਬਦਲਣ ਦੀ ਜ਼ਰੂਰਤ ਹੈ। ਖੇਡਾਂ ਦਾ ਪਹਿਲਾ ਮਕਸਦ ਸਰੀਰਕ ਤੇ ਮਾਨਸਿਕ ਪੱਖੋਂ ਰਿਸ਼ਟ-ਪੁਸ਼ਟ ਇਨਸਾਨ ਪੈਦਾ ਕਰਨਾ ਹੋਵੇ। ਮਾਪੇ ਆਪਣੀ ਔਲਾਦ ਨੂੰ ਵਧੀਆ ਤੰਦਰੁਸਤ ਇਨਸਾਨ ਅਤੇ ਦੇਸ਼ ਲਈ ਖੇਡਣ ਦੇ ਮਨਸੂਬੇ ਨਾਲ ਖੇਡ ਮੈਦਾਨ ਵਿਚ ਉਤਾਰਨ। ਖੇਡ ਸੰਸਥਾਵਾਂ ਜਿੱਤਾਂ ਦੀ ਥਾਂ ਵਧੀਆ ਖਿਡਾਰੀ ਪੈਦਾ ਕਰਨ ਅਤੇ ਖੇਡ ਸੱਭਿਆਚਾਰ ਪੈਦਾ ਕਰਨ ਨੂੰ ਪਹਿਲ ਦੇਣ। ਦੇਸ਼ ਦੀਆਂ ਵੱਡੀਆਂ ਖੇਡ ਸੰਸਥਾਵਾਂ ਵਲੋਂ ਉਲੀਕੀਆਂ ਜਾਂਦੀਆਂ ਯੋਜਨਾਵਾਂ ਅਤੇ ਖਰਚੇ ਜਾਂਦੇ ਧਨ ਰਾਹੀਂ ਮਿਲਣ ਵਾਲੇ ਨਤੀਜਿਆਂ ਦੀ ਘੋਖ ਕੀਤੀ ਜਾਵੇ ਅਤੇ ਘਪਲੇਬਾਜ਼ਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ। ਕੋਚਿੰਗ ਪ੍ਰਣਾਲੀ 'ਚ ਵੱਡੇ ਸੁਧਾਰ ਕੀਤੇ ਜਾਣ। ਵਿਦੇਸ਼ਾਂ ਦੀ ਤਰਜ਼ 'ਤੇ 0-6 ਸਾਲ ਦੇ ਬੱਚਿਆਂ ਨੂੰ ਜ਼ਿੰਦਗੀ ਦੀ ਵਧੀਆ ਸ਼ੁਰੂਆਤ ਲਈ ਮਨੋਰੰਜਕ ਖੇਡਾਂ



ਨਾਲ ਜੋੜਿਆ ਜਾਵੇ। ਇਸ ਤੋਂ ਬਾਅਦ 6-9 ਸਾਲ ਦੇ ਬੱਚਿਆਂ ਨੂੰ ਉਨ੍ਹਾਂ ਦੀ ਰੁਚੀ ਮੁਤਾਬਕ ਖੇਡਣ ਦੇ ਮੌਕੇ ਪ੍ਰਦਾਨ ਕੀਤੇ ਜਾਣ ਅਤੇ ਮਨਪਸੰਦ ਖੇਡ ਬਾਰੇ ਮੁਢਲੀ ਜਾਣਕਾਰੀ ਦਿੱਤੀ ਜਾਵੇ। ਇਸ ਦੇ ਬਆਦ 9-12 ਸਾਲ ਉਮਰ ਵਰਗ ਵਿਚ ਆਉਣ 'ਤੇ ਉਨ੍ਹਾਂ ਨੂੰ ਪਸੰਦੀਦਾ ਖੇਡ ਦੀ ਹਫ਼ਤੇ ਵਿਚ ਸਿਰਫ਼ 3 ਵਾਰ ਸਿਖਲਾਈ ਦਿੱਤੀ ਜਾਵੇ ਅਤੇ ਬਾਕੀ ਸਮਾਂ ਹੋਰਨਾਂ ਖੇਡ ਗਤੀਵਿਧੀਆਂ ਰਾਹੀਂ ਉਨ੍ਹਾਂ ਦਾ ਸਰੀਰਕ ਵਿਕਾਸ ਕੀਤਾ ਜਾਵੇ। ਫਿਰ 13 ਤੋਂ 16 ਸਾਲ ਦੀ ਉਮਰ 'ਚ ਆ ਕੇ ਜਿਸ ਖੇਡ ਨਾਲ ਖਿਡਾਰੀ ਜੁੜ ਚੁੱਕਿਆ ਹੈ, ਉਸ ਲਈ ਲੋੜੀਂਦੀ ਸਰੀਰਕ ਸਮਰੱਥਾ ਪੈਦਾ ਕਰਨ ਲਈ ਢੁਕਵਾਂ ਸਰੀਰਕ ਅਭਿਆਸ ਕਰਵਾਇਆ ਜਾਵੇ ਅਤੇ ਮਾਨਸਿਕ ਤੌਰ 'ਤੇ ਮਜ਼ਬੂਤੀ ਪ੍ਰਦਾਨ ਕੀਤੀ ਜਾਵੇ। ਇਸ ਤੋਂ ਬਾਅਦ 16-19 ਸਾਲ ਉਮਰ ਦਰਮਿਆਨ ਖਿਡਾਰੀਆਂ ਵਿਚ ਮੁਕਾਬਲੇਬਾਜ਼ੀ ਦੀ ਭਾਵਨਾ ਪੈਦਾ ਕੀਤੀ ਜਾਵੇ ਅਤੇ 19 ਸਾਲ ਤੋਂ ਬਾਅਦ ਜਿੱਤਣ ਦਾ ਜਜ਼ਬਾ ਖਿਡਾਰੀਆਂ 'ਚ ਭਰਿਆ ਜਾਵੇ। ਭਾਰਤ ਵਿਚ ਖਿਡਾਰੀਆਂ ਨੂੰ ਛੋਟੀ ਉਮਰ ਤੋਂ ਹੀ ਇੱਕੋ ਖੇਡ ਦੀ ਸਿਖਲਾਈ ਦੇ ਕੇ ਬਹੁਤ ਅਕਾ ਦਿੱਤਾ ਜਾਂਦਾ ਹੈ, ਜਦੋਂ ਕਿ ਲੋੜ ਹੈ ਸਿਖਲਾਈ ਨੂੰ ਮਨੋਰੰਜਕ ਬਣਾ ਕੇ, ਖਿਡਾਰੀ ਨੂੰ ਅਕੇਵੇਂ ਤੋਂ ਬਚਾਇਆ ਜਾਵੇ। ਜੋ ਖਿਡਾਰੀ ਮੁਕਾਬਲੇਬਾਜ਼ੀ ਵਾਲੀਆਂ ਖੇਡਾਂ ਦੇ ਦੌਰ 'ਚੋਂ ਲੰਘ ਚੁੱਕੇ ਹੋਣ ਉਨ੍ਹਾਂ ਦੀਆਂ ਸੇਵਾਵਾਂ ਕੋਚਿੰਗ ਅਤੇ ਖੇਡ ਪ੍ਰਬੰਧਾਂ ਲਈ ਲਈਆਂ ਜਾਣ।

# ਰਗਬੀ ਖਿਡਾਰੀ ਅਰਾਮਬੁਰੂ ਦਾ ਗੋਲੀ ਮਾਰ ਕੇ ਕਤਲ

**ਪੈਰਿਸ**-ਅਰਜਨਟੀਨਾ ਦੇ ਸਾਬਕਾ ਰਗਬੀ ਖਿਡਾਰੀ ਫੇਡੇਰਿਕੋ ਮਾਰਟਿਨ ਅਰਾਮਬੁਰੂ ਦਾ ਫਰਾਂਸ ਦੀ ਰਾਜਧਾਨੀ ਪੈਰਿਸ 'ਚ ਸ਼ਨੀਵਾਰ ਤੜਕੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਉਹ 42 ਸਾਲਾਂ ਦੇ ਸਨ। ਅਰਾਮਬੁਰੂ ਨੇ 22 ਵਾਰ ਅਰਜਨਟੀਨਾ ਲਈ ਰਗਬੀ ਖੇਡੀ ਹੈ। ਉਹ ਫਰਾਂਸ 'ਚ 2007 'ਚ ਖੇਡੇ ਗਏ ਵਿਸ਼ਵ ਕੱਪ ਟੀਮ ਦੇ ਖਿਡਾਰੀ ਵੀ ਸਨ। ਫਰਾਂਸ ਦੇ ਰਾਸ਼ਟਰੀ ਅਖ਼ਬਾਰ ਦੇ ਮੁਤਾਬਕ ਪੈਰਿਸ 'ਚ ਉਨ੍ਹਾਂ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਅਖ਼ਬਾਰ ਵਲੋਂ ਪ੍ਰਕਾਸ਼ਿਤ ਖ਼ਬਰ ਦੇ ਮੁਤਾਬਕ ਅਰਾਮਬੁਰੂ ਦੀ ਤੜਕੇ ਇਕ ਸਮੂਹ ਨਾਲ ਬਹਿਸ ਹੋਈ ਸੀ ਜਿਸ ਤੋਂ ਬਾਅਦ ਕਾਰ 'ਚ ਵਾਪਸ ਪਰਤੇ ਵਿਰੋਧੀਆਂ ਨੇ ਉਸ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ।




ਰਿਪੋਰਟ ਦੇ ਮੁਤਾਬਕ ਸਟੇਡੀਅਮ ਦੇ ਵੱਡੇ ਪਰਦੇ 'ਤੇ ਇੰਗਲੈਂਡ ਦੇ ਖਿਲਾਫ਼ ਫ਼ਰਾਂਸ ਦੇ ਸਿਕਸ ਨੇਸ਼ਨਸ ਦੇ ਫਾਈਨਲ ਤੋਂ ਪਹਿਲਾਂ ਅਰਾਮਬੁਰੂ ਨੂੰ ਸ਼ਰਧਾਂਜਲੀ ਦਿੱਤੀ ਗਈ। ਪੈਰਿਸ ਦੀ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਸ ਨੂੰ ਤਿੰਨ ਸ਼ੱਕੀ ਵਿਅਕਤੀਆਂ ਦੀ ਭਾਲ ਹੈ। ਪੁਲਸ ਨੇ ਕਾਤਲਾਂ ਨੂੰ ਛੇਤੀ ਗ੍ਰਿਫ਼ਤਾਰ ਕਰਨ ਦਾ ਭਰੋਸਾ ਦਿਤਾ ਹੈ। ਅਰਾਮਬੁਰੂ ਦੇ ਦਿਹਾਂਤ ਨਾਲ ਖੇਡ ਜਗਤ 'ਚ ਸੋਗ ਦੀ ਲਹਿਰ ਹੈ।

# "ਕਿਹੜੇ ਰਾਹਾਂ ਤੇ ਤੁਰ ਪਈ ਹੈ ਪੰਜਾਬੀਆਂ ਦੀ ਖੇਡ ਕਬੱਡੀ"

## ਖਿਡਾਰੀਆਂ ਦੇ ਕਤਲ, ਕਾਤਲ, ਨਸ਼ੇ ਪੱਤੇ ਜਾਂਦੇ ਨੇ ਖੇਡ ਦਾ ਜਨਾਜ਼ਾ ਕੱਢੀ

ਸਰਕਲ ਸਟਾਈਲ ਖੇਡ ਕਬੱਡੀ ਪੰਜਾਬੀਆਂ ਦਾ ਇੱਕ ਜਨੂੰਨ ਹੈ, ਇਕ ਵਗਦੀ ਲਹਿਰ ਹੈ। ਪੰਜਾਬੀ ਜਿੱਥੇ ਜਿੱਥੇ ਵੀ ਗਏ ਕਬੱਡੀ ਖੇਡ ਨੂੰ ਵੀ ਨਾਲ ਹੀ ਲੈਕੇ ਗਏ। ਪੰਜਾਬੀਆਂ ਦਾ ਕਬੱਡੀ ਬਿਨਾਂ ਕਬੱਡੀ ਦਾ ਪੰਜਾਬੀਆਂ ਤੋਂ ਬਿਨਾਂ ਗੁਜ਼ਾਰਾ ਨਹੀਂ ਹੈ। ਜਦੋਂ ਕੋਈ ਵੀ ਲਹਿਰ ਚੱਲਦੀ ਹੈ ਭਾਵੇਂ ਉਹ ਹੋਵੇ, ਧਾਰਮਿਕ ਹੋਵੇ,ਸਮਾਜਿਕ ਹੋਵੇ ਭਾਵੇਂ ਉਹ ਸੱਭਿਆਚਾਰਕ ਹੋਵੇ ਭਾਵੇਂ ਉਹ ਕਿਸੇ ਖੇਡ ਨਾਲ ਜੁੜੀ ਹੋਵੇ ਉਸ ਵਿਚ ਗਲਤ ਅਨਸਰਾਂ ਦੀ ਘੁਸਪੈਠ ਹੋਣੀ ਹੀ ਹੁੰਦੀ ਹੈ।

ਕਿਓਂਕਿ ਇਹ ਦੁਨੀਆਂ ਮਤਲਬ ਖੋਰਾਂ ਦੀ ਹੈ। ਇੱਕ ਮਤਲੱਬੀ ਅਤੇ ਸਮਰਪਿਤ ਇਨਸਾਨ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ।1984 ਵਿੱਚ ਦਰਬਾਰ ਸਾਹਿਬ ਤੇ ਹਮਲਾ ਹੋਇਆਂ ਰੋਸ ਵਜੋਂ ਜ਼ਜਬਾਤਾ ਦੇ ਬਹਿਣ ਵਿੱਚ ਇੱਕ ਇਨਸਾਫ਼ ਲੈਣ ਲਈ ਨੌਜਵਾਨਾਂ ਵਿੱਚ ਇੱਕ ਗੁੱਸੇ ਦੀ ਲਹਿਰ ਚੱਲੀ , ਸਮਾਜ ਦੀ ਹਮਦਰਦੀ ਨਾਲ ਸੀ ਪਰ ਗਲਤ ਅਨਸਰਾਂ ਦੀ ਘੁਸਪੈਠ ਅਤੇ ਕੋਈ ਇੱਕ ਮਾਈ ਬਾਪ ਨਾਂ ਹੋਣ ਕਾਰਨ ਦੋਹਾਂ ਪਾਸਿਆਂ ਤੋਂ ਘਰਾਂ ਦੇ ਘਰ ਉਜੜ ਗਏ , ਮਾਵਾਂ ਬਿਲਕ ਦੀਆਂ ਹੀ ਰਹਿ ਗਈਆਂ ,ਅੱਜ ਵੀ ਬਰਬਾਦੀ ਦੀ ਤਪਸ ਝੱਲਣ ਵਾਲਿਆਂ ਦੇ ਚੁੱਲਿਆ ਵਿੱਚ ਕੱਖ ਉੱਗੇ ਪਏ ਹਨ।

ਅੱਜ ਕਬੱਡੀ ਖੇਡ ਦੀ ਲਹਿਰ ਅਤੇ ਲੋਕਾਂ ਦਾ ਮੋਹ ਸਿਖਰਾਂ ਤੇ ਹੈ। ਕਬੱਡੀ ਦੇ ਮੈਦਾਨ ਵਿੱਚ ਗਲੈਡੀਏਟਰ ਵਜੋਂ ਜਾਣੇ ਜਾਂਦੇ ਸੰਦੀਪ ਨੰਗਲ ਅੰਬੀਆਂ ਦਾ ਦਿਨ ਦਿਹਾੜੇ ਗੋਲੀਆਂ ਲੱਗਣ ਨਾਲ ਕਤਲ ਹੋ ਗਿਆ ਹੈ , ਹੁਣ ਅੱਗੇ ਕੀ ਹੋਵੇਗਾ 4, 5 ਦਿਨ ਦਾ ਰੋਣਾ ਧੋਣਾ ਹੋਵੇਗਾ, ਰਾਜਨੀਤਿਕ ਅਤੇ ਪ੍ਰਸ਼ਾਸਨ ਦੀ ਇਨਸਾਫ਼ ਦੇਣ ਦੀ ਬਿਆਨਬਾਜੀ ਹੋਵੇਗੀ, ਕਾਤਲ ਫੜੇ ਵੀ ਜਾਣਗੇ, ਪਰ ਮਰੇ ਮੁੱਕਰੇ ਦਾ ਕੋਈ ਗਵਾਹ ਨਹੀਂ ਹੁੰਦਾ, ਕਾਤਲਾ ਦਾ ਕੋਈ ਰਾਹ ਨਹੀਂ ਹੁੰਦਾ, ਕੁੱਝ ਦਿਨ ਦੀ ਹਮਦਰਦੀ, ਫੇਰ ਦੁਨੀਆਂ ਆਪਣੀ ਚਾਲ ਚੱਲੇਗੀ, ਜੇਕਰ ਕੋਈ ਨੰਗਲ ਅੰਬੀਆਂ ਦੀ ਮੌਤ ਦਾ ਨਰਕ ਅਤੇ ਸੰਤਾਪ ਭੋਗੇਗਾ ਓਹ ਉਸਦੇ 2 ਯਤੀਮ ਹੋਏ ਨੰਨੇ ਮੁੰਨੇ ਬੱਚੇ, ਪਤਨੀ ਅਤੇ ਮਾਪੇ। ਮੇਰਾ ਖਿਆਲ ਹੈ ਕਿ ਸੰਦੀਪ ਸਿੰਘ ਨੰਗਲ ਅੰਬੀਆਂ ਕਸੂਰ ਇੰਨ੍ਹਾਂ ਹੀ ਸੀ ਕਿ ਓਹ ਕਬੱਡੀ ਦਾ ਇੱਕ ਸੁਪਰ ਸਟਾਰ ਖਿਡਾਰੀ ਸੀ। ਇੱਕ ਪ੍ਰਬੰਧਕ ਬਣਕੇ ਕਬੱਡੀ ਖੇਡ ਨੂੰ ਅੱਗੇ ਲਿਜਾਣਾ ਚਾਹੁੰਦਾ ਸੀ। ਪਰ ਸੁਪਰ ਸਟਾਰ ਬਨਣ ਦੇ ਰੁਤਬੇ ਤੱਕ ਪਹੁੰਚਣ ਲਈ ਜਿੰਦਗੀ ਵਿੱਚ ਕਿੰਨੀ ਕੁ ਘਾਲਣਾ ਘਾਲਣੀ ਪੈਂਦੀ ਹੈ। ਸਾਇਦ ਇਹ ਉਸਦੇ ਕਾਤਲਾ ਨੂੰ ਵੀ ਨਾਂ ਪਤਾ ਹੋਵੇ। ਪਿਸਟਲ, ਰਾਈਫਲਾ ਦੀਆਂ ਗੋਲੀਆਂ ਚਲਾਉਣ ਦਾ ਧੰਦਾ ਕਰਨਾ ਕੋਈ ਔਖਾ ਕੰਮ ਨਹੀਂ, ਪਰ ਇਕ ਖਿਡਾਰੀ ਬਣਨਾ ਜਾਂ ਇੱਕ ਖਿਡਾਰੀ ਬਣਾਉਣਾ ਰੱਬ ਪਾਉਣ ਦੀ ਤਪੱਸਿਆ ਕਰਨ ਦੇ ਬਰਾਬਰ ਹੁੰਦਾ ਹੈ। ਫੇਰ ਇੰਨੀ ਤਪੱਸਿਆ ਕਰਕੇ ਵੀ , ਕਬੱਡੀ ਖੇਡ ਖਿਡਾਰੀਆਂ ਲਈ ਇੱਕ ਵਰਦਾਨ ਹੋਣ ਦੀ ਬਜਾਏ ਸਰਾਪ ਕਿਉਂ ਸਾਬਿਤ ਹੋ ਰਹੀ ਹੈ?

ਇਸ ਦਾ ਵੱਡਾ ਕਾਰਨ ਕਬੱਡੀ ਵਿੱਚ ਮਣਾਂ ਮੂੰਹੀਂ ਪੈਸੇ ਦੀ ਆਮਦ , ਫਿਰ ਪੈਸੇ ਦੀ ਦੁਰਵਰਤੋਂ , ਫਿਰ ਝੂਠੇ ਮਾਣ ਸਨਮਾਨਾਂ ਦੇ ਚੱਕਰ, ਆਪੋ ਆਪਣੀ ਹਉਮੈ ਨੂੰ ਪੱਠੇ, ਮੈਂ ਦਾ ਹੰਕਾਰ, ਤੂੰ ਕੌਣ ਆਂ? ਖੇਡ ਦਾ ਕੋਈ ਵਿਧੀ ਵਿਧਾਨ ਨਾ ਹੋਣਾ, ਇੱਕ ਆਲਮੀ ਪੱਧਰ ਦੀ ਸੰਸਥਾ ਦਾ ਨਾਂ ਬਨਣਾ, ਮਾਨਤਾ ਪ੍ਰਾਪਤ ਖੇਡ ਬਨਾਉਣ ਵੱਲ ਉਕਾ ਹੀ ਧਿਆਨ ਨਾਂ ਦੇਣਾ, ਹਰ ਘੜੰਮ ਚੌਧਰੀ ਦਾ ਆਪਣੇ ਆਪ ਵਿੱਚ ਕਬੱਡੀ ਦਾ ਰਖਵਾਲਾ ਅਖਵਾਉਣਾ,ਨਸ਼ਿਆ ਦੀ ਭਰਮਾਰ, ਕਦੇ ਰਾਜਨੀਤਕ ਲੋਕਾਂ ਦੇ ਰਹਿਮੋ ਕਰਮ ਤੇ, ਕਦੇ ਜੇਲ੍ਹਾਂ ਵਿੱਚ ਬੈਠੇ ਅਪਰਾਧੀਆਂ ਦੀ ਛਤਰ ਛਾਇਆ ਹੇਠ ਕਬੱਡੀ ਦਾ ਚੱਲਣਾ ਹੀ ਖਿਡਾਰੀਆਂ ਲਈ ਖੇਡ ਕਬੱਡੀ ਵਰਦਾਨ ਹੋਣ ਦੀ ਬਜਾਏ ਸਰਾਪ ਸਾਬਤ ਹੋ ਰਹੀ ਹੈ । ਇਸੇ ਕਰਕੇ ਅੱਜ ਕੋਈ ਕਬੱਡੀ ਖਿਡਾਰੀ ਜਾਂ ਆਮ ਬੰਦਾ ਵੀ ਆਪਣੇ ਬੱਚੇ ਨੂੰ ਕਬੱਡੀ ਖਿਡਾਰੀ ਨਹੀਂ ਬਣਾਉਣਾ ਚਾਹੁੰਦਾ।

ਜਿਸ ਤਰ੍ਹਾਂ ਦਾ ਗੱਡੀ ਚਲਾਉਣ ਵਾਲਾ ਡਰਾਈਵਰ ਹੋਵੇਗਾ , ਉਸੇਤਰਾ ਦੇ ਨਤੀਜੇ , ਖਿਡਾਰੀਆਂ ਤੇ ਗੋਲੀਆਂ ਪਹਿਲਾਂ ਵੀ ਚੱਲੀਆਂ , ਸੰਦੀਪ ਤੇ ਵੀ ਚੱਲੀਆਂ , ਅੱਗੇ ਵੀ ਚੱਲਣਗੀਆਂ ਅਜੇ ਹੋਰ ਪਤਾ ਨਹੀਂ ਕਿੰਨੀਆਂ ਕੁ ਮਾਵਾਂ ਦੇ ਪੁੱਤ ਅਤੇ ਨਾਮੀ ਖਿਡਾਰੀ ਕਾਤਲਾਂ ਦੇ ਗੋਲੀਆਂ ਦੇ ਸ਼ਿਕਾਰ ਹੋ ਜਾਣੇ ਹਨ। ਮੇਰੇ ਵਰਗੇ ਸੱਚ ਲਿਖਣ ਵਾਲੇ ਅਤੇ ਹੋਰ ਬੋਲਣ ਵਾਲੇ ਵੀ ਬਖਸ਼ੇ ਨਹੀਂ ਜਾਣੇ ਕਿਓਂਕਿ ਸਰਕਾਰਾਂ ਦੀ ਕਬੱਡੀ ਖੇਡ ਕੋਈ ਗੰਭੀਰਤਾ ਨਹੀਂ , ਕਬੱਡੀ ਦੇ ਰਖਵਾਲੇ ਸਹਿਮੇ ਬੈਠੇ ਨੇ, ਕਬੱਡੀ ਦਾ ਕੋਈ ਮਾਈ ਬਾਪ ਨਹੀਂ ,ਜੋ ਖੇਡ ਨੂੰ ਸਹੀ ਤਰੀਕੇ ਨਾਲ ਸੰਭਾਲ ਸਕੇ ।

ਕਬੱਡੀ ਖਿਡਾਰੀਆਂ ਦੇ ਕਤਲ ਕਰਨ ਵਾਲਿਆਂ ਨੂੰ ਵੀ ਮੇਰੀ ਇਹ ਸਲਾਹ ਹੈ ਕਿ ਕਿਸੇ ਵੀ ਇਨਸਾਨ ਦਾ ਕਤਲ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ , ਤੁਹਾਡੇ ਆਪਸੀ ਵਿਚਾਰਾਂ ਦੇ ਵਖਰੇਵੇਂ ਹੋ ਸਕਦੇ ਹਨ, ਪੈਸੇ ਦਾ ਲੈਣ ਦੇਣ ਹੋ ਸਕਦਾ, ਇੱਕ ਦੂਜੇ ਤੋਂ ਵੱਡੇ ਹੋਣ ਦਾ ਹੰਕਾਰ ਹੋ ਸਕਦਾ ਪਰ ਫੇਰ ਵੀ

**ਖੇਡ ਮੈਦਾਨ ਬੋਲਦਾ ਹੈ**



**ਜਗਰੂਪ ਸਿੰਘ ਜਰਖੜ**
98143-00722

ਹਰ ਸਮੱਸਿਆ ਦਾ ਹੱਲ ਗੱਲਬਾਤ ਅਤੇ ਧੀਰਜ ਮਤੇ ਨਾਲ ਨਿਬੜ ਜਾਂਦਾ ਹੈ। ਦੁਨੀਆਂ ਦੇ ਵੱਡੇ ਆਫਗਨਿਸਤਾਨ ਦੇ ਕਾਤਲ ਲੋਕ ਤਾਲੇਬਾਨਾ ਨੂੰ ਵੀ ਆਪਣੀ ਸਮੱਸਿਆ ਹੱਲ ਕਰਨ ਲਈ ਆਖਿਰ ਟੇਬਲ ਟਾਕ ਤੇ ਹੀ ਆਉਣਾ ਪਿਆ।

ਬੇਨਤੀ ਆਂ ਤੁਹਾਨੂੰ, ਕਬੱਡੀ ਖੇਡ ਤੁਹਾਡੀ ਜਗੀਰ ਨਹੀਂ ,ਇਹ ਸਮੂਹ ਪੰਜਾਬੀਆਂ ਦੀ ਇੱਕ ਚਹੇਤੀ ਖੇਡ ਆਂ , ਮਾਂ ਸਮਾਨ ਆ, ਮਾਂ ਦੇ ਕਾਤਲ ਨਾਂ ਬਣੋ, ਇਤਿਹਾਸ ਦੇ ਕਲੰਕੀ ਨਾਂ ਬਣੋ, ਕਬੱਡੀ ਨੂੰ ਇੱਕ ਖੇਡ ਹੀ ਰਹਿਣ ਦਿਓ, ਜੇ ਹੁਣ ਵੀ ਨਾਂ ਸੰਭਲੇ ਫੇਰ ਕਬੱਡੀ ਖੇਡ ਬੰਦਿਆਂ ਦੇ ਵੱਸ ਤੋਂ ਬਾਹਰ ਦੀ ਖੇਡ ਬਣ ਜਾਵੇਗੀ ।

ਮੇਰੀ ਤਾਂ ਇਹੋ ਦੁਆ " ਓ ਮੇਰਿਆਂ ਰੱਬਾ ਬਚਾ ਲਾ ਸਾਡੀ ਖੇਡ ਕਬੱਡੀ ਨੂੰ, ਦੇਦੇਂ ਓਨਾ ਨੂੰ ਸੁਮੱਤ, ਜਿਹੜੇ ਰੋਕਣ ਨੂੰ ਫਿਰਦੇ ਕਬੱਡੀ ਦੇ ਜਾਨੂੰਨ ਦੀ ਗੱਡੀ ਨੂੰ" ਕਬੱਡੀ ਦਾ ਰੱਬ ਰਾਖਾ !

# ਵਿਸ਼ਵ ਕਬੱਡੀ ਟੂਰਨਾਮੈਂਟਾਂ 'ਚ ਗੈਂਗਸਟਰਾਂ ਦਾ ਦਬਦਬਾ

**ਜਲੰਧਰ (ਜੇ ਸਿੰਘ 'ਭਡਿਆਰ')**- ਲੰਘੀ 14 ਮਾਰਚ ਦੀ ਸ਼ਾਮ ਗੋਲ਼ੀਆਂ ਮਾਰ ਕੇ ਕਤਲ ਕੀਤੇ ਗਏ ਕੌਮਾਂਤਰੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਜੱਦੀ ਪਿੰਡ ਨੰਗਲ ਅੰਬੀਆਂ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਇਸ ਦੌਰਾਨ ਜਿੱਥੇ ਕਈ ਖੇਡ ਪ੍ਰੇਮੀ ਪਹੁੰਚੇ, ਉਥੇ ਹੀ ਕਈ ਆਗੂ ਵੀ ਮੌਜੂਦ ਰਹੇ। ਹਜ਼ਾਰਾਂ ਦੀ ਗਿਣਤੀ ਵਿਚ ਇਲਾਕੇ ਅਤੇ ਪੰਜਾਬ ਭਰ ਤੋਂ ਆਈਆਂ ਵੱਖ-ਵੱਖ ਸ਼ਖਸੀਅਤਾਂ ਨੇ ਆਪਣੇ ਮਹਿਬੂਬ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਨਮ ਅੱਖਾਂ ਨਾਲ ਅੰਤਿਮ ਵਿਦਾਇਗੀ ਦਿੱਤੀ। ਸੰਦੀਪ ਨੰਗਲ ਅੰਬੀਆਂ ਦੇ ਕਤਲ ਕੇਸ 'ਚ ਗ੍ਰਿਫ਼ਤਾਰੀਆਂ ਹੋਣ ਮਗਰੋਂ ਵਿਸ਼ਵ ਕਬੱਡੀ ਟੂਰਨਾਮੈਂਟਾਂ ਵਿਚ ਗੈਂਗਸਟਰਾਂ ਦਾ ਦਬਦਬਾ ਵਧਣ ਦੇ ਖੁਲਾਸੇ ਹੋਏ ਹਨ। ਸੱਟੇਬਾਜ਼ੀ ਤੇ ਮੈਚ ਫਿਕਸਿੰਗ ਲਈ ਕਈ ਕਬੱਡੀ ਫੈਡਰੇਸ਼ਨਾਂ ਵੱਲੋਂ ਖਿਡਾਰੀਆਂ ਨੂੰ ਆਪਣੇ ਅਧੀਨ ਖੇਡਣ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਜਿਹੜੇ ਖਿਡਾਰੀ ਤੇ ਫੈਡਰੇਸ਼ਨਾਂ ਅਜਿਹਾ ਨਹੀਂ ਕਰਦੀਆਂ ਉਨ੍ਹਾਂ 'ਤੇ ਗੈਂਗਸਟਰਾਂ ਤੋਂ ਹਮਲੇ ਕਰਵਾਏ ਜਾਂਦੇ ਹਨ। ਇਹ ਮੁੱਦਾ ਉਸ ਸਮੇਂ ਚਰਚਾ ਦਾ ਵਿਸ਼ਾ ਬਣਿਆ ਜਦੋਂ ਲੰਘੇ ਕੁਝ ਮਹੀਨਿਆਂ ਦੌਰਾਨ ਅਜਿਹੇ ਵੱਡੇ ਪੰਜ ਹਮਲੇ ਹੋਏ ਸਨ। ਇਸ ਤੋਂ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਵਾ-ਪਰਦੀਆਂ ਰਹਿੰਦੀਆਂ ਸਨ। ਉੱਤਰੀ ਭਾਰਤ ਸਰਕਲ ਸਟਾਈਲ



ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸੁਰਜਨ ਸਿੰਘ ਚੱਠਾ ਨੇ ਨਵੰਬਰ 2019 'ਚ ਸ਼ਿਕਾਇਤ ਦੇ ਕੇ ਜੇਲ੍ਹ 'ਚ ਬੰਦ ਗੈਂਗਸਟਰ ਜੱਗੂ ਭਗਵਾਨਪੁਰੀਆ 'ਤੇ ਕਥਿਤ ਧਮਕੀਆਂ ਦੇਣ ਤੇ ਦਖਲਅੰਦਾਜ਼ੀ ਕਰਨ ਦਾ ਦੋਸ਼ ਲਾਇਆ ਸੀ।

ਸੰਦੀਪ ਨੰਗਲ ਅੰਬੀਆਂ ਕਤਲ ਕੇਸ 'ਚ ਚਾਰ ਗ੍ਰਿਫ਼ਤਾਰੀਆਂ ਤੋਂ ਬਾਅਦ ਜਲੰਧਰ ਦੇ ਐਸਐਸਪੀ ਸਤਿੰਦਰ ਸਿੰਘ ਨੇ ਦੱਸਿਆ, ''ਸੰਦੀਪ ਦੀ 'ਮੇਜਰ ਲੀਡ ਕਬੱਡੀ' ਵੱਡੇ ਟੂਰਨਾਮੈਂਟਾਂ 'ਚ ਹਿੱਸਾ ਲੈਂਦੀ ਸੀ। ਸਾਡੀ ਜਾਂਚ ਅਨੁਸਾਰ ਫਤਹਿ ਨਾਗਰੀ ਤੇ ਜਗਜੀਤ ਗਾਂਧੀ (ਦੋਵਾਂ ਦੀ ਅਜੇ ਗ੍ਰਿਫ਼ਤਾਰੀ ਹੋਣੀ ਬਾਕੀ) ਸਮੇਤ ਪੰਜਾਬ ਦੇ ਗੈਂਗਸਟਰਾਂ ਨੇ ਸੰਦੀਪ ਨੂੰ ਕਤਲ ਕਰਨ ਲਈ ਸ਼ੂਟਰਾਂ ਨਾਲ ਸੰਪਰਕ ਕੀਤਾ ਸੀ। ਇਹ ਸਭ ਕੁਝ ਕੈਨੇਡਾ ਆਧਾਰਿਤ ਸਨਾਵਰ ਢਿੱਲੋਂ ਦੇ ਇਸ਼ਾਰੇ 'ਤੇ ਕੀਤਾ ਗਿਆ ਜੋ ਚਾਹੁੰਦਾ ਸੀ ਕਿ ਸੰਦੀਪ ਤੇ ਹੋਰ ਖਿਡਾਰੀ ਉਸ ਦੀ ਕਬੱਡੀ ਲੀਗ 'ਨੈਸ਼ਨਲ ਕਬੱਡੀ ਫੈਡਰੇਸ਼ਨ ਆਫ ਓਂਟਾਰੀਓ' ਵੱਲੋਂ ਖੇਡਣ ਪਰ ਖਿਡਾਰੀ ਸੰਦੀਪ ਦੀ ਲੀਗ ਵੱਲੋਂ ਖੇਡਣ ਨੂੰ ਤਰਜੀਹ ਦੇ ਰਹੇ ਸਨ।'' ਕੁਝ ਕਬੱਡੀ ਖਿਡਾਰੀਆਂ ਤੇ ਅਧਿਕਾਰੀਆਂ ਨੇ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਗੈਂਗਸਟਰ ਕੌਮਾਂਤਰੀ ਖਿਡਾਰੀਆਂ ਨੂੰ ਆਪੋ-ਆਪਣੀ ਲੀਗ ਵੱਲੋਂ ਖੇਡਣ ਲਈ ਮਜਬੂਰ ਕਰਦੇ ਸਨ ਤਾਂ ਜੋ ਉਹ ਸੱਟਾ ਜਿੱਤ ਸਕਣ ਤੇ ਮੈਚ ਫਿਕਸ ਕਰ ਸਕਣ। ਇੱਕ ਖਿਡਾਰੀ ਨੇ ਦੋਸ਼ ਲਾਇਆ ਕਿ ਉਸ ਨੂੰ ਉਸ ਸਮੇਂ ਬਹੁਤ ਹੈਰਾਨੀ ਹੋਈ ਜਦੋਂ ਪਿੱਛੇ ਜਿਹੇ ਹੋਏ ਇੱਕ ਟੂਰਨਾਮੈਂਟ ਦੇ ਇੱਕ ਹਮਾਇਤੀ ਸਟਾਫ ਮੈਂਬਰ ਨੂੰ ਨਵੀਂ ਕਾਰ ਤੋਹਫ਼ੇ 'ਚ ਦਿੱਤੀ ਗਈ। ਅਧਿਕਾਰੀਆਂ ਨੇ ਖੁਲਾਸਾ ਕੀਤਾ ਕਿ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਇੱਕ ਹੋਰ ਖਿਡਾਰੀ ਫਰਿਆਦ ਤੇ ਉਸ ਦੇ ਭਰਾਵਾਂ 'ਤੇ ਵੀ ਪਿਛਲੇ ਸਾਲ ਦੋ ਵਾਰ ਹਮਲਾ ਹੋਇਆ ਸੀ ਕਿਉਂਕਿ ਉਨ੍ਹਾਂ ਗੈਂਗਸਟਰਾਂ ਦੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਅਧਿਕਾਰੀਆਂ ਅਨੁਸਾਰ ਪਹਿਲੇ ਹਮਲੇ 'ਚ ਫਰਿਆਦ ਦਾ ਬਚਾਅ ਰਿਹਾ ਪਰ ਅਕਤੂਬਰ 2021 'ਚ ਦੁਬਾਰਾ ਹੋਏ ਹਮਲੇ 'ਚ ਉਹ ਗੰਭੀਰ ਜ਼ਖ਼ਮੀ ਹੋ ਗਿਆ ਸੀ। ਅਜਿਹੇ ਹੀ ਹਮਲੇ ਤੋਂ ਬਾਅਦ ਇੱਕ ਖਿਡਾਰੀ ਜਯੋਤੀ ਧਾਮੀ ਵੱਲੋਂ ਕੀਤੇ ਗਏ ਖੁਲਾਸੇ ਅਨੁਸਾਰ, 'ਖੇਡ ਦੇ ਆਲਮੀਕਰਨ ਕਾਰਨ ਬਹੁਤ ਸਾਰੇ ਗੈਂਗਸਟਰ ਤੇ ਪ੍ਰਭਾਵਸ਼ਾਲੀ ਵਿਅਕਤੀ ਕਬੱਡੀ ਵਿੱਚ ਸ਼ਾਮਲ ਹੋ ਚੁੱਕੇ ਹਨ। ਉਹ ਪੰਜਾਬ ਦੇ ਸ਼ਹੀਦੀ ਜੋੜ ਮੇਲਿਆਂ ਅਤੇ ਪਿੰਡ ਪੱਧਰ 'ਤੇ ਹੋਣ ਵਾਲੇ ਟੂਰਨਾਮੈਂਟਾਂ 'ਚ ਆਪਣੀ ਮਰਜ਼ੀ ਚਲਾ ਕੇ ਖੇਡ ਦਾ ਨਾਂ ਬਦਨਾਮ ਕਰਦੇ ਹਨ।' ਸੱਟੇਬਾਜ਼ੀ ਬਾਰੇ ਉਸ ਨੇ ਦੱਸਿਆ ਕਿ ਹੁਣ ਖਿਡਾਰੀ ਇਸ ਵਾਅਦੇ ਨਾਲ ਮੈਚ ਫਿਕਸ ਕਰਦੇ ਹਨ ਕਿ ਉਹ ਦੂਜੀ ਧਿਰ ਨੂੰ ਜਿਤਾਉਣ ਬਦਲੇ ਇੱਕ ਟੂਰਨਾਮੈਂਟ ਹਾਰ ਜਾਣਗੇ।

## ਨੈਸ਼ਨਲ ਸ਼ਡਿਊਲਡ ਕਾਸਟ ਅਲਾਇੰਸ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਅਪੀਲ

# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦੇ ਦੋਸ਼ੀਆਂ ਨੂੰ ਬਚਾਉਣ ਲਈ ਪੰਜਾਬ ਕੈਬਨਿਟ ਦੁਆਰਾ ਜਨਵਰੀ 'ਚ ਲਏ ਫ਼ੈਸਲੇ ਨੂੰ ਰੱਦ ਕਰਨ ਦੀ ਮੰਗ

**ਚੰਡੀਗੜ੍ਹ–** ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਨਵੀਂ ਬਣੀ 'ਆਪ' ਸਰਕਾਰ ਨੂੰ ਵਧਾਈ ਦਿੰਦਿਆਂ ਨੈਸ਼ਨਲ ਸਡਿਊਲਡ ਕਾਸਟ ਅਲਾਇੰਸ ਨੇ ਅੱਜ ਜਾਂਚ ਮੁੜ ਖੋਲ੍ਹਣ ਅਤੇ ਦੋਸ਼ੀ ਅਦਾਰਿਆਂ 'ਤੇ ਜੁਰਮਾਨੇ ਬਹਾਲ ਕਰਨ ਦੀ ਮੰਗ ਕੀਤੀ, ਕਿ ਪਿਛਲੀ ਕਾਂਗਰਸ ਸਰਕਾਰ ਦੇ ਮੰਤਰੀ ਮੰਡਲ ਵੱਲੋਂ ਕੀਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਦੋਸ਼ੀ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਮੈਨੇਜਮੈਂਟ ਵਿਰੁੱਧ ਐਫ ਆਈ ਆਰ ਤੇ ਨਾਮਾਂਤਰ ਜੁਰਮਾਨੇ ਦੀ ਰਕਮ ਵਸੂਲਣ ਲਈ ਜਨਵਰੀ ਮਹੀਨੇ ਦੀ ਕੈਬਨਿਟ ਮੀਟਿੰਗ ਦੌਰਾਨ ਲਏ ਫ਼ੈਸਲੇ ਨੂੰ ਰੱਦ ਕਰਨ ਦੀ ਅਪੀਲ ਕੀਤੀ। ਲੱਖਾਂ ਗਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਦਾ ਗੰਭੀਰ ਮਸਲਾ ਲੰਮੇ ਸਮੇਂ ਤੋਂ ਚਲ ਰਿਹਾ ਹੈ। ਪੀਐਮਐਸ ਘੁਟਾਲੇ ਦੇ ਸਬੂਤ ਉਜ਼ਾਗਰ ਹੋਣ ਤੋਂ ਬਾਅਦ ਵੀ ਕੋਈ ਸਾਰਥਕ ਕਾਰਵਾਈ ਨਾ ਹੋਣ ਤੋਂ ਨੌਜਵਾਨ ਪ੍ਰੇਸ਼ਾਨ ਤੇ ਨਿਰਾਸ਼ ਹਨ।

ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਮੰਗ ਕਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਨੇ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਮੈਨੇਜਮੈਂਟ ਨਾਲ ਗੁਪਤ ਸਮਝੌਤੇ ਤਹਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਵਿਚ ਬੁਹਕਰੋੜੀ ਘੁਟਾਲੇ 'ਚ ਸ਼ਾਮਿਲ ਸੰਸਥਾਂਵਾਂ ਦੇ ਪ੍ਰਬੰਧਕਾਂ ਨੂੰ ਕੈਬਨਿਟ ਮੀਟਿੰਗ ਬਚਾਉਣ ਲਈ ਫੈਸਲਾ ਲਿਆ ਗਿਆ ਸੀ। ਕੈਂਥ ਨੇ ਕਿਹਾ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਇਸ ਮਾਮਲੇ ਵਿੱਚ ਮੰਗ ਕਰਦਾ ਹੈ ਕਿ ਇਸ ਗੰਭੀਰ ਮਸਲੇ ਦਾ ਕੀਤਾ ਕੈਬਨਿਟ ਫੈਸਲਾ ਰੱਦ ਕੀਤਾ ਜਾਵੇ ਅਤੇ ਇਹ ਫੈਸਲਾ ਕਾਂਗਰਸ ਪਾਰਟੀ ਦੀ ਅਗਵਾਈ ਹੇਠ ਪਿਛਲੀ ਰਾਜ ਸਰਕਾਰ ਦੁਆਰਾ ਇਨ੍ਹਾਂ ਵਿਦਿਅਕ ਸੰਸਥਾਵਾਂ ਤੋਂ ਚੋਣ ਫੰਡ ਬਟੋਰਨ ਲਈ ਇਹ ਫੈਸਲਾ ਲਿਆ ਗਿਆ ਸੀ। 300 ਕਰੋੜ ਰੁਪਏ ਤੋਂ ਵੀ ਵੱਧ ਘਪਲੇ ਦੀਆਂ ਫਾਈਲਾਂ ਨੂੰ ਬੰਦ ਕੀਤਾ ਹੈ ਦੋਸ਼ੀਆਂ ਨੂੰ ਬਚਾਉਣ ਲਈ ਸਮਾਜ ਭਲਾਈ ਵਿਭਾਗ





ਨੂੰ ਨਜ਼ਰ ਅੰਦਾਜ਼ ਕੀਤਾ ਅਤੇ ਨਿਯਮਾਂ ਦੇ ਉਲਟ ਗੈਰਸੰਵਿਧਾਨਕ ਫੈਸਲਾ ਹੈ ।

ਬੁਹਕਰੋੜੀ ਪੀਐਮਐਸ ਘੁਟਾਲੇ ਸਿਰਫ ਵਸੂਲੀ ਕੀਤੀ ਗਈ ਕੁੱਲ ਰਕਮ ਦੇ ਮੁਕਾਬਲੇ 9% ਦੰਡ ਵਿਆਜ ਸੀ ਜੋ ਅਸਲ ਵਿੱਚ ਵਸੂਲੀ ਜਾਣੀ ਹੈ। ਸਰਕਾਰ ਨੇ ਪਹਿਲਾਂ 70 ਵਿਦਿਅਕ ਸੰਸਥਾਵਾਂ ਦੀ ਸ਼ਨਾਖਤ ਕੀਤੀ ਸੀ ਜਿਨ੍ਹਾਂ ਕੋਲ ਰੁਪਏ ਤੋਂ ਵੱਧ ਸਨ। 50-50 ਲੱਖ, ਘੁਟਾਲੇ ਦੇ ਤਹਿਤ ਜੁਰਮਾਨੇ ਵਜੋਂ ਵਸੂਲ ਕੀਤੇ ਜਾਣਗੇ, 101.51 ਕਰੋੜ ਚੰਨੀ ਦੀ ਅਗਵਾਈ ਵਾਲੀ ਕੈਬਨਿਟ ਵੱਲੋਂ ਪਹਿਲੀ ਜਨਵਰੀ ਨੂੰ ਇਸ ਫੈਸਲੇ ਤੋਂ ਬਾਅਦ ਇਹ ਰਕਮ ਘਟਾ ਕੇ 56.64 ਕਰੋੜ ਅਤੇ ਇਸਦੇ ਲਈ ਬਿਨਾਂ ਕਿਸੇ ਵਿਆਖਿਆ/ਸੂਚਨਾ ਦੇ ਕਰ ਦਿੱਤੇ ਹਨ। ਕਾਲਜ਼ ਤੇ ਯੂਨੀਵਰਸਿਟੀਆਂ ਦੀ ਮੈਨੇਜਮੈਂਟ ਦੇ ਵਫ਼ਦ ਨੂੰ ਉਸ ਸਮੇਂ ਦੇ ਦੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਮੁਲਾਕਾਤ ਤੋਂ ਬਾਅਦ ਪੰਜਾਬ ਸਰਕਾਰ ਨੇ ਪ੍ਰਾਈਵੇਟ ਕਾਲਜਾਂ ਖ਼ਿਲਾਫ਼ ਦਰਜ ਐਫਆਈਆਰ ਵੀ ਮੁਕਤ ਕਰ ਦਿੱਤਾਂ ਸੀ। ਅਸੀਂ ਮਾਣਯੋਗ ਰਾਜਪਾਲ ਸ਼੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਮਿਲੇ ਸੀ ਅਤੇ ਉਨਾਂ ਸੁਝਾਅ ਦਿੱਤਾ ਸੀ ਕਿ ਉਹ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਨਵੀਂ ਬਣੀ ਸਰਕਾਰ ਤੋਂ ਫੈਸਲੇ ਵਿਰੁੱਧ ਇਸ ਕਾਰਵਾਈ ਦੀ ਮੰਗ ਕਰਨ।

ਕੈਂਥ ਨੇ ਅੱਗੇ ਕਿਹਾ, "ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਇਨ੍ਹਾਂ ਚੋਣ ਮੁਹਿੰਮਾਂ ਦੌਰਾਨ ਇਸ ਮੁੱਦੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਸੀ।

ਕੈਂਥ ਨੇ ਕਿਹਾ, "117 ਵਿਧਾਨ ਸਭਾ ਹਲਕਿਆਂ ਦੇ ਵਿਧਾਇਕਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਹਲਕੇ ਦੇ ਅਨੁਸੂਚਿਤ ਜਾਤੀ , ਪਛੜੇ ਵਰਗਾਂ ਅਤੇ ਧਾਰਮਿਕ ਘੱਟ ਗਿਣ-ਤੀਆਂ ਦੇ ਵਿਦਿਆਰਥੀਆਂ ਨੂੰ ਇਨਸਾਫ਼ ਦਿਵਾਉਣ ਲਈ ਆਪਣੀ ਆਵਾਜ਼ ਬੁਲੰਦ ਕਰਨ ਤਾਂ ਜੋ ਬੁਹਕਰੋੜੀ ਪੀਐਮਐਸ ਘੁਟਾਲੇ ਦੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਾਉਣ ਲਈ ਯੋਗਦਾਨ ਪਾਉਣ।

ਇਸ ਬੁਹਕਰੋੜੀ ਪੀਐਮਐਸ ਘੁਟਾਲੇ ਦੀ ਜਾਂਚ ਅਤੇ ਕਾਂਗਰਸ ਸਰਕਾਰ ਦੇ ਸਮੇਂ ਕੀਤੇ ਫੈਸਲੇ ਨੂੰ ਰੱਦ ਕਰਵਾਉਣ ਲਈ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਆਮ ਆਦਮੀ ਪਾਰਟੀ ਦੇ ਪ੍ਰਧਾਨ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨੈਸ਼ਨਲ ਸ਼ਡਿਊਲਡ ਕਾਸਟਸ ਅਲਾਇੰਸ ਨੇ ਇਸ ਗੰਭੀਰ ਮਸਲੇ ਪ੍ਰਤੀ ਪੱਤਰ ਵੀ ਲਿਖਿਆ ਹੈ।"ਸਾਨੂੰ ਨਵੀਂ ਸਰਕਾਰ ਤੋਂ ਬਹੁਤ ਉਮੀਦਾਂ ਹਨ ਅਤੇ ਇਹ ਇੱਕ ਸਵਾਗਤਯੋਗ ਕਦਮ ਹੋਵੇਗਾ ਜੇਕਰ ਇਸ ਸਰਕਾਰ ਦੁਆਰਾ ਕਾਂਗਰਸ ਦੀ ਪਿਛਲੀ ਸਰਕਾਰ ਦੇ ਅਧੀਨ ਫੈਲੇ ਭ੍ਰਿਸ਼ਟਾਚਾਰ ਨਾਲ ਨਜਿੱਠਣ ਅਤੇ ਉਲਟਾਉਣ ਲਈ ਚੁੱਕੇ ਗਏ ਪਹਿਲੇ ਕਦਮਾਂ ਵਿੱਚੋਂ ਇੱਕ ਕਦਮ ਹੈ।"

# ਗਿਆਨਦੀਪ ਸਾਹਿਤ ਸਾਧਨਾ ਮੰਚ ਵੱਲੋਂ ਵਿਸ਼ਵ ਨਾਰੀ ਦਿਵਸ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ







ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ:) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਇਕ ਸਾਹਿਤਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਪੰਜਾਬੀ ਅਦਬ ਦੀਆਂ ਦੋ ਨਾਮਵਰ ਕਵਿਤਰੀਆਂ ਡਾ ਜਸਵੀਰ ਕੌਰ ਭੱਲਮਾਜਰਾ ਅਤੇ ਛਿੰਦਰ ਕੌਰ ਸਿਰਸਾ ਦਾ ਰੂਬਰੂ ਅਤੇ ਸਨਮਾਨ ਕੀਤਾ ਗਿਆ। ਖਚਾਖਚ ਭਰੇ ਹਾਲ ਵਿੱਚ ਸਮਾਗਮ ਦਾ ਅਗਾਜ਼ ਕਰਦਿਆਂ ਮੰਚ ਦੇ ਜਨਰਲ ਸਕੱਤਰ ਬਲਬੀਰ ਜਲਾਲਾਬਾਦੀ ਨੇ ਦੋਹਵਾਂ ਕਵਿਤਰੀਆਂ ਦੀ ਕਾਵਿ—ਸਿਰਜਣਾ ਅਤੇ ਛਪੀਆਂ ਪੁਸਤਕਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ, "ਵਿਸ਼ਵ ਨਾਰੀ ਦਿਵਸ" ਅਤੇ "ਵਿਸ਼ਵ ਚਿੜੀ ਦਿਵਸ" ਨੂੰ ਸਮਰਪਿਤ ਸਮਾਗਮ ਵਿੱਚ ਮੰਚ ਦੇ ਪ੍ਰਧਾਨ ਡਾ। ਜੀ।ਐਸ। ਆਨੰਦ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ। ਸਮਾਗਮ ਵਿੱਚ ਪ੍ਰਧਾਨਗੀ ਲਈ ਪਹੁੰਚੇ ਭਾਸ਼ਾ ਵਿਭਾਗ ਦੇ ਸੰਯੁਕਤ ਡਾਇਰੈਕਟਰ ਡਾ। ਵੀਰਪਾਲ ਕੌਰ ਨੇ ਕਿਹਾ ਕਿ ਅਜੋਕੇ ਸਮਾਜ ਵਿੱਚ ਮਰਦ ਜੇਕਰ ਔਰਤ ਨਾਲ ਵਿਤਕਰਾ ਕਰਨਾ ਬੰਦ ਕਰ ਦੇਵੇ ਤਾਂ ਔਰਤ ਵਿਸ਼ਵ ਪੱਧਰ ਤੇ ਨਵੇਂ ਅਯਾਮ ਸਿਰਜ ਸਕਦੀ ਹੈ।

ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੀ ਪ੍ਰਸਿੱਧ ਲੇਖਕਾ ਪਰਮਜੀਤ ਕੌਰ ਸਰਹਿੰਦ ਦਾ ਕਥਨ ਸੀ ਕਿ ਔਰਤ ਖੁਦ ਇੱਕ ਸਿਰਜਣਾ ਹੈ ਫੇਰ ਵੀ ਉਹਨੂੰ ਆਪਣੀ ਹੋਂਦ ਦੀ ਸ਼ਨਾਖਤ ਲਈ ਸਮਾਜ ਨਾਲ ਜੰਗ ਲੜਨੀ ਪੈ ਰਹੀ ਹੈ।

ਸਮਾਗਮ ਵਿੱਚ ਡਾ ਨਵੀਨਾ ਸੱਤਿਆਦਾਸ, ਪ੍ਰੋਫ: ਕਵਲਜੀਤ ਕੌਰ ਦਿੱਲੀ, ਸੰਤੋਸ਼ ਸੰਧੀਰ, ਵਿਜੇਤਾ ਭਾਰਦਵਾਜ, ਪ੍ਰੋ ਜਸਪ੍ਰੀਤ ਕੌਰ, ਡਾ। ਰਾਕੇਸ਼ ਤਿਲਕਰਾਜ, ਐਡਵੋਕੇਟ ਮਨਮੋਹਨ ਸਿੰਘ, ਡਾ। ਹਰਪ੍ਰੀਤ ਰਾਣਾ, ਕੁਲਵੰਤ ਨਾਰੀਕੇ ਅਤੇ ਨਿਰਮਲਾ ਗਰਗ ਨੇ ਵੀ ਵਿਚਾਰ ਪੇਸ਼ ਕੀਤੇ। ਮੰਚ ਦੀ ਟੀਮ *ਚ ਕੁਲਵੰਤ ਸੈਦੋਕੇ, ਗੁਰਦਰਸ਼ਨ ਗੁਸੀਲ, ਹਰੀ ਸਿੰਘ ਚਮਕ, ਕੈਪ ਚਮਕੌਰ ਸਿੰਘ ਵੱਲੋਂ ਬਲਬੀਰ ਜਲਾਲਾਬਾਦੀ ਦਾ ਲਿਖਿਆ ਅਤੇ ਮੰਗਤ ਖਾਨ ਵੱਲੋਂ ਗਾਏ ਗੀਤ "ਕਰਜ਼" ਦਾ ਪੋਸਟਰ ਵੀ ਲੋਕ ਅਰਪਣ ਕੀਤਾ ਗਿਆ। ਕਵਿਤਾ ਦੇ ਸੈਸ਼ਨ ਵਿੱਚ ਡਾ ਹਰਜੀਤ ਸਿੰਘ ਸੱਧਰ ਕੁਲਵੰਤ ਖਨੌਰੀ, ਗੁਰਚਰਨ ਪੱਬਾਰਾਲੀ, ਪ੍ਰਵਿੰਦਰ ਸ਼ੋਖ, ਹਰੀ ਦੱਤ ਹਬੀਬ, ਜਸਵਿੰਦਰ ਖਾਰਾ, ਬਲਵਿੰਦਰ ਸਿੰਘ ਰਾਜ਼, ਗੁਰਪ੍ਰੀਤ ਜਖਵਾਲੀ, ਚੰਨ ਪਟਿਆਲਵੀ, ਮਨਪ੍ਰੀਤ ਅਚਾਨਕ, ਹਰਦੀਪ ਕੌਰ ਜੱਸੋਵਾਲ, ਸਿਮਰਨਜੀਤ ਸਿਮਰ, ਨਵਦੀਪ ਪਾਤੜਾਂ, ਕਿਰਨ ਸਿੰਗਲਾ, ਨਰਗਿਸ ਤਨਹਾ, ਲਾਲ ਮਿਸਤਰੀ, ਅਮਨਜੋਤ ਧਾਲੀਵਾਲ, ਕਮਲ ਸੇਖੋਂ, ਬਲਜਿੰਦਰ ਬੇਗਮ, ਤਜਿੰਦਰ ਅਣਜਾਣ, ਅਮਰਜੀਤ ਕੌਰ ਆਸ਼ਟ, ਕੁਲਦੀਪ ਕੌਰ ਧੰਜੂ, ਲਖਵੀਰ ਕੌਰ, ਬਲਬੀਰ ਸਿੰਘ ਦਿਲਦਾਰ, ਹਰੀਸ਼ ਪਟਿਆਲਵੀ, ਕਿਸ਼ਨ ਧੀਮਾਨ, ਸਤਨਾਮ ਮੱਟੂ, ਬਲਦੇਵ ਸਿੰਘ ਬਿੰਦਰਾ, ਹਰਵਿਨ ਸਿੰਘ, ਗੁਰਪ੍ਰੀਤ ਮੀਤ, ਤ੍ਰਿਲੋਕ ਢਿੱਲੋਂ, ਬਲਵਿੰਦਰ ਭੱਟੀ, ਸਤੀਸ਼ ਵਿਦਰੋਹੀ, ਰਾਮ ਸਿੰਘ ਬੰਗ, ਮਨਮੋਹਨ ਸਿੰਘ ਨਾਭਾ, ਕ੍ਰਿਪਾਲ ਮੂਣਕ ਤੋਂ ਇਲਾਵਾ ਹਰਜੀਤ ਕੈਂਥ, ਜਸਮੋਹਣ ਸਿੰਘ ਬੇਦੀ, ਊਧਮ ਸਿੰਘ, ਚਰਨ ਬੰਬੀਹਾ ਭਾਈ, ਰਵਿੰਦਰ ਕਾਲੇਕੇ, ਸ਼ਾਮ ਸਿੰਘ ਪ੍ਰੇਮ ਹਾਜ਼ਰ ਰਹੇ। ਫੋਟੋ ਸੈਸ਼ਨ ਮੰਚ ਦੇ ਪੀਆਰਓ। ਜੋਗਾ ਸਿੰਘ ਧਨੌਲਾ ਵਲੋਂ ਸ਼ੂਟ ਕੀਤਾ ਗਿਆ।

**ਜਾਰੀ ਕਰਤਾ:**
**ਬਲਬੀਰ ਜਲਾਲਾਬਾਦੀ**
**ਮੋ: 96461—02122**


# ਯੂਕੇ ਨੇ ਯੂਕਰੇਨ ਨੂੰ ਭੇਜੀਆਂ ਦਵਾਈਆਂ ਦੀਆਂ ਲੱਖਾਂ ਖੁਰਾਕਾਂ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਯੂਕੇ ਵੱਲੋਂ ਯੁੱਧ ਪ੍ਰਭਾਵਿਤ ਦੇਸ਼ ਯੂਕਰੇਨ ਦੀ ਹਰ ਸੰਭਵ ਮੱਦਦ ਕੀਤੀ ਜਾ ਰਹੀ ਹੈ। ਜਿਸ ਦੀ ਲੜੀ ਤਹਿਤ ਇੱਕ ਉਡਾਣ ਸੋਮਵਾਰ ਨੂੰ 100,000 ਦਵਾਈਆਂ ਦੇ ਪੈਕ ਲੈ ਕੇ ਯੂਕੇ ਤੋਂ ਰਵਾਨਾ ਹੋਈ। ਰੂਸੀ ਹਮਲੇ ਵਿੱਚ ਜ਼ਖਮੀ ਹੋਏ ਲੋਕਾਂ ਦੀ ਮੱਦਦ ਲਈ ਯੂਕਰੇਨ ਨੂੰ ਭੇਜੀਆਂ ਜਾਣ ਵਾਲੀਆਂ ਦਵਾਈਆਂ ਦੀਆਂ 10 ਲੱਖ ਤੋਂ ਵੱਧ ਖੁਰਾਕਾਂ ਨਵੀ ਮੈਡੀਕਲ ਸਹਾਇਤਾ ਵਿੱਚੋਂ ਇੱਕ ਹਨ। ਇਸ ਯੁੱਧ ਪ੍ਰਭਾਵਿਤ ਦੇਸ਼ ਲਈ ਇੱਕ 11ਵੀਂ ਉਡਾਣ ਸੋਮਵਾਰ ਨੂੰ ਯੂਕੇ ਤੋਂ ਰਵਾਨਾ ਹੋਈ, ਜਿਸ ਵਿੱਚ ਹਮਲਿਆਂ ਵਿੱਚ ਫਸੇ ਲੋਕਾਂ ਲਈ ਦਰਦ ਨਿਵਾਰਕ ਦਵਾਈਆਂ ਸਮੇਤ 100,000 ਤੋਂ ਵੱਧ ਦਵਾਈਆਂ ਦੇ ਪੈਕ ਸ਼ਾਮਲ ਸਨ। ਇਹ ਸ਼ਿਪ-ਮੈਂਟ ਲਗਭਗ 120,000 ਪੈਕ ਲਿਜਾ ਰਹੀ ਹੈ ।ਯੂਕੇ ਸਰਕਾਰ ਨੇ ਕਿਹਾ ਕਿ ਇਸ ਹਮਲੇ ਲਈ ਯੂਕੇ ਦੇ ਵਿਆਪਕ ਮਾਨਵਤਾਵਾਦੀ ਪ੍ਰਤੀਕ੍ਰਿਆ ਦੇ ਹਿੱਸੇ ਵਜੋਂ, 3.17 ਮਿਲੀਅਨ ਮੈਡੀਕਲ ਵਸਤੂਆਂ ਹੁਣ ਤੱਕ ਯੂਕਰੇਨ ਨੂੰ ਦਾਨ ਕੀਤੀਆਂ ਗਈਆਂ ਹਨ।



ਹੁਣ ਤੱਕ ਭੇਜੀਆਂ ਗਈਆਂ ਵਸਤਾਂ ਵਿੱਚ ਲਗਭਗ 3000 ਬਾਲਗ ਰੀਸੂਸੀਟੇਟਰ, 32,000 ਤੋਂ ਵੱਧ ਪੱਟੀਆਂ ਦੇ ਪੈਕ, ਵੈਂਟੀਲੇਟਰਾਂ ਲਈ 1600 ਉਪਕਰਣ ਅਤੇ ਦਸਤਾਨਿਆਂ ਦੇ 72,000 ਪੈਕ ਸ਼ਾਮਲ ਹਨ। ਸਿਹਤ ਸਕੱਤਰ ਸਾਜਿਦ ਜਾਵਿਦ ਅਨੁਸਾਰ ਯੂਕੇ ਨੇ ਯੂਕਰੇਨ ਨੂੰ ਜੀਵਨ ਬਚਾਉਣ ਵਾਲੀ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਲਈ ਤੇਜ਼ੀ ਨਾਲ ਕੰਮ ਕੀਤਾ ਹੈ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com





Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558:

Amazon.com: Book

# ਪੰਜਾਬ ਦੀਆਂ ਵਰਤਮਾਨ ਚੋਣਾਂ, ਬਹੁਜਨ ਸਮਾਜ ਅਤੇ 'ਆਪ'- ਇਕ ਵਿਸ਼ਲੇਸ਼ਣ



**ਫਤਿਹਜੰਗ ਸਿੰਘ**
ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ
91-98726-70278

ਇਸ ਵਾਰ ਪੰਜਾਬ ਅਸੈਂਬਲੀ ਚੋਣਾਂ-2022 ਵਿਚ ਕਈ ਮਹੱਤਵਪੂਰਨ ਤਬਦੀਲੀਆਂ ਵੇਖਣ ਨੂੰ ਮਿਲੀਆਂ ਹਨ। ਸਿਰਫ ਡੇਢ ਦਹਾਕਾ ਉਮਰ ਵਾਲੀ ਨਵੀਂ ਪਾਰਟੀ (ਆਮ ਆਦਮੀ ਪਾਰਟੀ) ਨੇ 92 ਸੀਟਾਂ ਜਿੱਤ ਕੇ ਰਾਜ ਸੱਤਾ ਤੇ ਕਾਬਜ਼ ਹੋ ਕੇ ਨਵਾਂ ਇਤਿਹਾਸ ਸਿਰਜਿਆ ਹੈ। ਰਾਜਨੀਤੀ ਵਿਚ ਪੁਰਾਣੀਆਂ ਪਾਰਟੀਆਂ ਦੇ ਡੂੰਘੀਆਂ ਜੜ੍ਹਾਂ ਵਾਲੇ ਅਤੇ ਵੱਡੇ ਵੱਡੇ ਘਾਗ ਸਿਆਸਤਦਾਨ ਤੱਕ ਹਾਰ ਗਏ ਹਨ। ਵੱਖ ਵੱਖ ਚੋਣਾਂ ਦੇ ਸਰਵੇਖਣਾਂ ਦੇ ਆਧਾਰ 'ਤੇ ਆਖਿਆ ਜਾ ਸਕਦਾ ਹੈ ਕਿ ਇਸ ਵਾਰ ਵੋਟਰਾਂ ਵਿਚ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਤੋਂ ਨਰਾਜ਼ਗੀ ਅਤੇ ਨਿਰਾਸ਼ਤਾ ਇਸ ਹੱਦ ਤੱਕ ਪਹੁੰਚ ਗਈ ਸੀ ਕਿ ਉਹਨਾਂ ਨੇ ਖੁੱਲ੍ਹ ਕੇ ਵੋਟਾਂ ਦਾ ਇਸਤੇਮਾਲ ਕਰਦਿਆਂ ਨਵੇਂ ਹੀ ਨਤੀਜੇ ਕੱਢ ਵਿਖਾਏ। ਇਕ ਸਰਵੇਖਣ ਅਨੁਸਾਰ ਪੰਜਾਬ ਕਾਂਗਰਸ ਸਰਕਾਰ ਦੀ ਪਿਛਲੇ ਪੰਜ ਸਾਲਾਂ ਦੀ ਕਾਰਗੁਜ਼ਾਰੀ ਤੋਂ 50 ਫੀਸਦੀ ਵੋਟਰ ਅਸੰਤੁਸ਼ਟ ਸਨ। ਇਸ ਵਿਚ ਚੰਨੀ ਸਕਾਰ ਦੀ ਛੇ ਮਹੀਨੇ ਦੀ ਕਾਰਗੁਜ਼ਾਰੀ ਤੋਂ ਘੱਟ ਪਰ ਕੈਪਟਨ ਸਰਕਾਰ ਦੀ ਸਾਢੇ ਚਾਰ ਸਾਲ ਦੀ ਕਾਰਗੁਜ਼ਾਰੀ ਤੋਂ ਵੱਧ ਅਸੰਤੁਸ਼ਟ ਪਾਏ ਗਏ। ਕੇਂਦਰੀ ਭਾਜਪਾ ਸਰਕਾਰ ਦੀ ਪਿਛਲੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਤੋਂ 53 ਫੀਸਦੀ ਵੋਟਰ ਅਸੰਤੁਸ਼ਟ ਸਨ, ਭਾਵੇਂ ਉਸਨੇ ਖੇਤੀ ਕਾਨੂੰਨ ਵਾਪਸ ਵੀ ਲੈ ਲਏ ਸਨ। ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਪਾਰਟੀ 'ਪੰਜਾਬ ਲੋਕ ਕਾਂਗਰਸ', ਸੰਯੁਕਤ ਅਕਾਲੀ ਦਲ ਸਮੇਤ ਭਾਜਪਾ ਨੂੰ ਇਸਦਾ ਖਮਿਆਜ਼ਾ ਭੁਗਤਣਾ ਪਿਆ। ਸਰਵੇਖਣ ਅਨੁਸਾਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਇਕ ਇਕ ਤਿਹਾਈ ਤੋਂ ਵੱਧ ਵੋਟਰ 'ਆਪ' ਪਾਰਟੀ ਕੋਲ ਚਲੇ ਗਏ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਜੇ ਪਹਿਲਾਂ ਵਾਲਾ ਗੱਠਜੋੜ ਕਾਇਮ ਰਹਿੰਦਾ ਤਾਂ ਹੋਰ ਵੀ ਵੱਧ ਨੁਕਸਾਨ ਹੋਣਾ ਸੀ। ਬਸਪਾ ਨੇ ਜਿਵੇਂ ਕਿਵੇਂ ਢਾਈ ਦਹਾਕਿਆਂ ਬਾਅਦ ਇਕ ਮੈਂਬਰ ਜਿਤਾ ਕੇ ਖਾਤਾ ਖੋਲ੍ਹਣ ਵਿਚ ਸਫਲਤਾ ਪ੍ਰਾਪਤ ਕੀਤੀ। ਇਸਦੇ ਵੋਟ ਬੈਂਕ ਵਿਚ ਨਿਗੁਣਾ ਜਿਹਾ ਵਾਧਾ ਵੀ ਦਰਜ ਹੋਇਆ।

ਇਸ ਵਾਰ ਇਹ ਵੀ ਨਵਾਂ ਵਾਪਰਿਆ ਕਿ ਆਮ ਦੀ ਤਰ੍ਹਾਂ ਡੇਰੇ ਆਪਣੇ ਸਮਰਥਕਾਂ ਕੋਲੋਂ ਆਪਣੀ ਮਨਚਾਹੀ ਪਾਰਟੀ ਨੂੰ ਵੋਟਾਂ ਭੁਗਤਾਉਣ ਵਿਚ ਬੁਰੀ ਤਰ੍ਹਾਂ ਅਸਫਲ ਰਹੇ। ਕੇਂਦਰੀ ਭਾਜਪਾ ਸਰਕਾਰ ਵੱਲੋਂ ਇਸੇ ਨੀਤ ਨਾਲ ਹਰਿਆਣਾ ਸਰਕਾਰ ਨਾਲ ਮਿਲ ਕੇ ਡੇਰਾ 'ਸੱਚਾ ਸੌਦਾ' ਦੇ ਉਮਰ ਕੈਦ (ਬਲਾਤਕਾਰ ਤੇ ਕਤਲ ਕੇਸਾਂ ਵਿਚ) ਭੁਗਤ ਰਹੇ ਮੁਖੀ ਰਾਮ ਰਹੀਮ ਨੂੰ ਪੈਰੋਲ 'ਤੇ ਛੱਡਿਆ ਗਿਆ ਅਤੇ ਉਸ ਵੱਲੋਂ ਪਹਿਲਾਂ ਦੀ ਤਰ੍ਹਾਂ ਆਪਣੇ ਸਮਰਥਕਾਂ ਨੂੰ ਮਨਚਾਹੀ ਪਾਰਟੀ ਨੂੰ ਵੋਟਾਂ ਪਾਉਣ ਲਈ ਕਿਹਾ ਵੀ ਗਿਆ ਪਰ ਕਿਤੇ ਕੋਈ ਅਸਰ ਵੇਖਣ ਨੂੰ ਨਹੀਂ ਮਿਲਿਆ। ਇੱਥੋਂ ਤੱਕ ਕਿ ਉਸਦਾ ਨਜ਼ਦੀਕੀ ਰਿਸ਼ਤੇਦਾਰ ਵੀ ਹਾਰ ਗਿਆ। ਪ੍ਰਧਾਨ ਮੰਤਰੀ ਵੱਲੋਂ ਆਪਣੀ ਰਿਹਾਇਸ਼ 'ਤੇ ਹੋਰ ਵੀ ਕਈ ਡੇਰੇ ਦੇ ਮੁਖੀਆਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ ਪਰ ਕੋਈ ਵੀ ਡੇਰੇਦਾਰ ਆਪਣੇ ਸਮਰਥਕਾਂ ਨੂੰ ਮਨਚਾਹੀ ਪਾਰਟੀ ਦੇ ਹੱਕ ਵਿਚ ਨਾ ਭੁਗਤਾ ਸਕਿਆ। ਸਿਰਫ 'ਡੇਰਾ ਬੱਲਾਂ' ਵੱਲੋਂ ਕਾਂਗਰਸ ਦੀ ਮਦਦ ਕਰਨ ਨਾਲ ਦੁਆਬੇ ਵਿਚ ਕਾਂਗਰਸ ਨੂੰ ਕੁਝ ਫਾਇਦਾ ਹੁੰਦਾ ਨਜ਼ਰ ਆਇਆ।

ਇਹਨਾਂ ਚੋਣਾਂ ਵਿਚ ਕਾਂਗਰਸ ਅਤੇ ਅਕਾਲੀ ਦਲ ਦੀ ਅੰਦਰੂਨੀ ਮਿਲੀਭੁਗਤ ਵੀ ਜੱਗ ਜਾਹਿਰ ਹੋਈ ਹੈ, ਜਿਸਨੂੰ ਵੋਟਰਾਂ ਨੇ ਆਪਣੇ ਨਾਲ ਧੋਖਾ ਕਰਾਰ ਦਿੱਤਾ ਤੇ ਬਣਦੀ ਸਜ਼ਾ ਦਿੱਤੀ। ਇਸੇ ਤਰ੍ਹਾਂ ਹੀ ਕੈਪਟਨ ਅਤੇ ਸੁਖਦੇਵ ਢੀਂਡਸਾ ਦਾ ਭਾਜਪਾ ਨਾਲ ਕੀਤਾ ਗੱਠਜੋੜ ਵੀ ਪੂਰੀ ਤਰ੍ਹਾਂ ਨਾਕਾਰ ਦਿੱਤਾ ਗਿਆ। ਇੱਥੋਂ ਤੱਕ ਕਿ ਇਹ ਆਪਣੀ ਆਪਣੀ ਸੀਟ ਵੀ ਨਹੀਂ ਬਚਾਅ ਸਕੇ। ਕਾਂਗਰਸ ਦੇ ਅੰਦਰੂਨੀ ਕਾਟੋ-ਕਲੇਸ਼ ਨੇ ਬਲਦੀ ਤੇ ਹੋਰ ਤੇਲ ਪਾਉਣ ਦਾ ਕੰਮ ਕੀਤਾ। ਕਾਂਗਰਸ ਵੱਲੋਂ ਚੰਨੀ ਨੂੰ ਮੁੱਖ ਮੰਤਰੀ ਚਿਹਰਾ ਬਣਾਉਣਾ ਵੀ ਸਿੱਧੂ ਪੱਖੀ ਵੋਟਰਾਂ ਨੂੰ ਪਸੰਦ ਨਹੀਂ ਆਇਆ ਅਤੇ ਨਾ ਹੀ ਉਹਨਾਂ ਨੂੰ ਪਸੰਦ ਆਇਆ ਜੋ ਪੰਜਾਬ ਵਿਚ ਹਮੇਸ਼ਾ ਜੱਟ ਸਿੱਖ ਨੂੰ ਹੀ ਮੁੱਖ ਮੰਤਰੀ ਵੇਖਣਾ ਚਾਹੁੰਦੇ ਹਨ। ਭਾਜਪਾ ਸਰਕਾਰ ਦਾ ਖੇਤੀ ਕਾਨੂੰਨ ਪਾਸ ਕਰਨਾ ਅਤੇ ਫਿਰ ਕਿਸਾਨਾਂ ਦਾ ਇਕ ਸਾਲ ਤੋਂ ਵੱਧ ਦਿੱਲੀ ਬਾਰਡਰ ਤੇ ਇਹਨਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕੀਤੇ ਸੰਘਰਸ਼ ਦੌਰਾਨ ਝੱਲੀਆਂ ਯਾਤਨਾਵਾਂ ਅਤੇ ਸ਼ਹੀਦੀਆਂ ਦੇ ਜ਼ਖਮ ਵੀ ਹਾਲੇ ਅੱਲੇ ਹੀ ਸਨ, ਜਿਹਨਾਂ ਦਾ ਰੋਸ ਭਾਜਪਾ ਨੂੰ ਸਹਿਣਾ ਪਿਆ ਪਰ ਭਾਜਪਾ ਫਿਰ ਵੀ ਦੂਜੀਆਂ ਰਾਜਨੀਤਿਕ ਪਾਰਟੀਆਂ ਦੇ ਮੁਕਾਬਲੇ ਇਸ ਗਹਿਗੱਠ ਮੁਠਭੇੜ ਵਿਚ ਆਪਣੇ ਪਾਰਟੀ ਪ੍ਰਧਾਨ ਦੀ ਸੀਟ ਜਿੱਤਣ ਵਿਚ ਕਾਮਯਾਬ ਰਹੀ ਜਦੋਂ ਕਿ ਬਾਕੀ ਦੀਆਂ ਪਾਰਟੀਆਂ ਆਪਣੇ ਆਪਣੇ ਪ੍ਰਧਾਨ ਦੀ ਸੀਟ ਵੀ ਗੁਆ ਬੈਠੀਆਂ। ਇਸ ਸਭ ਕੁਝ ਦਾ ਸਮੁੱਚਾ ਪ੍ਰਭਾਵ ਵੋਟਰ ਨੇ ਕਬੂਲ ਕੇ ਕਿਸੇ ਨਵੀਂ ਪਾਰਟੀ ਰਾਹੀਂ ਨਵਾਂ ਬਦਲਾਓ ਲਿਆਉਣ ਦੀ ਠਾਣ ਲਈ। ਇਸ ਮਕਸਦ ਲਈ 'ਆਪ' ਪਾਰਟੀ ਆਪਣੇ ਦਿੱਲੀ ਦੇ ਮਾਡਲ ਸਮੇਤ ਚੋਣ ਮੈਦਾਨ ਵਿਚ ਹਾਜ਼ਰ ਸੀ, ਜਿਸਨੂੰ ਵੋਟਰਾਂ ਨੇ ਬਿਨਾਂ ਕਿਸੇ ਲੰਬੀ ਚੌੜੀ ਸੋਚ ਵਿਚ ਪਿਆਂ ਅਪਣਾ ਲਿਆ। ਇਸੇ ਸੋਚ ਦਾ ਨਤੀਜਾ ਸੀ ਆਪ ਵੱਲੋਂ 92 ਸੀਟਾਂ ਦਾ ਜਿੱਤਣਾ ਤੇ ਬਾਕੀ ਪਾਰਟੀਆਂ ਦਾ ਸਫਾਇਆ।

ਇਸ ਸਾਰੀ ਤਬਦੀਲੀ ਦੇ ਕਾਰਨਾਂ ਦੇ ਸਨਮੁਖ ਬਹੁਜਨ ਸਮਾਜ ਨੂੰ ਵੀ ਆਪਣੀ ਸੋਚ ਖੰਘਾਲਣ ਦੀ ਸਖਤ ਲੋੜ ਹੈ। ਕਹਿਣ ਨੂੰ ਤਾਂ ਉਹਨਾਂ ਦੀ ਆਖੀ ਜਾਣ ਵਾਲੀ ਆਪਣੀ ਪਾਰਟੀ ਬਸਪਾ ਦੀ ਵੋਟ ਪ੍ਰਤੀਸ਼ਤਤਾ ਵਿਚ ਮਾਮੂਲੀ ਵਾਧਾ ਵੀ ਹੋਇਆ ਹੈ ਅਤੇ ਉਹਨਾਂ ਦੇ ਹਿੱਸੇ ਢਾਈ ਦਹਾਕਿਆਂ ਬਾਅਦ ਇਕ ਸੀਟ ਵੀ ਆਈ ਹੈ, ਪਰ ਸੂਬੇ ਵਿਚ ਇਕੱਲੇ ਦਲਿਤ ਹੀ, ਜੋ ਕਿ ਬਹੁਜਨ ਸਮਾਜ ਦਾ ਮਹੱਤਵਪੂਰਨ ਅੰਗ ਹਨ, ਦੇਸ਼ ਦੇ ਕਿਸੇ ਵੀ ਸੂਬੇ ਨਾਲੋਂ ਵੱਧ ਪ੍ਰਤੀਸ਼ਤਤਾ ਰੱਖਦੇ ਹਨ ਅਤੇ ਵਧੀਆ ਪਾਰਟੀ ਵਿਚਾਰਧਾਰਾ, ਗੱਠਜੋੜ ਤੇ ਸੰਘਰਸ਼ ਨੂੰ ਵੇਖਦਿਆਂ ਘੋਰ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਸੂਬੇ ਵਿਚ ਚਾਰ ਦਹਾਕਿਆਂ ਤੋਂ ਹੋਂਦ ਵਿਖਾ ਰਹੀ ਪਾਰਟੀ ਨਾ ਤਾਂ ਹੁਣ ਤੱਕ ਬਹੁਜਨ ਸਮਾਜ ਹੀ ਬਣਾ ਸਕੀ ਅਤੇ ਨਾ ਹੀ ਕੋਈ ਜਨ ਅੰਦੋਲਨ ਖੜ੍ਹਾ ਕਰ ਸਕੀ ਹੈ। ਇਕੱਲੇ ਦਲਿਤਾਂ ਦਾ ਹੀ ਗੱਲ ਕਰੀਏ ਤਾਂ ਉਹਨਾਂ ਦੀ 33 ਫੀਸਦੀ ਗਿਣਤੀ ਭਾਰਤ ਦੇ ਕਿਸੇ ਵੀ ਸੂਬੇ ਤੋਂ ਵੱਧ ਹੁੰਦੀ ਹੋਈ ਵੀ ਬਾਕੀ ਬਹੁਜਨ ਸਮਾਜ ਨੂੰ ਨਾਲ ਲਾ ਕੇ ਆਪਣਾ ਮੁੱਖ ਮੰਤਰੀ ਬਣਾਉਣ ਦੇ ਕਾਬਲ ਨਹੀਂ ਹੋਈ। ਮੁੱਖ ਮੰਤਰੀ ਦੀ ਗੱਲ ਛੱਡੋ ਕਿਤੇ ਵਿਰੋਧੀ ਪਾਰਟੀ ਬਣਨ ਜੋਗੀਆਂ ਸੀਟਾਂ ਹੀ ਲੈ ਲਵੇ। ਦੂਜੇ ਪਾਸੇ 21 ਫੀਸਦੀ ਜੱਟ ਵੋਟ ਨੇ ਜਿੱਥੇ ਪਹਿਲਾਂ ਦੋ ਪਾਰਟੀਆਂ (ਅਕਾਲੀ ਦਲ ਅਤੇ ਕਾਂਗਰਸ) ਅਪਣਾ ਰੱਖੀਆਂ ਸਨ, ਹੁਣ ਤੀਜੀ ਪਾਰਟੀ ਆਮ ਆਦਮੀ ਪਾਰਟੀ ਅਪਣਾ ਕੇ ਫਿਰ ਤੋਂ ਜੱਟ ਮੁੱਖ ਮੰਤਰੀ ਬਣਾ ਲਿਆ ਅਤੇ ਗਾਹੇ ਬਗਾਹੇ ਜੱਟ ਆਗੂਆਂ ਦੇ ਮੂੰਹੋਂ ਨਿਕਲੇ ਇਹ ਗੱਲ ਕਿ ਪੰਜਾਬ ਦਾ ਮੁੱਖ ਮੰਤਰੀ ਤਾਂ ਜੱਟ ਸਿੱਖ ਹੀ ਹੋਵੇਗਾ, ਆਖਿਰ ਸੱਚ ਕਰ ਵਿਖਾਈ। ਪਾਰਟੀ ਪ੍ਰਧਾਨ ਰਹੇ ਇਕ ਜੱਟ ਹਿੰਦੂ ਦਾ ਦਰਦ ਉਸ ਵੇਲੇ ਜ਼ੁਬਾਨ ਤੇ ਆ ਗਿਆ ਕਿ ਉਸਨੂੰ ਮੁੱਖ ਮੰਤਰੀ ਦੀ ਦੌੜ ਵਿਚ 42 ਵੋਟਾਂ ਮਿਲਣ ਦੇ ਬਾਵਜੂਦ ਵੀ ਉਸਦੇ ਹਿੰਦੂ ਹੋਣ ਕਾਰਨ ਉਸਨੂੰ ਮੁੱਖ ਮੰਤਰੀ ਦੇ ਯੋਗ ਨਹੀਂ ਸਮਝਿਆ ਗਿਆ। ਜਦੋਂ ਕਿ ਦੋ ਵੋਟਾਂ ਲੈਣ ਵਾਲੇ ਦਲਿਤ ਨੂੰ ਬਣਾ ਦਿੱਤਾ ਗਿਆ। ਇਸ ਗੱਲ ਦਾ ਉਲਟ ਅਸਰ ਜਿੱਥੇ ਹਿੰਦੂ ਕਾਂਗਰਸ ਵੋਟਰ ਤੇ ਪਿਆ, ਉਥੇ ਜੱਟ ਵੋਟਰ 'ਤੇ ਵੀ ਪਿਆ। ਪਰ ਇਸਦਾ ਜੋ ਅਸਰ ਦਲਿਤ ਜਾਂ ਬਹੁਜਨ ਸਮਾਜ ਤੇ ਪੈਣਾ ਚਾਹੀਦਾ ਸੀ, ਉਹ ਨਹੀਂ ਪਿਆ। ਇਸਦਾ ਲਾਭ ਵੀ ਅੰਤ 'ਆਪ' ਪਾਰਟੀ ਨੂੰ ਹੀ ਹੋਇਆ।

ਪੰਜਾਬ ਵਿਚ ਜੇ ਦਲਿਤ ਜਾਤੀ ਦੀ ਗੱਲ ਕਰੀਏ ਤਾਂ ਇਹ ਜਾਤੀ ਵੰਡ ਦਰ ਵੰਡ ਵਿਚ ਬਹੁਤ ਅੱਗੇ ਨਿਕਲ ਚੁੱਕੀ ਹੈ, ਜਿਸ ਕਰਕੇ ਇਸਤੇ ਕਿਸੇ ਵੀ ਚੰਗੀ ਤੋਂ ਚੰਗੀ ਵਿਚਾਰਧਾਰਾ ਜਾਂ ਗੱਠਜੋੜ ਸਮੀਕਰਨਾਂ ਦਾ ਕੋਈ ਅਸਰ ਨਹੀਂ ਹੁੰਦਾ। ਇਹਨਾਂ ਦੇ ਦੋ ਖੇਮੇ ਪੱਕੇ ਤੌਰ ਤੇ ਬਣੇ ਨਜ਼ਰ ਆਉਂਦੇ ਹਨ। ਇਕ ਰਵਿਦਾਸੀਏ+ ਆਦਿ ਧਰਮੀ ਅਤੇ ਹੋਰ, ਦੂਜਾ ਮਜ਼ਹਬੀ ਸਿੱਖ+ ਵਾਲਮੀਕੀ ਜਾਂ ਭੰਗੀ। ਇਹ ਦੋਵੇਂ ਖੇਮੇ ਦਲਿਤ ਹੁੰਦਿਆਂ ਵੀ ਇਕ ਦੂਜੇ ਦੇ ਅਜਿਹੇ ਦੁਸ਼ਮਣ ਬਣ ਖਲੋਏ ਹਨ ਕਿ ਇਹ ਇਕ ਦੂਜੇ ਵਿਚ ਨਾ ਸ਼ਾਦੀਆਂ ਕਰਦੇ ਹਨ ਅਤੇ ਨਾ ਸਿਆਸੀ ਮੰਚ ਸਾਂਝਾ ਕਰਦੇ ਹਨ।ਰਾਖਵਾਂਕਰਨ ਵਿਚ ਵੀ ਅੱਧੋ ਅੱਧ ਕਰਕੇ ਵੰਡੀਆਂ ਪਾ ਲਈਆਂ ਹਨ ਤੇ ਕੋਰਟ ਕਚਹਿਰੀਆਂ ਤੱਕ ਇਸਦੇ ਚੱਕਰ ਵਿਚ ਪਏ ਹੋਏ ਹਨ। ਆਗੂ ਰੋਟੀਆਂ ਸੇਕ ਰਹੇ ਹਨ। ਨਤੀਜੇ ਦੇ ਤੌਰ 'ਤੇ ਜਿੱਥੇ ਇਸ ਬਹੁਗਿਣਤੀ ਵਾਲੇ ਹਿੱਸੇ ਨੇ ਬਹੁਜਨ ਸਮਾਜ ਦੀ ਅਗਵਾਈ ਕਰਨੀ ਸੀ, ਉਥੇ ਇਹ ਆਪਸ ਵਿਚ ਹੀ ਉਲਝਕੇ ਮਾਰ ਖਾ ਰਹੇ ਹਨ। ਇਸਦੇ ਦੋਵੇਂ ਖੇਮੇ ਜੇ ਆਪਸ ਵਿਚ ਰੋਟੀ ਬੇਟੀ ਦੀ ਸਾਂਝ ਨਹੀਂ ਕਰ ਸਕਦੇ ਤਾਂ ਰਾਜਨੀਤਿਕ ਸਾਂਝ ਬਣਾ ਕੇ ਹੀ ਬੜਾ ਕੁਝ ਪ੍ਰਾਪਤ ਕਰ ਸਕਦੇ ਹਨ। ਇਹਨਾਂ ਦੀ ਆਪਸੀ ਫੁੱਟ ਹੀ ਦੁਸ਼ਮਣਾਂ ਦੇ ਹੌਸਲੇ ਵਧਾਉਣ ਦਾ ਕੰਮ ਕਰ ਰਹੀ ਹੈ।

ਦੂਜੇ ਪਾਸੇ ਜਦੋਂ ਬਹੁਜਨ ਸਮਾਜ ਆਪਣੇ ਵੱਖ-ਵੱਖ ਅੰਗਾਂ (ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲੇ, ਓ. ਬੀ. ਸੀ. ਅਤੇ ਘੱਟ ਗਿਣਤੀਆਂ) ਨੂੰ ਇਕਮੁੱਠ ਕਰਨ ਵਿਚ ਨਾਕਾਮਯਾਬ ਰਿਹਾ ਤਾਂ ਇਸਨੂੰ ਅੱਗੋਂ ਹੋਰ ਵੰਡ ਦਰ ਵੰਡ ਵਿਚ ਪਾ ਕੇ ਭਾਜਪਾ ਨੇ ਯੂ. ਪੀ. ਚੋਣਾਂ ਵਿਚ ਖੂਬ ਫਾਇਦਾ ਉਠਾਇਆ ਹੈ ਅਤੇ ਹੈਰਾਨੀਜਨਕ ਨਤੀਜੇ ਕੱਢ ਵਿਖਾਏ ਹਨ- ਕਾਰਨ ਭਾਵੇਂ ਕੁਝ ਹੋਰ ਵੀ ਹੋ ਸਕਦੇ ਹਨ। ਯੂ. ਪੀ. ਦੇ ਨਵੇਂ ਸਮੀਕਰਨਾਂ ਅਨੁਸਾਰ ਭਾਜਪਾ ਨੇ ਉਚ ਜਾਤੀਆਂ ਨਾਲ ਓ. ਬੀ. ਸੀ. (ਗੈਰ ਯਾਦਵ) ਮਿਲਾ ਲਏ। ਦੂਜੇ ਪਾਸੇ ਓ. ਬੀ. ਸੀ. (ਯਾਦਵ)+ ਦਲਿਤ (ਗੈਰ ਜਾਟਵ)+ ਘੱਟ ਗਿਣਤੀ ਅਤੇ ਤੀਜੇ ਪਾਸੇ ਦਲਿਤ (ਜਾਟਵ)+ ਥੋੜ੍ਹੀ ਗਿਣਤੀ ਬਚੀ ਘੱਟ ਗਿਣਤੀ ਸਮੁਦਾਵਾਂ ਦੀ। ਇਸ ਤਰ੍ਹਾਂ ਹੁਣ ਤੱਕ ਭਾਜਪਾ ਦੀ ਜੋ ਪ੍ਰੇਸ਼ਾਨੀ ਆਪਣੇ ਘੱਟ ਗਿਣਤੀ ਵਿਚ ਹੁੰਦਿਆਂ ਨਾਲ ਦਲਿਤਾਂ ਨੂੰ ਸ਼ਾਮਲ ਕਰਨ ਦੀ ਹੁੰਦੀ ਸੀ, ਉਹ ਦੂਰ ਹੋ ਗਈ ਤੇ ਉਹ ਹੁਣ ਆਸਾਨੀ ਨਾਲ ਪੂਰੀ ਹੋ ਗਈ ਅਤੇ ਇਸਦੇ ਲੰਮੇ ਸਮੇਂ ਤੱਕ ਚੱਲਣ ਦੇ ਆਸਾਰ ਵੀ ਬਣ ਗਏ ਕਿਉਂਕਿ ਇਸ ਨਾਲ ਓ. ਬੀ. ਸੀ. ਵੋਟਾਂ ਦੀ ਦਾਅਵੇਦਾਰ ਸਪਾ ਅਤੇ ਦਲਿਤਾਂ ਦੀ ਦਾਅਵੇਦਾਰ ਬਸਪਾ ਦੋਵੇਂ ਕਮਜ਼ੋਰ ਹੋ ਗਏ। ਬਹੁਜਨ ਸਮਾਜ ਦੇ ਸਾਰੇ ਗੁੱਟ ਬਿਖਰ ਗਏ, ਜਿਹਨਾਂ ਨੂੰ ਇਕਮੁੱਠ ਕਰਨਾ ਹੁਣ ਆਸਾਨ ਨਹੀਂ ਰਿਹਾ।

ਪੰਜਾਬ ਵਿਚ 'ਆਪ ' ਦੀ ਆਮਦ ਨਾਲ ਜਿੱਥੇ ਹੋਰ ਪਾਰਟੀਆਂ ਲਈ ਚੈਲਿੰਜ ਖੜ੍ਹਾ ਹੋ ਗਿਆ ਹੈ, ਉਥੇ ਬਸਪਾ ਲਈ ਮੁਸ਼ਕਿਲਾਂ ਹੋਰ ਵੀ ਜ਼ਿਆਦਾ ਵੱਧ ਗਈਆਂ ਹਨ। ਬਸਪਾ ਦਾ ਵੱਡਾ ਆਧਾਰ ਦਲਿਤ ਵੋਟ ਸੀ ਅਤੇ ਇਸਦੀ ਵਿਚਾਰਧਾਰਾ ਡਾ. ਅੰਬੇਡਕਰ ਅਤੇ ਕਾਂਸ਼ੀ ਰਾਮ ਦੀ ਸੀ। ਨਵੀਂ ਪਾਰਟੀ ਨੇ ਇਹ ਦੋਵੇਂ ਆਪਣੇ ਹੱਕ ਵਿਚ ਕਰਨ ਦੀਆਂ ਵੱਡੀਆਂ ਕੋਸ਼ਿਸ਼ਾਂ ਆਰੰਭੀਆਂ ਹਨ। ਸਰਕਾਰੀ ਦਫਤਰਾਂ ਵਿਚ ਡਾ. ਅੰਬੇਡਕਰ ਅਤੇ ਭਗਤ ਸਿੰਘ ਦੀਆਂ ਫੋਟੋਆਂ ਲਾਉਣ ਦੇ ਹੁਕਮ ਕਰਕੇ ਇਹ ਪ੍ਰਭਾਵ ਦਿੱਤਾ ਹੈ ਕਿ ਉਹ ਇਹਨਾਂ ਦੋਹਾਂ ਦੀ ਵਿਚਾਰਧਾਰਾ ਤੇ ਪਹਿਰਾ ਦੇਵੇਗੀ। ਉਸਨੇ ਆਪਣੀ ਪਹਿਲੀ ਦਸ ਮੈਂਬਰੀ ਕੈਬਨਿਟ ਵਿਚ ਚਾਰ ਮੈਂਬਰ ਦਲਿਤ ਲੈ ਕੇ ਬਹੁਤ ਵੱਡਾ ਪ੍ਰਭਾਵ ਦਲਿਤਾਂ ਦੇ ਹੱਕ ਵਿਚ ਦਿੱਤਾ ਹੈ ਕਿ ਉਹ ਦਲਿਤਾਂ ਦੀ ਅਮਲੀ ਤੌਰ ਤੇ ਖੈਰ ਖੁਆਹ ਹੈ ਸ਼ਬਦਾਂ ਦਾ ਹੇਰਫੇਰ ਨਹੀਂ। ਦਲਿਤ ਮੰਤਰੀਆਂ ਨੂੰ ਪਹਿਲਾਂ ਰਵਾਇਤੀ ਤੌਰ ਤੇ ਦਿੱਤੇ ਜਾਣ ਵਾਲੇ ਦਲਿਤ/ਸਮਾਜ ਭਲਾਈ ਮਹਿਕਮੇ ਦੇ ਘੇਰੇ ਵਿਚੋਂ ਕੱਢ ਕੇ ਵਿੱਤ ਮੰਤਰਾਲੇ ਸਮੇਤ ਹੋਰ ਮਹੱਤਵਪੂਰਨ ਮਹਿਕਮੇ ਦੇ ਕੇ ਕੈਬਨਿਟ ਵਿਚ ਮੁੱਖ ਮੰਤਰੀ ਤੋਂ ਬਾਅਦ ਦੂਜੇ ਨੰਬਰ ਦਾ ਦਲਿਤ ਮੰਤਰੀ ਨੂੰ ਦਰਜਾ ਵੀ ਦਿੱਤਾ ਹੈ। ਇਹਨਾਂ ਸਭ ਸਚਾਈਆਂ ਨੂੰ ਨਕਾਰਨਾ ਇੰਨਾ ਆਸਾਨ ਨਹੀਂ ਹੋਵੇਗਾ। ਨਾਲ ਹੀ ਮੁੱਖ ਮੰਤਰੀ ਜੱਟ ਭਾਈਚਾਰੇ ਵਿਚੋਂ ਬਣਾ ਕੇ ਉਹਨਾਂ ਨੂੰ ਵੀ ਸ਼ਾਤ ਕਰ ਲਿਆ ਹੈ। ਇੰਝ ਕਰਕੇ ਆਪ ਨੇ ਬਾਕੀ ਸਭ ਪਾਰਟੀਆਂ ਦੇ ਏਜੰਡੇ ਖੋਹ ਕੇ ਨਵੇਂ ਸਮੀਕਰਨ ਬਣਾਏ ਹਨ, ਜਿਹਨਾਂ ਨੂੰ ਤੋੜਨਾ ਭਵਿੱਖ ਵਿਚ ਇੰਨਾ ਆਸਾਨ ਨਹੀਂ ਹੋਵੇਗਾ। ਨਵੀਂ ਪਾਰਟੀ ਦੇ ਕੰਮ ਕਰਨ ਦੇ ਨਵੇਂ ਢੰਗ ਤਰੀਕਿਆਂ ਨੇ ਪਹਿਲਾਂ ਹੀ ਲੋਕਾਂ ਨੂੰ ਕੀਲ ਰੱਖਿਆ ਹੈ। ਹੁਣ ਅਮਲੀ ਤੌਰ ਤੇ ਸਭ ਕੁਝ ਵੇਖਣਾ ਹੋਵੇਗਾ।

# ਨਿਊਜ਼ੀਲੈਂਡ 'ਚ ਪੱਕੇ ਹੋਣ ਲਈ ਦਾਖਲ ਕੀਤੀਆਂ ਵੀਜ਼ਾ ਅਰਜ਼ੀਆਂ ਨੇ ਤੋੜੇ ਸਾਰੇ ਰਿਕਾਰਡ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)** ਨਿਊਜ਼ੀਲੈਂਡ ਦੇ ਵਿਚ 2021 ਰੈਜ਼ੀਡੈਂਟ ਵੀਜ਼ਾ ਅਰਜ਼ੀਆਂ ਦਾ ਦੂਜਾ ਗੇੜ ਅੱਜ ਸਵੇਰੇ 10 ਵਜੇ ਸ਼ੁਰੂ ਹੋਇਆ। ਲਗਪਗ 1,10,000 ਯੋਗ ਲੋਕਾਂ ਨੇ ਇਥੇ ਆਪਣੀਆਂ ਆਨ ਲਾਈਨ ਅਰਜ਼ੀਆਂ ਲਗਾਉਣੀਆਂ ਹਨ। ਭਾਵੇਂ ਇਮੀਗ੍ਰੇਸ਼ਨ ਨੇ ਇਹ ਦਾਅਵਾ ਕੀਤਾ ਸੀ ਕਿ ਜਿਆਦਾ ਗਿਣਤੀ ਦੇ ਵਿਚ ਇਕੋ ਦਿਨ ਅਰਜ਼ੀਆਂ ਦਾਖਲ ਹੋਣ ਦੇ ਬਾਵਜੂਦ ਵੀ ਕੋਈ ਤਕਨੀਕੀ ਸਮੱਸਿਆ ਨਹੀਂ ਆਵੇਗੀ, ਪਰ ਫਿਰ ਵੀ ਇਮੀਗ੍ਰੇਸ਼ਨ ਦੀ ਵੈਬਸਾਈਟ ਜਿਆਦਾ ਭਾਰ ਪੈਂਦਿਆਂ ਹੀ ਕਿਤੇ ਨਾ ਕਿਤੇ ਪੈਰ ਪਿੱਛੇ ਖਿਚਦੀ ਨਜ਼ਰ ਆਈ।

ਸਰਕਾਰੀ ਸੂਚਨਾ ਮੁਤਾਬਿਕ ਅੱਜ ਪਹਿਲੇ ਦਿਨ ਹੀ ਲਗਪਗ 6 ਘੰਟਿਆਂ (ਸ਼ਾਮ 4 ਵਜੇ ਤੱਕ) 8220 ਅਰਜ਼ੀਆਂ ਦਾਖਲ ਹੋ ਚੁੱਕੀਆਂ ਸਨ ਅਤੇ 8588 ਉਤੇ ਦਾਖਲ ਕਰਨ ਦੀ ਕਾਰਵਾਈ ਚੱਲ ਰਹੀ ਸੀ। ਇਸ ਤੋਂ ਪਹਿਲਾਂ ਇਮੀਗ੍ਰੇਸ਼ਨ ਕੋਲ 24 ਘੰਟਿਆਂ ਦੇ ਵਿਚ 3526 ਅਰਜ਼ੀਆਂ ਦਾਖਲ ਹੋਣ ਦਾ ਹੀ ਰਿਕਾਰਡ ਸੀ। ਦੂਜੇ ਗੇੜ ਦੀਆਂ ਅਰਜ਼ੀਆਂ 31 ਜੁਲਾਈ ਤੱਕ ਲਈਆਂ ਜਾਣੀਆਂ ਹਨ। ਵਰਨਣਯੋਗ ਹੈ ਕਿ ਪਹਿਲੇ ਗੇੜ ਦੇ ਵਿਚ ਹੁਣ ਤੱਕ 10,000 ਅਰਜ਼ੀਆਂ ਮੰਜ਼ੂਰ ਹੋ ਚੁੱਕੀਆਂ ਹਨ ਅਤੇ 20,000 ਦੇ ਕਰੀਬ ਲੋਕ ਪੱਕੇ ਹੋ ਚੁੱਕੇ ਹਨ। ਸਰਕਾਰ ਨੇ ਇਸ ਸਾਲ ਦੇ ਅੰਤ ਤੱਕ ਦੋਵਾਂ ਗੇੜਾਂ ਦੇ ਵਿਚ ਇਕ 1,65,000 ਦੇ ਕਰੀਬ ਲੋਕ ਪੱਕੇ ਕਰਨੇ ਹਨ। ਇਮੀਗ੍ਰੇਸ਼ਨ ਸਲਾਹਕਾਰ ਸੰਨੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਬਹੁਤ ਸਾਰੇ ਇਮੀਗ੍ਰੇਸ਼ਨ ਸਲਾਹਕਾਰ ਅੱਜ ਕਾਫੀ ਰੁੱਝੇ ਰਹੇ। ਇਕ ਅਰਜ਼ੀ ਨੂੰ ਅੱਧੇ ਘੰਟੇ ਤੋਂ ਇਕ ਘੰਟੇ ਤੱਕ ਦਾ ਵੀ ਸਮਾਂ ਲਗਦਾ ਰਿਹਾ ਹੈ। ਲੋਕਾਂ ਦੀ ਬੇਚੈਨੀ ਵੀ ਇਸ ਮੌਕੇ ਵੇਖੀ ਗਈ। ਦਾਖਲ ਅਰਜ਼ੀਆਂ ਦੇ ਜਵਾਬ ਵਿਚ ਲਿਖਿਆ ਮਿਲਦਾ ਹੈ ਕਿ ਤੁਹਾਡੀ ਅਰਜ਼ੀ ਮਿਲੀ ਹੈ ਅਤੇ 31 ਮਾਰਚ ਨੂੰ ਇਨ੍ਹਾਂ ਉਤੇ ਨਜ਼ਰ ਸਵੱਲੀ ਕੀਤੀ ਜਾਵੇਗੀ। ਜਿਨ੍ਹਾਂ ਅਰਜ਼ੀਦਾਤਾਵਾਂ ਦੇ ਵੀਜ਼ੇ ਪਹਿਲਾਂ ਖਤਮ ਹੋਣੇ ਹਨ, ਉਹ ਪਹਿਲਾਂ ਵਿਚਾਰੀਆਂ ਜਾਣਗੀਆਂ। ਜਿਨ੍ਹਾਂ ਦੇ ਹੋਰ ਕਾਗਜ਼ ਚਾਹੀਦੇ ਹੋਣਗੇ ਉਹ ਵੀ ਮੰਗੇ ਜਾਣਗੇ ਤੇ ਅੱਪਲੋਡ ਕਰਨ ਬਾਰੇ ਕਿਹਾ ਜਾਵੇਗਾ। ਜਿੰਨਾ ਚਿਰ ਇਨ੍ਹਾਂ ਅਰਜ਼ੀਆਂ ਦਾ ਫੈਸਲਾ ਨਹੀਂ ਹੋ ਜਾਂਦਾ ਓਨਾ ਚਿਰ ਅਰਜ਼ੀਦਾਤਾਵਾਂ ਨੂੰ ਆਪਣਾ ਵੀਜ਼ਾ ਇਥੇ ਮਿਆਦਪੂਰਨ ਰੱਖਣਾ ਹੋਵੇਗਾ। ਜੇਕਰ ਕੋਈ ਬਦਲਾਅ ਆ ਰਿਹਾ ਹੋਵੇ ਤਾਂ ਇਮੀਗ੍ਰੇਸ਼ਨ ਨੂੰ ਤੁਰੰਤ ਦੱਸਣਾ ਚਾਹੀਦਾ ਹੈ।



# ਬਹੁਜਨ ਸਮਾਜ ਦੇ ਸੰਘਰਸ਼ਮਈ ਜੀਵਨ ਦੀ ਗਾਥਾ ਹੈ ਪੁਸਤਕ 'ਬਹੁਜਨਾਂ ਦੇ ਨਾਇਕ ਕਾਂਸ਼ੀ ਰਾਮ'


ਭਾਰਤੀ ਸਿਆਸਤ ਦੇ ਸਮੀਕਰਨ ਬਦਲਣ ਅਤੇ ਟੁਕੜਿਆਂ 'ਚ ਵੰਡੇ ਹੋਏ ਬਹੁਜਨ ਸਮਾਜ ਨੂੰ ਇਕ ਸੂਤਰ 'ਚ ਪ੍ਰੋਣ ਵਾਲੇ ਆਗੂ ਦੇ ਸੰਘਰਸ਼ਮਈ ਜੀਵਨ ਦੀ ਗਾਥਾ ਹੈ ਪੁਸਤਕ 'ਬਹੁਜਨਾਂ ਦੇ ਨਾਇਕ ਕਾਂਸ਼ੀ ਰਾਮ'। ਡਾ। ਭੀਮ ਰਾਓ ਅੰਬੇਡਕਰ ਤੋਂ ਬਾਅਦ ਦਲਿਤ ਰਾਜਨੀਤੀ 'ਚ ਪੈਦੇ ਹੋਏ ਖ਼ਲਾਅ ਨੂੰ ਭਰਨ ਲਈ ਬਾਬੂ ਕਾਂਸ਼ੀ ਰਾਮ ਨੂੰ ਸਾਈਕਲ ਯਾਤਰਾ ਕਰਦਿਆਂ ਕਿਨ੍ਹਾਂ ਬਿਖੜੇ ਪੈਂਡਿਆਂ ਰਾਹੀਂ ਗੁਜ਼ਰਨਾ ਪਿਆ ਉਸ ਨੂੰ ਡਾ। ਬਦਰੀ ਨਾਰਾਇਣ ਨੇ ਸਖ਼ਤ ਮਿਹਨਤ ਪਿੱਛੋਂ ਬਹੁਤ ਬਾਰੀਕੀ ਨਾਲ ਤੱਥ ਆਧਾਰਤ ਪੇਸ਼ ਕੀਤਾ ਹੈ। ਉਨ੍ਹਾਂ ਦੀ ਅੰਗਰੇਜ਼ੀ 'ਚ ਲਿਖੀ ਇਸ ਪੁਸਤਕ

**ਬਿੰਦਰ ਬਸਰਾ**

ਦਾ ਪੰਜਾਬੀ ਅਨੁਵਾਦ ਵਿਦੇਸ਼ ਵਸਦੇ ਡਾ ਹਰਜਿੰਦਰ ਕੁਮਾਰ ਅਤੇ ਡਾ ਪਰਮਜੀਤ ਚੁੰਬਰ ਨੇ ਸਾਂਝੇ ਉਦਮ ਨਾਲ ਕੀਤਾ ਹੈ।

ਲੇਖਕ ਨੇ ਪੁਸਤਕ ਨੂੰ ਵੱਖ-ਵੱਖ 8 ਸਿਰਲੇਖਾਂ 'ਚ ਵੰਡਿਆ ਹੈ। ਪਹਿਲੇ ਭਾਗ 'ਮੁੱਢਲੇ ਸਾਲ' 'ਚ ਬਿਆਨਿਆ ਗਿਆ ਹੈ ਕਿ ਦੇਸ਼ 'ਚ ਦਲਿਤ ਰਾਜਨੀਤੀ ਦਾ ਜੋ ਮੂੰਹ-ਮੁਹਾਂਦਰਾ ਅੱਜ ਨਜ਼ਰ ਆ ਰਿਹਾ ਹੈ ਇਹ ਇਕ-ਦੋ ਦਿਨ ਦਾ ਚਮਤਕਾਰ ਨਹੀਂ। ਇਸ ਪਿੱਛੇ ਸਮੇਂ-ਸਮੇਂ ਉਠੀਆਂ ਦਲਿਤ ਲਹਿਰਾਂ ਅਤੇ ਦਲਿਤ ਆਗੂਆਂ ਦਾ ਯੋਗਦਾਨ ਹੈ ਜਿਨ੍ਹਾਂ ਨੇ ਪੀੜਤ ਧਿਰਾਂ ਨੂੰ ਸਮਾਜ ਅਤੇ ਰਾਜਨੀਤੀ 'ਚ ਸਨਮਾਨਜਨਕ ਥਾਂ ਦਿਵਾਉਣ ਲਈ ਘਾਲਣਾ ਘਾਲੀ ਹੈ। ਪੰਜਾਬ 'ਚੋਂ ਉੱਠੀ 'ਆਦਿ ਧਰਮ ਮੰਡਲ ਲਹਿਰ', ਬੰਗਾਲ ਦੀ 'ਨਮੋਸ਼ੂਦਰ ਲਹਿਰ', ਤਾਮਿਲਨਾਡੂ ਦੀ 'ਆਦਿ-ਦਰਾਵਿੜ ਲਹਿਰ', ਆਂਧਰਾ ਪ੍ਰਦੇਸ਼ ਦੀ ਆਦਿ-ਆਂਧਰਾ ਲਹਿਰ, ਆਦਿ ਕਰਨਾਟਕ ਲਹਿਰ ਅਤੇ ਯੂਪੀ ਵਿਚ ਕਾਨਪੁਰ ਦੇ ਆਲੇ ਦੁਆਲੇ ਆਦਿ-ਹਿੰਦੂ ਲਹਿਰ ਪ੍ਰਮੁੱਖ ਹਨ ਜੋ 1920 ਦੇ ਦਹਾਕੇ 'ਚ ਪੈਦਾ ਹੋਈਆਂ ਅਤੇ ਉਨ੍ਹਾਂ ਦੇ ਆਗੂਆਂ ਦੀ ਜਦੋ-ਜਹਿਦ ਦਾ ਵਰਨਣ ਬਾਖੂਬੀ ਕੀਤਾ ਗਿਆ ਹੈ।

ਆਦਿ ਧਰਮ ਲਹਿਰ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ, ਭਾਗਿਆ ਰੈਡੀ ਵਰਮਾ, ਸਵਾਮੀ ਅਛੂਤਾਨੰਦ, ਪੇਰੀਆਰ ਰਾਮਸਵਾਮੀ ਨਾਇਕਰ ਆਦਿ ਵਲੋਂ ਖੜ੍ਹੀਆਂ ਕੀਤੀਆਂ ਜਾਤ ਵਿਰੋਧੀ ਲਹਿਰਾਂ ਦੀ ਭੂਮਿਕਾ ਨੂੰ ਵਿਸਥਾਰ 'ਚ ਵਿਚਾਰਿਆ ਗਿਆ ਹੈ। ਬਾਬੂ ਕਾਂਸੀ ਰਾਮ ਨੇ ਦਲਿਤ ਬਰਾਦਰੀਆਂ 'ਚ ਇਨ੍ਹਾਂ ਲਹਿਰਾਂ ਵਲੋਂ ਲਾਈ ਜਾਗ ਨੂੰ ਬਹੁਜਨਾਂ ਦੀ ਰਾਜਨੀਤੀ 'ਚ ਤਬਦੀਲ ਕਰਨ ਲਈ ਲੰਬਾ ਪੈਂਡਾ ਤੈਅ ਕਰਨਾ ਪਿਆ। ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਦੋ ਚਾਰ ਹੁੰਦਿਆਂ ਅਤੇ ਬਚਪਨ 'ਚ ਹੰਢਾਏ ਜਾਤੀ ਤ੍ਰਿਸਕਾਰ ਅਤੇ ਨੌਕਰੀ ਦੌਰਾਨ ਦਲਿਤਾਂ ਨਾਲ ਹੁੰਦੇ ਵਿਤਕਰੇ ਨੂੰ ਦੇਖ ਜੋ ਅੰਤਰ ਆਤਮਾ 'ਚੋਂ ਆਵਾਜ਼ ਉੱਠੀ ਉਸ ਨੇ ਬਾਬੂ ਕਾਂਸੀ ਰਾਮ ਨੂੰ ਦਲਿਤਾਂ ਅੰਦਰ ਅਣਖ ਅਤੇ ਸਵੈਮਾਣ ਦੀ ਭਾਵਨਾ ਭਰਨ ਦੇ ਰਾਹ ਤੋਰਿਆ।




ਲੇਖਕ ਨੇ ਪਹਿਲੇ ਭਾਗ 'ਚ ਇਕ ਖ਼ਾਸ ਨੁਕਤਾ ਬਹੁਤ ਜ਼ੋਰ ਨਾਲ ਉਭਾਰਿਆ ਹੈ ਕਿ ਕਮਿਊਨਿਸਟ ਲਹਿਰ ਦੇ ਆਗੂਆਂ ਵਾਂਗ ਬਾਬੂ ਕਾਂਸ਼ੀ ਰਾਮ ਨੇ ਵੀ ਆਪਣੇ ਜੀਵਨ ਸੰਘਰਸ਼ ਨੂੰ ਬਿਆਨਦੀਆਂ ਲਿਖਤਾਂ ਅਤੇ ਚਿੱਠੀਆਂ ਨੂੰ ਸੰਭਾਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਇੱਥੋਂ ਤਕ ਕਿ ਆਪਣੇ ਰਾਜਸੀ ਮਿਸ਼ਨ ਦੀ ਪ੍ਰਾਪਤੀ ਲਈ ਘਰ ਦਾ ਤਿਆਗ ਕਰਨ ਬਾਰੇ ਲਿਖਿਆ 24 ਸਫ਼ਿਆਂ ਦਾ ਖ਼ਤ ਵੀ ਘਰ ਵਾਲਿਆਂ ਨੇ ਨਹੀਂ ਸੰਭਾਲਿਆ।

'ਗੁਰੂ ਕਿੱਲੀ ਦੀ ਭਾਲ' ਅਧਿਆਏ 'ਚ ਲੇਖਕ ਨੇ ਸੱਤਾ ਦੀ ਚਾਬੀ ਕਿਵੇਂ ਹਥਿਆਉਣੀ ਹੈ, ਇਸ ਲਈ ਉਨ੍ਹਾਂ ਰਾਜਸੀ ਤੌਰ 'ਤੇ ਚੇਤੰਨ ਹੁੰਦਿਆਂ ਰਿਪਬਲਿਕਨ ਪਾਰਟੀ ਆਫ ਇੰਡੀਆ ਤੋਂ ਸ਼ੁਰੂਆਤ ਕਰ ਕੇ ਬਹੁਜਨ ਸਮਾਜ ਪਾਰਟੀ ਦੇ ਗਠਨ ਤਕ ਦਾ ਸਫ਼ਰ ਕਿਨ੍ਹਾਂ ਪੜਾਵਾਂ 'ਚੋਂ ਲੰਘਦਿਆਂ ਕੀਤਾ, ਸਬੰਧੀ ਚਰਚਾ ਕੀਤੀ ਗਈ ਹੈ। ਬਾਬੂ ਕਾਂਸ਼ੀ ਰਾਮ ਵੱਲੋਂ ਸਰਕਾਰੀ ਨੌਕਰੀਆਂ ਕਰਦੇ ਪੜ੍ਹੇ ਲਿਖੇ ਦਲਿਤਾਂ ਨੂੰ ਟਰੇਡ ਯੂਨੀਅਨਾਂ ਦੀ ਲੀਹ 'ਤੇ ਜੋੜਨ ਦਾ ਕਾਰਜ ਕਰਦਿਆਂ 6 ਦਸੰਬਰ 1978 ਨੂੰ ਬਾਮਸੇਫ ਦਾ ਰਸਮੀ ਐਲਾਨ ਕੀਤਾ। ਉਸ ਤੋਂ ਪਿੱਛੋ ਰਾਜਨੀਤਕ ਸੰਸਥਾ ਦੀ ਲੋੜ ਮਹਿਸੂਸ ਕਰਦਿਆਂ ਉਨ੍ਹਾਂ 1981 ਵਿਚ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ (ਡੀਐੱਸ4) ਦੀ ਸਥਾਪਨਾ ਕੀਤੀ ਅਤੇ ਫਿਰ 1984 'ਚ ਬਹੁਜਨ ਸਮਾਜ ਪਾਰਟੀ ਦੀ ਸਥਾਪਨਾ ਕਰ ਕੇ ਪੰਜਾਬ 'ਚ ਚੋਣਾਂ ਦੌਰਾਨ ਕੁਝ ਸੀਟਾਂ 'ਤੇ ਜਿੱਤ ਪ੍ਰਾਪਤ ਕਰਨ ਅਤੇ ਫਿਰ ਯੂਪੀ 'ਚ ਸੱਤਾ 'ਤੇ ਕਾਬਜ਼ ਹੋਣ ਦੀ ਕਹਾਣੀ ਪੁਸਤਕ 'ਚ ਦਰਜ ਕੀਤੀ ਗਈ ਹੈ।

'ਚਮਚਾ ਯੁੱਗ' ਡਾ ਅੰਬੇਡਕਰ ਤੋਂ ਅਗਲਾ ਏਜੰਡਾ' ਭਾਗ 'ਚ ਬਾਬੂ ਕਾਂਸ਼ੀ ਰਾਮ ਦੀ 1982 'ਚ ਲਿਖੀ ਕਿਤਾਬ 'ਚਮਚਾ ਯੁੱਗ' ਨਾ ਸਿਰਫ ਉਦੋਂ ਤਕ ਦੀ ਲੀਹੋਂ ਲੱਥੀ ਦਲਿਤ ਲਹਿਰ ਦੀ ਆਲੋਚਨਾ ਹੀ ਕਰਦੀ ਹੈ ਬਲਕਿ ਦਲਿਤ ਸਮਾਜ ਦੇ ਵੱਕਾਰ ਨੂੰ ਆਪਣੇ ਨਿੱਜੀ ਹਿੱਤਾਂ ਲਈ ਵੇਚਣ ਵਾਲੇ ਦਲਿਤ ਨੇਤਾਵਾਂ 'ਤੇ ਤਿੱਖੇ ਵਾਰ ਕਰਦੀ ਹੈ। ਅਜਿਹੇ ਨੇਤਾ ਹੀ ਬਾਬੂ ਕਾਂਸ਼ੀ ਰਾਮ ਦੀ ਨਜ਼ਰ 'ਚ ਮੁੱਖਧਾਰਾ ਦੀਆਂ ਪਾਰਟੀਆਂ ਵੱਲੋਂ ਪੈਦਾ ਕੀਤੇ ਚਮਚੇ ਸਨ ਜਿਹੜੇ ਉੱਠ ਰਹੀਆਂ ਦਲਿਤ ਲਹਿਰਾਂ ਨੂੰ ਖੁੰਢਿਆਂ ਕਰਨ ਦੇ ਕੰਮ ਆਉਂਦੇ ਰਹੇ। ਚਮਚਾ ਯੁੱਗ ਦੇ ਪੈਦਾ ਹੋਣ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਇਨ੍ਹਾਂ ਦੀਆਂ ਕਿਸਮਾਂ 'ਤੇ ਵੀ ਚਾਨਣਾ ਪਾਇਆ ਗਿਆ ਹੈ। ਭਾਰਤ ਦੇ ਸਮਾਜਿਕ ਤੇ ਰਾਜਸੀ ਢਾਂਚੇ 'ਤੇ ਬ੍ਰਾਹਮਣਵਾਦ ਦੀ ਪੀਡੀ ਜਕੜ ਨੂੰ ਢਿਲਿਆਂ ਕਰਨ ਲਈ ਬਾਬੂ ਕਾਂਸ਼ੀ ਰਾਮ ਨੇ ਬਹੁਜਨ ਸਮਾਜ ਦਾ ਸੰਕਲਪ ਲਿਆਂਦਾ। ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਵਿਚ ਹਿੱਸੇਦਾਰੀ ਲਈ ਛੋਟੀਆਂ-ਛੋਟੀਆਂ ਜਾਤਾਂ 'ਚ ਵੰਡੇ ਲੋਕਾਂ ਨੂੰ ਇੱਜ਼ਤ ਅਤੇ ਸਵੈਮਾਣ ਲਈ ਇਕੱਠੇ ਹੋ ਕੇ ਲੜਨ ਦੀ ਲਾਈ ਚਿਣਗ ਨੇ ਦਲਿਤ ਸਮਾਜ ਨੂੰ ਰਾਜਸੀ ਸਮੀਕਰਨ ਬਦਲਣ ਦੇ ਕਿਵੇਂ ਯੋਗ ਬਣਾਇਆ ਇਸ ਦਾ ਖੁਲਾਸਾ ਇਸ ਪੁਸਤਕ ਵਿਚ ਕੀਤਾ ਗਿਆ ਹੈ। ਦੇਸ਼ ਦੇ ਵੱਖ-ਵੱਖ ਖਿੱਤਿਆਂ 'ਚ ਵਸਦੀਆਂ ਟੁਕੜਿਆਂ 'ਚ ਵੰਡੀਆਂ ਅਤੇ ਪੀੜਿਤ ਦਲਿਤ ਧਿਰਾਂ ਨੂੰ ਇਕ ਸਾਂਝੇ ਪਲੇਟਫਾਰਮ 'ਤੇ ਲਿਆਉਣ ਲਈ ਬਾਬੂ ਕਾਂਸ਼ੀਰਾਮ ਵੱਲੋਂ ਕੀਤੇ ਲੰਬੇ ਸੰਘਰਸ਼ ਦੀ ਕਹਾਣੀ ਡੂੰਘੀ ਖੋਜ ਤੇ ਸਖ਼ਤ ਮੁਸ਼ੱਕਤ ਵਾਲਾ ਅਹਿਮ ਕਾਰਜ ਹੈ ਜਿਸ ਨੂੰ ਲੇਖਕ ਨੇ ਕਰ ਦਿਖਾਇਆ ਹੈ।

ਦੇਸ਼ 'ਚ ਧਾਰਮਿਕ ਅਤੇ ਜਾਤੀ ਪਛਾਣ ਵਾਲੀ ਰਾਜਨੀਤੀ ਕਾਰਨ ਪੈਦਾ ਹੋਏ ਹਾਲਾਤ ਨੂੰ ਕਾਂਸ਼ੀ ਰਾਮ ਨੇ ਆਪਣੀ ਪਾਰਟੀ ਨੂੰ ਸੱਤਾ ਵਿਚ ਲਿਆਉਣ ਲਈ ਕਿਵੇਂ ਵਰਤਿਆ ਇਸ ਦੇ ਤਫਸੀਲੀ ਵੇਰਵੇ ਉਨ੍ਹਾਂ ਦੀ ਰਾਜਸੀ ਸਮਝ ਅਤੇ ਦੂਰਅੰਦੇਸ਼ੀ ਦੀ ਮਿਸਾਲ ਪੇਸ਼ ਕਰਦੇ ਹਨ। 'ਹਾਥੀ ਦੀ ਚੜ੍ਹਤ- ਬਾਬੂ ਕਾਂਸ਼ੀ ਰਾਮ ਦੀ ਸੱਭਿਆਚਾਰਕ ਰਾਜਨੀਤੀ ਅਤੇ ਬਸਪਾ ਦਾ ਗਠਨ' ਲੇਖ 'ਚ ਮੰਡਲ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਹੋਣ ਪਿੱਛੋਂ ਪੈਂਦਾ ਹੋਏ ਹਾਲਤ ਵਿੱਚੋਂ ਬਹੁਜਨ ਸਮਾਜ ਪਾਰਟੀ ਨੂੰ ਰਾਜਸੀ ਰੰਗਮੰਚ 'ਤੇ ਲਿਆ ਖੜ੍ਹੇ ਕਰਨ ਅਤੇ ਅਣਗੌਲੇ ਹੋਏ ਦਲਿਤ ਨਾਇਕਾਂ ਨੂੰ ਉਭਾਰਨ ਦੀ ਕਹਾਣੀ ਬਿਆਨੀ ਗਈ ਹੈ। ਇਸ ਤੋਂ ਇਲਾਵਾ ਪਾਰਟੀ ਦੇ ਸੰਗਠਨ ਦੀ ਬਣਤਰ ਬਾਰੇ ਜਾਣਕਾਰੀ ਦਿੱਤੀ ਗਈ ਹੈ। 'ਸੱਤਾ ਪ੍ਰਾਪਤੀ ਵੱਲ ਵਧਦੇ ਕਦਮ- ਬਸਪਾ ਦੀ ਚੁਣਾਵੀ ਸਿਆਸਤ' 'ਚ ਬਸਪਾ ਦੀ ਚੋਣ ਰਣਨੀਤੀ ਅਤੇ ਗਠਜੋੜਾਂ ਅਤੇ ਚੋਣ ਪ੍ਰਚਾਰ ਲਈ ਰਿਵਾਇਤੀ ਪਾਰਟੀਆਂ ਦੇ ਮੁਕਾਬਲੇ ਲਈ ਜੁਟਾਏ ਗਏ ਜਨਤਕ ਸਾਧਨਾਂ ਦੀ ਲੰਬੀ ਕਹਾਣੀ ਦਰਜ ਕੀਤੀ ਹਈ ਹੈ। 'ਆਲੋਚਨਾਵਾਂ ਦੇ ਘੇਰੇ ਵਿਚ-ਮੌਕਾਪ੍ਰਸਤੀ ਇਕ ਰਣਨੀਤੀ ਦੇ ਰੂਪ ਵਿਚ' ਬਾਬੂ ਕਾਂਸ਼ੀ ਰਾਮ ਵਲੋਂ ਖੁਦ ਘੜੇ ਰਾਜਨੀਤਕ ਆਦਰਸ਼ਾਂ ਦਾ ਲੇਖਾ ਜੋਖਾ ਕੀਤਾ ਗਿਆ ਹੈ।

ਪੁਸਤਕ ਦੇ ਅਧਿਆਏ 'ਅੰਤਲੇ ਦਿਨ-ਪਾਰਟੀ ਅਤੇ ਪਰਿਵਾਰ ਦਰਮਿਆਨ ਖਿੱਚੋਤਾਣ' 'ਚ ਬਾਬੂ ਕਾਂਸ਼ੀ ਰਾਮ ਦੇ ਪਰਿਵਾਰ ਅਤੇ ਕੁਮਾਰੀ ਮਾਇਆਵਤੀ ਦਰਮਿਆਨ ਰਹੀ ਖਿੱਚੋਤਾਣ ਦੇ ਕਾਰਨਾਂ ਨੂੰ ਵਿਚਾਰਿਆ ਗਿਆ ਹੈ। ਪੁਸਤਕ ਦੇ ਆਖ਼ਰੀ ਭਾਗ 'ਪੈਗ਼ਾਮ ਜ਼ਿੰਦਾਬਾਦ- ਬਾਬੂ ਕਾਂਸ਼ੀ ਰਾਮ ਦੀ ਸਿਆਸਤ ਦੀਆਂ ਸੀਮਾਵਾਂ' ਵਿਚ ਜਾਤੀ ਆਧਰਿਤ ਸਿਆਸਤ ਦੀ ਚੁਣੌਤੀਆਂ ਅਤੇ ਸੀਮਾਵਾਂ ਦਾ ਵਰਣਨ ਕੀਤਾ ਗਿਆ ਹੈ। ਬਾਬੂ ਕਾਂਸ਼ੀ ਰਾਮ ਦੇ ਪਰਿਵਾਰਕ ਮੈਂਬਰਾਂ ਅਤੇ ਘਰ ਦੀਆਂ ਤਸਵੀਰਾਂ ਪੁਸਤਕ ਦੀ ਗੁਣਵੱਤਾ 'ਚ ਹੋਰ ਵਾਧਾ ਕਰਦੀਆਂ ਹਨ। ਜੋ ਖੋਜਾਰਥੀ ਦਲਿਤ ਰਾਜਨੀਤੀ ਬਾਰੇ ਜਾਣਨਾ ਚਾਹੁੰਦੇ ਹਨ, ਉਨ੍ਹਾਂ ਲਈ ਇਹ ਪੁਸਤਕ ਬਹੁਤ ਲਾਭਕਾਰੀ ਹੋਵੇਗੀ।




## ਕੋਰੜਾ ਛੰਦ:- "ਸ਼ਹੀਦ ਭਗਤ ਸਿੰਘ"

ਦੇਸ਼ ਵਿੱਚ ਜਦ ਰਾਜ ਸੀ ਫਿਰੰਗੀ ਦਾ।
ਲੋਕਾਂ ਦੀਆਂ ਜਾਨਾਂ ਨੂੰ ਸੀ ਸੂਲ਼ੀ ਟੰਗੀ ਦਾ।
ਸੂਰਮੇ ਭਗਤ ਸਿੰਘ ਸੀ ਦਲੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

ਭਾਰਤੀ ਲੋਕਾਂ ਦੇ ਕੀਤਾ ਨੱਕ ਦਮ ਸੀ।
ਕਰਤੇ ਕੰਗਾਲ ਰੋਂਦੇ ਛਮ-ਛਮ ਸੀ।
ਪਰਤਿਆ ਪਾਸਾ ਸੀ ਸਮੇਂ ਦੇ ਫੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

ਮਿੱਟੀ ਸੀ ਪੰਜਾਬ ਦੀ ਜਾਇਆ ਸੂਰਮਾ।
ਬੰਗਾ ਪਿੰਡ ਦੇ ਵਿੱਚ ਆਇਆ ਸੂਰਮਾ।
ਚੜ੍ਹਿਆ ਸੂਰਜ ਉੱਡ'ਗੇ ਹਨ੍ਹੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

ਪਿਤਾ ਕਿਸ਼ਨ ਸਿੰਘ ਮਾਂ ਵਿਦਿਆ ਵਤੀ।
ਖੁਸ਼ੀ ਵਿੱਚ ਖੀਵੇ ਹੋਏ ਪਤਨੀ ਪਤੀ।
ਘਰ ਵਿੱਚ ਲੱਗੇ ਖੁਸ਼ੀਆਂ ਦੇ ਢੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

ਲੱਗ ਗਿਆ ਪਤਾ ਨਿੱਕੇ ਹੁੰਦੇ ਰੀਝ ਦਾ।
ਖੇਡਦਾ ਸੀ ਖੇਡਾਂ ਤਾਂ ਬੰਦੂਕਾਂ ਬੀਜਦਾ।
ਚੱਕ 'ਤਾ ਹਨ੍ਹੇਰਾ ਉੱਗਦੀ ਸਵੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

ਕਾਲਜ 'ਚ ਆਗੂ ਥਾਪ ਦਿੱਤਾ ਵੀਰ ਨੂੰ।
ਸਿੱਖਿਆ ਨਿਸ਼ਾਨੇ 'ਤੇ ਲਗਾਣਾ ਤੀਰ ਨੂੰ।
ਭੁੰਜੇ ਕਿਵੇਂ ਆਉਣਾਂ ਟੀਸੀ ਵਾਲੇ ਬੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

ਅਸੈਂਬਲੀ 'ਚ ਜਾ ਸੁੱਟ ਦਿੱਤਾ ਬੰਬ ਸੀ।
ਗੋਰਿਆਂ ਦੇ ਦਿਲ ਓਦੋਂ ਗਏ ਕੰਬ ਸੀ।
ਸ਼ੇਰ ਦੀ ਦਹਾੜ ਦਿੱਤੇ ਸੀ ਬਿਖੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

ਚੱਕਣਾ ਸਕਾਟ ਸਾਂਡਰਸ ਮਾਰ'ਤਾ।
ਹਿੰਦ ਵਾਸੀਆਂ ਦਾ ਸੀ ਕਰਜ਼ ਤਾਰ'ਤਾ।
ਭੱਜੇ ਕੋਈ ਕਿਵੇਂ ਚਾਰੇ ਪਾਸੇ ਘੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

ਗੂੰਜਦੇ ਸੀ ਨਾਰ੍ਹੇ ਜਦ ਜ਼ਿੰਦਾਬਾਦ ਦੇ।
ਵਾਸੀ ਅਸੀਂ ਦੇਸ਼ ਭਾਰਤ ਅਜ਼ਾਦ ਦੇ।
ਤੰਗ ਕੀਤਾ ਗੋਰਿਆਂ ਦੀ ਤੇਰ-ਮੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

ਰਾਜਗੁਰੂ ਨਾਲ਼ ਸੁਖਦੇਵ ਖੜੇ ਸੀ।
ਹੱਸ-ਹੱਸ ਯੋਧੇ ਫ਼ਾਂਸੀਆਂ 'ਤੇ ਚੜ੍ਹੇ ਸੀ।
'ਸੈਦੋਕੇ' ਨਾ ਹਾਰੇ ਸੂਰੇ ਸ਼ਮਸ਼ੇਰ ਨੇ।
ਦੇਸ਼ ਉੱਤੋਂ ਜਿੰਦ ਵਾਰ ਦਿੱਤੀ ਸ਼ੇਰ ਨੇ।

**– ਕੁਲਵੰਤ ਸੈਦੋਕੇ**



## ਆਰਥਿਕ -ਅਸਮਾਨਤਾ

# ਕਾਮਾ ਇਸਤਰੀਆਂ ਦੀ ਨਿੱਘਰ ਰਹੀ ਆਰਥਿਕ ਦਸ਼ਾ

ਇਹ ਕੋਈ ਅੱਤਿਕਥਨੀ ਨਹੀਂ ਹੈ, ਕਿ ਭਾਰਤ ਵਿਚ ਇਸਤਰੀ ਸ਼ਕਤੀ ਦੇਸ਼ ਦੀ ਜਨਸੰਖਿਆਂ ਦਾ ਅੱਧਾ- ਹਿੱਸਾ ਹੋਣ ਦੇ ਬਾਵਜੂਦ ਫਿਰ ਵੀ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਖੇਤਰਾਂ 'ਚ ਅਜੇ ਵੀ ਪੱਛੜੀ ਹੋਈ ਹੈ। ਜਿਸ ਤੋਂ ਉਸਦੇ ਸ਼ਸ਼ਕਤੀਕਰਨ ਹੋਣ ਦਾ ਵੀ ਪਤਾ ਲਗਦਾ ਹੈ। ਇਹ ਵੀ ਇੱਕ ਸਭ ਤੋਂ ਵੱਡੀ ਦੁੱਖਦਾਇਕ ਗੱਲ ਹੈ,'ਕਿ ਇਸਤਰੀ ਵਰਗ ਦੇ ਪੇਸ਼ੇਵੇਰਨਾ ਕੰਮ ਕਾਜ ਵਿੱਚ ਭਾਵੇ! ਕੋਈ ਘਾਟ ਨਹੀਂ ਹੈ। ਪਰ ਫਿਰ ਵੀ ਉਹ ਲਿੰਗਕ -ਬਰਾਬਰਤਾ ਦੇ ਵਿਵਾਦਾਂ ਵਿੱਚ ਜ਼ਿਆਦਾ ਘਿਰੀ ਹੋਈ ਦਿਖਾਈ ਦੇ ਰਹੀ ਹੈ।"ਸੰਯੁਕਤ ਰਾਸ਼ਟਰ"ਦੀ ਪਿਛਲੇ ਸਾਲ ਦੀ "ਮਨੁੱਖੀ ਵਿਕਾਸ" ਰੀਪੋਰਟ ਵਿੱਚ ਲਿੰਗਕ ਅਸਮਾਨਤਾ ਸੂਚਕ - ਅੰਕ ਵਿੱਚ ਭਾਰਤ 159 ਦੇਸਾਂ ਵਿੱਚੋਂ 125ਵੇਂ ਸਥਾਨ 'ਤੇ ਸੀ।"ਵਿਸ਼ਵ ਆਰਥਿਕ ਫੋਰਮ ਦੇ ਜੈਂਡਰ ਗੈਪ- ਇੰਡੈਕਸ" 'ਚ ਭਾਰਤ 144 ਦੇਸ਼ਾਂ ਵਿੱਚੋਂ ਵੀ 108ਵੇਂ ਸਥਾਨ ਤੋਂ ਹੋਰ ਹੇਠਾਂ ਆ ਗਿਆ।ਭਾਵ! ਅਸੀ ਪਿਛਲੇ ਸਾਲ ਦੇ ਵੀ 21ਵੇਂ ਰੈਂਕ ਤੋਂ ਹੋਰ ਥੱਲੇ ਆ ਗਏ ਹਾਂ। ਦੇਸ਼ ਨਾ-ਬਰਾਬਰੀਆਂ ਵਾਲਾ ਸਮਾਜ ਬਣ ਰਿਹਾ ਹੈ। ਦੇਸ਼ ਵਿੱਚ ਪੈਦਾ ਹੋਈ ਵਾਧੂ ਦੌਲਤ ਦਾ 73 ਫੀਸਦ ਹਿੱਸਾ ਕੇਵਲ 10ਫੀਸਦ ਲੋਕਾਂ ਦੇ ਪਾਸ ਹੀ ਜਾ ਰਿਹਾ ਹੈ।

ਮਿਹਨਤੀ ਵਰਗ ਦੀ ਵੰਡਦਾ ਲਿੰਗਕ ਭੇਦ-ਭਾਵ ਕੋਈ ਕੁਦਰਤੀ ਕਾਰਨ ਨਹੀ ਹੈ। ਇਸ ਦਾ ਕਾਰਨ ਸੱਤਾ ਤੇ ਬੈਠੇ ਕਾਬਜ ਹਾਕਮਾਂ ਦੇ ਹੱਥਾਂ ਵਿੱਚ ਹੁੰਦਾ ਹੈ। ਜਦੋ ਉਹ ਗਰੀਬਾਂ-ਅਮੀਰਾਂ ਦੇ ਵਿਚਕਾਰ ਪਾੜਾ ਪਾਉਣ ਲਈ ਗਰੀਬ ਵਰਗ ਦੀ ਲੁੱਟ ਅਤੇ ਅਮੀਰਾਂ ਨੂੰ ਗਰੀਬਾਂ ਦਾ ਹੋਰ ਸ਼ੋਸ਼ਣ ਕਰਨ ਦੀਆ ਖੁੱਲੀਆਂ ਛੋਟਾਂ ਦੇਣ ਦਾ ਕਿਰਦਾਰ ਨਿਭਾਉਦੇ ਹਨ।ਦੇਖਿਆ ਜਾਵੇ ਤਾਂ! ਦੇਸ਼ ਦੇ ਆਰਥਿਕ, ਸਮਾਜਿਕ ਵਿਕਾਸ ਵਿਚ ਇਸਤਰੀ ਵਰਗ ਦਾ ਮਰਦਾਂ ਤੇ ਬਰਾਬਰ ਬਹੁਤ ਵੱਡਾ ਯੋਗਦਾਨ ਹੈ। ਇਸਤਰੀਆ ਨੂੰ ਆਪਣੇ ਪ੍ਰੀਵਾਰਾਂ ਦੀਆਂ ਮੁੱਢਲੀਆਂ ਤੇ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਅਤੇ ਘਰ ਦੀ ਆਰਥਿਕਤਾ ਨੂੰ ਹੋਰ ਮਜ਼ਬੂਤ ਕਰਨ ਲਈ ਘਰ ਦੀ ਚਾਰ-ਦੀਵਾਰੀ ਤੋ ਬਾਹਰ ਨਿਕਲ ਕੇ ਕੰਮ ਕਰਨਾ ਪੈਂਦਾ ਹੈ। ਪਰ! ਦੇਸ਼ ਦੀਆਂ ਹਾਕਮ ਸਰਕਾਰਾਂ ਵੱਲੋ ਨਾ ਤਾ ਉਨ੍ਹਾ ਨੂੰ ਰੁਜ਼ਗਾਰ ਦੀ ਗ੍ਰੰਟੀ ਦਿੱਤੀ ਜਾਂਦੀ ਹੈ ਤੇ ਨਾ ਹੀ ਉਨ੍ਹਾ ਦੇ ਰੁਜ਼ਗਾਰ ਦੀ ਸੁਰੱਖਿਆ ਯਕੀਨੀ ਬਣਾਈ ਜਾਦੀ ਹੈ। ਇੱਥੋ ਤੱਕ ਕਿ ਮੌਜੂਦਾ ਧਾਰਮਿਕ ਵਿਰਤੀ ਤੇ ਤੰਗ ਨਜ਼ਰੀਏ ਵਾਲੀਆ ਸਰਕਾਰਾਂ ਵੀ ਕਾਮਾਂ ਇਸਤਰੀਆਂ ਨੂੰ ਘਰ ਦੀ ਚਾਰ ਦੀਵਾਰੀ ਅੰਦਰ ਅਤੇ ਘਰਾਂ ਦਾ ਚੁੱਲ੍ਹਾ- ਚੌਂਕਾ ਸਾਂਭਣ ਤੱਕ ਦੀਆ ਹੀ ਨਸੀਹਤਾ ਦਿੰਦੀਆ ਹਨ। ਭਾਂਵੇ ! ਸਾਡੇ ਸੰਵਿਧਾਨ ਵਿੱਚ ਇਸਤਰੀਆਂ ਨੂੰ ਮਰਦਾ ਦੇ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ, ਪ੍ਰੰਤੂ! ਇਹ ਸਿਰਫ਼ ਕਾਗਜਾਂ ਤੱਕ ਹੀ ਸੀਮਤ ਹੈ। ਇਸ ਮਰਦ ਪ੍ਰਧਾਨ ਸਮਾਜ, ਅੰਦਰ ਅੱਜ ਵੀ ਕੱਟੜਪੰਥੀਆਂ ਦੀ ਸੋਚ ਇਸਤਰੀਆਂ ਪ੍ਰਤੀ ਪਿਛਾਂਹ -ਖਿੱਚੂ ਸੋਚ ਨੂੰ ਹੀ ਸਦਾ ਅਪਣਾਉਂਦੀ ਹੈ।ਇਸਤਰੀਆਂ ਦਾ ਹਾਸ਼ੀਏ ਤੇ ਜਾਣ ਦਾ ਵੀ ਇਹ ਇੱਕ ਵੱਡਾ ਕਾਰਣ ਹੈ। ਇਸ ਵਰਗ ਦੇ ਲੋਕਾਂ ਦੀ ਸੋਚ ਹੈ,'ਕਿ ਇਸਤਰੀਆਂ ਸਰੀਰਕ ਤੇ ਮਾਨਸਿਕ ਤੌਰ ਤੇ ਪੁਰਸ਼ਾਂ ਤੋ ਕੰਮਜ਼ੋਰ ਹੁੰਦੀਆ ਹਨ ਅਤੇ ਬਰਾਬਰਤਾ ਦੇ ਲਾਇਕ ਨਹੀ ਹਨ।"

ਕੁਝ ਕੁ ਸਮਾਜਵਾਦੀ ਦੇਸ਼ਾਂ ਨੂੰ ਛੱਡ ਕੇ ਵਿਕਸਤ ਤੇ ਵਿਕਾਸਸ਼ੀਲ ਦੇਸ਼ਾ ਵਿੱਚ ਵੀ ਇਸਤਰੀਆਂ ਨਾਲ ਲਿੰਗਕ ਬਰਾਬਰਤਾ ਵਲੋ ਵਿਤਕਰੇ ਜਾਰੀ ਹਨ। ਕੀ ਫਿਰ ਇਹੋ ਜਿਹੀ ਅਵਸਥਾ ਵਿੱਚ ਵੀ ਉਹ ਰੁਜ਼ਗਾਰ ਪ੍ਰਾਪਤ ਕਰ ਸਕਣਗੀਆਂ ? ਦੇਸ਼ ਦੇ ਘੋਰ ਆਰਥਿਕ ਸੰਕਟ ਦੁਰਾਨ ਹੁਣ ਤਾਂ ਉਨ੍ਹਾ ਨੂੰ ਰੁਜ਼ਗਾਰ ਪ੍ਰਾਪਤੀ ਲਈ ਹੋਰ ਵੀ ਸੰਕਟ ਪੈਦਾ ਹੋ ਗਿਆ ਹੈ। ਉਨ੍ਹਾ ਨੂੰ ਰੁਜ਼ਗਾਰ ਪ੍ਰਾਪਤ ਕਰਨ ਲਈ ਮਰਦਾਂ ਦੇ ਬਰਾਬਰ ਅਥਾ ਹ ਮੁਸ਼ਕਿਲਾਂ ਆ ਰਹੀਆ ਹਨ।ਸਮਾਜ ਅੰਦਰ ਹੁਣ ਇਹ ਇੱਕ ਗੰਭੀਰ ਸਵਾਲ ਹੈ, ਕਿ ਇਸਤਰੀ ਵਰਗ ਜਿਹੜਾ ਦੇਸ਼ ਦੀ ਆਬਾਦੀ ਦਾ ਅੱਧਾ ਹਿੱਸਾ ਹੈ, ਤਾਂ! ਉਸ ਨਾਲ ਲਿੰਗਕ ਵਿਤਕਰਾ ਕਿਉ ਹੋ ਰਿਹਾ ਹੈ? ਅੰਤਰ -ਰਾਸ਼ਟਰੀ ਮਜ਼ਦੂਰ ਸੰਗਠਨ (ਆਈ ਲ਼ਓਦੀ ਤਾਜਾ ਰੀਪੋਰਟ ਮੁਤਾਬਿਕ ਕਰੋਨਾ ਮਹਾਂਮਾਰੀ ਦੌਰਾਨ ਪੁਰਸ਼ਾਂ ਦੇ ਮੁਕਾਬਲੇ ਇਸਤਰੀਆਂ ਦੇ ਰੁਜ਼ਗਾਰ ਤੇ ਜ਼ਿਆਦਾ ਮਾੜਾ ਅਸਰ(ਪ੍ਰਭਾਵ) ਪਿਆ ਹੈ। ਇਹ ਸਵਾਲ ਸਿਰਫ ਭਾਰਤ ਦੇਸ਼ ਵਿੱਚ ਹੀ ਨਹੀ, ਬਲਕਿ ਸਮੁੱਚੇ ਦੇਸ਼ਾ ਅੰਦਰ ਉਭਰ ਕੇ ਸਾਹਮਣੇ ਆ ਰਿਹਾ ਹੈ। ਆਰਥਿਕ ਸੰਕਟ ਸਮੇਂ ਵਿੱਚ ਨੌਕਰੀਆਂ ਦੇ ਮਾਮਲੇ ਵਿੱਚ ਇਸਤਰੀਆਂ ਦੇ ਮੁਕਾਬਲੇ ਪੁਰਸ਼ਾ ਦਾ ਅਧਿਕਾਰ ਨੌਕਰੀ ਤੇ ਜ਼ਿਆਦਾ ਰਿਹਾ ਹੈ। ਕੰਮ ਲੈਣ ਲਈ ਵੀ ਤੇ ਕੰਮ ਕਰਨ ਲਈ ਵੀ ਮਰਦਾ ਦੇ ਮੁਕਾਬਲੇ ਇਸਤਰੀ ਨੂੰ ਪਿੱਛੇ ਧੱਕਿਆਂ ਜਾ ਰਿਹਾ ਹੈ।ਭਾਵੇ! ਇਹ ਸਾਡੇ ਦੇਸ਼ ਜਾਂ ਦੁਨੀਆਂ ਦੇ ਬਾਕੀ ਦੇਸ਼ਾ ਵਿੱਚ ਕੋਈ ਨਵੀ ਘਟਨਾ ਨਹੀ ਹੈ,ਪ੍ਰ ਬੀਤ ਜਾਣ ਦੇ ਬਾਦ ਵੀ ਕੰਮ ਦੇ ਸਥਾਨ 'ਤੇ ਵੀ ਇਸਤਰੀ ਦੀ ਅਣਗੌਲੀ ਹਾਲਤ ਜਿਉਦੀ ਤਿਉ ਹੀ ਹੈ।

"ਲਿਊਨੇਲ ਟਾਈਗਰ ਅਤੇ ਰੋਬਿਨ ਫਾਕਸ" ਨੇ ਆਪਣੀ ਕਿਤਾਬ, 'ਦੀ ਇੰਮਪੀਰੀਅਲ ਐਨੀਮਲ' ਦੇ ਵਿੱਚ ਇਸ ਗੱਲ ਨੂੰ ਉਜਾਗਰ ਕੀਤਾ ਹੈ, 'ਕਿ ਹਰ ਇਨਸਾਨ ਦੀ ਨਜ਼ਰ ਵਿੱਚ ਲਿੰਗਕ -ਮਿਹਨਤ, ਵੰਡ-ਜੈਵਿਕ ਜਾਂ ਵੰਸ਼ ਰਾਹੀ ਹੀ ਹੁੰਦੀ ਹੈ। ਮਰਦ ਦਾ ਇਸਤਰੀ ਉੱਪਰ ਲਿੰਗਕ ਪ੍ਰਭਾਵ ਇੱਕ ਜੈਵਿਕ ਵਿਸਸ਼ੇਸ਼ਤਾ ਵਾਲਾ ਹੈ। ਮਨੁੱਖੀ ਸਭਿਅਤਾ ਨੂੰ ਜਨਮ ਤੋ ਹੀ ਦੱਸ ਕੇ ਸਦਾ ਹੀ ਜ਼ਮੀਨੀ ਅਸਲੀਅਤ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ ਜੋ ਅੱਜ! 21ਵੀਂ ਸਦੀ ਵਿੱਚ ਵੀ ਇਹ ਵਿਤਕਰਾ (ਜਾਰੀ ) ਕੀਤਾ ਜਾ ਰਿਹਾ ਹੈ। ਇਹੀ ਕਾਰਨ ਹੈ,' ਕਿ ਅੱਜ ਵੀ ਮਿਹਨਤ-ਮਜ਼ਦੂਰੀ ਕਰਨ ਸਮੇਵੀ ਲਿੰਗਕ ਆਧਾਰ ਦੇ ਨਾਂ ਤੇ ਇਸ ਵਿਤਕਰੇ ਦਾ ਸਮਰਥਨ ਕੀਤਾ ਜਾ ਰਿਹਾ ਹੈ।ਇਸ ਦੇ ਪਿੱਛੇ ਕਾਰਨ ਇਹ ਦੱਸਿਆ ਜਾ ਰਿਹਾ ਹੈ ਕਿ ਇਸਤਰੀਆਂ ਮਰਦੇ ਦੇ ਮੁਕਾਬਲੇ ਜੈਵਿਕ ਰੂਪ ਵਿੱਚ ਕੰਮਜ਼ੋਰ ਹੁੰਦੀਆਂ ਹਨ ਤੇਔਖਿਆਈ ਵਾਲਾ ਕੰਮ ਕਰਨ ਦੀ ਉਨ੍ਹਾਂ ਦੀ ਸਮਰਥਾ ਨਹੀਂ ਹੁੰਦੀ ਹੈ।" ਮੌਜੂਦਾ ਉਦਾਰੀਕਰਨ ਦੀ ਪ੍ਰਕਿਰਿਆ ਨੇ ਆਰਥਿਕ ਤੇ ਸਮਾਜਿਕ ਦੋਹਾਂ ਖੇਤਰਾਂ ਵਿਚ ਲਿੰਗਕ ਸ਼ੋਸ਼ਣ ਦੇ ਨਵੇਂ ਰੂਪ ਲੈ ਆਂਦੇ ਹਨ। ਇਸ ਦੇ ਫਲ-ਸਰੂਪ ਇਸਤਰੀਆਂ ਵਿਰੁੱਧ ਹਰ ਵਰਗ ਅੰਦਰ ਸ਼ੋਸ਼ਣ ਵਿਚ ਵਾਧਾਹੋ ਰਿਹਾ ਹੈ।

ਇਸ ਵਿਚ ਕਿੰਨੀ ਕੁ ਸਚਾਈ ਹੈ,'ਸਾਨੂੰ ਪਿਛਲੇ ਯੁਗਾਂ-ਕਬੀਲਦਾਰੀ, ਗੁਲਾਮਦਾਰੀ, ਜਾਗੀਰਦਾਰੀ, ਅਤੇ ਅੱਜ ਦੀਸੁਰਮਾਏਦਾਰੀ ਯੁਗ ਦਾ ਵਿਸ਼ਲੇਸ਼ਣ ਵੀ ਕਰਨਾ ਪਏਗਾ? ਕੁਝ ਸਮੇਂ ਪਹਿਲਾਂ ਸਾਡੇ ਪਹਿਲੇ ਵਿਗਿਆਨੀਆਂ ਨੇ ਦੱਖਣੀ ਅਮਰੀਕਾ ਦੀ "ਇੰਡੀਜ਼ ਪ੍ਰਬਤਮਲਾ"'ਚ ਨੌ ਹਜ਼ਾਰ (9000 ਸਾਲ) ਸਾਲ ਪੁਰਾਣੀ ਇਕ ਅਜਿਹੀ ਜਗ੍ਹਾ ਦੀ ਖੋਜ ਕੀਤੀ ਸੀ ਜਿਥੇ ਸ਼ਿਕਾਰੀ ਇਸਤਰੀਆਂ ਨੂੰ ਦਫ਼ਨਾਇਆ ਜਾਂਦਾ ਸੀ। ਇਸ ਖੋਜ ਨੇ ਉਨ੍ਹਾਂ ਸਾਰੀਆਂ ਹੀ ਵਿਚਾਰਧਾਰਾਵਾਂ (ਦੰਦ ਕਥਾਵਾਂ) ਤੇ ਧਾਰਨਾਵਾਂ ਨੂੰ ਚੁਣੌਤੀ ਦਿੱਤੀ ਹੈ। ਜਿਸ ਰਾਹੀ ਕੇਵਲ ਇਸਤਰੀਆਂ ਨੂੰ ਸਰੀਰਕ ਰੂਪ ਕਰਕੇ ਕਮਜ਼ੋਰ ਸਮਝਿਆ ਜਾਂਦਾ ਰਿਹਾ ਹੈ। ਬਲਕਿ ਇਸ ਸੱਚ ਨੂੰ ਵੀ ਨਿਕਾਰ ਦਿੱਤਾ ਹੈ ਕਿ ਜਿਸ ਵਿਚ ਇਹ ਕਿਹਾ ਜਾਂਦਾ ਹੈ,'ਕਿ ਸ਼ੁਰੂ ਵਿਚ ਜਦੋਂ ਮਨੁੱਖ ਨੂੰ ਭੋਜਨ ਦੀ ਲੋੜ ਪਈ ਤਾਂ! ਮਰਦ ਸ਼ਿਕਾਰ ਕਰਦੇ ਸੀ ਅਤੇ ਇਸਤਰੀਆਂ ਭੋਜਨ ਇਕੱਠਾ ਕਰਦਿਆਂ ਸਨ।''ਸਾਇੰਸ ਐਡਵਾਂਸ ਜਨਰਲ' ਵਿਚ ਛੱਪਿਆ ਇਹ ਲੇਖ ਉਹਨਾਂ ਧਾਰਨਾਵਾਂ



ਦੇ ਬਿਲਕੁਲ ਉਲਟ ਹੈ। ਜਿਸ ਦੇ ਹਿਸਾਬ ਨਾਲ ਇਹ ਮਨਿਆਂ ਜਾਂਦਾ ਸੀ, ਕਿ ਉਸ ਸਮੇਂ ਸਮਾਜ ਦਾ ਢਾਂਚਾ ਇਕ,'ਹੰਟਰ ਗੈਦਰਰ ਸੋਸਾਇਟੀ' ਦੇ ਰੂਪ ਵਿਚ ਸੀ। ਭਾਵ! ਭੋਜਨ ਲਈ ਮਿਲ ਕੇ ਸਾਰਾ ਟੱਬਰ (ਪ੍ਰੀਵਾਰ) ਕੰਮ ਕਰਦਾ ਸੀ।

ਸ਼ੋਧ ਕਰਤਾ ਇਸ ਅਧਾਰ 'ਤੇ ਕਹਿੰਦੇ ਹਨ ਕਿ ਲਿੰਗਕ ਕੰਮ ਦੀ ਵੰਡ ਕੋਈ ਇਹੋ ਜਿਹੀ ਗੱਲ ਨਹੀਂ ਹੈ, ਵਾਸਤਵਿਕ ਵਿਚ ਇਹ ਹੁਣ ਕੰਮ ਦੀ ਵੰਡ ਲਿੰਗ ਦੇ ਭਿੰਨ-ਭੇਦ 'ਚ ਕਿਸੇ ਪ੍ਰਾਕ੍ਰਿਤੀ ਦੇ ਅਧਾਰ ਦਾ ਕੋਈ ਕਾਰਨ ਨਹੀਂ ਹੈ। ਇਹ ਤਾਂ ਸਿਰਫ ਰਾਜ ਸੱਤਾ ਤੇ ਕਾਬਜ ਸਮਾਜਿਕ ਢਾਂਚੇ ਦੀ ਅਤੇ ਦੇਸ਼ ਦੇ ਹਾਕਮਾਂ ਦੀ ਸੌੜੀ ਰਾਜਨੀਤੀ ਦੀ ਹੀ ਦੇਣ ਹੈ! ਜਿਥੇ ਮੂਲ ਮਕਸਦ ਇਸਤਰੀਆਂ ਪਾਸੋ ਸੱਤਾ ਹਥਿਆਣਾ ਹੀ ਹੈ। ਸਭ ਤੋਂ ਦੁੱਖਦਾਈ ਗੱਲ ਇਹ ਹੈ,'ਕਿ ਅੱਜ ਵੀ ਲਿੰਗਕ ਵਿਤਕਰੇ ਜਾਰੀ ਹਨ ਅਤੇ ਇਹ ਘਟਣ ਦੀ ਵਜਾਏ ਤੇਜੀ ਨਾਲ ਵੱਧ-ਫੁੱਲ ਰਹੇ ਹਨ।

ਪਹਿਲੇ ਸੰਸਾਰ ਯੁੱਧ ਤੋਂ ਪਹਿਲਾਂ ਭਾਵ!18ਵੀ ਸਦੀ ਦੇ ਅੰਤ ਤੱਕ ਇਸਤਰੀਆਂ ਸਿਰਫ ਕੱਪੜੇ ਬੁਣਨ ਜਾਂ ਕੱਪੜਿਆਂ ਦੇ ਕੰਮ ਕਾਜ, ਸੀਨ-ਪ੍ਰੋਣ ਜਿਹੇ ਕੰਮ ਅਤੇ ਘਰੇਲੂ ਕੰਮਾਂ 'ਚ ਹੀ ਸਰਗਰਮ ਰਹਿੰਦੀਆਂ ਸਨ। ਉਨ੍ਹਾਂ ਨੂੰ ਘੱਟ ਤਨਖਾਹਾਂ ਤੇ ਜੋਖਮ-ਭਰੇ ਤੇ ਘੱਟੀਆ ਕੰਮ ਹੀ ਕਰਨੇ ਪੈਂਦੇ ਸਨ। ਪ੍ਰੰਤੂ! ਪਹਿਲੇ ਵਿਸ਼ਵ ਯੁੱਧ ਦੌਰਾਨ ਇਸਤਰੀਆਂ ਨੂੰ ਪਹਿਲਾਂ ਤੋਂ ਹੀ ਚਲੇ ਆ ਰਹੇ ਕੰਮਾਂ ਤੇ ਕੰਮ ਕਰਨ ਲਈ ਪ੍ਰੇਰਿਆ । ਕਿਉਂ ਕਿ ਰਿਸ਼ਟ-ਪੁਸ਼ਟ ਮਰਦ ਸੈਨਾਂ ਵਿਚ ਭਰਤੀ ਹੋਣ ਕਰ ਕੇ ਉਨ੍ਹਾਂ ਦੀ ਥਾਂ ਇਸਤਰੀਆਂ ਨੇ ਪਹਿਲੇ ਕੰਮਾਂ ਨੂੰ ਹੀ ਤਰਜ਼ੀਹ ਦਿੱਤੀ। ਜਦ ਕਿ ਪੁਰਾਣੀ ਧਾਰਨਾ ਅਨੁਸਾਰ ਉਸ ਸਮੇ ਇਸਤਰੀਆਂ ਨੂੰ ਇਹੀ ਕਿਹਾ ਜਾਂਦਾ ਸੀ ਕਿ ਤੁਹਾਡਾ ਸਥਾਨ (ਜਗ੍ਹਾ) ਘਰਾਂ ਵਿਚ ਹੀ ਰਹਿਣ ਦਾ ਹੈ। ਬੱਚਿਆਂ ਤੇ ਬਜ਼ੁਰਗਾਂ ਦੀ ਪਰਵਰਿਸ਼ ਤੇ ਘਰੇਲੂ ਕੰਮ ਕੀਤਾ ਜਾਵੇ। ਪਰ! ਸਮਾਜ ਅੰਦਰ ਹਾਲਾਤਾਂ ਕਾਰਨ ਉਭਰੀਆਂ ਆਪਣੀਆਂ ਮਜਬੂਰੀਆਂ ਨੇ ਉਨ੍ਹਾਂ ਦਾ ਅਹਿਸਾਸ ਵੀ ਕਰਾਇਆ ਗਿਆ।

ਆਪਣੇ ਘਰਾਂ ਦੀ ਵਿਗੜ ਰਹੀ ਆਰਥਿਕ ਵਿਵਸਥਾ ਨੂੰ ਸੁਧਾਰਨ ਲਈ ਇਸਤਰੀਆਂ ਨੂੰ ਉਸ ਸਮੇਂ ਵੀ ਆਵਾਜਾਈ, ਹਸਪਤਾਲ, ਉਦਯੋਗਿਕ ਖੇਤਰਾਂ ਵਿਚ ਅਤੇ ਹਥਿਆਰਾਂ ਦੀਆਂ ਫੈਕਟਰੀਆਂ ਵਿਚ ਵੀ ਕੰਮ ਕਰਨਾ ਪਿਆ। ਇਸਤਰੀਆਂ ਨੂੰ, ਇਥੋਂ ਤਕ ਖ਼ਤਰਨਾਕ ਥਾਵਾਂ, ਵਿਸਫੋਟਕ ਫੈਕਟਰੀਆਂ ਜਿਥੇ ਯੁੱਧ ਲਈ ਲੜਾਈ ਲੜੇ ਜਾਣ ਲਈ ਗੋਲੀ ਸਿੱਕਾ ਤਿਆਰ ਕੀਤਾ ਜਾਂਦਾ ਸੀ ਦੇ ਸਮੇਂਵੀ ਆਪਣੀ ਜ਼ਿੰਦਗੀ ਨੂੰ ਜੋਖ਼ਮ 'ਚ ਪਾ ਕੇ ਕੰਮ ਕਰਨਾ ਪਿਆ। ਇਹੋ ਜਿਹੇ ਖ਼ਤਰਨਾਕ ਥਾਵਾਂ ਤੇ ਜਾ ਕੇ ਉਨ੍ਹਾਂ ਕਾਰਖਾਨਿਆਂ ਵਿਚ ਜਿਥੇ ਖ਼ਤਰਨਾਕ ਜ਼ਹਿਰੀਲੀਆਂ ਰਸਾਇਣਾਂ ਹੁੰਦੀਆਂ ਸਨ ਜਿਥੇ ਮਜ਼ਦੂਰ ਇਸਤਰੀਆਂ ਦੀ ਸਰੀਰਕ ਚਮੜੀ ਇਨ੍ਹਾਂ ਜ਼ਹਿਰੀਲੀਆਂ ਰਸਾਇਣਾਂ ਕਾਰਨ ਪੀਲੀ ਹੋਣ ਲੱਗ ਪਈ 'ਤੇ ਕੰਮ ਕਰਨਾ ਪਿਆ,ਜਿਸ ਕਰਕੇ ਉਨ੍ਹਾਂ ਦੀ ਸਿਹਤ ਖ਼ਰਾਬ ਹੋਣ ਲੱਗ ਪਈ ਅਤੇ ਇਹੋ ਜਿਹੀਆਂ ਖਰਾਬ ਚਮੜੀ ਵਾਲੀਆਂ ਇਸਤਰੀਆਂ ਨੂੰ "ਕੈਨਰੀ" ਦਾ ਨਾਂ ਦਿੱਤਾ ਗਿਆ ਸੀ।"ਇਸਤਰੀਆਂ ਦੀ ਘੱਟ ਤਾਕਤ ਤੇ ਵਿਸ਼ੇਸ਼ ਸਿਹਤ ਸੱਮਸਿਆਵਾਂ ਦਾ ਉਲਾਹਮਾਂ ਦੇਣ ਵਾਲੀ ਵਿਵਸਥਾ 1919- ਵਿਚ "ਦੀ ਸੈਕਸ ਡਿਸਕੁਐਲੀਫਿਕੇਸ਼ਨ ਪਾਸ ਕਰਨਾ ਪਿਆ। ਇਸ ਕ ਅੰਦਰ ਲਿੰਗ ਭੇਦ-ਭਾਵ ਦੇ ਕਾਰਨ ਇਸਤਰੀਆਂ ਨੂੰ ਨੌਕਰੀ ਤੋਂ ਬਾਹਰ ਕਰਨਾ ਗੈਰ ਕਾਨੂੰਨੀ ਹੋਵੇਗਾ, ਪ੍ਰੰਤੂ ! ਠੀਕ ਉਸ ਸਮੇ ਹੀ ਮਰਦਾਂ ਨੇ ਇਸ ਕ ਜਾਂ ਨਿਯਮ ਤੋਂ ਆਪਣੇ ਆਪ ਨੂੰ ਬਚਾਉਣ ਲਈ,"ਮਰਦ ਪ੍ਰਧਾਨ ਸੱਤਾ ਕੇਂਦਰਤ ਵਿਚਾਰਧਾਰਾ ਅਧੀਨ,"ਦੀ ਰੈਸਟੋਰੇਸ਼ਨ ਆਫ ਪਰੀ-ਵਾਰ ਪ੍ਰੈਕਟਿਸ ਐਕਟ 1919" ਨੂੰ ਪਾਸ ਕਰਵਾ ਲਿਆ।"

ਇਸ ਕ ਦੇ ਬਣਨ ਨਾਲ ਬਹੁਤ ਸਾਰੀਆਂ ਫੈਕਟਰੀਆਂ, ਕਾਰਖਾਨਿਆਂ ਅਤੇ ਹੋਰ ਥਾਵਾਂ ਤੇ ਮਿਹਨਤ-ਮਜ਼ਦੂਰੀ ਕਰਨ ਵਾਲਿਆਂ ਇਸਤਰੀਆਂ ਨੂੰ ਯੁੱਧ ਦੇ ਸਮੇ ਤੇ ਕੰਮ ਕਰਨ ਵਾਲੀਆਂ ਥਾਵਾਂ ਨੂੰ ਛੱਡਣ ਲਈ ਮਜ਼ਬੂਰ ਕੀਤਾ ਗਿਆ, ਤਾਂ ਜੋ ਯੁੱਧ ਖ਼ਤਮ ਹੋਣ ਤੋਂ ਬਾਦ ਆਉਣ ਵਾਲੇ ਮਰਦ ਉਨ੍ਹਾਂ ਦੀ ਥਾਂਵਾਂ ਤੇ ਕੰਮਾਂ ਤੇ ਲਗ ਸਕਣ । ਇਹ ਇਸਤਰੀ ਵਰਗ ਨਾਲ ਇਕ ਵੱਡਾ ਖਿਲਵਾੜ ਕੀਤਾ ਗਿਆ, ਜੋ ਉਨ੍ਹਾਂ ਨਾਲ ਵਧੀਕੀ ਸੀ। ਇਸਤਰੀਆਂ ਨੂੰ ਉਹ ਕੰਮ ਮਰਦਾਂ ਨੂੰ ਦੇਣ ਕਰਕੇ ਫਿਰ ਰੁਜ਼ਗਾਰ ਤੋਂ ਹੱਥ ਧੋਣੇ ਪਏ ਜਦ ਕਿ ਇਸਤਰੀਆਂ ਪਹਿਲੇ ਵਿਸ਼ਵ ਯੁੱਧ ਵਿਚ "ਬਟਾਲੀਅਨ ਆਫ ਡੈਥ" ਵਿਚ ਹਿੱਸਾ ਰਹੀਆਂ । ਉਨ੍ਹਾਂ ਉੱਪਰ ਹਮਲਾਵਰ ਤੇ ਹਿੰਸਕ ਜਿਹੀਆਂ ਹੋਣ ਦੇ ਵੀ ਦੋਸ਼ ਲਾ ਕੇ ਕੰਮਾਂ ਤੋਂ ਕੱਢਿਆ ਗਿਆ। ਪ੍ਰੰਤੂ ਦੂਸਰੇ ਵਿਸ਼ਵ ਯੁੱਧ ਵਿਚ ਉਨ੍ਹਾਂ ਦੀ ਕਾਰਖਾਨਿਆਂ ਤੇ ਫੈਕਟਰੀਆਂ ਵਿਚ ਫਿਰ ਇਸਤਰੀਆਂ ਦੇ ਕੰਮ ਕਰਨ ਦੀ ਜਰੂਰਤ ਪਈ ਤਾਂ ਦੂਜੇ ਵਿਸ਼ਵ ਯੁੱਧ ਵਿਚ ਅਮਰੀਕੀ ਸੈਨਾ ਨੂੰ ਇਕ ਥਾਂ ਤੋਂ ਦੂਸਰੀ ਥਾਂ ਤੇ ਲਿਆਉਣ ਤੇ ਜਾਣ ਲਈ '27 ਇਸਤਰੀ ਪਾਇਲਟਾਂ' ਨੂੰ ਭਰਤੀ ਕੀਤਾ ਗਿਆ ਸੀ। ਸੋਵੀਅਤ ਰੂਸ ਵਿਚ ਵੀ ਚਾਰ ਲੱਖ ਤੋਂ ਵੱਧ ਇਸਤਰੀਆਂ ਨੂੰ "ਰੈਡ ਆਰਮੀ ਗਰਲਜ" ਦੇ ਰੂਪ 'ਚ ਸੈਨਾ 'ਚ ਭਰਤੀ ਕੀਤਾ ਗਿਆ ਤਾਂ ਜੋ ਉਹ ਡਾਕਟਰ ਤੇ ਨਰਸਾਂ ਤੋਂ ਇਲਾਵਾ ਲੜਾਕੂ ਸੈਨਿਕਾਂ ਦੇ ਰੂਪ ਵਿਚ ਵੀ ਕੰਮ ਕਰ ਸਕਣ। ਇਹ ਸਮਾਂ ਹਰ ਤਰ੍ਹਾਂ ਦੇ ਕੰਮ ਕਾਜ ਅੰਦਰ ਇਸਤਰੀ ਵਰਗ ਦੀ ਸ਼ਮੂਲੀਅਤ ਦਾ ਤੇਜੀ ਨਾਲ ਫੈਲਣਾ ਸੀ।

ਦੂਸਰੇ ਵਿਸ਼ਵ ਯੁੱਧ ਵਿਚ ਲੱਗ-ਭੱਗ 60 ਲੱਖ ਇਸਤਰੀਆਂ ਨੇ ਉਹ ਸਾਰੀਆਂ ਹੀ ਭੂਮਿਕਾਵਾਂ ਸੁਚੱਜੇ ਢੰਗ ਨਾਲ ਨਿਭਾਈਆਂ ਜਿਹਨਾਂ 'ਤੇ ਸਿਰਫ ਮਰਦ ਕਬਜਾ ਜਮਾਈ ਬੈਠੇ ਸਨ। ਪ੍ਰੰਤੂ! ਦੂਸਰਾ ਵਿਸ਼ਵ ਯੁੱਧ ਖਤਮ ਹੋਣ ਤੋਂ ਬਾਅਦ ਇਸਤਰੀਆਂ ਉੱਪਰ ਫਿਰ ਦਬਾਉ ਪਾਇਆ ਗਿਆ, ਕਿ ਉਹ ਆਪਣੀਆਂ ਨੌਕਰੀਆਂ (ਪਦਵੀਆਂ) ਫੌਜ ਵਿਚੋਂ ਵਾਪਸ ਆਏ ਫੌਜੀਆਂ/ਮਰਦਾਂ ਲਈ ਛੱਡ ਦੇਣ। ਉਹਨਾਂ ਉੱਪਰ ਇਹ ਦਬਾਉ ਬਰਕਰਾਰ ਰਿਹਾ ਤੇ ਇਸਤਰੀਆਂ ਨੂੰ ਉਹ ਨੌਕਰੀਆਂ ਤੋਂ ਛਾਂਟੀ ਜਾਂ ਛੱਡਣ ਲਈ ਮਜ਼ਬੂਰ ਕੀਤਾ ਗਿਆ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਲੱਗ-ਭੱਗ ਤਿੰਨ -ਚੌਥਾਈ ਤੋਂ ਜਿਆਦਾ ਇਸਤਰੀਆਂ ਨੂੰ ਆਪਣਾ ਰੁਜਗਾਰ ਛੱਡਣ ਲਈ ਮਜਬੂਰ ਹੋਣਾ ਪਿਆ।

ਭਾਰਤ ਵਿਚ ਨੋਟ ਬੰਦੀ ਦੇ ਬਾਅਦ ਬੇ-ਰੁਜਗਾਰੀ 'ਚ ਬੇ-ਪਨਾਹ ਵਾਧਾ ਹੋਇਆ ਤਾਂ! ਇਸਤਰੀਆਂ ਨੂੰ ਕੰਮ ਦੇ ਸਥਾਨ ਤੋਂ ਕੱਢ ਦਿੱਤਾ ਗਿਆ । ਇਹ ਕੋਈ ਪਹਿਲੀ ਵਾਰ ਨਹੀਂ ਹੈ! ਜਦੋਂ ਵੀ ਦੇਸ਼ ਵਿਚ ਬੇ-ਰੁਜਗਾਰੀ ਵਧਦੀ ਹੈ ਤਾਂ! ਕੰਮ ਦੇ ਸਥਾਨ ਤੇ ਛਾਂਟੀ ਦਾ ਕੁਹਾੜਾ ਸਭ ਤੋਂ ਪਹਿਲਾਂ ਇਸਤਰੀਆਂ ਤੇ ਹੀ ਪੈਂਦਾ ਹੈ। ਇਹ ਨੋਟ ਬੰਦੀ ਸਮੇਂ ਵੀ ਹੋਇਆ ਅਤੇ ਨੋਟ ਬੰਦੀ ਬਾਅਦ ਵੀ! ਉਨ੍ਹਾਂ ਪਰਿਵਾਰਾਂ ਦੀ ਫੀਸਦ ਗਿਣਤੀ ਜਿਨ੍ਹਾਂ ਵਿਚ ਪ੍ਰੀਵਾਰਾਂ ਦੇ ਦੋ ਜਾਂ ਦੋ ਤੋਂ ਵੱਧ ਮੈਂਬਰਕੰਮ ਕਰਦੇ ਸਨ ਦੀ ਹਿੱਸੇਦਾਰੀ 34.8 ਫੀਸਦ ਤੋਂ ਘਟ ਕੇ 31.8 ਫੀਸਦ ਤੱਕ ਹੀ ਰਹਿ ਗਈ ਹੈ, ਜੋ ਕਿੰਨੀ ਹੈਰਾਨੀਜਨਕ ਗੱਲ ਹੈ। ਇਹ ਵੀ ਬਹੁਤ ਹੀ ਅਫਸੋਸ ਜਨਕ ਹੈ ! ਕਿ ਸਾਡੀਆਂ ਸਰਕਾਰਾਂ ਵੀ ਇਸਤਰੀਆਂ ਨੂੰ ਸਿਰਫ ਸਿਹਨਤ ਮਜ਼ਦੂਰੀ ਜਾਂ ਦਿਹਾੜੀ ਕਰਨ ਵਾਲੀਆਂ ਮਸ਼ੀਨਾਂ ਹੀ ਸਮਝਦੀਆਂ ਹਨ! ਜਿਥੇ ਉਹਨਾਂ ਨੂੰ ਮਰਦ ਨਾਲੋਂ ਤਨਖਾਹ ਜਾਂ ਦਿਹਾੜੀ ਵੀ ਘਟ ਦਿੱਤੀ ਜਾਂਦੀ ਹੈ ਅਤੇ ਸਮਾਂ ਆਉਣ ਦੇ ਮਰਦ ਤੋਂ ਪਹਿਲਾਂ ਹੀ ਕੰਮ ਤੋਂ ਛਾਂਟੀ ਕਰ ਦਿੱਤੀ ਜਾਂਦੀ ਹੈ । 21ਵੀ ਸਦੀ ਵਿਚ ਵੀ ਇਹ ਸ਼ੋਸ਼ਣ ਇਸਤਰੀਆਂ ਨਾਲ ਹੋ ਰਿਹਾ ਹੈ ਤੇ ਇਸ ਤੋਂ ਪਹਿਲਾਂ ਵੀ ਸੀ। ਅੱਜ! ਵੀ ਲਿੰਗਕ ਵਿਤਕਰੇ ਦਾ ਸਭ ਤੋਂ ਵੱਧ ਸ਼ਿਕਾਰ ਇਸਤਰੀ ਵਰਗ ਹੀ ਹੋ ਰਿਹਾ ਹੈ।

ਦੇਸ਼ ਅੰਦਰ ਕਮਾਈ ਦੇ ਸਾਧਨਾ ਵਿਚ ਇਸਤਰੀਆਂ ਦੀ ਭਾਗੀਦਾਰੀ ਸਿਰਫ 18 ਫੀਸਦ ਹੀ ਹੈ।"ਗਲੋਬਲ ਜੈਂਡਰ ਇਨਕੁਆਲਿਟੀ" ਦੀ ਰਿਪੋਰਟ ਮੁਤਾਬਿਕ ਭਾਰਤ ਦੀ ਕਿਰਤ ਆਮਦਨ ਵਿਚ ਮਰਦ ਦੀ ਹਿੱਸੇਦਾਰੀ 82 ਫੀਸਦ ਹੈ ਜਦ ਕਿ ਪਿਛਲੇ 15 ਸਾਲਾਂ ਤੋਂ ਇਸਤਰੀ ਦੀ ਕੰਮ ਕਰਨ ਦੇ ਸਥਾਨ 'ਤੇ ਵਰਕ ਫੋਰਸ (ਗਿਣਤੀ) ਵੀ ਘਟੀ ਹੈ ਤੇ ਉਨ੍ਹਾਂ ਦੀ ਕਮਾਈ 'ਚ 12000 ਰੁਪਏ ਹਰ ਮਹੀਨੇ ਦੀ ਆਮਦਨ ਵੀ ਘਟੀ ਹੈ । "ਲੇਟੈਸਟ ਮਾਨਸਟਰ ਸੈਲਰੀ ਇੰਡੈਕਸ-2020" ਦੇ ਅਨੁਸਾਰ ਭਾਰਤ 'ਚ ਮਰਦਾਂ ਦੇ ਮੁਕਾਬਲੇ ਇਸਤਰੀਆਂ ਨੂੰ19 ਫੀਸਦ ਤਨਖਾਹ ਘੱਟ ਮਿਲਦੀ ਹੈ।" ਕੋਵਿਡ-19 ਦੇ ਕਾਰਨ ਬਿਮਾਰੀ, ਅਰਥ ਵਿਵਸਥਾ ਅਤੇ ਬੇਰੁਜਗਾਰੀ ਨਾਲ ਫੈਲੀ ਉਦਾ-ਸੀਨਤਾ, ਇੱਕਲਾਪਨ ਆਦਿ ਅਜਿਹੀਆਂ ਚੁਣੌਤੀਆਂ ਦਾ ਸਭ ਤੋਂ ਵੱਧ ਸ਼ਿਕਾਰ ਕਿਰਤੀ ਇਸਤਰੀਆਂ ਹੀ ਹੋਈਆਂ ਹਨ । ਬੇਰੁਜਗਾਰੀ ਤੇ ਕਰਜੇ ਦੇ ਬੋਝ ਹੇਠ ਤਿੰਨਾਸਾਲਾ ਅੰਦਰ 50 ਹਾਜ਼ਰ ਤੋਂ ਵੱਧ ਲੋਕਾਂ ਨੇ ਆਤਮਹੱਤਿਆਵਾਂ ਕੀਤੀਆਂ ਹਨ (ਐਨ.ਸੀ.ਬੀ. ਕੇਂਦਰੀ ਰਾਜ ਮੰਤਰੀ)"ਸੀ.ਐਮ. ਆਈ.ਈ." ਦੀ ਰਿਪੋਰਟ ਅਨੁਸਾਰ ਇਕ ਸਤੰਬਰ, 2021 ਤੋਂ 31 ਦਸੰਬਰ 2021 ਤੱਕ ਬੇਰੁਜਗਾਰੀ ਦੀ ਦਰ 7.91 ਫੀਸਦ ਰਹੀ ।ਇਕ ਤਿਹਾਈ ਤੋਂ ਵੱਧ ਇਸਤਰੀਆਂ ਇਸ ਬੇ-ਰੁਜਗਾਰੀ ਦਾ ਸ਼ਿਕਾਰ ਹੋਈਆਂ।'ਆਈ.ਐਲ.ਓ' ਦੀ ਰਿਪੋਰਟ ਮੁਤਾਬਿਕ ਕੋਵਿਡ-19 ਦੌਰਾਨ ਪੈਦਾ ਹੋਈ ਬੇ-ਰੁਜਗਾਰੀ ਦੀ ਮਾਰ ਮਰਦਾਂ ਦੇ ਮੁਕਾਬਲੇ ਇਸਤਰੀਆਂ ਉੱਪਰ ਇਸ ਦਾ ਵੱਧ ਅਸਰ ਹੋਇਆ ਹੈ। ਰੁਜ਼ਗਾਰ ਖੁਸਣ ਕਾਰਨ ਸਭ ਤੋਂ ਵੱਧ ਸੰਕਟ ਦਾ ਸ਼ਿਕਾਰ ਇਸਤਰੀ ਵਰਗ ਹੀ ਹੋਇਆ ਹੈ। ਨਤੀਜਾ ਇਹ ਨਿਕਲਿਆ ਕਿ ਮਿਹਨਤ ਮਜ਼ਦੂਰੀ ਕਰ ਕੇ ਘਰ ਚਲਾਉਣ ਵਾਲੀਆਂ ਕੰਮ ਕਾਜੀ ਇਸਤਰੀਆਂ ਦੀ ਆਰਥਿਕ ਦਸ਼ਾ ਵਿਗੜਨ ਕਾਰਨ ਉਹ ਹਾਸ਼ੀਏ ਤੇ ਚਲੀਆਂ ਗਈਆਂ । ਇਸੇ ਰਿਪੋਰਟ ਮੁਤਾਬਿਕ ਸਾਲ 2019 ਦੇ ਮੁਕਾਬਲੇ 2021 'ਚ ਮਰਦ ਕਿਰਤੀਆਂ ਦੇ ਮੁਕਾਬਲੇ ਇਸਤਰੀ ਕਿਰਤ ਸ਼ਕਤੀ ਲੱਗ-ਭੱਗ ਇਕ ਕਰੋੜ 30 ਲੱਖ ਇਸਤਰੀਆਂ ਮੁੜ ਰੁਜਗਾਰ ਪ੍ਰਾਪਤ ਨਹੀਂ ਕਰ ਸਕੀਆਂ ਹਨ ਅਤੇ 4.2 ਫੀਸਦ ਦਾ ਰੁਜਗਾਰ ਖੁਸ ਗਿਆ ਹੈ।ਇਹ ਕਿੱਡੀ ਵੱਡੀ ਤਰਾਸਦੀ ਹੈ ਕਿ ਰੁਜਗਾਰ ਖੁਸ ਜਾਣ ਤੇ ਭੁੱਖੇ ਮਰਨ ਲਈ ਮਜ਼ਬੂਰ ਹੋ ਜਾਣਾ!



ਰਜਿੰਦਰ ਕੌਰ ਚੋਹਕਾ
91-98725-44738
001-403-285-4208

ਪਿੱਛਲੇ ਸਾਲ (2021) ਦੁਨੀਆਂ ਦੀ ਕੁੱਲ ਕ੍ਰਿਆਸ਼ੀਲ ਇਸਤਰੀ ਕਿਰਤ ਸ਼ਕਤੀ ਵਿਚੋਂ 43 ਫੀਸਦ ਨੂੰ ਹੀ ਰੁਜਗਾਰ ਮਿਲ ਸਕਿਆ ਸੀ । ਜਦ ਕਿ ਇਸ ਦੇ ਸਨਮਾਨ ਉਮਰ ਵਰਗ ਦੇ 69 ਫ਼ੀਸਦ ਮਰਦ ਕਿਰਤੀ ਰੁਜਗਾਰ ਪ੍ਰਾਪਤ ਕਰਨ ਵਿਚ ਕਾਮਯਾਬ ਰਹੇ । ਬਰਾਬਰ ਕੰਮ ਵਿਚ ਬਰਾਬਰ ਹਿੱਸਾ ਪਾਉਣ ਲਈ ਮਰਦ ਤੇ ਇਸਤਰੀ ਕਿਰਤ ਸ਼ਕਤੀ ਵਿਚਕਾਰ ਕਿੰਨ੍ਹਾ ਲਿੰਗਕ ਵਿਤਕਰਾ ਹੈ? ਜਦਕਿ "ਸੰਯੁਕਤ ਰਾਸ਼ਟਰ" ਨੇ 2030 ਤੱਕ ਸਾਰੇ ਹੀ ਖੇਤਰਾਂ ਵਿਚ ਲਿੰਗਕ ਅਸਮਾਨਤਾ ਨੂੰ ਦੂਰ ਕਰਨ ਦਾ ਟੀਚਾ ਨੀਯਤ ਕੀਤਾ ਹੋਇਆ ਹੈ। ਪਰ! ਮੌਜੂਦਾ ਸਮੇ ਤੇ ਜੋ ਸਥਿਤੀ ਹੈ ਉਸ ਤੋਂ ਇਹ ਅਨੁਭਵ ਹੁੰਦਾ ਹੈ ਕਿ ਮਿੱਥੇ ਸਮੇ ਤਕ ਅਸੀਂ ਲਿੰਗਕ ਸਮਾਨਤਾ ਨਹੀਂ ਪ੍ਰਾਪਤ ਕਰ ਸਕਾਗੇ! ਇਸਤਰੀ ਵਰਗ ਨਾਲ ਕੋਵਿਡ-19 ਮਹਾਮਾਰੀ ਤੋਂ ਪਹਿਲਾਂ ਵੀ ਲਿੰਗਕ ਵਿਤਕਰਾ ਸੀ।

ਕੰਮ ਕਰਨ ਦੇ ਘੰਟੇ, ਰੁਜਗਾਰ ਪ੍ਰਾਪਤੀ, ਘਰਾਂ ਦੇ ਕੰਮ-ਕਾਰ ਕਰਕੇ ਰੁਜ਼ਗਾਰ ਤੇ ਜਾਣਾ, ਮਰਦਾਂ ਤੋਂ ਬਾਅਦ ਕੰਮ ਤੇ ਰੱਖਣਾ, ਸਭ ਤੋਂ ਪਹਿਲਾਂ ਛਾਂਟੀ ਦਾ ਕੁਹਾੜਾ ਚਲਣਾ, ਆਦਿ ਅਜਿਹੀਆਂ ਵਿਵਸਥਾਵਾਂ ਵਿਚੋਂ ਲੰਘਣਾ ਪੈਂਦਾ ਸੀ। ਪਰ! ਇਸ ਮਹਾਂਮਾਰੀ ਦੁਰਾਨ ਅਤੇ ਹੁਣ ਵੀ ਇਸਤਰੀ ਕਾਮੇਂ ਨੂੰ ਦੋਹਰੀ ਮਾਰ ਪਈ ਹੈ ? ਸਮਾਜ ਵੀ ਤੇ ਹਾਕਮ ਵੀ ਸਭ ਚੁੱਪ ਹਨ?

ਦੇਸ਼ ਅੰਦਰ ਪ੍ਰਤੀ ਵਿਅਕਤੀ ਸਲਾਨਾ ਆਮਦਨ 2,04,200 ਰੁਪਏ ਹੈ । ਉੱਪਰਲੀ ਆਮਦਨ ਵਾਲੇ 10 ਫ਼ੀਸਦ ਲੋਕਾਂ ਦੀ ਆਮਦਨ 11,67,000 ਰੁਪਏ ਤੇ ਹੇਠਲੇ 50 ਫ਼ੀਸਦ ਵਸੋਂ ਦੀ ਆਮਦਨ ਸਿਰਫ 53,610 ਰੁਪਏ ਹੀ ਹੈ। ਜੋ ਉੱਪਰਲੇ ਵਰਗ ਨਾਲੋਂ 20 ਗੁਣਾ ਘੱਟ ਹੈ । ਇਸ ਕਾਣੀ ਵੰਡ ਅੰਦਰ ਸਮਾਜਿਕ-ਆਰਥਿਕ ਵਾਂਝੇ ਰਾਜਸੀ ਪ੍ਰਬੰਧ ਅੰਦਰ ਆਮਦਨ ਨਾ-ਬਰਾਬਰੀਆਂ ਦੇ ਸਿੱਟੇ ਵਜੋਂ ਆਰਥਿਕ ਅਸਮਾਨਤਾ ਕਾਰਨ ਕਾਮਾਂ ਇਸਤਰੀਆਂ ਦੀ ਆਮਦਨ ਘੱਟਣ ਕਾਰਨ ਹੁਣ ਉਨ੍ਹਾਂ ਨੂੰ ਆਪਣੀਆਂ ਮੁਢਲੀਆਂ ਜੀਵਨ ਲੋੜਾਂ ਵੀ ਪੂਰੀਆਂ ਕਰਨੀਆਂ ਮੁਸ਼ਕਿਲ ਹੋ ਗਈਆਂ ਹਨ। ਸਿਹਤ ਸਹੂਲਤਾਂ, ਬੱਚਿਆਂ ਦੀ ਸਿਖਿਆ ਤਾਂ ਦੂਰ ਦੀ ਗੱਲ ਹੈ, ਹੁਣ ਢੰਗ ਦੀ ਰੋਟੀ ਵੀ ਪੂਰੀ ਕਰਨੀ ਮੁਸ਼ਕਿਲ ਹੋ ਰਹੀ ਹੈ। ਇਸਤਰੀ ਵਰਗ ਨੂੰ ਆਪਣੀ ਮੁਕਤੀ ਲਈ,'ਇਸ ਗਰੀਬੀ-ਅਮੀਰੀ ਦੇ ਪਾੜੇ ਨੂੰ ਦੂਰ ਕਰਨ ਲਈ ਦੇਸ਼ ਦੀ ਕਿਰਤੀ ਜਮਾਤ ਨਾਲ ਮਿਲ ਕੇ ਸਮਾਜਿਕ ਪ੍ਰੀਵਰਤਨ ਲਈ ਵਿਚਾਰਧਾਰਕ ਸਿਆਸੀ ਸੰਘਰਸ਼ ਕਰਨੇ ਪੈਣਗੇ। ਤਾਂ ਹੀ ਉਹ ਇਨ੍ਹਾਂ ਦੁਸ਼ਵਾਰੀਆਂ ਤੋਂ ਛੁਟਕਾਰਾ ਪਾ ਸਕਦੀ ਹੈ।

# ਕੇਜਰੀਵਾਲ ਦੀ ਪ੍ਰਤਿੱਗਿਆ ਅਤੇ ਡਾ. ਅੰਬੇਡਕਰ



ਕੇ. ਸੀ. ਸੁਲੇਖ
0172-4623503

ਇਹਨਾਂ ਹੋ ਚੁੱਕੇ ਪੰਜ ਸੂਬਾਈ ਇਲੈਕਸ਼ਨਾਂ ਦੇ ਘਮਸਾਣ ਵਿਚ ਜੇ ਕੋਈ ਖਾਸ ਵਿਸ਼ੇਸ਼ਤਾ ਦੇਖਣ ਵਿਚ ਆਉਂਦੀ ਹੈ, ਉਹ ਅਲੰਕਾਰ ਦੇ ਰੂਪ ਵਿਚ ਦਾਅਵਿਆਂ ਅਤੇ ਵਾਅਦਿਆਂ ਦੇ ਕਾਕਟੇਲ (ਕਈ ਕਿਸਮ ਦੀਆਂ ਸ਼ਰਾਬਾਂ ਦਾ ਮਿਸ਼ਰਣ) ਸ਼ਬਦ ਵਿਚ ਕੈਦ ਕੀਤਾ ਜਾ ਸਕਦਾ ਹੈ। ਅਨੇਕਾਂ ਜਾਣੀਆਂ ਪਛਾਣੀਆਂ, ਨਵੀਆਂ ਜੰਮੀਆਂ ਅਤੇ ਅਣਪਛਾਤੀ ਪਾਰਟੀਆਂ ਨੇ ਚੋਣ ਅਖਾੜੇ 'ਚ ਉਤਰ ਕੇ ਵੋਟਰਾਂ ਦਾ ਧਿਆਨ ਅਤੇ ਦਿਲ ਖਿੱਚਣ ਲਈ ਸੂਬੇ ਨੂੰ ਅਤੇ ਲੋਕਾਂ ਨੂੰ ਅਤਿ ਖੁਸ਼ਹਾਲ ਬਣਾਉਣ ਲਈ ਇਹੋ ਜਿਹੇ ਵਾਅਦਿਆਂ ਦੀ ਵਰਖਾ ਕਰ ਦਿੱਤੀ, ਜਿਹਨਾਂ ਬਾਰੇ ਬੰਦਾ ਕਦੇ ਸੋਚ ਵੀ ਨਹੀਂ ਸਕਦਾ। ਇਕ ਅਜਿਹੀ ਪਾਰਟੀ ਜਿਸ ਦੀ ਇਕ ਸੀਟ 'ਤੇ ਵੀ ਵੋਟ ਅਤੇ ਪੈਸੇ ਪੱਖੋਂ ਕਾਮਯਾਬੀ ਮੁਮਕਿਨ ਨਹੀਂ, ਨਾ ਏਜੰਡੇ ਪੱਖੋਂ ਤਾਕਤ ਹੈ, ਉਹ ਪਾਰਟੀਵੀ ਕੁਝ ਲੋਕਾਂ ਨੂੰ ਇਕੱਠੇ ਕਰਕੇ ਆਪਣੇ ਚੋਣ ਮੈਨੀਫੈਸਟੋ ਰਾਹੀਂ ਜਾਂ ਜ਼ੁਬਾਨੀ ਦਮਗਜਿਆਂ ਰਾਹੀਂ ਮੌਜੂਦਾ 'ਨਿੱਘਰੀ ਹੋਈ' ਹਾਲਤ ਨੂੰ ਬਦਲ ਕੇ ਇਕ ਨਵਾਂ ਭਾਰਤ ਬਣਾਉਣ ਦੀਆਂ ਬੜਕਾਂ ਮਾਰਨ ਤੋਂ ਪਿੱਛੇ ਨਹੀਂ ਰਹਿੰਦੀ, ਭਾਵੇਂ ਬਾਅਦ ਵਿਚ ਸਾਰੇ ਬੰਦਿਆਂ ਦੀ ਜ਼ਮਾਨਤਾਂ ਹੀ ਜ਼ਬਤ ਹੋ ਜਾਣ। ਚੁਟਕਲੇ ਦੇ ਭਾਵ ਵਿਚ ਜਦ ਇਹੋ ਜਿਹੀ ਪਾਰਟੀ ਦੇ ਬੰਦੇ ਨੂੰ ਇਲੈਕਸ਼ਨ ਵਿਚ ਕੇਵਲ ਤਿੰਨ ਵੋਟਾਂ ਮਿਲੀਆਂ ਤਾਂ ਉਹ ਹੈਰਾਨ ਹੋ ਕੇ ਸਾਥੀਆਂ ਤੋਂ ਪੁੱਛਣ ਲੱਗਾ 'ਇਹਨਾਂ ਤਿੰਨਾਂ ਵੋਟਾਂ ਵਿਚ ਇਕ ਤਾਂ ਮੇਰੀ ਸੀ, ਦੂਜੀ ਮੇਰੀ ਵਹੁਟੀ ਦੀ ਲੇਕਿਨ ਆਹ ਤੀਜੀ ਵੋਟ ਕਿਸ ਬੇਵਕੂਫ ਨੇ ਪਾ ਦਿੱਤੀ?' ਹੈ ਤਾਂ ਦ੍ਰਿਸ਼ਟਾਂਤ ਵਜੋਂ ਇਹ ਇਕ ਚੁਟਕਲਾ ਜਿਹਾ ਲੇਕਿਨ ਹਕੀਕਤ ਵਿਚ ਬਹੁਤੀਆਂ ਬੇਸਮਝ ਪਾਰਟੀਆਂ ਅਤੇ ਬੇੜੀ ਡੋਬ ਉਮੀਦਵਾਰਾਂ ਦੀ ਕਹਾਣੀ ਇਸੇ ਚੁਟਕਲੇ ਦੇ ਇਰਦ-ਗਿਰਦ ਘੁੰਮਦੀ ਦਿਸੇਗੀ ਜੋ ਕੋਈ ਅੱਛੀ ਰਾਜਨੀਤੀ ਦੀ ਮਿਸਾਲ ਨਹੀਂ ਹੈ। ਗੱਲਾਂ ਤਾਂ ਕਰਦੇ ਹਨ ਮੋਦੀ ਜਿਹੇ ਸੋਲਾਂ ਕਲਾਂ ਸੰਪੂਰਨ ਖਿਡਾਰੀ ਨੂੰ ਢਾਉਣ ਦੀਆਂ ਲੇਕਿਨ ਰਸਤੇ ਵਿਚ ਆਪਸ 'ਚ ਹੀ ਲੜ ਮਰਦੇ ਹਨ।

ਆਜ਼ਾਦੀ ਤੋਂ ਬਾਅਦ ਭਾਰਤ ਨੇ ਆਪਣੇ ਲਈ ਹਕੂਮਤ ਦਾ ਜਿਹੜਾ ਮਾਡਲ ਸੰਸਦੀ ਪ੍ਰਣਾਲੀ ਚੁਣਿਆ ਅਤੇ ਅਪਣਾਇਆ, ਉਹ ਨਿਸਚਿਤ ਰੂਪ ਵਿਚ ਸਾਰੇ ਪ੍ਰਚੱਲਿਤ ਮਾਡਲਾਂ ਵਿਚੋਂ ਭਾਰਤ ਵਰਗੇ ਭਾਸ਼ਾਈ, ਖੇਤਰੀ, ਧਰਮ, ਜਾਤੀ ਅਤੇ ਸਭਿਆਚਾਰਕ ਸਮੱਸਿਆਵਾਂ ਨਾਲ ਭਰੇ ਹੋਏ ਦੇਸ਼ ਲਈ ਸਭ ਤੋਂ ਵੱਧ ਸੁਖਾਵਾਂ ਅਤੇ ਬਿਹਤਰੀਨ ਮਾਡਲ ਸੀ/ ਹੈ। ਲੇਕਿਨ ਜਦ ਤੱਕ ਇਹ ਪ੍ਰਣਾਲੀ ਪੂਰਨ ਰੂਪ ਵਿਚ ਵਿਕਸਤ ਨਹੀਂ ਹੋ ਜਾਂਦੀ ਅਤੇ ਲੋਕਾਂ ਵਿਚ ਲੋੜੀਂਦੀ ਸੂਝ-ਬੂਝ ਅਤੇ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਗਰੂਕਤਾ ਪੈਦਾ ਨਹੀਂ ਹੋ ਜਾਂਦੀ, ਉਦੋਂ ਤੱਕ ਇਕ ਚੂਹੇ ਬਿੱਲੀ (ਮਾੜੇ ਤਕੜੇ) ਦਾ ਖੇਡ ਚਲਦਾ ਰਹੇਗਾ ਅਤੇ ਅਨਪੜ੍ਹ, ਅਗਿਆਨੀ, ਗਰੀਬ ਲੋਕਾਂ ਦੁਆਰਾ ਪੈਸੇ/ਸ਼ਰਾਬ ਬਦਲੇ ਵੋਟਾਂ ਵੇਚਣ ਦਾ ਕਰਮ ਵੀ ਚਲਦਾ ਰਹੇਗਾ। ਸੰਸਦੀ ਪ੍ਰਣਾਲੀ ਦੇ ਇਸ ਦੋਸ਼ /ਕਮਜ਼ੋਰੀ ਦਾ ਅਜਿਹਾ ਨਹੀਂ ਕਿ ਸੰਵਿਧਾਨ ਘੜਨੀ ਸਭਾ ਨੂੰ ਗਿਆਨ ਨਹੀਂ ਸੀ, ਸਗੋਂ ਸਭਾ ਦੇ ਦੂਰਅੰਦੇਸ਼ ਬੁੱਧੀਮਾਨਾਂ ਦੇ ਦਿਲ ਵਿਚ ਇੱਥੋਂ ਦੇ ਕਰੋੜਾਂ ਅਛੂਤ ਅਤੇ ਆਦਿਵਾਸੀਆਂ ਦੇ ਭਵਿੱਖ ਦੀ ਸਭ ਤੋਂ ਵੱਧ ਚਿੰਤਾ ਸੀ, ਜੋ ਸਦੀਆਂ ਤੋਂ ਨਰਕ ਤੋਂ ਵੀ ਭੈੜਾ ਜੀਵਲ ਗੁਜ਼ਾਰਦੇ ਚਲੇ ਆਏ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਜੇ ਗਰੀਬੀ ਅਤੇ ਅਗਿਆਨਤਾ ਕਾਰਨ ਸ਼ੁਰੂਆਤੀ ਦੌਰ ਵਿਚ ਕੁਝ ਕਮਜ਼ੋਰੀਆਂ ਪੇਸ਼ ਆ ਰਹੀਆਂ ਹਨ ਤਾਂ ਸਮੇਂ ਦੇ ਪਲਟਣ ਨਾਲ ਇਹ ਕਮਜ਼ੋਰੀਆਂ ਦੂਰ ਵੀ ਹੋ ਸਦਕੀਆਂ ਹਨ ਪਰ ਪਾਲਸੀ (ਰਾਜ ਸ਼ਾਸਨ ਵਿਧੀ) ਦਾ ਆਧਾਰ ਠੀਕ ਹੋਣਾ ਚਾਹੀਦੈ। ਦੂਜੇ ਦੇਸ਼ਾਂ ਵਿਚ ਚੱਲ ਰਹੇ ਜਾਂ ਚੱਲ ਚੁੱਕੇ ਮਾਡਲ ਬ੍ਰਾਹਮਣੀ ਚਤਰ ਵਰਨ ਆਸ਼ਰਮ, ਅਮਰੀਕਾ ਦੇ ਰਾਸ਼ਟਰਪਤੀ ਸ਼ਾਸਨ, ਰੂਸ ਅਤੇ ਚੀਨ ਦੇ ਕਮਿਊਨਿਸਟ ਸਿਸਟਮ ਆਦਿ ਦੇ ਮੁਕਾਬਲ ਇਸੇ ਕਾਰਨ ਸੰਸਦੀ ਪ੍ਰਣਾਲੀ ਪ੍ਰਵਾਨ ਕੀਤੀ ਗਈ। ਇਸੇ ਮਾਡਲ ਦੀ ਬਰਕਤ ਹੈ ਕਿ ਇਕ ਸੜਕ ਸਾਫ ਕਰਨ ਵਾਲੇ ਸਧਾਰਨ ਵਿਅਕਤੀ ਦੇ ਵੋਟ ਦੀ ਵੀ ਉਨੀ ਤਾਕਤ ਹੈ, ਜਿੰਨੀ ਦੇਸ਼ ਦੇ ਉਚਤਮ ਪਦ 'ਤੇ ਬੈਠੇ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਦੀ।

ਭਾਰਤ ਵਰਗੇ ਵਿਦੇਸ਼ੀਆਂ ਦੀ ਗੁਲਾਮੀ 'ਚ ਰਹਿ ਚੁੱਕੇ ਦੇਸ਼ ਨੂੰ ਪਹਿਲੀਆਂ ਮੰਜ਼ਿਲਾਂ ਵਿਚ ਕਿਸ ਪ੍ਰਕਾਰ ਦੇ ਖਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਉਸ ਦੀ ਝਲਕ ਬਾਬਾ ਸਾਹਿਬ ਦੇ ਸੰਵਿਧਾਨ ਸਭਾ ਵਿਚ 25 ਨਵੰਬਰ 1949 ਨੂੰ ਦਿੱਤੇ ਭਾਸ਼ਣ ਵਿਚ ਬਾਖੂਬੀ ਮਿਲ ਸਕਦੀ ਹੈ ਕਿ ਕਿਸ ਤਰ੍ਹਾਂ ਦਬੰਗ ਪਾਰਟੀਆਂ ਗਰੀਬ ਅਨਪੜ੍ਹ ਲੋਕਾਂ ਦੀ ਅਗਿਆਨਤਾ ਦਾ ਫਾਇਦਾ ਉਠਾ ਕੇ ਦੇਸ਼ ਵਿਚ ਤਾਨਾਸ਼ਾਹੀ ਹਕੂਮਤ ਸਥਾਪਤ ਕਰ ਸਕਦੀਆਂ ਹਨ। ਲੋਕਤੰਤਰ ਦੇ ਕਾਮਯਾਬੀ ਨਾਲ ਵਿਕਸਤ ਹੋਣ ਲਈ ਨਿਸ਼ਚਿਤ ਸਮੇਂ ਤੇ ਪਾਰਲੀਮੈਂਟ ਅਤੇ ਅਸੈਂਬਲੀਆਂ ਦੇ ਇਲੈਕਸ਼ਨ ਹੋਣਾ ਜ਼ਰੂਰੀ ਹੈ, ਜਿਹਨਾਂ ਵਿਚ ਜਿੱਤ ਹਾਸਲ ਕਰਨ ਲਈ ਪਾਰਟੀਆਂ ਦਾ ਆਪਣੇ ਪੱਖ ਵਿਚ ਪ੍ਰਚਾਰ ਕਰਨਾ ਵੀ ਜ਼ਰੂਰੀ ਪ੍ਰਕਿਰਿਆ ਹੈ, ਜੋ ਦਾਅਵਿਆਂ ਅਤੇ ਵਾਅਦਿਆਂ ਤੋਂ ਬਿਨਾਂ, ਬਿਨਾ ਆਵਾਜ਼ ਸੰਖ ਵਜਾਉਣ ਦੇ ਬਰਾਬਰ ਹੈ। ਇਸੇ ਲਈ ਭਾਵੇਂ ਰਸਮ ਦੇ ਤੌਰ 'ਤੇ ਹੋਵੇ ਉਹ ਪਾਰਟੀਆਂ ਵੀ ਵਾਅਦਿਆਂ ਅਤੇ ਦਾਅਵਿਆਂ ਦੀ ਨਵੀਂ ਕਾਕਟੇਲ ਨਵੀਆਂ ਪਲੇਟਾਂ ਵਿਚ ਪਾ ਕੇ ਪਰੋਸਦੀਆਂ ਦੇਖੀਆਂ ਜਾ ਸਕਦੀਆਂ ਹਨ, ਜਿੱਥੇ ਉਹ ਪਹਿਲਾਂ ਹੀ ਪੰਜ ਦਸ, ਪੰਦਰਾਂ ਸਾਲ ਤੋਂ ਰਾਜ ਕਰ ਰਹੀਆਂ ਹੋਣ। ਸਵਾਲ ਹੈ, ਜਿਹੜੇ ਵਿਕਾਸ ਦੇ ਵਾਅਦੇ ਤੁਸੀਂ ਹੁਣ ਕਰ ਰਹੇ ਹੋ ਪਿਛਲੇ ਸਾਲਾਂ 'ਚ ਕੀ ਕਰਦੇ ਰਹੇ? ਇਹ ਖਾਮੀਆਂ ਵੱਲ ਪਹਿਲਾਂ ਧਿਆਨ ਕਿਉਂ ਨਹੀਂ ਦਿੱਤਾ? ਜਿਹੜੀਆਂ ਨਵੀਆਂ ਪਾਰਟੀਆਂ ਹੁਣ ਦਾਅਵੇ ਕਰ ਰਹੀਆਂ ਹਨ ਉਹਨਾਂ ਦੇ ਪੂਰੇ ਹੋਣ ਦੀ ਕੀ ਗਰੰਟੀ ਹੈ। ਇਸ ਦੀ ਵੀ ਕੀ ਗਰੰਟੀ ਹੈ ਕਿ ਉਹ ਪਾਰਟੀ ਕਾਮਯਾਬ ਹੁੰਦੀ ਵੀ ਹੈ ਜਾਂ ਨਹੀਂ। ਪਿਛਲੇ ਕੀਤੇ ਵਾਅਦੇ ਬਹੁਤੇ ਤਾਂ ਜੁਮਲੇ ਹੀ ਸਾਬਤ ਹੋਏ, ਜਿਵੇਂ ਬੁਲੇਟ ਟ੍ਰੇਨ, ਸਕਿੱਲ ਇੰਡੀਆ, ਮੇਕ ਇਨ ਇੰਡੀਆ, ਹਰ ਇਕ ਦੇ ਖਾਤੇ ਵਿਚ ਪੰਦਰਾਂ ਲੱਖ, ਹਰ ਸਾਲ ਬੇਰੁਜ਼ਗਾਰਾਂ ਨੂੰ ਦੋ ਕਰੋੜ ਨੌਕਰੀਆਂ ਕਿੱਥੇ ਗਈਆਂ? ਇਸੇ ਪ੍ਰਕਾਰ ਦੇ ਗਪੌੜ ਸੰਖਾਂ ਦੀਆਂ ਗੱਪਾਂ (ਫੋਕੇ ਵਾਅਦਿਆਂ) ਨੂੰ ਧਿਆਨ ਵਿਚ ਰੱਖ ਕੇ ਕਿਸੇ ਸ਼ਾਇਰ ਨੇ ਇਹ ਸ਼ੇਅਰ ਕਿਹਾ ਹੋਵੇਗਾ:

ਵੁਹ ਉਮੀਦ ਹੀ ਕਿਆ ਜਿਸ ਕੀ ਹੋ ਇੰਤਹਾ
ਵੁਹ ਵਾਅਦਾ ਹੀ ਕਿਹਾ ਜੋ ਵਫ਼ਾ ਹੋ ਗਿਆ।

ਜਿਹੜੀਆਂ ਪਾਰਟੀਆਂ ਐਹੋ ਜਿਹੇ ਵਾਅਦੇ ਕਰਕੇ ਵੀ ਚੋਣਾਂ ਜਿੱਤ ਜਾਂਦੀਆਂ ਹਨ, ਉਹਨਾਂ ਨੂੰ ਰਾਜ ਗੱਦੀਆਂ ਮੁਬਾਰਕ। ਪਰ 'ਤੇਰਾ ਕਿਆ ਹੋਗਾ ਕਾਲੀਆ'? ਚਲਦੇ ਸੰਦਰਭ ਵਿਚ ਗੱਬਰ ਦਾ ਕਾਲੀਆ ਕੌਣ ਹੈ, ਹਰ ਕੋਈ ਜਾਣਦਾ ਹੈ।

ਦਾਅਵਿਆਂ ਵਾਅਦਿਆਂ ਦੇ ਕਾਕਟੇਲ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀ ਪੰਜਾਬ ਦੇ ਵੋਟਰਾਂ ਸਾਹਮਣੇ ਇਕ ਨਿਵੇਕਲੀ ਮਨਮੋਹਕ ਬ੍ਰੈਂਡ ਪੇਸ਼ ਕਰ ਦਿੱਤੀ ਹੈ, ਜਿਸ ਦਾ ਅਸਰ ਵੀ ਬਾਕੀਆਂ ਨਾਲੋਂ ਚੋਖਾ ਵੱਧ ਹੋਇਆ ਲੱਗਦਾ ਹੈ। ਉਹ ਹੈ ਉਸ ਦਾ ਐਲਾਨ ਕਿ ਅੱਗੇ ਨੂੰ ਸਾਰੇ ਸਰਕਾਰੀ ਦਫਤਰਾਂ ਵਿਚ ਪ੍ਰਤੀਕ ਵਜੋਂ ਮੇਰੀ ਨਹੀਂ ਬਲਕਿ ਬਾਬਾ ਸਾਹਿਬ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀ ਫੋਟੋ ਲੱਗੇਗੀ। (ਫੋਟੋ ਹੁਣ ਲੱਗ ਵੀ ਗਈਆਂ) ਉਸ ਦਾ ਕਾਰਨ ਵੀ ਉਹ ਦੱਸ ਚੁੱਕੇ ਹਨ ਕਿ ਉਹ ਬਾਬਾ ਸਾਹਿਬ ਦੇ ਉਚ ਵਿਚਾਰਾਂ ਅਤੇ ਉਹਨਾਂ ਦੇ ਭਾਰਤ ਨੂੰ ਦਿੱਤੇ ਬੇਮਿਸਾਲ ਯੋਗਦਾਨ ਕਰਕੇ ਉਹ ਉਹਨਾਂ ਦੇ ਸੱਚੇ ਦਿਲ ਤੋਂ ਸ਼ਰਧਾਲੂ ਹਨ। ਇਸੇ ਤਰ੍ਹਾਂ ਉਹਨਾਂ ਦੀ ਅਗਵਾਈ ਵਿਚ ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਉਸ ਐਲਾਨ ਦੀ ਪ੍ਰੋੜ੍ਹਤਾ ਕਰਦਿਆਂ ਉਸ ਵਾਅਦੇ ਨੂੰ ਦੁਹਰਾਅ ਦਿੱਤਾ ਹੈ ਕਿ ਪੰਜਾਬ ਦੇ ਸਾਰੇ ਸਰਕਾਰੀ ਦਫਤਰਾਂ ਵਿਚ ਮੁੱਖ ਮੰਤਰੀ ਦੀ ਨਹੀਂ ਬਲਕਿ ਬਾਬਾ ਸਾਹਿਬ ਅੰਬੇਡਕਰ ਅਤੇ ਭਗਤ ਸਿੰਘ ਦੀਆਂ ਫੋਟੋਆਂ ਹੀ ਸਜਾਈਆਂ ਜਾਣਗੀਆਂ। ਸਰਕਾਰੀ ਦਫਤਰਾਂ ਵਿਚ ਆਮ ਤੌਰ 'ਤੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਸੂਬੇ ਦੇ ਮੁੱਖ ਮੰਤਰੀ ਦੀਆਂ ਤਸਵੀਰਾਂ ਲੱਗਦੀਆਂ ਹਨ।




ਪਰ ਇਸ ਵਾਰ ਕੇਜਰੀਵਾਲ ਜੀ ਨੇ ਰਵਾਇਤੀ ਪ੍ਰਕਾਰ ਦੀਆਂ ਗਾਂਧੀ, ਪਟੇਲ, ਨਹਿਰੂ ਦੇ ਮੁਕਾਬਲੇ ਵਿਚ ਬਾਬਾ ਸਾਹਿਬ ਦੀ ਫੋਟੋ ਨੂੰ ਤਰਜੀਹ ਦੇ ਕੇ ਨਵੀਂ ਰਵਾਇਤ ਕਿਉਂ ਸਥਾਪਤ ਕੀਤੀ? ਜਿਸ ਨਾਲ ਕਈਆਂ ਨੂੰ ਖੁਸ਼ੀ ਵੀ ਹੋਈ ਪਰ ਕਈਆਂ ਨੂੰ ਇਹ ਫੈਸਲਾ ਹਜ਼ਮ ਵੀ ਨਹੀਂ ਹੋ ਰਿਹਾ। ਫਿਲਹਾਲ ਕੇਜਰੀਵਾਲ ਦੇ ਇਸ ਕਦਮ ਨੂੰ ਬਦਨਾਮ ਸ਼ਬਦ ਕਾਕਟੇਲ ਦਾ ਹਿੱਸਾ ਨਾ ਕਹਿੰਦੇ ਹੋਏ ਇਕ ਸਕਾਰਾਤਮਕ ਦਿਸ਼ਾ ਵੱਲ ਲਿਜਾਣ ਵਾਲਾ ਕਦਮ ਕਿਹਾ ਜਾ ਸਕਦਾ ਹੈ।

ਕੇਜਰੀਵਾਲ ਦੇ ਪਿਛੋਕੜ ਨੂੰ ਦੇਖਦੇ ਹੋਏ ਉਹਨਾਂ ਦੀ ਭਰੋਸੇਯੋਗਤਾ ਉਤੇ ਕਈ ਸਵਾਲ ਉਠਾਏ ਜਾ ਸਕਦੇ ਹਨ। ਜਿਵੇਂ ਉਹਨਾਂ ਨੇ ਅੰਨਾ ਹਜ਼ਾਰੇ ਦੀ ਏਜੀਟੇਸ਼ਨ ਵਿਚ ਹਿੱਸਾ ਲਿਆ, ਜਿਸ ਦੇ ਭਾਜਪਾ ਅਤੇ ਆਰ. ਐਸ. ਐਸ. ਸਰਗਰਮ ਅੰਗ ਸਨ- ਉਹਨਾਂ ਨੇ ਹਿੰਦੂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਉਹਨਾਂ ਦੇ ਸਾਹਮਣੇ ਕਈ ਵਾਰ 'ਹਨੂਮਾਨ ਚਾਲੀਸਾ' ਦਾ ਜਾਪ ਸੁਣਾਇਆ, ਉਹਨਾਂ ਨੇ ਜਥੇ ਸਮੇਤ ਅਯੁੱਧਿਆ ਜਾ ਕੇ ਰਾਮ ਮੰਦਰ ਤੇ ਆਰਤੀਆਂ ਕੀਤੀਆਂ ਆਦਿ ਆਦਿ। ਇਸੇ ਤਰ੍ਹਾਂ ਭਗਤ ਸਿੰਘ ਦੇ ਜੁਝਾਰੂ ਵਿਚਾਰਾਂ ਅਤੇ ਇਨਕਲਾਬੀ ਸੰਘਰਸ਼ ਨੂੰ ਲੈ ਕੇ ਵੀ ਉਹਨਾਂ 'ਤੇ ਸਵਾਲ ਕੀਤੇ ਜਾ ਸਕਦੇ ਹਨ ਪਰ ਇਥੇ ਆ ਕੇ ਸਵਾਲਾਂ ਦੀ ਵਾਛੜ ਰੁਕ ਜਾਂਦੀ ਹੈ ਕਿ ਇਹੋ ਜਿਹੀਆਂ ਅੜਾਉਣੀਆਂ ਹੁੰਦਿਆਂ ਵੀ ਉਹਨਾਂ ਨੇ ਅੰਬੇਡਕਰ ਜਿਹੇ 'ਵਿਵਾਦਿਤ' ਵਿਅਕਤੀ ਨੂੰ ਕਿਉਂ ਆਪਣਾ ਮਾਰਗ ਦਰਸ਼ਕ ਸਵੀਕਾਰ ਕੀਤਾ?

ਇਸ ਫੈਸਲੇ ਵਿਚ ਕਿਸੇ ਲੋਭ ਦਾ ਅੰਸ਼ ਲੱਭਣਾ ਵੀ ਮੁਸ਼ਕਿਲ ਨਜ਼ਰ ਆ ਰਿਹਾ ਹੈ ਕਿ ਦਲਿਤ ਵਰਗ ਨੂੰ ਖੁਸ਼ ਕਰਕੇ ਵੋਟਾਂ ਦੀ ਆਸ ਕੀਤੀ ਹੋਵੇ, ਜਿਵੇਂ ਕਾਂਗਰਸ ਨੇ ਚਰਨਜੀਤ ਸਿੰਘ ਚੰਨੀ ਨੂੰ ਅਤੇ ਅਕਾਲੀ ਦਲ ਨੇ ਮਾਇਆਵਤੀ ਨੂੰ ਅੱਗੇ ਕਰਕੇ ਦਲਿਤ ਵੋਟਰਾਂ ਨੂੰ ਪ੍ਰਭਾਵਿਤ ਕਰਨ ਦਾ ਯਤਨ ਕੀਤਾ ਹੈ। ਕੇਜਰੀਵਾਲ ਦਾ ਟੀ.ਵੀ. ਚੈਨਲਾਂ ਤੇ ਇਹ ਐਲਾਨ ਕਰਨਾ 'ਬਾਬਾ ਸਾਹਿਬ ਤੇਰੀ ਸਪਨਾ ਅਧੂਰਾ ਕੇਜਰੀਵਾਲ ਕਰੇਗਾ ਪੂਰਾ' ਤੋਂ ਹਟ ਕੇ ਕੁਝ ਹੋਰ ਹੀ ਸੰਦੇਸ਼ ਦਿੰਦਾ ਹੈ ਕਿ ਕੀ ਉਸ ਦੀ ਸੋਚ ਵਿਚ ਜਾਤ ਪਾਤ ਦੀਆਂ ਪਾਬੰਦੀਆਂ ਤੋਂ ਉਪਰ ਉੱਠ ਕੇ ਤਬਦੀਲੀ ਨਹੀਂ ਆ ਸਕਦੀ? ਬਾਬਾ ਸਾਹਿਬ ਖੁਦ ਇਹ ਆਸ/ਕਾਮਨਾ ਕਰਦੇ ਸਨ ਕਿ ਮੇਰੀਆਂ ਲਿਖਤਾਂ ਦਾ ਮਕਸਦ ਹਿੰਦੂ ਲੋਕਾਂ ਨੂੰ ਸੁਚੇਤ ਕਰਨਾ ਹੈ ਕਿ ਉਹਨਾਂ ਨੂੰ ਬ੍ਰਾਹਮਣਾਂ ਨੇ ਮੂਰਖ ਬਣਾ ਕੇ ਅੰਧ ਵਿਸ਼ਵਾਸ ਦੀ ਕਿਸ ਦਲਦਲ ਵਿਚ ਫਸਾਅ ਰੱਖਿਆ ਹੈ। ਨਰਿੰਦਰ ਮੋਦੀ ਵੀ ਬਬਾ ਸਾਹਿਬ ਨੂੰ ਆਪਣਾ ਮਾਰਗ ਦਰਸ਼ਕ ਗੁਰੂ ਮੰਨ ਕੇ ਉਹਨਾਂ ਦੀਆਂ ਸਿਫਤਾਂ ਦੇ ਪੁਲ ਬੰਨ੍ਹਦੇ ਰਹੇ ਹਨ। ਸੰਵਿਧਾਨ ਸਭਾ ਵਿਚ ਬਾਬਾ ਸਾਹਿਬ ਦੇ 25 ਨਵੰਬਰ 1949 ਨੂੰ ਦਿੱਤੇ ਭਾਸ਼ਣ ਦੇ ਇਕ ਇਕ ਵਿਚਾਰ ਤੇ ਘੰਟੇ ਬੱਧੀ ਬੋਲਦੇ ਰਹੇ। ਲੇਕਿਨ ਅਮਲੀ (ਵਿਵਹਾਰਿਕ) ਰੂਪ ਵਿਚ ਉਹਨਾਂ ਦਾ ਸੰਵਿਧਾਨਕ ਸਿਧਾਂਤਾਂ ਅਤੇ ਮਰਿਆਦਾਵਾਂ ਨਿਭਾਉਣ ਵਿਚ ਕੀ ਸਥਾਨ ਹੈ? ਕਿੰਨੀ ਇਮਾਨਦਾਰੀ ਹੈ? ਸੱਚ ਕਿਹਾ ਜਾਵੇ ਤਾਂ ਜਿੰਨਾ ਘਾਣ ਸੰਵਿਧਾਨ ਦੀ ਪਵਿੱਤਰਤਾ ਦਾ ਮੋਦੀ ਰਾਜ ਵਿਚ ਹੋਇਆ, ਉਸਦੀ ਭਰਪਾਈ ਕਦੇ ਨਹੀਂ ਕੀਤੀ ਜਾ ਸਕੇਗੀ।

ਦੂਜੇ ਪਾਸੇ ਕੇਜਰੀਵਾਲ ਦਾ ਬਾਬਾ ਸਾਹਿਬ ਦੀ ਮਹਾਨਤਾ ਅਤੇ ਵਿਚਾਰਧਾਰਾ ਪ੍ਰਤੀ ਦਮ ਭਰਨਾ ਹਵਾ ਦੇ ਝੁਕਾਓ ਨੂੰ ਵੀ ਇੰਗਿਤ ਕਰਦਾ ਹੈ। ਦਫਤਰਾਂ ਵਿਚ ਬਾਬਾ ਸਾਹਿਬ ਦੀ ਫੋਟੋ ਲੱਗਣਾ ਨਿਸਚਿਤ ਰੂਪ ਵਿਚ ਬਦਲਾਅ ਦਾ ਚਿੰਨ੍ਹ ਹੈ ਜੋ ਲੋਕ ਪੈਦਾਇਸ਼ੀ ਅੰਬੇਡਕਰ ਵਿਰੋਧੀ ਰਹੇ ਹਨ, ਉਹਨਾਂ ਦੇ ਦਿਲ ਵਿਚ ਵੀ ਅਦਬ ਸਤਿਕਾਰ ਦੇ ਭਾਵ ਪੈਦਾ ਹੋ ਸਕਦੇ ਹਨ ਅਤੇ ਉਹਨਾਂ ਬਾਰੇ ਹੋਰ ਜਾਨਣ ਦੀ ਦਿਲਚਸਪੀ ਪੈਦਾ ਹੋ ਸਕਦੀ ਹੈ। ਇਸ ਸਚਾਈ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਵੀ ਭਾਸ਼ਾ, ਧਾਰਨਾ ਅਤੇ ਰਸਮ ਦੇ ਤਾਕਤ ਪਕੜਨ ਅਤੇ ਜੀਵਤ ਰਹਿਣ ਲਈ ਸਰਕਾਰੀ ਸਰਪ੍ਰਸਤੀ ਦਾ ਹੋਣਾ ਬਹੁਤ ਜ਼ਰੂਰੀ ਹੈ।

ਇਸ ਰਹੱਸ ਬਾਰੇ ਵੀ ਕੋਈ ਜਾਣਕਾਰੀ ਨਹੀਂ ਹੈ ਕਿ ਕੇਜਰੀਵਾਲ ਜੀ ਦੇ ਮਨ ਵਿਚ ਬਾਬਾ ਸਾਹਿਬ ਪ੍ਰਤੀ ਆਦਰ ਸਨਮਾਨ ਦੇ ਭਾਵ ਅਤੇ ਉਹਨਾਂ ਦੇ ਭਾਰਤ ਨੂੰ ਦਿੱਤੇ ਬੇਮਿਸਾਲ ਯੋਗਦਾਨ ਬਾਰੇ ਖਿਆਲ ਕਿਵੇਂ ਪੈਦਾ ਹੋਏ ਪਰ ਇੰਨਾ ਯਕੀਨ ਜ਼ਰੂਰ ਹੈ ਕਿ ਉਹ ਕੋਈ ਅਨਪੜ੍ਹ, ਲਾਈਲੱਗ ਜਾਂ ਭਾਵੁਕ ਵਿਅਕਤੀ ਵੀ ਨਹੀਂ ਹਨ ਜੋ ਕੇਵਲ ਕਿਸੇ ਦੇ ਉਕਸਾਉਣ ਜਾਂ ਕੋਈ ਜਾਤੀ ਆਧਾਰਿਤ ਸਿਆਸੀ ਫਾਇਦਾ ਉਠਾਉਣ ਲਈ ਐਡਾ ਵੱਡਾ ਵਿਚਾਰਧਾਰਕ ਫੈਸਲਾ ਲੈ ਲੈਂਦੇ। ਫਿਰ ਵੀ ਅਸੀਂ ਆਸ ਕਰਦੇ ਹਾਂ ਕਿ ਕੇਜਰੀਵਾਲ ਜੀ ਨੂੰ ਬਾਬਾ ਸਾਹਿਬ ਦੀ ਬੁਨਿਆਦੀ ਜੀਵਨ ਫਿਲਾਸਫੀ ਬਾਰੇ ਭਰਪੂਰ ਗਿਆਨ ਹੋਵੇਗਾ ਕਿ ਉਹ ਕਿਸ ਪ੍ਰਕਾਰ ਦਾ ਸਮਾਜ ਦੇਸ਼ ਦੀ ਸ਼ਾਸਨ ਪ੍ਰਣਾਲੀ ਅਤੇ ਸਮਾਜਿਕ ਵਿਵਸਥਾ ਚਾਹੁੰਦੇ ਸਨ, ਜਿਹਨਾਂ ਨੇ ਦਲਿਤ ਗਰੀਬ ਅਤੇ ਸ਼ੋਸ਼ਿਤ ਲੋਕਾਂ ਨੂੰ ਗਲੇ ਲਗਾਇਆ ਅਤੇ ਉਹਨਾਂ ਦਾ ਮਾਣ ਵੀ, ਸਮਾਜਿਕ ਅਤੇ ਰਾਜਸੀ ਅਧਿਕਾਰਾਂ ਲਈ ਉਮਰ ਭਰ ਲੜਦੇ ਰਹੇ। ਉਸ ਦਾ ਮਕਸਦ ਕਿਸੇ ਹੋਰ ਜਾਤ ਜਾਂ ਸਮੁਦਾਏ ਦੇ ਹੱਕ ਹਕੂਕ ਖੋਹਣਾ ਨਹੀਂ ਸੀ ਸਗੋਂ ਸਮਾਜ ਵਿਚ ਬਰਾਬਰੀ ਲਿਆਉਣ ਲਈ ਵੰਚਿਤ ਵਰਗਾਂ ਦੇ ਮੌਲਿਕ ਅਧਿਕਾਰਾਂ ਨੂੰ ਮੁੜ ਬਹਾਲ ਕਰਨਾ ਸੀ। ਰਿਜ਼ਰਵੇਸ਼ਨ ਦਾ ਅਧਿਕਾਰ ਇਸੇ ਦਿਸ਼ਾ ਵਿਚ ਉਠਾਇਆ ਗਿਆ ਇਕ ਛੋਟਾ ਜਿਹਾ ਕਦਮ ਸੀ/ ਹੈ। ਸਮਾਜ ਦੇ ਇਕ ਬਹੁਤ ਵੱਡੇ ਹਿੱਸੇ ਨੂੰ ਨਜ਼ਰਅੰਦਾਜ਼ ਕਰਕੇ ਬੜੇ ਧਰਮਾਂ ਦੁਆਰਾ 'ਮਾਨਵ ਧਰਮ' ਦੀ ਦੁਹਾਈ ਦੇਣਾ ਕੀ ਮਾਅਨੇ ਰੱਖਦੀ ਹੈ? ਜਿਸ ਦਾ ਦਾਅਵਾ ਕਰਦੇ ਇਹ ਲੋਕ ਕੋਈ ਸ਼ਰਮ ਮਹਿਸੂਸ ਨਹੀਂ ਕਰਦੇ। ਬਾਬਾ ਸਾਹਿਬ ਜਿਹਨਾਂ ਨੂੰ ਦੁਨੀਆਂ ਦੇ ਛੇ ਬਿਹਤਰੀਨ ਦਿਮਾਗਾਂ ਵਿਚੋਂ ਇਕ ਮੰਨਿਆ ਗਿਆ ਹੈ, ਦੇ ਲਿਖੇ ਸੰਵਿਧਾਨ ਦੀ ਛਤਰ-ਛਾਇਆ ਹੇਠ ਹਰ ਤਬਕਾ ਬਿਨਾਂ ਭੇਦ-ਭਾਵ ਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਕੀ ਇਹ ਕੋਈ ਘੱਟ ਮਹੱਤਵਪੂਰਨ ਯੋਗਦਾਨ ਹੈ? ਜਿਹੜੇ ਲੋਕ ਹਾਲੇ ਵੀ ਇਸ ਸੰਵਿਧਾਨ ਨੂੰ ਦੁਨੀਆਂ ਦੇ ਹੋਰ ਸੰਵਿਧਾਨਾਂ ਦੀ ਨਕਲ ਕਹਿ ਕੇ ਇਸ ਨੂੰ ਛੁਟਿਆਉਣ ਜਾਂ ਨਕਾਰਨ ਦੀ ਗੱਲ ਕਰਦੇ ਹਨ, ਉਹਨਾਂ ਨੂੰ ਜਾਤੀ ਅਤੇ ਸਮੁਦਾਏ ਸੁਆਰਥ ਦੀਆਂ ਐਨਕਾਂ ਉਤਾਰ ਕੇ ਸਾਨੂੰ ਫਿਰ ਤੋਂ ਗਹਿਰਾਈ ਨਾਲ ਵਾਚਣਾ ਚਾਹੀਦਾ ਹੈ ਕਿ ਸੰਪਰਦਾਇਕ ਦਲਮ ਨਾਲ ਲਿਖਿਆ ਸੰਵਿਧਾਨ ਕੀ ਕੀ ਨਵੀਆਂ ਸਮੱਸਿਆਵਾਂ ਖੜ੍ਹੀਆਂ ਕਰ ਸਕਦਾ ਹੈ। (ਨਵਾਂ ਸੰਵਿਧਾਨ ਲਿਖਣ ਈ 'ਰੋਜ਼ਾਨਾ ਸਪੋਕਸਮੈਨ' 26. 1. 22) ਨੇ ਜ਼ੋਰਦਾਰ ਵਕਾਲਤ ਕੀਤੀ ਸੀ)। ਵਿਅਕਤੀਗਤ ਜੀਵਨ ਵਿਚ ਜਾਤੀਗਤ ਨਫਰਤ, ਦਵੈਸ਼ ਅਤੇ ਜ਼ਿਆਦਤੀਆਂ ਦੇ ਹਮਲੇ ਹੋਣ ਦੇ ਬਾਵਜੂਦ ਬਾਬਾ ਸਾਹਿਬ ਨੇ ਆਪਣੇ ਦਿਲ ਵਿਚ ਕਦੇ ਵੀ ਕਿਸੇ ਜਾਤ ਜਾਂ ਧਰਮ ਦੇ ਖਿਲਾਫ ਬਦਲੇ ਦੀ ਭਾਵਨਾ ਉਤਪੰਨ ਨਹੀਂ ਹੋਣ ਦਿੱਤੀ ਬਲਕਿ ਇਸ ਦੇ ਉਲਟ ਉਹਨਾਂ ਨੇ ਬੁੱਧ ਧਰਮ (ਧੰਮ) ਅਪਣਾ ਕੇ ਸਹੀ ਮਾਨਵ ਧਰਮ ਪੇਸ਼ ਕੀਤਾ, ਜਿਸ ਦਾ ਹਵਾਲਾ ਦੇ ਕੇ ਪ੍ਰਧਾਨ ਮੰਤਰੀ ਮੋਦੀ ਨੇ ਵੀ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿਚ ਯਸ਼ ਖੱਟਣ ਦੀ ਕੋਸ਼ਿਸ਼ ਕੀਤੀ ਕਿ ਭਾਰਤ ਨੇ ਦੁਨੀਆਂ ਨੂੰ ਯੁੱਧ ਨਹੀਂ ਬੁੱਧ ਦਿੱਤੇ ਹਨ। ਉਥੇ ਮੋਦੀ ਜੀ ਨੇ ਆਪਣੇ ਇਸ਼ਟ ਰਾਮ, ਕ੍ਰਿਸ਼ਨ, ਮਹਾਂਦੇਵ ਜਾਂ ਹਨੂਮਾਨ ਦੀਆਂ ਦੈਵੀ ਸ਼ਕਤੀਆਂ ਦਾ ਹਵਾਲਾ ਨਹੀਂ ਦਿੱਤਾ ਸੀ (ਕਿਉਂ? ਇਸ ਸਵਾਲ ਤੇ ਮੰਥਨ ਜ਼ਰੂਰ ਹੋਣਾ ਚਾਹੀਦਾ ਹੈ) ਕੇਜਰੀਵਾਲ ਜੀ ਨੇ ਬਾਬਾ ਸਾਹਿਬ ਦੇ ਅਧੂਰੇ ਸੁਪਨੇ ਨੂੰ ਪੂਰਾ ਕਰਨ ਦੀ ਪ੍ਰਤਿੱਗਿਆ ਤਾਂ ਕਰ ਲਈ ਹੈ ਲੇਕਿਨ ਕੀ ਉਹ ਆਪਣੀ ਸਰਕਾਰੀ ਮਸ਼ੀਨਰੀ ਦੀ ਤਾਕਤ ਨਾਲ ਉਸ ਨੂੰ ਪੂਰਾ ਵੀ ਕਰ ਸਕਣਗੇ?

## 23 ਮਾਰਚ ਸ਼ਹੀਦਾਂ ਨੂੰ ਸਮਰਪਿਤ

ਦੇਸ਼ ਭਗਤਾਂ ਦਿੱਤੀਆਂ ਕੁਰਬਾਨੀਆਂ ਦੇ ਸਦਕੇ,
ਅਸੀਂ ਆਜ਼ਾਦ ਦੇਸ਼ ਦੇ ਅੱਜ ਵਾਸੀ ਹਾਂ ਕਹਾਉਂਦੇ।

ਕੁਰਬਾਨ ਹੋਏ ਆਜ਼ਾਦੀ ਲਈ ਵੀਰ ਪਿਆਰੇ,
ਮਿਲ ਕੇ ਤਿੰਨੇ ਹੀਂ ਰੰਗ ਦੇ ਬਸੰਤੀ ਚੋਲਾ ਮਾਏਂ ਨੇ ਗਾਉਂਦੇ।

ਵਿੱਚ ਜਵਾਨੀ ਹੱਸਦੇ ਹੱਸਦੇ ਚੜ ਗਏ ਫਾਂਸੀਂ,
ਇੱਕ ਦੂਜੇ ਤੋਂ ਪੈ ਕੇ ਕਾਹਲੇ ਰੱਸੇ ਗੱਲਾਂ ਦੇ ਵਿੱਚ ਪਾਉਂਦੇ।

ਆਜ਼ਾਦੀ ਲਈ ਕੁਰਬਾਨੀ ਵਾਲਾ ਵੇਖ ਜਜ਼ਬਾ,
ਫਰੰਗੀ ਦਿਲੋਂ ਦਿਲ ਜਾਂਦੇ ਪਏ ਸਨ ਘਬਰਾਉਂਦੇ।

ਭੁੱਖ ਹੜਤਾਲਾਂ ਰੱਖੀਆਂ ਤੇ ਤਸੀਹੇ ਕਈ ਝੱਲੇ,
ਦੇ ਕੇ ਲਾਲਚ ਕਈ ਇਨ੍ਹਾਂ ਨੂੰ ਗੋਰੇ ਸਨ ਭਰਮਾਉਂਦੇ।

ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਤਿੰਨੇ ਮਿਲ ਆਖਣ,
ਭਾਰਤ ਨੂੰ ਕਰ ਦੇਵੇ ਆਜ਼ਾਦ ਅਸੀ ਹਾਂ ਤੁਹਾਨੂੰ ਸਮਝਾਉਂਦੇ।

ਗੁਲਾਮੀ ਵਾਲੇ ਕਲੰਕ ਨੂੰ ਮਿਟਾਉਣਾ ਅਸੀਂ ਹਾਂ ਚਾਹੁੰਦੇ,
ਤਾਜਾਂ ਤਖਤਾਂ ਦੀ ਲੋੜ ਨਾ ਤੇ ਨਾ ਹੀ ਅਸੀਂ ਛੱਲ ਕੱਪਟ ਵਿੱਚ ਆਉਂਦੇ।

ਆਓ ਪ੍ਰਣ ਕਰੀਏ ਇਨ੍ਹਾਂ ਦੇ ਦੱਸੇ ਮਾਰਗ ਤੇ ਚਲੀਏ,
ਐਵੇਂ ਪੈ ਨਸ਼ਿਆਂ ਦੇ ਵਿੱਚ ਕਿਉਂ ਜਵਾਨੀ ਨੂੰ ਹੈ ਗਵਾਉਂਦੇ।

ਦੇਸ਼ ਕਰੇ ਤਰੱਕੀਆਂ ਫ਼ਕੀਰੋ ਸੋਚਾਂ ਰੱਖੋ ਸਦਾਂ ਉੱਚੀਆਂ,
ਮੁੜ ਮੁੜ ਇਨ੍ਹਾਂ ਵੀਰਾਂ ਵਰਗੇ ਸੂਰਮੇ ਨਾ ਜੱਗ ਉੱਤੇ ਆਉਂਦੇ।
ਦੇਸ਼ ਭਗਤਾਂ ਦਿੱਤੀਆਂ ਕੁਰਬਾਨੀਆਂ ਦੇ ਸਦਕੇ,
ਅਸੀਂ ਆਜ਼ਾਦ ਦੇਸ਼ ਦੇ ਅੱਜ ਵਾਸੀ ਹਾਂ ਕਹਾਉਂਦੇ।

ਵਿਨੋਦ ਫ਼ਕੀਰਾ
ਸਟੇਟ ਐਵਾਰਡੀ,
098721 97326



# ਸ਼ਹੀਦ ਭਗਤ ਸਿੰਘ ਦੇਸ਼ ਦੇ ਨੌਜਵਾਨਾਂ ਲਈ ਇੱਕ ਵੱਡਾ ਆਦਰਸ਼ ਹਨ

ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣ ਲਈ ਦੇਸ਼ ਭਗਤਾਂ ਨੇ ਸੰਘਰਸ਼ ਕੀਤਾ ਅਤੇ ਅੰਦੋਲਨ ਚਲਾਏ। ਅਜ਼ਾਦੀ ਦੇ ਅੰਦੋਲਨ ਵਿੱਚ ਭਾਗ ਲੈਣ ਵਾਲੇ ਕਈ ਦੇਸ਼ ਭਗਤਾਂ ਨੇ ਸ਼ਹੀਦੀਆਂ ਦਿਤੀਆਂ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਮ ਪ੍ਰਮੁੱਖ ਹੈ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਪੁਸ਼ਤੈਨੀ ਪਿੰਡ ਖਟਕੜਕਲਾਂ ਨੇੜੇ ਬੰਗਾ ਜਿਲ੍ਹਾ ਨਵਾਂ ਸ਼ਹਿਰ ਜਿਸਦਾ ਨਾਮ ਹੁਣ ਬਦਲਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਸੀ ਪ੍ਰੰਤੂ ਉਨ੍ਹਾਂ ਦਾ ਜਨਮ 28 ਸਤੰਬਰ 1907 ਨੂੰ ਪਿੰਡ ਬੰਗਾ ਜਿਲ੍ਹਾ ਲਾਇਲਪੁਰ ਪੰਜਾਬ ਜੋਕਿ ਹੁਣ ਪਾਕਿਸਤਾਨ ਵਿੱਚ ਹੈ ਮਾਤਾ ਵਿਦਿਆਵਤੀ ਦੀ ਕੁੱਖੋਂ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ ਸੀ। ਆਪ ਦਾ ਪਰਿਵਾਰ ਦੇਸ਼ ਭਗਤਾਂ ਦਾ ਪਰਿਵਾਰ ਸੀ। ਆਪ ਦੇ ਪਰਿਵਾਰ ਦੇ ਕੁੱਝ ਮੈਂਬਰਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿੱਚ ਵੀ ਕੰਮ ਕੀਤਾ ਸੀ ਅਤੇ ਕਈ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਨਾਲ ਜੁੜ੍ਹੇ ਹੋਏ ਸਨ। ਜਿਸ ਦਿਨ ਆਪ ਦਾ ਜਨਮ ਹੋਇਆ ਉਸੇ ਦਿਨ ਹੀ ਪਿਤਾ ਕਿਸ਼ਨ ਸਿੰਘ ਅਤੇ ਦੋ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਜੋਕਿ ਦੇਸ਼ ਦੀ ਅਜਾਦੀ ਦੀ ਲੜਾਈ ਵਿੱਚ ਭਾਗ ਲੈਣ ਕਾਰਨ ਜੇਲ ਗਏ ਹੋਏ ਸਨ ਜੇਲ ਤੋਂ ਰਿਹਾ ਹੋਕੇ ਆਏ ਸਨ। ਆਪ ਦਾ ਪਰਿਵਾਰ ਬੇਸ਼ੱਕ ਇੱਕ ਸਿੱਖ ਪਰਿਵਾਰ ਸੀ ਪਰੰਤੂ ਇਸ ਪਰਿਵਾਰ ਤੇ ਆਰੀਆ ਸਮਾਜ ਅਤੇ ਮਹਾਰਿਸ਼ੀ ਦਯਾਨੰਦ ਦੀ ਵਿਚਾਰਧਾਰਾ ਦਾ ਡੂੰਘਾ ਪ੍ਰਭਾਵ ਸੀ। ਆਪ ਨੇ ਅਪਣੀ ਮੁਢਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਸ਼ੁਰੂ ਕੀਤੀ ਅਤੇ ਫਿਰ ਡੀ ਏ ਵੀ ਸਕੂਲ ਲਾਹੌਰ ਵਿੱਚ ਦਾਖਲਾ ਲੈ ਲਿਆ। ਅੰਗਰੇਜ ਇਸ ਸਕੂਲ ਨੂੰ ਰਾਜ ਵਿਰੋਧੀ ਸਰਗਰਮੀਆਂ ਦੀ ਨਰਸਰੀ ਕਹਿੰਦੇ ਸਨ। 13 ਅਪ੍ਰੈਲ 1919 ਨੂੰ ਵਾਪਰੀ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਵੇਲੇ ਆਪ ਦੀ ਉਮਰ ਲੱਗਭੱਗ 12 ਸਾਲ ਸੀ ਅਤੇ ਅਪਣੇ ਸਕੂਲ ਤੋਂ ਲੱਗਭੱਗ 12 ਮੀਲ ਪੈਦਲ ਚੱਲਕੇ ਜਲ੍ਹਿਆਂ ਵਾਲੇ ਬਾਗ ਵਿੱਚ ਪਹੁੰਚੇ। ਆਪ ਕੁੱਝ ਸਮੇਂ ਬਾਦ ਦੇਸ਼ ਭਗਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆ ਗਏ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਵੀਰ ਸਾਵਰਕਰ ਦੀ ਕਿਤਾਬ 1857 ਪਹਿਲਾਂ ਸੁਤੰਤਰਤਾ ਸੰਗਰਾਮ ਪੜ੍ਹੀ ਜਿਸਦਾ ਉਨ੍ਹਾਂ ਤੇ ਡੂੰਘਾ ਪ੍ਰਭਾਵ ਪਿਆ ਅਤੇ ਸਭ ਕੁੱਝ ਛੱਡਕੇ ਅਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਿਲ ਹੋ ਗਏ। ਜੂਨ 1924 ਵਿੱਚ ਉਹ ਵੀਰ ਸਾਵਰਕਰ ਨੂੰ ਯਰਵਦਾ ਜੇਲ ਵਿੱਚ ਮਿਲੇ ਅਤੇ ਉਸਤੋਂ ਬਾਦ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਨੂੰ ਮਿਲੇ ਅਤੇ ਉਨ੍ਹਾਂ ਦੇ ਦੱਲ ਵਿੱਚ ਸ਼ਾਮਿਲ ਹੋ ਗਏ। ਇਸ ਦੱਲ ਵਿੱਚ ਕ੍ਰਾਂਤੀਕਾਰੀ ਸੁਖਦੇਵ, ਰਾਜਗੁਰੂ, ਭਗਵਤੀਚਰਨ ਵੋਹਰਾ ਆਦਿ ਵੀ ਸ਼ਾਮਿਲ ਸਨ। ਲਾਹੌਰ ਦੇ ਨੈਸ਼ਨਲ ਕਾਲਜ਼ ਦੀ ਪੜ੍ਹਾਈ ਛੱਡ ਕੇ ਆਪ ਨੇ ਭਾਰਤ ਦੀ ਆਜ਼ਾਦੀ ਦੇ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕਾਕੋਰੀ ਕਾਂਡ ਵਿੱਚ ਆਪ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਤੇ ਲਾਹੋਰ ਦੇ ਦੁਸਿਹਰਾ ਮੇਲੇ ਵਿੱਚ ਬੰਬ ਧਮਾਕਾ ਕਰਨ ਦੇ ਦੋਸ਼ ਵੀ ਲਗਾਏ ਗਏ। ਇਸ ਕਾਂਡ ਵਿੱਚ ਸ਼ਾਮਿਲ ਰਾਮ ਪ੍ਰਸਾਦ ਬਿਸਮਿਲ ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਨੂੰ ਜੇਲ ਦੀਆਂ ਹੋਈਆਂ ਸਜ਼ਾਵਾਂ ਤੋਂ ਉਹ ਕਾਫੀ ਪ੍ਰਭਾਵਿਤ ਹੋਏ ਅਤੇ ਆਪਣੀ ਪਾਰਟੀ ਨੌਜਵਾਨ ਭਾਰਤ ਸਭਾ ਨੂੰ ਹਿੰਦੁਸਤਾਨ ਰਿਪਬਲਿਕ ਐਸ਼ੋਸੀਏਸ਼ਨ ਵਿੱਚ ਸ਼ਾਮਿਲ ਕਰ ਦਿੱਤਾ ਅਤੇ ਉਸਨੂੰ ਇੱਕ ਨਵਾਂ ਨਾਮ ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਐਸ਼ੋਸੀਏਸ਼ਨ ਰੱਖ ਦਿੱਤਾ। ਲਾਹੌਰ ਵਿੱਚ ਸਾਂਡਰਸ ਨੂੰ ਮਾਰਨਾ ਅਤੇ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਚੰਦਰ ਸ਼ੇਖਰ ਆਜ਼ਾਦ ਅਤੇ ਪਾਰਟੀ ਦੇ ਹੋਰ ਮੈਂਬਰਾਂ ਦੇ ਨਾਲ ਬੰਬ ਵਿਸਫੋਟ ਕਰਕੇ ਅਤੇ ਪਰਚੇ ਸੁੱਟਕੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਖੁੱਲੇ ਵਿਦਰੋਹ ਦੀ ਅਵਾਜ਼ ਬੁਲੰਦ ਕੀਤੀ। ਫਰਵਰੀ 1928 ਵਿੱਚ ਭਾਰਤ ਵਿੱਚ ਪਹੁੰਚੇ ਸਾਈਮਨ ਕਮੀਸ਼ਨ ਦੇ ਵਿਰੋਧ ਅਤੇ ਬਾਈਕਾਟ ਲਈ ਪ੍ਰਦਰਸ਼ਨ ਹੋਏ। ਇਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਕਾਂਗਰਸੀ ਆਗੂ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ। ਇਸਦੇ ਰੋਸ ਵਜੋਂ ਸ਼ਹੀਦ ਭਗਤ ਸਿੰਘ ਨੇ ਅਪਣੇ ਸਾਥੀਆਂ ਨਾਲ ਮਿਲਕੇ ਪੁਲਿਸ ਸੁਪਰੀਟੰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। 17 ਦਸੰਬਰ 1928 ਨੂੰ ਕਰੀਬ ਸਵਾ ਚਾਰ ਵਜੇ, ਸਕਾਟ ਦੀ ਜਗ੍ਹਾ ਤੇ ਏ.ਐਸ.ਪੀ. ਸਾਂਡਰਸ ਦੇ ਆਉਂਦੇ ਹੀ ਰਾਜਗੁਰੂ ਨੇ ਇੱਕ ਗੋਲੀ ਸਿੱਧੀ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਭਗਤ ਸਿੰਘ ਨੇ 3-4 ਗੋਲੀਆਂ ਮਾਰਕੇ ਉਸਨੂੰ ਮਾਰ ਮੁਕਾਇਆ। ਇਸਤੋਂ ਬਾਦ ਜਦੋਂ ਇਹ ਦੋਨੋਂ ਭੱਜ ਰਹੇ ਸੀ ਤਾਂ ਇੱਕ ਸਿਪਾਹੀ ਚੰਨਣ ਸਿੰਘ ਨੇ ਇਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਚੰਦਰ ਸ਼ੇਖਰ ਆਜ਼ਾਦ ਨੇ ਉਸਨੂੰ ਪਿੱਛਾ ਕਰਨ ਤੋਂ ਰੋਕਿਆ ਪਰ ਨਾਂ ਰੁਕਣ ਤੇ ਆਜ਼ਾਦ ਨੇ ਉਸਨੂੰ ਗੋਲੀ ਮਾਰ ਦਿੱਤੀ। ਭਗਤ ਸਿੰਘ ਬੇਸ਼ੱਕ ਖੂਨ ਖਰਾਬੇ ਦੇ ਪੱਖ ਵਿੱਚ ਨਹੀਂ ਸੀ ਪਰ ਕਾਰਲ ਮਾਰਕਸ ਦੇ ਸਿਧਾਂਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਉਹ ਸਮਾਜਵਾਦੀ ਵਿਚਾਰਾਂ ਵਾਲਾ ਸੀ ਇਸੇ ਕਾਰਨ ਉਸਨੂੰ ਪੂੰਜੀਪਤੀਆਂ ਦੀ ਮਜ਼ਦੂਰਾਂ ਦੇ ਪ੍ਰਤੀ ਸ਼ੋਸ਼ਣ ਦੀ ਨੀਤੀ ਪਸੰਦ ਨਹੀਂ ਸੀ। ਉਸ ਸਮੇਂ ਬਹੁਤੇ ਉਦਯੋਗ ਅੰਗਰੇਜਾਂ ਕੋਲ ਹੀ ਸਨ ਅਤੇ ਅੰਗਰੇਜ਼ਾਂ ਦੇ ਮਜ਼ਦੂਰਾਂ ਪ੍ਰਤੀ ਅੱਤਿਆਚਾਰਾਂ ਨਾਲ ਉਹਨਾਂ ਦਾ ਵਿਰੋਧ ਸੁਭਾਵਿਕ ਹੀ ਸੀ। ਮਜ਼ਦੂਰ ਵਿਰੋਧੀ ਨੀਤੀਆਂ ਨੂੰ ਬ੍ਰਿਟਿਸ਼ ਸੰਸਦ ਵਿੱਚ ਪਾਸ ਨਾ ਹੋਣ ਦੇਣਾ ਉਹਨਾਂ ਦੇ ਦੱਲ ਦਾ ਫੈਸਲਾ ਸੀ। ਉਹ ਚਾਹੁੰਦੇ ਸਨ ਕਿ ਅੰਗਰੇਜ਼ਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਦੇਸ਼ ਵਾਸੀ ਜਾਗ ਚੁੱਕੇ ਹਨ ਅਤੇ ਉਹਨਾਂ ਦੇ ਦਿਲ ਵਿੱਚ ਅੰਗਰੇਜਾ ਦੀਆਂ ਲੋਕਮਾਰੂ ਨੀਤੀਆਂ ਕਾਰਨ ਗੁੱਸਾ ਅਤੇ ਵਿਰੋਧ ਹੈ। ਇਸ ਲਈ ਉਹਨਾਂ ਨੇ ਟ੍ਰੇਡ ਡਿਸਪੀਉਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ ਵਿੱਚ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਯੋਜਨਾ ਬਣਾਈ ਸੀ। ਭਗਤ ਸਿੰਘ ਚਾਹੁੰਦਾ ਸੀ ਕਿ ਇਸ ਵਿੱਚ ਕੋਈ ਖੂਨ ਖਰਾਬਾ ਨਾ ਹੋਵੇ ਅਤੇ ਅੰਗਰੇਜ਼ਾਂ ਤੱਕ ਉਹਨਾਂ ਦੀ ਆਵਾਜ਼ ਵੀ ਪਹੁੰਚੇ। ਇਸ ਕੰਮ ਲਈ ਸਰਵਸੰਮਤੀ ਨਾਲ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਨਾਮ ਚੁਣਿਆ ਗਿਆ। ਇਸ ਲਈ 08 ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਹੋਣੇ ਸਨ ਕੇਂਦਰੀ ਅਸੈਂਬਲੀ ਵਿੱਚ ਇਹਨਾਂ ਦੋਨਾਂ ਨੇ ਇੱਕ ਅਜਿਹੇ ਸਥਾਨ ਤੇ ਬੰਬ ਸੁੱਟਿਆ ਜਿੱਥੇ ਕੋਈ ਮੌਜੂਦ ਨਹੀਂ ਸੀ। ਇਸ ਨਾਲ ਪੂਰਾ ਹਾਲ ਧੂੰਏ ਨਾਲ ਭਰ ਗਿਆ। ਭਗਤ ਸਿੰਘ ਚਾਹੁੰਦੇ ਤਾਂ ਭੱਜ ਵੀ ਸਕਦੇ ਸੀ ਪਰ ਉਹਨਾਂ ਨੇ ਪਹਿਲਾਂ ਹੀ ਸੋਚ ਰੱਖਿਆ ਸੀ ਕਿ ਉਹਨਾਂ ਨੂੰ ਸਜ਼ਾ ਸਵੀਕਾਰ ਹੈ ਭਾਵੇਂ ਉਹ ਫਾਂਸੀ ਹੀ ਕਿਉਂ ਨਾ ਹੋਵੇ, ਉਹਨਾਂ ਨੇ ਭੱਜਣ ਤੋਂ ਮਨਾ ਕਰ ਦਿੱਤਾ। ਉਸ ਸਮੇਂ ਉਹਨਾਂ ਦੋਨਾਂ ਨੇ ਖਾਕੀ ਕਮੀਜ਼ ਅਤੇ ਨਿੱਕਰ ਪਾਈ ਹੋਈ ਸੀ। ਬੰਬ ਸੁੱਟਣ ਤੋਂ ਬਾਅਦ ਉਹਨਾਂ ਦੋਨਾਂ ਨੇ "ਇਨਕਲਾਬ-ਜਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ" ਦਾ ਨਾਹਰਾ ਲਗਾਇਆ ਅਤੇ ਆਪਣੇ ਨਾਲ ਲਿਆਂਦੇ ਹੋਏ ਅੰਗਰੇਜ ਸਰਕਾਰ ਵਿਰੋਧੀ ਪਰਚੇ ਹਵਾ ਵਿੱਚ ਉਛਾਲ ਦਿੱਤੇ। ਕੁਝ ਦੇਰ ਬਾਅਦ ਪੁਲਿਸ ਆ ਗਈ ਅਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੇਲ ਵਿੱਚ ਭਗਤ ਸਿੰਘ ਕਰੀਬ 2 ਸਾਲ ਰਹੇ। ਇਸ ਦੌਰਾਨ ਉਹ ਲੇਖ ਲਿਖ ਕੇ ਆਪਣੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕਰਦੇ ਰਹੇ। ਜ਼ੇਲ ਵਿੱਚ ਰਹਿੰਦੇ ਹੋਏ ਉਹਨਾਂ ਦਾ ਅਧਿਐਨ ਲਗਾਤਾਰ ਜਾਰੀ ਰਿਹਾ। ਉਹਨਾਂ ਦੁ-ਆਰਾ ਲਿਖੇ ਗਏ ਲੇਖ ਅਤੇ ਸਕੇ ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਅੱਜ ਵੀ ਉਹਨਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ।




ਆਪਣੇ ਲੇਖਾਂ ਵਿੱਚ ਉਹਨਾਂ ਨੇ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਨੇ ਲਿਖਿਆ ਕਿ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਵਾਲੇ ਭਾਵੇਂ ਉਹ ਕੋਈ ਵੀ ਹੋਵੇ ਉਹ ਉਹਨਾਂ ਦਾ ਦੁਸ਼ਮਣ ਹੈ। ਉਹਨਾਂ ਨੇ ਜ਼ੇਲ ਵਿੱਚ ਇੱਕ ਲੇਖ ਵੀ ਲਿਖਿਆ ਸੀ ਮੈਂ ਨਾਸਤਿਕ ਕਿਉਂ ਹਾਂ? ਉਨ੍ਹਾਂ ਨੇ ਭਾਰਤੀ ਸਮਾਜ ਵਿੱਚ ਜਾਤਿ ਅਤੇ ਧਰਮ ਦੇ ਕਾਰਨ ਆਈਆਂ ਦੂਰੀਆਂ ਤੇ ਦੁੱਖ ਪ੍ਰਗਟ ਕੀਤਾ ਸੀ। ਉਹਨਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਤੇ ਭਾਰਤ ਵਿੱਚ ਰਹਿੰਦੇ ਦੂਜੇ ਵਰਗਾਂ ਵਲੋਂ ਕੀਤੇ ਜਾਂਦੇ ਹਮਲਿਆਂ ਅਤੇ ਸ਼ੋਸਣ ਦਾ ਵੀ ਉਸੇ ਤਰਾਂ ਵਿਰੋਧ ਕੀਤਾ ਜਿਵੇਂ ਕਿ ਅੰਗਰੇਜ਼ਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਦਾ ਵਿਰੋਧ ਕੀਤਾ। ਆਪ ਨੂੰ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਬਾਂਗਲਾ ਵੀ ਆਉਂਦੀ ਸੀ ਜਿਹੜੀ ਉਹਨਾਂ ਨੇ ਬਟੁਕੇਸ਼ਵਰ ਦੱਤ ਤੋਂ ਸਿੱਖੀ ਸੀ। ਆਪ ਦਾ ਵਿਸ਼ਵਾਸ਼ ਸੀ ਕਿ ਉਹਨਾਂ ਦੀ ਮੋਤ ਤੋਂ ਬਾਦ ਦੇਸ ਦੀ ਜਨਤਾ ਹੋਰ ਅੰਦੋਲਨਕਾਰੀ ਹੋ ਜਾਵੇਗੀ ਜੋਕਿ ਉਹਨਾਂ ਦੇ ਜਿੰਦਾਂ ਰਹਿਣ ਨਾਲ ਸ਼ਾਇਦ ਹੀ ਹੋ ਪਾਵੇ। ਇਸ ਕਾਰਨ ਹੀ ਉਨ੍ਹਾਂ ਨੇ ਮੌਤ ਦੀ ਸਜ਼ਾ ਸੁਣਾਉਣ ਦੇ ਬਾਅਦ ਵੀ ਮਾਫੀਨਾਮਾ ਲਿਖਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਸੀ। ਉਹਨਾਂ ਨੇ ਅੰਗਰੇਜ਼ ਸਰਕਾਰ ਨੂੰ ਇੱਕ ਚਿੱਠੀ ਵੀ ਲਿਖੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਨੂੰ ਅੰਗਰੇਜ਼ੀ ਸਰਕਾਰ ਦੇ ਖਿਲਾਫ ਭਾਰਤੀਆਂ ਦੇ ਯੁੱਧ ਦਾ ਪ੍ਰਤੀਕ ਇੱਕ ਯੁੱਧਬੰਦੀ ਸਮਝਿਆ ਜਾਵੇ ਅਤੇ ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ। ਚੰਦਰ ਸ਼ੇਖਰ ਆਜ਼ਾਦ ਨਾਲ ਪਹਿਲੀ ਮੁਲਾਕਾਤ ਦੇ ਸਮੇਂ ਬਲਦੀ ਹੋਈ ਮੋਮਬੱਤੀ ਉਪਰ ਹੱਥ ਰੱਖ ਕੇ ਉਹਨਾਂ ਨੇ ਕਸਮ ਖਾਧੀ ਸੀ ਕਿ ਉਹਨਾਂ ਦੀ ਜ਼ਿੰਦਗੀ ਦੇਸ਼ ਉਪਰ ਹੀ ਕੁਰਬਾਨ ਹੋਵੇਗੀ ਅਤੇ ਉਹਨਾਂ ਨੇ ਆਪਣੀ ਉਹ ਕਸਮ ਪੂਰੀ ਕਰਕੇ ਵਿਖਾਈ। ਜ਼ੇਲ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ਅਤੇ ਇਸ ਦੌਰਾਨ ਉਹਨਾਂ ਦੇ ਇੱਕ ਸਾਥੀ ਜਤਿੰਦਰ ਨਾਥ ਦਾਸ ਨੇ ਤਾਂ ਭੁੱਖ ਹੜਤਾਲ ਵਿੱਚ ਆਪਣੇ ਪ੍ਰਾਣ ਹੀ ਤਿਆਗ ਦਿੱਤੇ। ਲਹੌਰ ਵਿੱਚ ਸਾਂਡਰਸ ਦੇ ਕਤਲ, ਅਸੈਂਬਲੀ ਵਿੱਚ ਬੰਬ ਧਮਾਕਾ ਦੇ ਕੇਸ ਚੱਲੇ। 07 ਅਕਤੂਬਰ, 1930 ਨੂੰ ਟ੍ਰਿਬਿਊਨਲ ਦਾ ਫੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ, ਵਿਜੈ ਕੁਮਾਰ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਂਵੀਰ ਸਿੰਘ ਨੂੰ ਉਮਰਕੈਦ, ਕੁੰਦਨ ਲਾਲ ਨੂੰ 07 ਸਾਲ ਅਤੇ ਪ੍ਰੇਮ ਦੱਤ ਨੂੰ 03 ਸਾਲ ਕੈਦ ਏ ਬਾਮੁਸ਼ਕਤ ਦੀ ਸਜ਼ਾ ਸੁਣਾਈ ਗਈ। ਅਦਾਲਤੀ ਹੁਕਮਾਂ ਅਨੁਸਾਰ ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੇਣ ਲਈ 24 ਮਾਰਚ 1931 ਦਾ ਦਿਨ ਅਤੇ ਸਵੇਰੇ 8 ਵਜੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਸੀ ਪਰੰਤੂ ਅੰਗਰੇਜੀ ਹਕੂਮਤ ਨੇ 23 ਮਾਰਚ 1931 ਨੂੰ ਸ਼ਾਮ ਨੂੰ ਲੱਗਭੱਗ 7 ਵਜਕੇ 33 ਮਿੰਟ ਤੇ ਸ਼ਹੀਦ ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ ਗਈ। ਫਾਂਸੀ ਤੇ ਜਾਣ ਤੋਂ ਪਹਿਲਾਂ ਉਹ ਰਾਮ ਪ੍ਰਸ਼ਾਦ ਬਿਸਮਿਲ ਦੀ ਜੀਵਨੀ ਪੜ੍ਹ ਰਹੇ ਸੀ ਜੋ ਸਿੰਧ ਦੇ ਇੱਕ ਪ੍ਰਕਾਸ਼ਕ ਭਜਨ ਲਾਲ ਬੁਕ ਸੇਲਰ ਨੇ ਆਰਟ ਪ੍ਰੈਸ, ਸਿੰਧ ਤੋਂ ਛਾਪੀ ਸੀ। ਕਿਹਾ ਜਾਂਦਾ ਹੈ ਕਿ ਜੇਲ ਦੇ ਅਧਿਕਾਰੀਆਂ ਨੇ ਜਦੋਂ ਉਹਨਾਂ ਨੂੰ ਇਹ ਸੂਚਨਾ ਦਿੱਤੀ ਕਿ ਉਹਨਾਂ ਦੀ ਫਾਂਸੀ ਦਾ ਸਮਾਂ ਆ ਗਿਆ ਹੈ ਤਾਂ ਉਹਨਾਂ ਨੇ ਕਿਹਾ ਸੀ "ਠਹਿਰੋ, ਪਹਿਲਾਂ ਇੱਕ ਕਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨੂੰ ਮਿਲ ਤਾਂ ਲਵੇ।" ਫਿਰ ਇੱਕ ਮਿੰਟ ਬਾਅਦ ਕਿਤਾਬ ਨੂੰ ਛੱਤ ਵੱਲ ਉਛਾਲ ਕੇ ਬੋਲੇ "ਠੀਕ ਹੈ ਹੁਣ ਚੱਲੋ।" ਫਾਂਸੀ ਤੇ ਜਾਂਦੇ ਸਮੇਂ ਉਹ ਤਿੰਨੋਂ ਗਾ ਰਹੇ ਸੀ ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਰੰਗ ਦੇ ਬਸੰਤੀ ਚੋਲਾ।


ਕੁਲਦੀਪ ਚੰਦ
91-9417563054

ਫਾਂਸੀ ਤੋਂ ਬਾਅਦ ਕਿਤੇ ਅੰਦੋਲਨ ਨਾ ਭੜਕ ਜਾਵੇ ਇਸਦੇ ਡਰ ਤੋਂ ਅੰਗਰੇਜ਼ਾਂ ਨੇ ਪਹਿਲਾਂ ਇਹਨਾਂ ਦੇ ਸ਼ਰੀਰ ਦੇ ਟੁਕੜੇ ਕਰ ਦਿੱਤੇ ਅਤੇ ਫਿਰ ਬੋਰੀਆਂ ਵਿੱਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾ ਕੇ ਇਹਨਾਂ ਦੇ ਮ੍ਰਿਤਕ ਸ਼ਰੀਰਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਬਲਦੀ ਦੇਖੀ ਤਾਂ ਨੇੜੇ ਆਏ। ਇਸਤੋਂ ਡਰ ਕੇ ਅੰਗਰੇਜ਼ਾਂ ਨੇ ਇਹਨਾਂ ਦੀਆਂ ਲਾਸ਼ਾਂ ਦੇ ਅੱਧਜਲੇ ਟੁਕੜਿਆਂ ਨੂੰ ਸਤਲੁਜ ਦਰਿਆ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਜਦੋਂ ਪਿੰਡ ਵਾਲੇ ਨੇੜੇ ਆਏ ਤਾਂ ਉਹਨਾਂ ਨੇ ਇਨ੍ਹਾਂ ਦੇ ਮ੍ਰਿਤਕ ਸਰੀਰ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ। ਇਨ੍ਹਾਂ ਸ਼ਹੀਦਾਂ ਦੀ ਮੌਤ ਬਾਰੇ ਲਾਹੌਰ ਦੇ ਦੈਨਿਕ ਟ੍ਰਿਬਿਊਨ ਅਤ ਨਿਉਯਾਰਕ ਤੋਂ ਛਪਦੇ ਡੇਲੀ ਵਰਕਰ ਨੇ ਛਾਪਿਆ। ਇਸਤੋਂ ਬਾਦ ਵੀ ਕਈ ਮਾਰਕਸਵਾਦੀ ਪੱਤਰਾਂ ਵਿੱਚ ਉਨ੍ਹਾਂ ਬਾਰੇ ਲੇਖ ਛਪੇ ਪਰੰਤੂ ਭਾਰਤ ਵਿੱਚ ਮਾਰਕਸਵਾਦੀ ਪੱਤਰਾਂ ਦੇ ਆਣ ਤੇ ਪਾਬੰਦੀ ਲੱਗੀ ਹੋਣ ਕਾਰਨ ਭਾਰਤ ਦੇ ਬੁਧੀਜੀਵੀਆਂ ਨੂੰ ਇਸ ਸਬੰਧੀ ਕੋਈ ਜਾਣਕਾਰੀ ਨਹੀਂ ਸੀ। ਭਾਰਤ ਅਤੇ ਪਾਕਿਸਤਾਨ ਦੀ ਜਨਤਾ ਅੱਜ ਵੀ ਸ਼ਹੀਦ ਭਗਤ ਸਿੰਘ ਨੂੰ ਆਜ਼ਾਦੀ ਦੇ ਦੀਵਾਨੇ ਦੇ ਰੂਪ ਵਿੱਚ ਦੇਖਦੀ ਹੈ ਅਤੇ ਨੌਜਵਾਨਾ ਲਈ ਇੱਕ ਵੱਡਾ ਆਦਰਸ਼ ਹਨ ਜਿਸਨੇ ਆਪਣੀ ਜਵਾਨੀ ਸਮੇਤ ਸਾਰੀ ਜ਼ਿੰਦਗੀ ਦੇਸ਼ ਦੇ ਲਈ ਸਮਰਪਿਤ ਕਰ ਦਿੱਤੀ। ਉਨ੍ਹਾਂ ਦੀ ਸ਼ਹੀਦੀ ਦੇ ਕਈ ਦਹਾਕੇ ਬੀਤਣ ਦੇ ਬਾਬਜੂਦ ਉਨ੍ਹਾਂ ਦੀ ਸੋਚ ਲਾਗੂ ਨਹੀਂ ਹੋ ਸਕੀ ਹੈ। ਵੱਖ ਵੱਖ ਸਰਕਾਰਾਂ ਅਤੇ ਰਾਜਨੀਤਿਕ ਆਗੂਆਂ ਨੇ ਸ਼ਹੀਦਾਂ ਦਥ ਸੋਚ ਤੇ ਕੰਮ ਕਰਨ ਦੇ ਵਾਅਦੇ ਕੀਤੇ ਹਨ ਪਰੰਤੂ ਸਿਰਫ ਵਾਅਦੇ ਹੀ ਰਹੇ ਹਨ। ਮੋਜੂਦਾ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਹਰ ਸਰਕਾਰੀ ਦੱਫਤਰ ਵਿੱਚ ਸ਼ਹੀਦ ਭਗਤ ਸਿੰਘ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੀਆਂ ਫੋਟੋਆਂ ਲਗਾਉਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜਕਲਾਂ ਵਿੱਚ ਹੀ ਸਹੁੰ ਸਮਾਗਮ ਕਰਕੇ ਸ਼ਹੀਦ ਭਗਤ ਸਿੰਘ ਦੀ ਸੋਚ ਤੇ ਕੰਮ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਸਰਕਾਰ ਅਪਣੇ ਇਸ ਐਲਾਨ ਵਿੱਚ ਕਿੰਨਾ ਕਾਮਯਾਬ ਹੁੰਦੀ ਹੈ ਇਹ ਤਾਂ ਆਣ ਵਾਲਾ ਸਮਾਂ ਹੀ ਦੱਸੇਗਾ। ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਉਨ੍ਹਾਂ ਵਲੋਂ ਵੇਖੇ ਗਏ ਸੁਪਨਿਆਂ ਨੂੰ ਪੂਰਾ ਕੀਤਾ ਜਾਵੇ।

## ਭਗਤ ਸਿੰਘ ਦਾ ਸੁਨੇਹਾ "ਐਵੇ ਬੁੱਤਾਂ ਤੇ ਹਾਰ ਨਾ ਪਾਈ ਜਾਣਾ"

ਭਗਤ ਸਿੰਘ ਨੇ ਆਖਿਆ ਸੁਣੋ ਸਾਰੇ,
ਅਸੀਂ ਆਪਣਾ ਫ਼ਰਜ਼ ਨਿਭਾ ਚੱਲੇ
ਰੱਸਾ ਚੁੰਮ ਕੇ ਦੇਸ਼ ਲਈ ਫਾਂਸੀਆਂ ਦਾ
ਸਿਰ ਧੜ ਦੀ ਬਾਜ਼ੀ ਹਾਂ ਲਾ ਚੱਲੇ
ਤੁਸੀਂ ਖੁਸ਼ ਤੇ ਦੇਸ਼ ਖੁਸ਼ਹਾਲ ਹੋਵੇ
ਅਸੀਂ ਗੀਤ ਆਜ਼ਾਦੀ ਦਾ ਗਾ ਚੱਲੇ
ਪਾਣੀ ਦੀ ਥਾਂ ਆਜ਼ਾਦੀ ਦੇ ਬੂਟਿਆਂ ਨੂੰ,
ਅਸੀਂ ਖੂਨ ਜਿਗਰ ਦਾ ਪਾ ਚੱਲੇ

ਅਸਾਂ ਚੁੰਮਿਆਂ ਫਾਂਸੀ ਦੇ ਰੱਸਿਆਂ ਨੂੰ
ਤੇ ਮੁੱਲ ਕਦੇ ਜ਼ਮੀਰ ਦਾ ਵੱਟਿਆ ਨਹੀਂ
ਛੱਡ ਦਿੱਤਾ ਪਰਿਵਾਰ ਨੂੰ ਦੇਸ਼ ਬਦਲੇ
ਮੋਹ ਰਿਸ਼ਤਿਆਂ ਦਾ ਵੀ ਰੱਖਿਆ ਨੀ

ਬੜੇ ਦਿੱਤੇ ਸੀ ਲਾਲਚ ਹਕੂਮਤਾਂ ਨੇ
ਕੌੜਾ ਛੱਡ ਕੇ ਮਿੱਠੇ ਨੂੰ ਚੱਖਿਆ ਨਹੀਂ
ਤੇ ਅਸਾ ਸਦਾ ਹੀ ਸੋਚ ਅਜਾਦ ਰੱਖੀ
ਇਹਨੂੰ ਵਿੱਚ ਗੁਲਾਮੀ ਤੇ ਧੱਕਿਆ ਨਹੀਂ,

ਤੁਸਾਂ ਸਦਾ ਸਚਾਈ ਤੇ ਚੱਲਣਾ ਏ
ਰਹਿਣਾ ਰਲ ਕੇ ਸਦਾ ਪਰਿਵਾਰ ਵਾਂਗੂ,
ਕਾਇਮ ਰੱਖਣਾ ਸਦਾ ਹੀ ਵਾਅਦਿਆਂ ਨੂੰ,
ਕਦੇ ਜਾਣਾ ਨਾ ਬਦਲ ਸਰਕਾਰ ਵਾਂਗੂੰ,
ਜ਼ਿੰਦਗੀ ਵਿਚ ਢੇਰੀ ਨਾ ਕਦੇ ਢਾਹੁੰਣੀ
ਰਹਿਣਾ ਬਣ ਕੇ ਤਿੱਖੀ ਤਲਵਾਰ ਵਾਗੂੰ
ਮਹਿਕ ਫੁੱਲਾਂ ਦੀ ਤਰ੍ਹਾਂ ਹੀ ਵੰਡਦੇ ਰਹੋ
ਤੇ ਰਹਿਣਾ ਸਦਾ ਹੀ ਖਿੜੀ ਬਹਾਰ ਵਾਂਗੂ

ਅਸੀਂ ਅੱਗੇ ਤੇ ਤੁਸੀਂ ਹੋ ਮਗਰ ਤੁਰਨਾ
ਇਸੇ ਕੰਮ ਨੂੰ ਅੱਗੇ ਵਧਾਈ ਜਾਣਾ
ਸੰਗਲ ਲਾਹ ਗੁਲਾਮੀ ਦੇ ਗਲਾਂ ਵਿਚੋਂ
ਹਾਰ ਸਦਾ ਆਜ਼ਾਦੀ ਦੇ ਪਾਈ ਜਾਣਾ,
ਗੀਤ ਗਾਇਆ ਆਜ਼ਾਦੀ ਦਾ ਸੀ ਜਿਹੜਾ,
ਇਸ ਗੀਤ ਨੂੰ ਤੁਸੀ ਵੀ ਗਾਈ ਜਾਣਾ
ਗੁਲਾਮੀਵਾਲਿਆ ਚਲਣਾ ਸੋਚ ਉੱਤੇ,
ਐਵੇਂ ਬੁੱਤਾਂ ਤੇ ਹਾਰ ਨਾ ਪਾਈ ਜਾਣਾ
ਐਵੇਂ ਬੁੱਤਾਂ ਤੇ ਹਾਰ ਨਾ ਪਾਈ ਜਾਣਾ

ਬੂਟਾ ਗੁਲਾਮੀ ਵਾਲਾ
ਕੋਟ ਈਸੇ ਖਾਂ ਮੋਗਾ
91-94171 97395



## 22 ਮਾਰਚ ਵਿਸ਼ਵ ਜਲ ਦਿਵਸ ਤੇ ਵਿਸ਼ੇਸ਼

# ਜੇ ਨਾ ਸਾਂਭਿਆ ਪਾਣੀ ਤਾਂ ਸਮਝੋ ਖਤਮ ਕਹਾਣੀ

"ਜਲ ਹੀ ਜੀਵਨ ਹੈ।" ਰੁੱਖ, ਕੁੱਖ ਅਤੇ ਜਲ ਮਨੁੱਖੀ ਜੀਵਨ ਦਾ ਮੂਲ ਆਧਾਰ ਹਨ॥ਪਾਣੀ ਬਿਨਾਂ ਤਾਂ ਜੀਵਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।ਮਨੁੱਖੀ ਸਰੀਰ ਵੀ ਹੱਡੀਆਂ ਅਤੇ ਮਾਸ ਸਮੇਤ 80% ਪਾਣੀ ਦਾ ਬਣਿਆ ਹੋਇਆ ਹੈ।ਇਸੇ ਕਰਕੇ ਇਸਨੂੰ ਵਿਦਵਾਨਾਂ ਨੇ ਪਾਣੀ ਦਾ ਬੁਲਬਲਾ ਕਿਹਾ ਹੈ।ਗੁਰਬਾਣੀ ਵਿੱਚ ਵੀ ਗੁਰੂ ਸਾਹਿਬ ਨੇ ਪਾਣੀ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਲਿਖਿਆ ਹੈ,"ਪਹਿਲਾਂ ਪਾਣੀ ਜੀਓ ਹੈ,ਜਿਤੁ ਹਰਿਆ ਸਭ ਕੋਇ॥" ਗੁਰੂ ਸਾਹਿਬ ਨੇ ਪਾਣੀ ਨੂੰ ਪਿਤਾ ਦਾ ਦਰਜਾ ਦੇਕੇ
"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ"
ਰਾਹੀਂ ਇਸਦੀ ਜੀਵਣ ਪ੍ਰਤੀ ਅਤਿਅੰਤ ਜਰੂਰਤ ਦਾ ਸੁਨੇਹਾ ਦਿੱਤਾ ਹੈ।ਸਾਡੀ ਦਿਨ ਦੀ ਸ਼ੁਰੂਆਤ ਹੀ ਪਾਣੀ ਨਾਲ ਹੁੰਦੀ ਹੈ।ਗੁਰੂ ਸਾਹਿਬ ਨੇ ਗੁਰਬਾਣੀ ਵਿੱਚ ਮਹੱਤਤਾ ਦਰਸਾਉਂਦਿਆਂ ਲਿਖਿਆ ਹੈ-

"ਭਰੀਐ ਹਥੁ ਪੈਰੁ ਤਨੁ ਦੇਹ
ਪਾਣੀ ਧੋਤੈ ਉਤਰਸੁ ਖੇਹ ॥"

ਪਰ ਮਨੁੱਖ ਲਾਲਚਵੱਸ ਕੁਦਰਤੀ ਦਾਤਾਂ ਨੂੰ ਬੇਰਹਿਮੀ ਨਾਲ ਖਤਮ ਕਰਨ ਅਤੇ ਪ੍ਰਦੂਸ਼ਿਤ ਕਰਨ ਚ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ।ਵਿੱਤੋਂ ਬਾਹਰ ਇੱਛਾਵਾਂ ਦੀ ਪੂਰਤੀ ਲਈ ਹਰ ਜਾਇਜ ਨਜਾਇਜ਼ ਹਰਬਾ ਵਰਤ ਕੇ ਅਤੇ ਕੁਦਰਤੀ ਅਮਾਨਤਾਂ ਪ੍ਰਤੀ ਬੇਪਰਵਾਹੀ ਵਰਤ ਕੇ ਫੈਕਟਰੀਆਂ ਦਾ ਰਸਾਇਣ ਭਰਪੂਰ ਪਾਣੀ,ਰਸਾਇਣਕ ਪਦਾਰਥਾਂ ਦੀ ਲੋੜੋਂ ਵੱਧ ਵਰਤੋਂ, ਸੀਵਰੇਜ ਦਾ ਬਿਨਾਂ ਸ਼ੁੱਧੀਕਰਣ ਤੋਂ ਪਾਣੀ, ਧੂੰਆਂ, ਖਾਦਾਂ, ਕੀੜੇ ਮਾਰ ਦਵਾਈਆਂ, ਵਾਹਨਾਂ ਦਾ ਧੂੰਆਂ,ਪਲਾਸਟਿਕ ਲਿਫਾਫੇ ਆਦਿ ਨਾਲ ਵਾਤਾਵਰਨ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ।ਸਿੱਟੇ ਵਜੋਂ ਅਸੀਂ ਆਪਣੀ ਖੁਸ਼ਹਾਲ ਜਿੰਦਗੀ ਜਿਉਣ ਦੇ ਲਾਲਚ ਆਪਣੀ ਮੌਤ ਆਪ ਸਹੇੜ ਕੇ ਭਵਿੱਖ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਖਤਰਾ ਪੈਦਾ ਕਰ ਦਿੱਤਾ ਹੈ ਅਤੇ ਇਸ ਕਥਨ ਤੋਂ ਮੁਨਕਰ ਹੋਕੇ ਕੁਦਰਤ ਨਾਲ ਖਿਲਵਾੜ ਕਰਕੇ
"ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ"
ਵਾਲੀ ਸਥਿਤੀ ਪੈਦਾ ਕਰ ਲਈ ਹੈ।

ਜਿਵੇਂ ਉੱਪਰ ਜ਼ਿਕਰ ਕੀਤਾ ਹੈ ਪਾਣੀ ਬਿਨਾਂ ਜੀਵਨ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ,ਪਰ ਅਸੀਂ ਪਾਣੀ ਨੂੰ ਜ਼ਹਿਰੀਲਾ ਕਰਕੇ ਖਾਤਮੇ ਦੀ ਹੱਦ ਤੇ ਲੈ ਆਂਦਾ ਹੈ। ਪੂਰੀ ਦੁਨੀਆਂ ਵਿੱਚ ਨੂੰ ਸੰਭਾਲਣ ਅਤੇ ਨਜ਼ਾਇਜ਼ ਵਰਤੋਂ ਤੋਂ ਸੰਕੋਚ ਕਰਨ ਦੀਆਂ ਅਪੀਲਾਂ ਵਿਅੱਰਥ ਹੁੰਦੀਆਂ ਜਾਪ ਰਹੀਆਂ ਹਨ। ਹੁਣ ਪੰਜਾਬ ਵਿੱਚ ਪਾਣੀ ਦਾ ਸੰਕਟ ਦਿਨੋਂ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਪਿਛਲੇ ਕਈ ਦਹਾਕਿਆਂ ਤੋਂ ਹਰੀ ਕ੍ਰਾਂਤੀ ਦੀ ਆੜ ਹੇਠ ਅੱਖਾਂ ਮੀਚ ਧਰਤੀ ਹੇਠਲੇ ਪਾਣੀ ਨੂੰ ਬੇਰੋਕ ਕੱਢ ਕੇ ਆਪਣਾ ਸੋਮਾ ਖਤਮ ਕਰ ਲਿਆ ਹੈ।ਸਾਡੇ ਦਾਦਿਆਂ ਨੇ ਪਾਣੀ ਖੂਹਾਂ ਚ ਦੇਖਿਆ ਸੀ ਅਤੇ ਸਾਡੇ ਪਿਤਾ ਨੇ ਨਲਕਿਆਂ ਚ ਅਤੇ ਅਸੀਂ ਸਬਮਰਸੀਬਲ ਮੋਟਰਾਂ ਤੇ ਅਤੇ ਅਗਲੀ ਪੀੜ੍ਹੀ ਬੋਤਲਾਂ ਚ ਪਾਣੀ ਦੇਖ/ਪੀ ਰਹੀ ਹੈ।ਧਰਤੀ ਉੱਤੇ 70।8% ਪਾਣੀ ਦੀ ਮਾਤਰਾ ਮੌਜੂਦ ਹੈ।ਇਸਦਾ 97।5% ਹਿੱਸਾ ਖਾਰੇ ਪਾਣੀ ਦੇ ਰੂਪ ਚ ਸਮੁੰਦਰਾਂ ਚ,1।5% ਪਹਾੜਾਂ ਤੇ ਗਲੇਸ਼ੀਅਰ ਦੇ ਰੂਪ ਚ ਅਤੇ ਸਿਰਫ 1% ਪੀਣਯੋਗ ਪਾਣੀ ਨਦੀਆਂ, ਝਰਨਿਆਂ ਅਤੇ ਧਰਤੀ ਹੇਠ ਹੈ।ਇਸ 1% ਪੀਣਯੋਗ ਪਾਣੀ ਦਾ 60% ਉਦਯੋਗਾਂ ਅਤੇ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ, ਜਦਕਿ 40% ਘਰੇਲੂ ਅਤੇ ਹੋਰ ਲੋੜਾਂ ਲਈ ਵਰਤੋਂ ਚ ਆਉਂਦਾ ਹੈ।ਇਸ ਵੇਲੇ ਪੰਜਾਬ ਦੀ 72 ਫੀਸਦੀ ਖੇਤੀ ਟਿਊਬਵੈੱਲ ਅਧਾਰਿਤ ਸਿੰਚਾਈ ਤੇ ਨਿਰਭਰ ਹੈ।ਸਿਰਫ 28 ਫੀਸਦੀ ਨਹਿਰੀ ਪਾਣੀ ਤੇ।ਧਰਤੀ ਹੇਠਲੇ ਪਾਣੀ ਵਿੱਚ ਤੇਜ਼ਾਬੀ ਤੱਤਾਂ ਫਲੋਰਾਈਡ, ਯੂਰੇਨੀਅਮ, ਪਾਰਾ, ਕੈਲਸ਼ੀਅਮ, ਮੈਗਨੀਸ਼ੀਅਮ, ਆਰਸੈਨਿਕ, ਸਾਲਟ, ਕਾਰਬੋਨੇਟਸ, ਸਲਫੇਟਸ, ਨਾਈਟਰੇਟਸ, ਪਾਰਾ ਆਦਿ ਦੀ ਬਹੁਤਾਤ ਨੇ ਪਾਣੀ ਨੂੰ ਤੇਜ਼ਾਬੀ ਹੀ ਨਹੀਂ ਬਣਾਇਆ ਬਲਕਿ ਨਾਪੀਣਯੋਗ ਕਰ ਦਿੱਤਾ ਹੈ।ਜੇਕਰ ਅੰਕੜਿਆਂ ਤੇ ਗੌਰ ਕਰੀਏ ਤਾਂ 1984 ਵਿੱਚ ਪੰਜਾਬ ਦੇ ਸਿਰਫ 53 ਬਲਾਕਾਂ ਦਾ ਪਾਣੀ



ਦੂਸ਼ਿਤ ਕਰਾਰ ਦਿੱਤਾ ਗਿਆ ਸੀ।ਪਰ 1995 'ਚ ਗਿਣਤੀ 84 ਦਾ ਅੰਕੜਾ ਪਾਰ ਕਰ ਗਈ ਸੀ ਅਤੇ 2008 ਵਿੱਚ ਇਹ ਗਿਣਤੀ ਵਧਕੇ 108 ਹੋ ਗਈ ਸੀ। ਉਸ ਵੇਲੇ 138 ਬਲਾਕਾਂ ਚੋਂ 108 ਬਲਾਕਾਂ ਦਾ ਪਾਣੀ ਨਾਪੀਣਯੋਗ ਹੋ ਗਿਆ ਸੀ। ਇਹ ਸਾਰੇ ਬਲਾਕ "ਡਾਰਕ ਜ਼ੋਨ" ਕਰਾਰ ਦੇ ਦਿੱਤੇ ਗਏ ਸਨ। ਪਰ ਹੁਣ 147 ਬਲਾਕ ਹੀ ਡਾਰਕ ਜ਼ੋਨ ਚ ਹਨ। ਕਿਉਂਕਿ ਔਸਤਨ 200 ਫੁੱਟ ਤੱਕ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ ਹੈ।ਇਸ ਨਾਲ ਪੀਣਯੋਗ ਪਾਣੀ ਦੀ ਗੰਭੀਰ ਸਮੱਸਿਆ ਖੜੀ ਹੋ ਗਈ ਹੈ। 1980 ਵਿੱਚ ਪੰਜਾਬ ਦੇ ਕੇਵਲ 3712 ਪਿੰਡ ਅਸ਼ੁੱਧ ਪਾਣੀ ਦੀ ਸਮੱਸਿਆ ਨਾਲ ਪੀੜਤ ਸਨ, ਪਰ ਹੁਣ ਪੰਜਾਬ ਦੇ 12581 ਚੋਂ 11849 ਪਿੰਡ ਤੇਜ਼ਾਬੀ ਕਾਰਕਾਂ ਨਾਲ ਦੂਸ਼ਿਤ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਵਿਗਿਆਨ ਅਤੇ ਵਾਤਾਵਰਣ ਸਟੱਡੀ ਅਤੇ ਪੀ ਜੀ ਆਈ ਚੰਡੀਗੜ੍ਹ ਦੇ ਸਰਵੇਖਣ ਅਨੁਸਾਰ ਖੇਤੀਬਾੜੀ ਦੀ ਪੈਦਾਵਾਰ ਵਧਾਉਣ ਲਈ ਵਰਤੇ ਜਾਂਦੇ ਕੀਟ ਨਾਸ਼ਕ ਅਤੇ ਰਸਾਇਣਾਂ ਦਾ ਅਸਰ ਸਾਡੇ ਖਾਧ ਪਦਾਰਥਾਂ ਅਤੇ ਪਾਣੀ ਚ ਤੇਜ਼ਾਬੀ ਤੱਤਾਂ ਦੀ ਮਾਤਰਾ ਲਿਮਟ ਤੋਂ ਬਹੁਤ ਜਿਆਦਾ ਹੈ। ਮਨੁੱਖੀ ਖੂਨ ਦੇ ਟੈਸਟਾਂ ਚ ਵੀ ਕੀਟਨਾਸ਼ਕ ਦਵਾਈਆਂ ਦੇ ਤੱਤ ਪਾਏ ਗਏ ਹਨ। ਸਿੱਟੇ ਵਜੋਂ ਹੈਪੈਟਾਈਟਸ, ਮੈਸਟਰੌਨਿਕਸ, ਜੋੜ ਦਰਦ, ਦਮਾ, ਕੈਂਸਰ, ਖਾਂਸੀ ਆਦਿ ਨਾਮੁਰਾਦ ਬਿਮਾਰੀਆਂ ਨੇ ਪੰਜਾਬੀਆਂ ਨੂੰ ਆਪਣੀ ਜਕੜ 'ਚ ਲੈ ਲਿਆ ਹੈ। ਦਿਲ ਕੰਬਾਊ ਰਿਪੋਰਟਾਂ ਦੇ ਬਾਵਜੂਦ ਵੀ ਸਭ ਵੱਡੀ ਤਰਾਸਦੀ ਇਹ ਹੈਕਿ ਲੋਕ ਇਹ ਅਸ਼ੁੱਧ ਪਾਣੀ ਪੀ ਰਹੇ ਹਨ।

ਪਾਣੀ ਵਿੱਚ ਤੇਜ਼ਾਬੀ ਅਸ਼ੁੱਧੀਆਂ ਦਾ ਕਾਰਨ ਫੈਕਟਰੀਆਂ ਦਾ ਤੇਜ਼ਾਬੀ ਪਾਣੀ, ਖੇਤੀਬਾੜੀ 'ਚ ਤੇਜ਼ਾਬੀ ਖਾਦਾਂ ਅਤੇ ਪੈਸਟੀਸਾਈਡ ਦੀ ਜਰੂਰਤ ਤੋਂ ਵੱਧ ਵਰਤੋਂ ਨੇ ਪੀਣ ਵਾਲੇ ਪੀਣ ਪਾਣੀ ਦੀ ਹਾਲਤ ਤਰਸਯੋਗ ਬਣਾ ਦਿੱਤੀ ਹੈ। ਇਸਦੇ ਬਾਵਜੂਦ ਵੀ ਇਹ ਵਰਤਾਰਾ ਅਤੇ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਲਗਾਤਾਰ ਜ਼ਾਰੀ ਹੈ।

ਦੂਸਰੇ ਪਾਸੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਗਿਰ ਰਿਹਾ ਹੈ।ਅੰਕੜਿਆਂ ਤੇ ਨਜ਼ਰ ਮਾਰੀਏ ਤਾਂ 1973 ਚ ਪੰਜਾਬ ਦਾ ਸਿਰਫ 3% ਖੇਤਰ ਚ ਧਰਤੀ ਥੱਲੇ ਪਾਣੀ ਦਾ ਪੱਧਰ 10 ਮੀਟਰ ਸੀ, 1989 ਚ ਇਹ 14।9%, 1992 ਚ 20%, 2000 ਚ 53%, 2002 ਚ 76% ,2004 ਚ 90% ਪਹੁੰਚ ਗਿਆ ਸੀ ਅਤੇ ਜੋ ਹੁਣ 100% ਹੋ ਗਿਆ ਹੈ। ਹੁਣ ਪੂਰੇ ਪੰਜਾਬ ਚ ਪਾਣੀ ਦਾ ਪੱਧਰ ਔਸਤਨ 21 ਮੀਟਰ ਤੋਂ ਵੀ ਜਿਆਦਾ ਹੈ।ਪੰਜਾਬ ਦੇ ਕਈ ਖੇਤਰਾਂ ਚ 400 ਮੀਟਰ ਡੂੰਘੇ ਟਿਊਬਵੈੱਲ ਲੱਗਣੇ ਸ਼ੁਰੂ ਹੋ ਗਏ ਹਨ। ਪਹਿਲਾਂ ਪਾਣੀ ਖੂਹਾਂ ਚੋਂ ਮੁੱਕਿਆ, ਫੇਰ ਨਲਕਿਆਂ ਦੀ ਪਹੁੰਚ ਤੋਂ ਦੂਰ ਹੋਇਆ।ਲੋਕਾਂ ਨੇ 50 ਫੁੱਟ ਡੂੰਘੀਆਂ ਖੂਹੀਆਂ ਚ ਟਿਊਬਵੈੱਲ ਚਲਾਏ ,ਅੰਤ ਸਭ ਵਿਅਰਥ।ਫਿਰ ਸਬਮਰਸੀਬਲ ਮੋਟਰਾਂ ਦਾ ਦੌਰ ਸ਼ੁਰੂ ਹੋਇਆ, ਅੰਤ ਕਦੋ ਤੱਕ ਇਹ ਪਾਣੀ ਕੱਢਣਗੀਆਂ। ਅਖੀਰ ਹੋਰਨਾਂ ਸਾਧਨਾਂ ਵਾਂਗ ਇੱਕ ਦਿਨ ਪਾਣੀ ਇਹਨਾਂ ਦੀ ਪਹੁੰਚ ਵਿੱਚ ਵੀ ਨਹੀਂ ਰਹੇਗਾ। ਭਾਰਤ ਵਿੱਚ 1951 ਵਿੱਚ ਪ੍ਰਤੀ ਵਿਆਕਤੀ 5.77 ਘਣ ਮੀਟਰ ਉਪਲੱਬਧ ਸੀ, ਪਰ 2025 ਵਿੱਚ ਇਹ ਘਟ ਕੇ 1941 ਘਣ ਮੀਟਰ ਰਹਿ ਜਾਵੇਗੀ। ਪਾਣੀ ਦੀ ਕੰਢੀ ਏਰੀਏ ਅਤੇ ਪਟਿਆਲਾ ਜਿਲ੍ਹੇ ਦੇ ਘੱਗਰ ਨਾਲ ਲੱਗਦੇ ਇਲਾਕਿਆਂ ਦੀ ਸਥਿਤੀ ਹੋਰ ਵੀ ਗੰਭੀਰ ਹੈ। ਪਟਿਆਲਾ ਜਿਲ੍ਹੇ ਦੇ ਬਨੂੜ ਖੇਤਰ, ਬਲਾਕ ਘਨੌਰ, ਭੁੱਨਰਹੇੜੀ, ਸਮਾਣਾ ਅਤੇ ਪਾਤੜਾਂ ਬਲਾਕਾਂ ਚ ਪੰਜ ਦਰਾ, ਸਤਲੁਜ ਯਮੁਨਾ ਲਿੰਕ ਨਹਿਰ ਅਤੇ ਘੱਗਰ ਨੇ ਧਰਤੀ ਹੇਠਲੇ ਪਾਣੀ ਨੂੰ ਤੇਜ਼ਾਬੀ ਅਸ਼ੁੱਧੀਆਂ ਨਾਲ ਭਰਪੂਰ ਕਰ ਦਿੱਤਾ ਹੈ, ਕਿਉਂਕਿ ਖਰੜ, ਮੋਹਾਲੀ, ਪੰਚਕੂਲਾ, ਪ੍ਰਮਾਣੂ, ਕਾਲਕਾ, ਪਿੰਜੌਰ ਅਤੇ ਚੰਡੀਗੜ੍ਹ ਦਾ ਸੀਵਰੇਜ ਦਾ ਪਾਣੀ ਇਹਨਾਂ ਵਿੱਚ ਛੱਡਿਆ ਜਾ ਰਿਹਾ ਹੈ। ਇਸ ਖੇਤਰ ਪਾਣੀ ਦਾ ਪੱਧਰ ਔਸਤਨ 60 ਮੀਟਰ ਹੈ ਅਤੇ ਧਰਤੀ ਹੇਠ ਪਾਣੀ ਵੀ ਬਹੁਤ ਘੱਟ ਹੈ।ਕਿਸਾਨ ਆਪਣੀਆਂ ਫਸਲਾਂ ਨੂੰ ਸਿੰਜਣ ਲਈ ਇਹਨਾਂ ਚੋਂ ਤੇਜ਼ਾਬੀ ਪਾਣੀ ਚੁੱਕ ਕੇ ਵਰਤੋਂ 'ਚ ਲਿਆਉਂਦੇ ਹਨ, ਜਿਸ ਨਾਲ ਇਸਦਾ ਕੁੱਝ ਹਿੱਸਾ ਧਰਤੀ ਹੇਠ ਜਾਕੇ ਧਰਤੀ ਹੇਠਲੇ ਪਾਣੀ ਅਤੇ ਜਮੀਨ ਨੂੰ ਤੇਜ਼ਾਬੀ ਕਰ ਰਹੇ ਹਨ,ਜੋ ਇੱਕ ਬਹੁਤ ਹੀ ਗੰਭੀਰ ਚਿੰਤਾਜਨਕ ਵਿਸ਼ਾ ਹੈ। ਇਸ ਖੇਤਰ ਦੇ ਲੋਕ ਕੈਂਸਰ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਮਨੁੱਖਤਾ ਦਾ ਘਾਣ ਹੋ ਰਿਹਾ ਹੈ।

ਲੋਕਾਂ ਨੇ ਸ਼ੁੱਧ ਪਾਣੀ ਲਈ ਘਰਾਂ ਚ ਆਰ।ਓ। ਲਗਵਾ ਕੇ ਪੀਣ ਦੇ ਪਾਣੀ ਦੀ ਪੂਰਤੀ ਤਾਂ ਕਰ ਲਈ ਹੈ, ਪਰ ਇਸ ਵਿਚਲੇ ਲੋੜੀਂਦੇ ਤੱਤਾਂ ਤੋਂ ਵੀ ਵਿਰਵਾ ਪਾਣੀ ਪੀਣ ਲਈ ਲੋਕ ਮਜਬੂਰ ਹਨ। ਬੇਸ਼ੱਕ ਸਰਕਾਰ ਨੇ ਪਿੰਡਾਂ ਵਿੱਚ ਵੱਡੇ ਪੱਧਰ ਤੇ ਆਰ.ਓ. ਲਗਾ ਕੇ ਲੋਕਾਂ ਨੂੰ ਕੁੱਝ ਦੇਣ ਦੀ ਕੋਸ਼ਿਸ਼ ਕੀਤੀ ਹੈ, ਪਰ ਜਾਗਰੂਕਤਾ ਦੀ ਘਾਟ ਕਾਰਨ ਇਹ ਪਿੰਡਾਂ ਦੇ ਲੋਕਾਂ ਨੂੰ ਮੁਆਫਿਕ ਨਹੀਂ ਆ ਰਹੇ।

ਮਨੁੱਖ ਨੇ ਕੁਦਰਤੀ ਸੋਮਿਆਂ ਪ੍ਰਤੀ ਬੇਹੱਦ ਅਣਗਹਿਲੀ ਦਿਖਾਈ। ਇਹਨਾਂ ਨੂੰ ਸਾਂਭਣ ਵੱਲ ਕੋਈ ਤਵੱਜੋ ਨਹੀਂ ਦਿੱਤੀ। ਦਰਿਆਵਾਂ ਦੇ ਪਾਣੀ ਨੂੰ ਖੇਤੀਬਾੜੀ ਸੈਕਟਰ ਚ ਵਰਤਣ ਦੀ ਲੋੜ ਮਹਿਸੂਸ ਨਹੀਂ ਕੀਤੀ। ਸੂਏ, ਕੱਸੀਆਂ ਦੀ ਜ਼ਮੀਨ ਤੇ ਕਬਜ਼ਾ ਕਰਕੇ ਉਹਨਾਂ ਦੀ ਹੋਂਦ ਖਤਮ ਕਰ ਦਿੱਤੀ ਹੈ ਅਤੇ ਨਹਿਰੀ ਪਾਣੀ ਦੀ ਵਰਤੋਂ ਦੀ ਲੋੜ ਮਹਿਸੂਸ ਨਹੀਂ ਕੀਤੀ। ਬਿਜਲੀ ਦੀ ਮੁਫਤ ਸਹੂਲਤ ਦੇਖਦਿਆਂ ਦੀ ਪਾਣੀ ਲੋੜ ਪੂਰੀ ਕਰਨ ਹਿੱਤ ਦੇਖਾ ਦੇਖੀ ਅੰਧਾਧੁੰਦ ਟਿਊਬਵੈੱਲ ਲਗਾਉਣੇ ਸ਼ੁਰੂ ਕਰ ਦਿੱਤੇ। ਇਸ ਵੇਲੇ ਪੰਜਾਬ ਚ 14.5 ਲੱਖ ਤੋਂ ਵੱਧ ਟਿਊਬਵੈੱਲ ਚੱਲ ਰਹੇ ਹਨ।ਸਵਾ ਲੱਖ ਦੇ ਲਗਭਗ ਟਿਊਬਵੈੱਲ ਲਈ 2016 'ਚ ਬਿਜਲੀ ਦੇ ਨਵੇਂ ਕੁਨੈਕਸ਼ਨ ਜਾਰੀ ਕੀਤੇ ਗਏ ਸਨ।ਪੰਜਾਬ ਚ ਇਸ ਵੇਲੇ ਔਸਤਨ 10-15 ਫੁੱਟ ਦੀ ਦੂਰੀ ਤੇ ਟਿਊਬਵੈੱਲ ਚੱਲ ਰਿਹਾ ਹੈ।

ਪੰਜਾਬ ਵਿੱਚ ਚ ਨਿਰੰਤਰ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਰੋਕਣ ਲਈ ਜੇਕਰ ਸੁਚੱਜੇ ਅਤੇ ਲੋੜੀਂਦੇ ਪ੍ਰਬੰਧ ਨਾ ਕੀਤੇ ਤਾਂ ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਅੰਕੜਿਆਂ ਮੁਤਾਬਿਕ ਪੰਜਾਬ ਦਾ ਜਿਲ੍ਹਾ ਹੁਸ਼ਿਆਰਪੁਰ ਚ ਦਸੂਹਾ, ਮੁਕੇਰੀਆਂ, ਹਾਜੀਪੁਰ, ਟਾਂਡਾ ਇਲਾਕੇ ਨੂੰ ਛੱਡਕੇ ਪਾਣੀ ਦਾ ਪੱਧਰ 59.25 ਮੀਟਰ ਖਤਰਨਾਕ ਸਥਿਤੀ ਤੇ ਹੈ,ਜੋ ਜੂਨ 2016 ਤੋਂ ਜੂਨ 2017 ਤੱਕ 1.88 ਮੀਟਰ ਡਿੱਗਿਆ ਹੈ।ਰੋਪੜ ਦੇ ਆਨੰਦਪੁਰ ਅਤੇ ਨੂਰਪੁਰ ਬੇਦੀ ਚ ਪਾਣੀ ਦਾ ਪੱਧਰ 32.59 ਮੀਟਰ ਹੈ, ਜੋ ਇੱਕ ਸਾਲ 1.14 ਮੀਟਰ ਹੇਠਾਂ ਗਿਆ ਹੈ।ਜਿਲ੍ਹਾ ਮੁਹਾਲੀ ਦੇ ਖਰੜ ਇਲਾਕੇ ਦੇ ਪਾਣੀ ਦਾ ਪੱਧਰ ਇੱਕ ਦਹਾਕੇ ਚ 52.45 ਮੀਟਰ ਤੇ ਪੁੱਜ ਗਿਆ ਹੈ, ਜਦਕਿ ਬਾਕੀ ਬਲਾਕਾਂ ਦਾ 48.85 ਮੀਟਰ ਹੈ, ਜੋ ਸਾਲ 'ਚ 0.97 ਮੀਟਰ ਡਾਊਨ ਹੋਇਆ ਹੈ। ਨਵਾਂ ਸ਼ਹਿਰ ਅਤੇ ਬੰਗਾ ਖੇਤਰ ਚ ਪਿਛਲੇ ਦਹਾਕੇ ਦੌਰਾਨ 22ਮੀਟਰ ਤੋਂ 44 ਮੀਟਰ ਹੋ ਗਿਆ ਹੈ ਜੋ ਪਿਛਲੇ ਸਾਲ ਚ 1.18 ਤੋਂ 1.32 ਮੀਟਰ ਡਿਗਿਆ ਹੈ। ਅੰਮ੍ਰਿਤਸਰ ਚ ਪਾਣੀ ਦਾ ਪੱਧਰ 24।35 ਮੀਟਰ, ਤਰਨਤਾਰਨ ਚ 24.80 ਮੀਟਰ ਹੈ, ਇੱਥੇ ਕ੍ਰਮਵਾਰ 1.39 ਮੀਟਰ ਅਤੇ 1.69 ਮੀਟਰ ਇੱਕ ਸਾਲ ਚ ਗਿਰਾਵਟ ਆਈ ਹੈ।ਇਸੇ ਤਰ੍ਹਾਂ ਜਲੰਧਰ, ਕਪੂਰਥਲਾ, ਪਠਾਨਕੋਟ ਜਿਲਿ੍ਆਂ 'ਚ ਇਸ ਵੇਲੇ ਪੱਧਰ ਕ੍ਰਮਵਾਰ 36.35 ਮੀਟਰ, 33.79 ਮੀਟਰ ਅਤੇ 27.85 ਮੀਟਰ ਹੈ, ਜੋ ਔਸਤਨ ਪਿਛਲੇ ਸਾਲ 1 ਮੀਟਰ ਨੀਵਾਂ ਹੋ ਗਿਆ ਹੈ।



ਇੰਜੀ. ਸਤਨਾਮ ਸਿੰਘ ਮੱਟੂ
91-97797-08257

ਬਠਿੰਡਾ ਜਿਲ੍ਹੇ 'ਚ 25.80 ਮੀਟਰ, ਮਾਨਸਾ ਚ 21 ਮੀਟਰ, ਪਟਿਆਲਾ ਦੇ ਘਨੌਰ ਬਲਾਕ ਨੂੰ ਛੱਡ ਕੇ ਬਾਕੀ ਬਲਾਕਾਂ ਚ 38।76 ਮੀਟਰ ,ਸੰਗਰੂਰ ਚ 40।95 ਮੀਟਰ,ਬਰਨਾਲਾ ਚ 36.20 ਮੀਟਰ, ਫਿਰੋਜਪੁਰ ਚ 27.85 ਮੀਟਰ ਪਾਣੀ ਦਾ ਪੱਧਰ ਸਾਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਦਾ ਹੈ। ਇਹਨਾਂ ਜਿਲਿਆਂ 'ਚ ਵੀ ਪਾਣੀ ਔਸਤਨ 1 ਮੀਟਰ ਨੀਚੇ ਗਿਆ ਹੈ। ਮੁਕਤਸਰ ਤੇ ਫਰੀਦਕੋਟ ਸੇਮ ਦੀ ਮਾਰ ਹੇਠ ਹੋਣ ਕਰਕੇ 5.25 ਮੀਟਰ ਅਤੇ 14.5 ਮੀਟਰ ਪਾਣੀ ਦੇ ਲੈਵਲ' 'ਤੇ ਹਨ।

ਪੰਜਾਬ ਦਾ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦਿੰਦਾ ਹੈ। ਪਰ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਕਾਰਨ ਘਰਾਂ ਵਿੱਚ ਟੂਟੀਆਂ ਖੁੱਲ੍ਹੀਆਂ ਚਲਦੀਆਂ ਹਨ।ਸਰਕਾਰੀ ਟੈਂਕੀ ਤੋਂ ਪਾਣੀ ਆਉਣ ਤੇ ਟੂਟੀ ਚੱਲ ਪੈਂਦੀ ਹੈ ਅਤੇ ਉਦੋਂ ਪਾਣੀ ਨਾਲੀ ਵਿੱਚ ਵਹਿੰਦਾ ਰਹਿੰਦਾ ਹੈ, ਜਦੋਂ ਤੱਕ ਟੈਂਕੀ ਦਾ ਪਾਣੀ ਖਤਮ ਨਹੀਂ ਹੋ ਜਾਂਦਾ। ਇਸ ਤਰ੍ਹਾਂ ਰੋਜ਼ਾਨਾ ਕ੍ਰੋੜਾਂ ਲੀਟਰ ਪਾਣੀ ਵਿਅੱਰਥ ਨਾਲੀਆਂ ਵਿੱਚ ਰੁੜ ਜਾਂਦਾ ਹੈ। ਨੀਵੇਂ ਘਰਾਂ ਦੇ ਕੁਨੈਕਸਨਾਂ ਤੇ ਟੂਟੀਆਂ ਨਾ ਲੱਗੀਆਂ ਹੋਣ ਕਾਰਨ ਪਾਣੀ ਵਿਅਰਥ ਜਾਂਦਾ ਹੈ, ਜਦਕਿ ਉੱਚੇ ਥਾਂ ਘਰ ਪਾਣੀ ਨੂੰ ਤਰਸਦੇ ਹਨ।ਉਹਨਾਂ ਘਰਾਂ ਤੱਕ ਪਾਣੀ ਚੜਦਾ ਨਹੀਂ। ਬਹੁਤੇ ਲੋਕਾਂ ਨੇ ਪਸ਼ੂਆਂ ਦੇ ਵਾੜੇ, ਖਾਲੀ ਪਲਾਟਾਂ ਅਤੇ ਸਬਜ਼ੀਆਂ ਉਗਾਉਣ ਲਈ ਹੀ ਪਾਣੀ ਦੇ ਕੁਨੈਕਸ਼ਨ ਲਏ ਹੋਏ ਹਨ ਅਤੇ ਜਾਣਕਾਰੀ ਦੀ ਘਾਟ ਕਾਰਨ ਆਪ ਘਰ ਸਬਮਰਸੀਬਲ ਦਾ ਪਾਣੀ ਪੀਂਦੇ ਹਨ। ਟੂਟੀਆਂ ਖੁੱਲੀਆਂ ਚੱਲਣ ਨਾਲ ਵਿਅੱਰਥ ਪਾਣੀ ਛੱਪੜਾਂ ਨੂੰ ਭਰ ਦਿੰਦਾ ਹੈ, ਜੋ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਇਸ ਨਾਲ ਪੀਣ ਵਾਲੇ ਪਾਣੀ ਅਤੇ ਧਨ ਦੀ ਬਰਬਾਦੀ ਹੁੰਦੀ ਹੈ।ਪਾਣੀ ਨਾਲ ਭਰੇ ਛੱਪੜ ਅਤੇ ਨਾਲੀਆਂ ਚ ਖੜ੍ਹਾ ਪਾਣੀ ਪੇਂਡੂ ਲੋਕਾਂ ਲਈ ਸਮੱਸਿਆਵਾਂ ਖੜ੍ਹੀਆਂ ਕਰਦਾ ਹੈ।

ਲੋਕ ਸਕੂਟਰ,ਮੋਟਰਸਾਈਕਲ ਅਤੇ ਮੋਟਰ ਗੱਡੀਆਂ ਧੋਣ, ਪਸ਼ੂਆਂ ਨੂੰ ਨਹਾਉਣ, ਘਰਾਂ ਦੇ ਫ਼ਰਸ਼ ਧੋਣ ਆਦਿ ਨਾਲ ਵੀ ਬਹੁਤ ਜਿਆਦਾ ਪੀਣਯੋਗ ਪਾਣੀ ਬਰਬਾਦ ਕਰਦੇ ਹਨ। ਜਿਸ ਤਰ੍ਹਾਂ ਪਾਣੀ ਨੂੰ ਬਰਬਾਦੀ ਹੋ ਰਹੀ ਹੈ, ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਵੀ ਲਤੂਰ (ਮਹਾਂਰਾਸ਼ਟਰ) ਅਤੇ ਕੈਪ ਟਾਊਨ ਦੱਖਣੀ ਅਫਰੀਕਾ ਵਰਗੇ ਹਾਲਾਤਾਂ ਨਾਲ ਜੂਝਣ ਲਈ ਮਜਬੂਰ ਹੋਵੇਗਾ। ਉਕਤ ਪ੍ਰਸਥਿਤੀਆਂ ਨੂੰ ਭਾਂਪਦਿਆਂ "ਕੁੱਖ ਚ ਧੀ ਧਰਤੀ 'ਚੋਂ ਪਾਣੀ, ਜੇ ਦੋਨੋਂ ਮੁੱਕਗੇ ਤਾਂ ਖਤਮ ਕਹਾਣੀ" ਅਤੇ "ਪਾਣੀ ਥੁੜ੍ਹ ਦੀ ਵਸਤੂ ਹੈ ਇਹਨੇ ਧਰਤੀ ਚੋਂ ਮੁੱਕ ਜਾਣਾ, ਸੰਜਮ ਨਾਲ ਵਰਤ ਲਵੋ ਨਹੀਂ ਤਾਂ ਪਊ ਪਿੱਛੋਂ ਪਛਤਾਉਣਾ" ਉੱਪਰ ਸੰਜੀਦਗੀ ਨਾਲ ਪਹਿਰਾ ਦੇਣ ਦੀ ਲੋੜ੍ਹ ਹੈ।ਨਹੀਂ ਤਾਂ "ਹੁਣ ਪਛਤਾਇਆ ਕੀ ਬਣਦਾ ਜਦੋਂ ਚਿੜੀਆਂ ਚੁਗ ਗਈ ਖੇਤ" ਵਾਲੀ ਹਾਲਤ ਹੋਵੇਗੀ।

ਨਦੀਆਂ, ਨਹਿਰਾਂ ਦੇ ਪਾਣੀ ਨੂੰ ਪੀਣ ਅਤੇ ਖੇਤੀ ਸੈਕਟਰ ਲਈ ਵਰਤਣਾ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਬਰਸਾਤ ਦੇ ਪਾਣੀ ਨੂੰ ਘਰਾਂ ਅੰਦਰ ਅਤੇ ਖੇਤਾਂ ਵਿੱਚ ਸਟੋਰ ਕਰਕੇ ਵਰਤਣ ਦੇ ਪ੍ਰਬੰਧ ਜਰੂਰੀ ਕਰ ਦੇਣੇ ਚਾਹੀਦੇ ਹਨ। ਖੇਤੀ ਸੈਕਟਰ ਵਿੱਚ ਘੱਟ ਪਾਣੀ ਪੀਣ ਵਾਲੀਆਂ ਫਸਲਾਂ ਦਾ ਬਦਲ ਲੱਭਣ ਅਤੇ ਸਿੰਜਾਈ ਦੇ ਨਵੇਂ ਤਰੀਕਿਆਂ ਨੂੰ ਅਪਣਾਉਣ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਚੌਲਾਂ ਦੀ ਖੇਤੀ ਸਿਰਫ ਸਮੁੰਦਰੀ ਖੇਤਰਾਂ ਚ ਬੀਜਣਾ ਜਰੂਰੀ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇੱਕ ਚੌਲ ਪੈਦਾ ਕਰਨ ਲਈ ਔਸਤਨ 3000 ਲੀਟਰ ਪਾਣੀ ਖਪਤ ਹੁੰਦਾ ਹੈ।

ਸੋ ਲੋੜ ਹੈ ਲੋਕਾਂ ਨੂੰ ਪਾਣੀ ਦੀ ਬਰਬਾਦੀ ਰੋਕਣ ਅਤੇ ਸੰਜਮ ਨਾਲ ਵਰਤੋਂ ਕਰਨ ਲਈ ਜਾਗਰੂਕ ਕਰਨ ਅਤੇ ਸਰਕਾਰ ਨੂੰ ਸਖਤ ਕਦਮ ਚੁੱਕਣ ਦੀ। ਨਿੱਜੀ ਮੁਫਾਦਾਂ ਤੋਂ ਉੱਪਰ ਉੱਠ ਕੇ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ, ਨੌਜਵਾਨ ਕਲੱਬਾਂ, ਜਥੇਬੰਦੀਆਂ ਆਦਿ ਨੂੰ ਨਾਲ ਲੈਕੇ ਭਵਿੱਖ ਦੇ ਖਤਰੇ ਪ੍ਰਤੀ ਲੋਕਾਂ ਚੇਤੰਨ ਕਰਦਿਆਂ ਅਤੇ ਪੁੰਨ ਦਾ ਕੰਮ ਸਮਝਦਿਆਂ ਮਨੁੱਖਤਾ ਦੇ ਭਲੇ ਲਈ ਸਵੱਛ ਭਾਰਤ ਮਿਸ਼ਨ ਵਾਂਗ ਜਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਰਕਾਰ ਨੂੰ ਇੱਕ ਜ਼ੋਰਦਾਰ ਮੁਹਿੰਮ ਚਲਾਉਣ ਵਿੱਢਣ ਦੀ ਲੋੜ ਹੈ।

## ਸਾੜੇ ਦੇ ਉਬਾਲ਼ੇ ਕਿਉਂ?

ਬੱਝਾ ਪਿੰਡ ਨ੍ਹੀ ਪਹਿਲੋਂ ਹੀ ਆਣ ਪਹੁੰਚੇ
ਹੈ ਅਖਾਣ ਜਿਉਂ ਚੋਰ-ਉਚੱਕਿਆਂ ਦਾ।
ਹਾਲ ਹੁਣੇ ਈ ਹੋ ਗਿਆ ਬਹੁਤ ਮਾੜਾ
ਦੂਜੇ ਤੀਜੇ ਥਾਂਹ ਲੋਕਾਂ ਦੇ ਧੱਕਿਆਂ ਦਾ।
ਮੁੱਢ ਬੱਝਿਆ ਜਾਂਚ-ਪੜਤਾ਼ਲ ਵਾ਼ਲਾ
ਮਾਰੇ ਲੁੱਟ ਦੇ 'ਚੌਕਿਆਂ-ਛੱਕਿਆਂ' ਦਾ।
ਆਇਆ ਸ਼ੂਕਦਾ ਤੀਰ ਦੇ ਵਾਂਗ ਯਾਰੋ
'ਮੱਤ-ਦਾਨ' ਪੰਜਾਬੀਆਂ ਅੱਕਿਆਂ ਦਾ।
ਰੂਹ ਰਿੱਝਦੀ ਸਾੜੇ ਸਰੀਰ ਨੂੰ ਹੀ
ਹੋਰ 'ਕਿਸੇ ਦਾ' ਕੀ ਵਿਗਾੜਦੀ ਐ।
ਰਹੇ ਈਰਖਾ ਨਾਲ ਹੀ ਉਬ਼ਲਦੀ ਜੋ
ਤੌੜੀ ਆਪਣੇ ਕੰਢੇ ਹੀ ਸਾੜਦੀ ਐ !

-ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268



# ਚਮਚਿਆਂ ਦਾ ਇਲਾਜ ਕਰਨਾ ਬਹੁਤ ਜਰੂਰੀ ਹੈ, ਨਹੀਂ ਤਾਂ ਇਹ ਬਹੁਜਨ ਮੂਵਮੈਂਟ ਨੂੰ ਬਰਬਾਦ ਕਰਕੇ ਰੱਖ ਦੇਣਗੇ, ਮੇਰੀ ਗੱਲ ਯਾਦ ਰੱਖਿਉ- ਸਾਹਿਬ ਕਾਂਸ਼ੀ ਰਾਮ

**ਚੰਡੀਗੜ੍ਹ–** ਵਾਕਿਆ 24 ਸਿਤੰਬਰ 1982 ਦਾ। ਸਾਹਿਬ ਨੇ 'ਪੂਨਾ ਪੈਕਟ ਦੇ 50 ਸਾਲ ਪੂਰੇ ਹੋਣ ਦੇ ਮੌਕੇ ਤੇ 'ਪੂਨਾ ਪੈਕਟ ਧਿਕਾਰ ਦਿਵਸ ' ਮਨਾਉਂਦਿਆਂ ਪੂਨਾ ਦੇ ਮੈਡੀਕਲ ਗਰਾਊਂਡ 'ਚ ਇੱਕ ਸਾਂਮ ਨੂੰ ਇੱਕ ਰੈਲੀ ਦਾ ਆਯੋਜਨ ਕੀਤਾ। ਇਸ ਪ੍ਰੋ-ਗਰਾਮ ਦੀ ਐਕਰਿੰਗ ਖੁਦ ਸਾਹਿਬ ਨੇ ਹੀ ਕੀਤੀ ਸੀ। ਸਾਹਿਬ ਨੇ ਇਸ ਪ੍ਰੋਗਰਾਮ ਵਿੱਚ ਡਾਂਗੇ ਦੀ 'ਦਲਿਤ ਪੈਂਥਰ ' ਦੀ ਧੁਲਾਈ ਕਰਦਿਆਂ ਕਿਹਾ ਕਿ ਇਹ ਲੋਕ ਦਿਨ ਵੇਲੇ 'ਜੈ ਭੀਮ' ਬੋਲਦੇ ਹਨ ਤੇ ਰਾਤ ਵੇਲੇ ਕੰਧਾਂ ਤੇ ਇੰਦਰਾ ਗਾਂਧੀ 'ਦੇ ਪੋਸਟਰ ਲਾਉਂਦੇ ਹਨ। ਸਾਹਿਬ ਨੇ ਦਲਿਤ ਪੈਂਥਰ ਵਾਰੇ ਉਪਰੋਕਤ ਸਖਤ ਸਬਦ ਇਸ ਲਈ ਵਰਤੇ ਸਨ,ਕਿਉਂਕਿ ਦਲਿਤ ਪੈਂਥਰ ਦੁਆਰਾ ਕੱਢੀ ਜਾਂਦੀ ਮਰਾਠੀ ਪੱਤ੍ਰਿਕਾ 'ਜੈ ਭੀਮ 'ਵਿੱਚ ਸਾਹਿਬ ਵਾਰੇ ਬਹੁਤ ਹੀ ਊਲ-ਜਲੂਲ ਛਾਪਿਆ ਗਿਆ ਸੀ। ਇਹ ਅੰਕ 31 ਜੁਲਾਈ ਤੋਂ ਲੈਕੇ 7 ਅਗਸਤ 1982 ਦਿਨ ਸਨੀਵਾਰ ਨੂੰ ਨਾਗਪੁਰ ਤੋਂ ਰਿਲੀਜ ਕੀਤਾ ਗਿਆ ਸੀ। ਇਹ ਪੱਤ੍ਰਿਕਾ ਪਿਛਲੇ 10 ਸਾਲਾਂ ਤੋਂ ਕੱਢੀ ਜਾ ਰਹੀ ਸੀ।

ਮੰਚ ਤੇ ਉਸ ਵਕਤ ਕੁਮਾਰੀ ਮਾਇਆਵਤੀ, ਖੋਬਰਾਗੜੇ (ਆਰਪੀਆਈ) ਅਨੰਤ ਰਾਉ ( ਮਹਾਤਮਾ ਜਿਉਤੀ ਰਾਉ ਫੂਲੇ ਜੀ ਦੇ ਪੜਪੋਤੇ), ਅਬਦੁਲ ਕਰੀਮ ਪਾਰਿਖ , ਫਾਦਰ ਪੀਟਰ ਲੁਈਸ ਨਾਸਿਕ, ਤਿੜਕੇ ਵਿਦਰਭ, ਦੱਤਾ ਰਾਕਸ਼ੇ ਆਰਪੀਆਈ ਮਹਾਂਰਾਸ਼ਟਰ, ਸੋਨਕਰ ਸਾਸ਼ਤਰੀ (ਮੱਧ ਪ੍ਰਦੇਸ਼)ਐਂਲ। ਕੁਰੀਲ ਉੱਤਰ ਪ੍ਰਦੇਸ਼ ਤੋਂ ਸ਼ਸ਼ੋਭਿਤ ਸਨ।

ਸਾਹਿਬ ਨੇ ਇਸ ਮੌਕੇ ਤੇ ਮਹਾਂਰਾਸ਼ਟਰ ਦੇ ਤਤਕਾਲੀ ਮੁੱਖ ਮੰਤਰੀ ਤੇ ਵਰਦਿਆਂ ਕਿਹਾ ਸੀ ਕਿ ਜਿਸ ਦਿਨ ਅਸੀਂ ਸੱਤਾ 'ਚ ਆ ਗਏ, ਮੈਂ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਨੂੰ ਘਸੀਟ ਕੇ ਤੁਹਾਡੇ ਪੈਰਾਂ 'ਚ ਲਿਆਕੇ ਸੁੱਟ ਦੇਵਾਂਗਾ। ਸਾਹਿਬ ਦੇ ਤਲਖ ਭਰੇ ਲਹਿਜੇ ਪਿੱਛੇ ਬੋਲਣ ਦਾ ਕਾਰਨ ਇਹ ਸੀ ਕਿ ਪੂਨਾ ਦੇ ਤਤਕਾਲੀ ਕਮਿਸ਼ਨਰ ਨੇ ਸਰਕਾਰ ਦੇ ਇਸ਼ਾਰੇ ਤੇ ਪ੍ਰੋ-ਗਰਾਮ ਨੂੰ ਰੱਦ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਸੀ। ਪ੍ਰੋਗਰਾਮ ਦੇ ਰੱਦ ਕਰਨ ਦੀ ਖਬਰ ਮਹਾਂਰ-ਾਸ਼ਟਰ ਦੇ ਸੱਭ ਅਖ਼ਬਾਰਾਂ ਨੇ ਪ੍ਰਮੁੱਖ ਤੌਰ ਤੇ ਛਾਪੀ ਸੀ। ਜਦ ਸਾਹਿਬ ਨੂੰ ਪ੍ਰੋਗਰਾਮ ਨੂੰ ਰੱਦ ਕਰਨ ਦਾ ਆਦੇਸ਼ ਮਿਲਿਆ ਤਾਂ ਉਹ ਕਮਿਸ਼ਨਰ ਨੂੰ ਮਿਲਣ ਲਈ ਖੁਦ ਕਚਹਿਰੀ ਜਾ ਪਹੁੰਚੇ। ਸਾਹਿਬ ਨੂੰ ਆਉਂਦਿਆਂ ਵੇਖਕੇ ਸਾਹਿਬ ਨੂੰ ਮਿਲਣ ਲਈ ਕਮਿਸ਼ਨਰ ਖੁਦ ਹੀ ਬਾਹਰ ਆ ਗਿਆ ਤੇ ਆਖਣ ਲੱਗਿਆ ਕਿ ਸਾਹਿਬ ਜੀ ,ਤੁਸੀਂ ਆਉਣ ਦੀ ਖੇਚਲ ਕਿਉਂ ਕੀਤੀ, ਸੁਨੇਹਾ ਹੀ ਭੇਜ ਦਿੰਦੇ। ਉਸ ਤੋਂ ਬਾਅਦ ਕਮਿਸ਼ਨਰ ਨੇ ਪ੍ਰੋਗਰਾਮ ਦੀ ਇਜਾਜ਼ਤ ਹੀ ਨਹੀਂ ਦਿੱਤੀ, ਬਲਕਿ 'ਮੈਡੀਕਲ ਗਰਾਊਂਡ' ਜਿੱਥੇ ਪ੍ਰੋਗਰਾਮ ਹੋਣਾ ਸੀ, ਉੱਥੇ ਜਾਕੇ ਸਾਹਿਬ ਨਾਲ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ। ਸਾਹਿਬ ਨੇ ਇਸ ਮੌਕੇ ਤੇ ਇਹ ਵੀ ਕਿਹਾ ਸੀ ਕਿ 'ਪੂਨਾ ਪੈਕਟ 'ਦੇ ਮੱਦੇਨਜ਼ਰ ਸਾਡੇ ਸਮਾਜ ਵਿੱਚ ਚਮਚੇ ਬਹੁਤ ਪੈਦਾ ਹੋ ਗਏ ਹਨ,ਜਿਨਾਂ ਦਾ ਭਵਿੱਖ ਵਿੱਚ ਇਲਾਜ ਕਰਨਾ ਬਹੁਤ ਹੀ ਜ਼ਰੂਰੀ ਹੈ,ਨਹੀਂ ਤਾਂ ਅੱਗੇ ਜਾਕੇ ਇਹੀ ਲੋਕ ਤੁਹਾਡੀ ਮੂਵਮੈਂਟ ਨੂੰ ਬਰਬਾਦ ਕਰਕੇ ਰੱਖ ਦੇਣਗੇ। ਮੇਰੀ ਇਸ ਗੱਲ ਨੂੰ ਯਾਦ ਰੱਖਿਉ। ਰਾਤ ਵੇਲੇ ਝਾਕੀਆਂ ਦੁਆਰਾ ਪ੍ਰਦਰਸ਼ਨ ਵਿਖਾਇਆ ਗਿਆ, ਜਿਸ ਵਿੱਚ 1848 - ਮਹਾਤਮਾ ਜਿਉਤੀ ਫੂਲੇ ਤੋਂ ਲੈਕੇ 1956 ਤੱਕ ਚੈਤਯ ਭੂਮੀ ਤੱਕ ਦੀ ਕਹਾਣੀ ਸੀ। ਇੱਥੋਂ ਤੱਕ ਕਿ ਤਤਕਾਲੀ 12 ਰਾਜਾਂ ਵਿੱਚ ਬਹੁਜਨ ਸਮਾਜ ਦੇ ਲੋਕਾਂ ਤੇ ਹੋਏ ਅੱਤਿਆਚਾਰ ਨਾਲ ਸੰਬੰਧਿਤ ਘਟਨਾਵਾਂ ਦਾ ਵੀ ਚਿੱਤਰਾਂ ਸਹਿਤ ਜਿਕਰ ਸੀ।ਉਪ੍ਰੋਕਤ ਕਿੱਸਾ ਸੁਣਾਉਣ ਵਾਲੇ ਗੁਜਰਾਤ ਤੋਂ ਸਾਹਿਬ ਦੇ ਸਾਥੀ ਰਹੇ ਕਨੂੰ ਭਾਈ 'ਵਿਆਸ ' ਰਿਟਾਇਰਡ ਜੱਜ ਉਸ ਵਕਤ ਨੂੰ ਯਾਦ ਕਰਦਿਆਂ ਦੱਸਦੇ ਹਨ ਕਿ ਮੈਂ ਤੇ ਮੇਰੇ ਸਾਥੀ ਨਰੇਸ਼ ਗੋਹਿੰਲ, ਸਾਂਤੀ ਲਾਲ 'ਪਰਮਾਰ' ਭਰੁੰਚ ਤੋਂ, ਕਾਂਤੀ ਲਾਲ ਇੱਟ ਵਾਲਾ 'ਝਗੜੀਯਾ ਤੋਂ ਚਾਰੋ ਜਣੇ ਸਵੇਰ ਦੇ ਵਕਤ ਟਰੇਨ ਤੋਂ ਉਤਰ ਕੇ ਪੂਨਾ ਸਹਿਰ ਦੇ ਫੁੱਟਪਾਥ ਉੱਤੇ ਚੱਲ ਰਹੇ ਸੀ ਤਾਂ ਸਾਹਮਣੇ ਤੋਂ ਇੱਕ ਗੋਰੇ ਰੰਗ ਦਾ ਲੰਬਾ ਜਿਹਾ ਇਨਸਾਨ ਸਾਡੇ ਵੱਲ ਤੁਰਿਆ ਆ ਰਿਹਾ ਸੀ। ਸਧਾਰਨ ਕੱਪੜੇ ਤੇ ਪੁਰਾਣੀ ਜਿਹੀ ਪੈਰਾਂ ਵਿੱਚ ਕੈਂਚੀ ਚੱਪਲ ਪਹਿਨੇ ਤੇ ਸਿਰ ਦੇ ਵਾਲ ਖਿੱਲਰੇ ਤੇ ਰਾਖਸਾਂ ਵਾਂਗ ਪੈਰਾਂ ਦੇ ਨੂੰਹ ਵਧੇ ਹੋਏ ਸਨ। ਉਸ ਸਖਸ ਦੇ ਨਜਦੀਕ ਆਉਂਦਿਆਂ ਹੀ ਨਰੇਸ਼ ਗੋਹਿੰਲ ਨੇ ਸਾਹਿਬ ਨੂੰ ਪਹਿਚਾਣ ਲਿਆ। ਇਸ ਤੋਂ ਪਹਿਲਾਂ ਹੀ ਉਹ ਕੁੱਝ ਬੋਲਦਾ, ਸਾਹਿਬ ਨੇ ਪਹਿਲਾਂ ਹੀ ਪੁੱਛ ਲਿਆ ਕਿ ਕੀ ਆਪ ਚਾਰੋਂ ਗੁਜਰਾਤ ਤੋਂ ਪ੍ਰੋਗਰਾਮ ਵਿੱਚ ਭਾਗ ਲੈਣ ਆਏ ਹੋ।ਅਸਲ ਵਿੱਚ ਸਾਹਿਬ, ਨਰੇਸ਼ ਗੋਹਿੰਲ ਨੂੰ ਪਹਿਲਾਂ ਤੋਂ ਹੀ ਚੰਗੀ ਤਰਾਂ ਜਾਣਦੇ ਸਨ। ਇੰਨੀ ਭੀੜ ਵਿੱਚੋਂ ਸਾਹਿਬ ਦੁਆਰਾ ਸਾਨੂੰ ਪਹਿਚਾਣ ਲੈਣਾ ਸਾਡੇ ਲਈ ਬੜੇ ਮਾਣ ਵਾਲੀ ਗੱਲ ਸੀ। ਉਸ ਦਿਨ ਸਾਹਿਬ ਨੂੰ ਇੰਨੇ ਨਜਦੀਕ ਤੋਂ ਪਹਿਲੀ ਵਾਰ ਵੇਖਣ ਦਾ ਸਬੱਬ ਬਣਿਆ ਸੀ। 1981 ਵਿੱਚ ਸਾਹਿਬ ਨੂੰ ਅਹਿਮਦਾਬਾਦ ਦੇ ਇੱਕ ਪ੍ਰੋਗਰਾਮ ਵਿੱਚ ਦੂਰ ਤੋਂ ਹੀ ਵੇਖਿਆ ਤੇ ਸੁਣਿਆ ਸੀ। ਪਰ ਅੱਜ ਨਜਦੀਕ ਤੋਂ ਵੇਖਣ ਦੇ ਬਾਵਜੂਦ ਵੀ ਆਪਣੀਆਂ ਅੱਖਾਂ ਤੇ ਯਕੀਨ ਨਹੀਂ ਸੀ ਹੋ ਰਿਹਾ। ਉਸ ਤੋਂ ਬਾਅਦ ਮੇਰਾ ਜਦ ਵੀ ਸਾਹਿਬ ਨਾਲ ਆਹਮਣਾ ਸਾਹਮਣਾ ਹੁੰਦਾ ਤਾਂ ਉਹ ਮਜਾਕ ਵਿੱਚ ਮੈਨੂੰ ਅਕਸਰ ਹੀ ਪੰਡਿਤ ਜੀ ਕਹਿਕੇ ਬੁਲਾਉਂਦੇ,ਕਿਉਂਕਿ ਮੇਰੇ ਪਿੱਛੇ 'ਵਿਆਸ 'ਤਖੱਲਸ 'ਜਿਉਂ ਲੱਗਿਆ ਹੋਇਆ ਸੀ। ਮੇਰੇ ਕਾਨੂੰਨ ਦੇ ਖੇਤਰ ਵਿੱਚ ਜਾਣ ਤੋਂ ਪਿੱਛੋਂ ਉਹ ਅਕਸਰ ਹੀ ਮੈਨੂੰ ਆਖਦੇ ਕਿ ਮੇਰੇ ਤੋਂ ਦੂਰ ਹੀ ਰਿਹਾ ਕਰੋ ਕਿਉਂਕਿ ਸਰਕਾਰ ਹਮੇਸ਼ਾਂ ਹੀ ਬਹੁਜਨ ਸਮਾਜ ਨਾਲ ਸੰਬੰਧਿਤ ਮੁਲਾਜ਼ਮਾਂ ਤੇ ਬਾਜ ਅੱਖ ਰੱਖੀ ਫਿਰਦੀ ਹੈ।



(ਮੈਂ ਕਾਂਸ਼ੀ ਰਾਮ ਬੋਲਦਾ ਹਾਂ -ਭਾਗ ਦੂਸਰਾ" ਕਿਤਾਬ ਵਿੱਚੋਂ। ਕਿਤਾਬ ਲੈਣ ਲਈ 9501143755 ਤੇ ਸੰਪਰਕ ਕਰੋ)

**(ਪੰਮੀ ਲਾਲੋ ਮਜਾਰਾ)**

# ਕੀ ਹੁਣ ਵੀ ਕੇਜਰੀਵਾਲ ਤੇ ਰਾਘਵ ਚੱਢਾ ਦਿੱਲੀ ਦੇ ਪ੍ਰਦੂਸ਼ਣ ਲਈ ਪੰਜਾਬ ਨੂੰ ਜਿੰਮੇਵਾਰ ਠਹਿਰਾਉਣਗੇ - ਪਰਗਟ ਸਿੰਘ

**ਚੰਡੀਗੜ੍ਹ –** ਪੰਜਾਬ ਦੇ ਸਾਬਕਾ ਮੰਤਰੀ ਪਰਗਟ ਸਿੰਘ ਨੇ ਇੱਕ ਵਾਰ ਫੇਰ ਦਿੱਲੀ ਸਰਕਾਰ 'ਤੇ ਤਿੱਖਾ ਹਮਲਾ ਬੋਲਿਆ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਸਾਧਦਿਆਂ ਪਰਗਟ ਸਿੰਘ ਨੇ ਇੱਕ ਟਵੀਟ ਕੀਤਾ ਹੈ। ਇਸ ਵਾਰ ਪਰਗਟ ਸਿੰਘ ਨੇ ਹਵਾ ਦੀ ਗੁਣਵੱਤਾ ਨੂੰ ਲੈ ਕੇ ਕੇਜਰੀਵਾਲ ਨੂੰ ਘੇਰਿਆ ਹੈ।

ਦਰਅਸਲ ਹਵਾ ਦੀ ਗੁਣਵੱਤਾ ਨੂੰ ਲੈ ਕੇ ਇੱਕ ਰਿਪੋਰਟ ਜਾਰੀ ਹੋਈ ਹੈ ਜਿਸ 'ਚ ਦਿੱਲੀ ਨੂੰ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਘੋਸ਼ਿਤ ਕੀਤਾ ਗਿਆ ਹੈ। ਇਸ ਨੂੰ ਲੈ ਕੇ ਪਰਗਟ ਸਿੰਘ ਨੇ ਤੰਜ ਕਸਦਿਆਂ ਇੱਕ ਟਵੀਟ ਕੀਤਾ ਜਿਸ 'ਚ ਲਿਖਿਆ ਕਿ ਦਿੱਲੀ ਨੂੰ ਅਰਵਿੰਦ ਕੇਜਰੀਵਾਲ ਦੀ ਯੋਗ ਅਗਵਾਈ 'ਚ ਲਗਾਤਾਰ ਚੌਥੇ ਸਾਲ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਹੋਣ ਦਾ ਮੌਕਾ ਮਿਲਿਆ ਹੈ।

ਪਰਗਟ ਸਿੰਘ ਨੇ ਲਿਖਿਆ ਕਿ ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਕੇਜਰੀਵਾਲ ਤੇ ਰਾਘਵ ਚੱਢਾ ਦਿੱਲੀ ਦੇ ਪ੍ਰਦੂਸ਼ਣ ਲਈ ਪੰਜਾਬ ਨੂੰ ਜਿੰਮੇਵਾਰ ਠਹਿਰਾਉਣਗੇ? ਵਰਲਡ ਏਅਰ ਕੁਆਲਿਟੀ ਰਿਪੋਰਟ ਦੀ ਤਾਜ਼ਾ ਰਿਪੋਰਟ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਨਵੀਂ ਦਿੱਲੀ ਲਗਾਤਾਰ ਚੌਥੇ ਸਾਲ ਦੁਨੀਆ ਦੀ ਸਭ ਤੋਂ ਪ੍ਰਦੂਸ਼ਿਤ ਰਾਜਧਾਨੀ ਬਣ ਗਈ ਹੈ। ਇਸ ਤੋਂ ਬਾਅਦ ਢਾਕਾ (ਬੰਗਲਾਦੇਸ਼), ਨਜਾਮੀਨਾ (ਚਾਡ) ਅਤੇ ਮਸਕਟ (ਓਮਾਨ) ਦਾ ਨੰਬਰ ਆਉਂਦਾ ਹੈ।6,475 ਸ਼ਹਿਰਾਂ ਦੇ ਪ੍ਰਦੂਸ਼ਣ ਅੰਕੜਿਆਂ ਦੇ ਸਰਵੇਖਣ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਇੱਕ ਵੀ ਸ਼ਹਿਰ ਵਿਸ਼ਵ ਸਿਹਤ ਸੰਗਠਨ (WHO) ਦੇ ਹਵਾ ਦੀ ਗੁਣਵੱਤਾ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰ ਸਕਿਆ ਹੈ ਅਤੇ ਕੋਵਿਡ-ਸਬੰਧਤ ਗਿਰਾਵਟ ਦੇ ਬਾਵਜੂਦ ਕੁਝ ਖੇਤਰਾਂ ਵਿੱਚ ਧੂੰਆਂ ਬਰਕਰਾਰ ਹੈ। ਸਿਰਫ਼ ਨਿਊ ਕੈਲੇਡੋਨੀਆ, ਯੂਐਸ ਵਰਜਿਨ ਆਈਲੈਂਡਜ਼ ਅਤੇ ਪੋਰਟੋ ਰੀਕੋ ਨੇ WHO PM2.5 ਹਵਾ ਗੁਣਵੱਤਾ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕੀਤਾ ਹੈ।

ਇਹ ਰਿਪੋਰਟ, ਜੋ ਸਾਲ 2021 ਵਿੱਚ ਵਿਸ਼ਵ ਪੱਧਰ 'ਤੇ ਹਵਾ ਦੀ ਗੁਣਵੱਤਾ ਦੀ ਸਥਿਤੀ ਦਾ ਵਰਣਨ ਕਰਦੀ ਹੈ, 117 ਦੇਸ਼ਾਂ ਦੇ 6,475 ਸ਼ਹਿਰਾਂ ਦੇ ਜਲਵਾਯੂ ਵਿੱਚ ਪੀਐਮ-2.5 ਸੂਖਮ ਕਣਾਂ ਦੀ ਮੌਜੂਦਗੀ ਨਾਲ ਸਬੰਧਤ ਅੰਕੜਿਆਂ 'ਤੇ ਅਧਾਰਤ ਹੈ ਦੇਸ਼ ਵਿੱਚ ਪੀਐਮ 2-5 ਦਾ ਸਾਲਾਨਾ ਔਸਤ ਪੱਧਰ 2021 ਵਿੱਚ 58-1 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਤੱਕ ਪਹੁੰਚ ਗਿਆ ਹੈ। ਰਿਪੋਰਟ ਦੇ ਅਨੁਸਾਰ, 2021 ਵਿੱਚ, ਭਾਰਤ ਦਾ ਕੋਈ ਵੀ ਸ਼ਹਿਰ ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਦੁਆਰਾ ਨਿਰਧਾਰਿਤ ਹਵਾ ਗੁਣਵੱਤਾ ਮਿਆਰ (ਪੰਜ ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਦੀ ਪੀਐਮ-2-5 ਗਾੜ੍ਹਾਪਣ) ਨੂੰ ਪੂਰਾ ਨਹੀਂ ਕਰ ਸਕਿਆ।




# ਦਲਿਤਾਂ ਦੇ ਜਰਨੈਲ, ਬਹੁਜਨਾਂ ਦੇ ਮਸੀਹਾ ਸਾਹਿਬ ਕਾਂਸ਼ੀ ਰਾਮ ਜੀ



ਸੰਤੋਖ ਸਿੰਘ ਜੱਸੀ
91-70876-19800

ਵਿਸ਼ਵ 'ਚ ਪ੍ਰੀਵਰਤਨ ਜਾਂ ਇਨਕਲਾਬ ਉਹਨਾਂ ਨੇ ਹੀ ਲਿਆਂਦੇ ਹਨ, ਜਿਨ੍ਹਾਂ ਨੇ ਦਿਲਾਂ ਵਿੱਚ ਚੰਗੇਰੀ, ਆਜ਼ਾਦ ਸੋਚ, ਸਮਾਜ ਦੀ ਤਰੱਕੀ, ਖੁਸ਼ਹਾਲੀ ਤੇ ਅੱਗੇ ਵਧਣ ਦੇ ਰਾਹ-ਰਸਤੇ ਖੋਜੇ ਹਨ। ਧਰਤੀ ਤੇ ਕਰੋੜਾਂ-ਅਰਬਾਂ ਲੋਕ ਆਏ ਤੇ ਚਲੇ ਗਏ ਪਰ ਕੁੱਝ ਲੋਕ ਅਜਿਹੇ ਵੀ ਹਨ ਜਿਨ੍ਹਾਂ ਦੀ ਗਿਣਤੀ ਸੰਸਾਰ ਪੱਧਰ ਤੇ ਲੱਖਾਂ ਤੇ ਸਾਡੇ ਦੇਸ਼ ਚ ਸਿਰਫ ਹਜਾਰਾਂ ਜੀਨਿਅਸ ਕਿਸਮ ਦੇ ਲੋਕਾਂ ਤੱਕ ਹੀ ਸੀਮਿਤ ਹਨ ਜਿਨ੍ਹਾਂ ਨੇ ਮੋਹਰੀ ਹੋ ਕੇ ਨੰਗੇ ਧੜ ਸਮਾਜ ਦੀ ਤਰੱਕੀ, ਖੁਸ਼ਹਾਲੀ ਤੇ ਉਨ੍ਹਾਂ ਦੀ ਮੰਦਹਾਲੀ ਨੂੰ ਸਮਝਣ ਲਈ ਮਿਥਿਆਸ, ਧਰਮ, ਵਿਗਿਆਨ, ਰਾਜਨੀਤੀ ਸਾਸ਼ਤਰ ਤੇ ਭਾਰਤ ਦੀ ਚੱਲ ਰਹੀ ਸਮਾਜਿਕ, ਆਰਥਿਕ, ਕਾਨੂੰਨੀ ਪ੍ਰੀਕਿਰਿਆ ਨੂੰ ਬਰੀਕੀ ਨਾਲ ਸਮਝ ਕੇ ਰਾਜਨੀਤੀ ਚ ਇੱਕ ਵੱਡਾ ਰੁਤਬਾ ਹਾਸਲ ਕੀਤਾ । ਜਿਹਨਾਂ ਨੇ ਸਮਾਜ ਚ ਚੇਤਨਾ-ਜਾਗ੍ਰਿਤੀ ਪੈਦਾ ਕਰਕੇ ਉਹਨਾਂ ਨੂੰ ਮੰਗਣ ਦੀ ਥਾਂ ਵੰਡਣ ਵਾਲੇ ਬਨਾਉਣ ਲਈ ਆਪਣਾ ਸਾਰਾ ਜੀਵਨ ਨਿਸ਼ਕਾਮ ਸੇਵਾ-ਭਾਵਨਾ ਨਾਲ ਬਹੁਜਨ ਸਮਾਜ ਲਈ ਵਾਰ ਦਿੱਤਾ, ਉਸ ਸਖਸ਼ੀਅਤ ਦਾ ਨਾਮ ਹੈ ਕਾਸ਼ੀ ਰਾਮ ।

1963-64 ਤੋਂ ਵਾਪਰੇ ਇਕ ਇਤਿਹਾਸਕ ਘਟਨਾਕ੍ਰਮ ਇਹ 21ਵੀਂ ਸਦੀ ਦਾ ਬਾਬਾ ਸਾਹਿਬ ਡਾ ਅੰਬੇਡਕਰ, ਉਸ਼ੋ ਰਜਨੀਸ ਤੋਂ ਬਾਅਦ ਭਾਰਤ ਦੀ ਧਰਤੀ ਤੇ ਅਜਿਹਾ ਮਨੁੱਖ ਹੈ ਜਿਸ ਨੇ ਸਦੀਆਂ ਤੋਂ ਵੰਡੇ ਹੋਏ ਵਰਨਾ ਚ ਸੱਭ ਤੋਂ ਹੇਠਲੇ ਪੱਧਰ ਦੇ ਨਰਕ ਭਰੀ ਜਿੰਦਗੀ ਜਿਉਣ ਲਈ ਮਜਬੂਰ ਲੋਕਾਂ ਨੂੰ ਮਜਬੂਤ ਕਰਨ ਲਈ ਸਮੁੱਚੀ ਜਿੰਦਗੀ ਦੱਬੇ-ਕੁਚਲੇ, ਪੀੜਤ-ਸ਼ੋਸ਼ਤ ਲੋਕਾਂ ਲਈ ਸਮਰਪਿਤ ਕਰ ਦਿੱਤੀ।

ਜਿੱਥੇ ਡਾ। ਭੀਮ ਰਾਓ ਅੰਬੇਡਕਰ ਨੂੰ 'ਬਾਬਾ ਸਾਹਿਬ' ਦੇ ਵੱਡੇ ਸਤਿਕਾਰ ਵਾਲੇ ਨਾਮ ਨਾਲ ਜਾਣਿਆਂ ਜਾਂਦਾ ਹੈ ਉੱਥੇ ਐਸ।ਸੀ (ਦਲਿਤ) ਪੱਛੜੇ, ਗਰੀਬ, ਮਾਨਵਤਾ-ਬਰਾਬਰਤਾ, ਇਨਸਾਨ ਤੇ ਇਨਸਾਨੀਅਤ ਚ ਵਿਸ਼ਵਾਸ ਰੱਖਣ ਵਾਲੇ ਕਾਂਸ਼ੀ ਰਾਮ ਨੂੰ 'ਸਾਹਿਬ' ਕਹਿ ਕੇ ਸੰਬੋਧਨ ਕਰਦੇ ਹਨ । ਉੱਥੇ ਇਹ ਵੀ ਵਰਨਣਯੋਗ ਹੈ ਕਿ ਉਹਨਾਂ ਨੇ ਲੱਖਾਂ ਲੋਕਾਂ ਦੀ ਲਖਨਉ ਕਾਨਫਰੰਸ ਵਿੱਚ 'ਭੈਣ ਜੀ' ਤੇ ਆਇਰਨ ਲੇਡੀ ਵਜੋਂ ਪ੍ਰਵਾਨੀ ਗਈ ਮਾਇਆਵਤੀ ਨੂੰ ਆਪਣਾ ਉੱਤਰ ਅਧਿਕਾਰੀ ਬਣਾ ਕੇ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਦਲਿਤ ਸ਼ੋਸ਼ਿਤ, ਗਰੀਬ, ਦਲਿਤ ਪੱਛੜੇ ਲੋਕਾਂ ਦੀ ਇੱਕ ਧੀ ਨੂੰ ਸਮੇਂ ਸਮੇਂ ਤੇ ਵਧੇਰੇ ਮੌਕੇ ਦੇ ਕੇ ਸੰਗਠਨ ਦੀ ਮਜਬੂਤੀ ਲਈ ਜੀਅ-ਜਾਨ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ, ਉੱਥੇ ਇਸ ਨੇ ਯੂ।ਪੀ। ਵਿੱਚ ਚਾਰ ਬਾਰ ਮੁੱਖ ਮੰਤਰੀ ਬਣ ਕੇ ਜੋ 'ਅਜੂਬੇ' ਦਿਖਾਏ ਉਸ ਪਿੱਛੇ ਸਾਹਿਬ ਕਾਂਸ਼ੀ ਰਾਮ ਦੀ ਦੂਰ-ਅੰਦੇਸ਼ੀ ਸਮਾਜੀ ਸਮਰਪਣ ਭਾਵਨਾ ਰਹੀ ਹੈ । ਜਿੱਥੇ ਕਿ ਹਮੇਸ਼ਾ ਤੋਂ ਹੀ ਧੀਆਂ ਦਾ ਜੰਮਣਾ ਹੀ ਅਸ਼ੁੱਭ ਮੰਨਿਆਂ ਜਾਂਦਾ ਰਿਹਾ, ਜਿਸ ਕਰਕੇ ਕੁੜੀਆਂ ਦਾ ਪਾਲਣ-ਪੋਸ਼ਣ, ਪੜਾਈ-ਲਿਖਾਈ ਅਤੇ ਜਾਇਦਾਦ ਦੀ ਵੰਡ ਵੇਲੇ ਪਲ-ਪਲ ਹਮੇਸ਼ਾ ਉਹਨਾਂ ਨਾਲ ਵਿਤਕਰਾ ਹੁੰਦਾ ਰਿਹਾ ਪਰ ਇਸ ਮਹਾਂ ਪੁਰਸ਼ ਨੇ ਚੱਲ ਰਹੀ ਪ੍ਰਥਾ ਨੂੰ ਤਿਲਾਂਜਲੀ ਦਿੰਦਿਆਂ ਜਿੱਥੇ ਆਪਣਾ ਉੱਤਰ ਅਧਿਕਾਰੀ ਬਣਾਇਆ ਉੱਥੇ ਪਹਿਲੀ ਵਾਰ ਕਿਸੇ ਦਲਿਤ ਧੀ ਨੂੰ ਚਾਰ ਵਾਰ ਮੁੱਖ ਮੰਤਰੀ ਬਣਾ ਕੇ ਸੀਆ ਔਰਤਾਂ ਦੇ ਹੱਕ ਵਿੱਚ ਇੱਕ ਹਾਅ ਦਾ ਨਾਅਰਾ ਮਾਰਿਆ ।

ਕਾਂਸ਼ੀ ਰਾਮ ਨੇ ਇੱਕ ਇਟਰਵਿਉ ਚ ਕਿਹਾ ਸੀ ਕਿ ਮੈਨੂੰ ਲੱਗਦਾ ਹੈ ਕਿ ਮੇਰੀ ਸਾਰੀ ਜ਼ਿੰਦਗੀ ਸੰਘਰਸ਼ ਕਰਦੇ ਹੀ ਲੰਘ ਜਾਵੇਗੀ ਪਰ ਇੱਕ ਦਿਨ ਦੇਸ਼ ਦੇ ਬਹੁਜਨ ਸਮਾਜ ਦਾ ਰਾਜ ਜਰੂਰ ਆਵੇਗਾ । ਇਹ ਉਹ ਸੁਪਨਾ ਜੀਉਂਦੇ-ਜੀਅ ਦੇਖਣਾ ਚਾਹੁਦੇ ਸਨ ਪਰ ਅਜਿਹਾ ਹੋ ਨਹੀਂ ਸਕਿਆ ।

ਕਾਂਸ਼ੀ ਰਾਮ ਪੰਜਾਬ, ਭਾਰਤ ਤੇ ਸਮੁੱਚੇ ਵਿਸ਼ਵ ਦਾ ਸ਼ਾਇਦ ਪਹਿਲਾ ਆਗੂ ਸੀ ਜਿਸ ਨੇ ਆਪਣੇ ਸਮਾਜ ਨੂੰ ਹੁਕਮਰਾਨ ਬਨਾਉਣ ਖਾਤਰ ਵਿਆਹ ਨਹੀਂ ਕਰਾਇਆ, ਕੋਈ ਜਾਇਦਾਦ ਨਹੀਂ ਬਣਾਈ, ਕੋਈ ਬੈਂਕ ਬੈਲੈਂਸ ਨਹੀਂ ਰੱਖਿਆ, ਕੋਈ ਪ੍ਰੀਵਾਰ ਦੇ ਮੈਂਬਰ ਨੂੰ ਸੁਖ ਸਹੂਲਤ ਨਹੀਂ ਦਿੱਤੀ । ਸਾਹਿਬ ਕਾਂਸ਼ੀ ਰਾਮ ਮੁਤਾਬਕ ਉਸ ਲਈ ਸਮੁੱਚਾ ਬਹੁਜਨ ਸਮਾਜ ਹੀ ਉਸ ਦਾ ਪ੍ਰੀਵਾਰ ਹੈ।

ਚੰਗੀ ਭਲੀ ਨੌਕਰੀ ਕਰਦੇ ਇਸ ਮਨੁੱਖ ਅੰਦਰ ਅਜਿਹੀ ਕਿਹੜੀ ਚੰਗਿਆਰੀ ਭਖਣ ਲੱਗੀ ਕਿ ਸੱਭ ਕੁੱਝ ਛੱਡ ਕੇ 18 ਤੋਂ 20 ਘੰਟੇ ਸਬਰ ਸਿਦਕ ਤੇ ਸਿਰੜ ਨਾਲ ਸਮਾਜ ਨੂੰ ਸਮਰਪਿਤ ਹੋ ਗਿਆ । ਜੇ ਇਸ ਦਾ ਜਵਾਬ ਇਕ ਵਾਕ ਵਿੱਚ ਲਿਖਣਾ ਹੋਵੇ ਤਾਂ 'ਪੂਣੇ ਦੇ ਇਕ ਅਦਾਰੇ ਵਲੋਂ ਬਾਬਾ ਸਾਹਿਬ ਡਾ। ਅੰਬੇਡਕਰ ਤੇ ਤਥਾਗਤ ਬੁਧ ਦੇ ਜਨਮ ਦਿਨ ਦੀ ਛੁੱਟੀ ਬਹਾਲ ਕਰਵਾਉਣ ਉਪਰੰਤ 'ਜਾਤ ਪਾਤ ਦਾ ਬੀਜਨਾਸ' ਨਾਮੀ ਕਿਤਾਬ ਪੜ੍ਹਨ ਨਾਲ ਪੂਰਨ ਬਹੁਮਤ ਵਾਲੀਆਂ ਸਰਕਾਰਾਂ 'ਮਜਬੂਰ' ਹੋਣ ਲੱਗੀਆਂ ਤੋ ਜਾਤਾਂ-ਧਰਮਾਂ- ਫਿਰਕਿਆਂ ਨੂੰ ਇਕੱਠੇ ਕਰਕੇ ਬਹੁਜਨ ਸਮਾਜ ਲਈ ਆਪਣੀਆਂ ਖੁਸ਼ੀਆਂ ਨਿਸ਼ਾਵਰ ਕਰਨ ਵਾਲੇ ਸਨ ਕਾਂਸ਼ੀ ਰਾਮ ਜੀ ।

ਇਕ ਸਮਾਂ ਸੀ ਕਿ ਕੋਈ ਅਖਬਾਰ ਖਬਰ ਲਗਾਉਣ ਨੂੰ ਤਿਆਰ ਨਹੀਂ ਸੀ । ਜੋ ਕੋਈ ਲਗਾਉਂਦਾ ਵੀ ਸੀ ਤਾਂ ਉਹ ਵੀ ਨਾਮਤਰ । ਚੈਨਲ ਤੇ ਤਾਂ ਆਉਣਾ ਦੂਰ ਦੀ ਗੱਲ । ਜਦੋਂ ਮਹਾਂਰਾਸ਼ਟਰ ਤੋਂ ਬਾਅਦ ਉਹਨਾਂ ਯੂ।ਪੀ। ਚ ਸਫਲਤਾ ਦੇ ਝੰਡੇ ਗੱਡੇ ਤਾਂ ਸਾਰੇ ਮੀਡੀਆ ਨੇ ਨਾਂ ਚਾਹੁਦੇ ਹੋਏ ਵੀ ਲੋਕ ਸ਼ਕਤੀ ਤੇ ਲੋਕਾਂ ਚ ਭਰੀ ਜਾਗ੍ਰਿਤੀ ਕਾਰਨ ਅਖਬਾਰਾਂ ਦੇ ਸੰਪਾਦਕਾਂ ਤੋਂ ਲੈ ਕੇ ਚੈਨਲਾਂ ਵਾਲੇ ਵੱਡੀਆਂ ਸਿਆਸੀ ਪਾਰਟੀਆਂ ਦੇ ਆਗੂ ਸਾਹਿਬ ਕਾਂਸ਼ੀ ਰਾਮ ਤੋਂ ਮਿਲਣ ਲਈ ਸਮਾਂ ਮੰਗਣ ਲੱਗੇ ।

ਪੈਦਲ ਸਾਇਕਲ, ਕਾਰ, ਜੀਪ, ਸਫਾਰੀ ਗੱਡੀ ਤੋਂ ਹਵਾਈ ਜਹਾਜ ਤੱਕ ਦੇ ਸਫਰ ਦੀ ਕਹਾਣੀ ਲੂਅ ਕੰਡੇ ਖੜੇ ਕਰਨ ਵਾਲੀ ਹੈ । ਪੈਰਾਂ ਚ ਛਾਲੇ, ਪਿੱਠ ਪਿੱਛੇ ਜ਼ਖਮ ਪਰ ਬਹੁਜਨ ਸਮਾਜ ਦੇ ਰਾਜ ਭਾਗ ਲਈ ਦਿਨ ਰਾਤ ਕੰਮ ਕਰਨ ਵਾਲੇ ਨਾ ਕਦੇ ਰੁਕੇ, ਨਾ ਕਦੇ ਥੱਕੇ ਦਾ ਨਾਮ ਹੈ ਸਾਹਿਬ ਕਾਸ਼ੀ ਰਾਮ ।



ਕਾਂਸ਼ੀ ਰਾਮ ਦੀ ਰਣਨੀਤੀ ਬਹੁਤੀ ਵਾਰ ਕਾਮਯਾਬ ਰਹੀ । ਉਹ ਮਜਬੂਤ ਸਰਕਾਰਾਂ ਦੀ ਥਾਂ ਮਜਬੂਰ ਸਰਕਾਰ ਦੇ ਹਾਮੀ ਸਨ ਕਿਉਂਕਿ ਉਹਨਾਂ ਦਾ ਮੰਨਣਾ ਸੀ ਕਿ ਜਦੋਂ ਸਰਕਾਰਾਂ ਮਜਬੂਰ ਹੋਣਗੀਆਂ ਤਾਂ ਚੋਣਾਂ ਮਗਰੋਂ ਮੇਰਾ ਬਹੁਜਨ ਸਮਾਜ ਰਾਜ ਸੱਤਾ ਵੱਲ ਤੇਜੀ ਨਾਲ ਹੋਰ ਅੱਗੇ ਵਧੇਗਾ ।

ਜਿਸ ਸਮਾਜ ਚ ਕਾਂਸ਼ੀ ਰਾਮ ਪੈਦਾ ਹੋਏ, ਉਸ ਸਮਾਜ ਨਾਲ ਸਦਾ ਨਫਰਤ ਹੁੰਦੀ ਰਹੀ, ਵਿਤਕਰਾ ਹੁੰਦਾ ਰਿਹਾ ਪਰ ਕਾਂਸ਼ੀ ਰਾਮ ਨੇ ਖੁਦ ਆਪਣੇ ਆਪ ਨੂੰ ਰਾਜਨੀਤੀ ਦੇ ਖੇਤਰ ਚ ਸਥਾਪਤ ਕਰ ਲਿਆ ਕਿ ਆਪਣੇ ਜਿਉਂਦੇ ਜੀਅ ਬਹੁਜਨ ਸਮਾਜ ਪਾਰਟੀ ਨੂੰ ਦੇਸ਼ ਦੀ ਤੀਜੀ ਸੱਭ ਤੋਂ ਵੱਡੀ ਪਾਰਟੀ ਬਣਾ ਗਏ । ਅੱਜ ਦੋ ਕਰੋੜ ਤੋਂ ਵੱਧ ਵੋਟਰ ਪਾਰਟੀ ਨਾਲ ਜੁੜੇ ਹੋਏ ਹਨ ।

ਯੂਪੀ ਸਰਕਾਰ ਬਣਾ ਕੇ ਮਾਇਆਵਤੀ ਨੂੰ ਮੁੱਖ ਮੰਤਰੀ ਬਣਾ ਕੇ ਪਾਰਟੀ ਦੀਆਂ ਤਰਜੀਹਾਂ ਮੁਤਾਬਕ ਜਦੋਂ ਕੰਮ ਕਰਨੇ ਸ਼ੁਰੂ ਕਰ ਦਿੱਤੋ ਤਾਂ ਵਿਰੋਧੀਆਂ ਦੇ ਪਸੀਨੇ ਛੁੱਟਣੇ ਸ਼ੁਰੂ ਹੋ ਗਏ । ਅੱਜ ਵੀ ਲਖਨਉ ਵਿਖੇ ਬਾਬਾ ਸਾਹਿਬ ਦੇ ਨਾਮ ਤੇ ਬਣੀ ਇਤਿਹਾਸਕ ਪਾਰਕ ਨੂੰ ਭਾਰਤ ਹੀ ਨਹੀਂ ਸਗੋਂ ਦੁਨੀਆਂ ਭਰ ਦੇ ਲੋਕ ਜੋ ਸੈਰ ਸਪਾਟਾ ਕਰਨ ਆਉਂਦੇ ਹਨ ਦੇਖ ਕੇ ਭਾਰਤ ਦੇ ਗੌਰਵਮਈ ਇਤਿਹਾਸ ਤੋਂ ਜਿੱਥੇ ਜਾਣੂ ਹੁੰਦੇ ਹਨ, ਉੱਥੇ ਕਮਾਈ ਪੱਖੋਂ ਵੀ ਭਾਰਤ ਦਾ ਦੂਜਾ ਸਥਾਨ ਵੀ ।

ਸਾਹਿਬ ਕਾਂਸ਼ੀ ਰਾਮ ਨੇ 1973 ਵਿੱਚ ਤਹਿ ਕਰ ਲਿਆ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਘੱਟ ਗਿਣਤੀਆਂ ਭਾਵ ਮੁਸਲਮਾਨ, ਇਸਾਈ, ਸਿੱਖ, ਬੁੱਧ, ਅਤੇ ਪਾਰਸੀ ਆਦਿ ਘੱਟ ਗਿਣਤੀਆਂ ਲਈ ਬਾਮਸੇਫ ਨਾਮ ਦੀ ਮੁਲਾਜਮਾ ਦੀ ਸੰਸਥਾ ਬਣਾਈ ਜਾਵੇਗੀ ਜਿਸ ਦਾ 6 ਦਸੰਬਰ 1978 ਨੂੰ ਐਲਾਨ ਕਰ ਦਿੱਤਾ ਜਿਸ ਨਾਲ ਪੜ੍ਹੇ ਲਿਖੇ ਲੱਖਾਂ ਲੋਕ ਜੁੜ ਗਏ ਜਿਨ੍ਹਾਂ ਕੋਲ ਸਮਾਂ, ਦਿਮਾਗ ਤੇ ਪੈਸਾ ਹੁੰਦਾ ਉਹ ਸਮਾਜ ਨੂੰ ਅਤੀਤ ਬਾਰੇ ਵਰਤਮਾਨ ਤੇ ਭਵਿੱਖ ਨੂੰਸੁਨਹਿਰਾ ਬਨਾਉਣ ਲਈ ਡਿਉਟੀ ਸਮੇਂ ਤੋਂ ਪਹਿਲਾਂ ਤੇ ਬਾਅਦ ਵਿੱਚ ਨਿਸ਼ਕਾਮ ਸੇਵਾ ਭਾਵਨਾ ਨਾਲ ਲੱਗੇ ਰਹੇ । ਕਦੇ ਬਾਮਸੇਫ ਨੂੰ ਚੱਲਦੀ ਫਿਰਦੀ ਯੂਨੀਵਰਸਿਟੀ ਆਖਿਆ ਜਾਂਦਾ ਸੀ ।

ਸਾਹਿਬ ਕਾਂਸ਼ੀ ਰਾਮ ਨੇ ਜਿੰਦਗੀ ਵਿੱਚ 'ਬਾਮਸੇਫ ਇੱਕ ਜਾਣਕਾਰੀ' ਤੇ 'ਚਮਚਾ ਯੁੱਗ' ਦੋ ਹੀ ਕਿਤਾਬਾਂ ਲਿਖੀਆਂ । ਇਸ਼ ਤੋਂ ਇਲਾਵਾ ਕਈ ਬੁਕਲੈਟ, ਪੈਰਲਿਟ ਅੱਧੀ ਦਰਜਨ ਤੋਂ ਵੱਧ ਵੱਖ ਵੱਖ ਭਾਸ਼ਾਵਾਂ ਚ ਅਖਬਾਰਾਂ ਰਾਹੀਂ ਉਹਨਾਂ ਸਮਾਜ ਨੂੰ ਸਰਗਮੀਆਂ ਇਤਿਹਾਸ ਵਾਰੇ ਤੇ ਸਮਾਜ ਨੂੰ ਧੋਖਾ ਦੇਣ ਵਾਲੇ ਲੋਕਾਂ ਦਾ ਪਰਦਾਫਾਸ਼ ਕੀਤਾ ।

ਬਾਮਸੇਫ 6 ਦਸੰਬਰ 1978 ਤੋਂ ਬਾਅਦ 6 ਦਸੰਬਰ 1981 ਨੂੰ ਮੁਲਾਜਮਾਂ ਲਈ ਸੰਘਰਸ਼ ਕਰਨ ਲਈ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ (ਡੀਐਸਫੋਰ) ਅਤੇ ਆਪਣੇ ਸੂਬਿਆਂ ਤੇ ਦੇਸ਼ ਦੇ ਹੁਕਮਰਾਨ ਬਣਨ ਲਈ 14 ਅਪ੍ਰੈਲ 1984 ਨੂੰ ਬਹੁਜਨ ਸਮਾਜ ਪਾਰਟੀ ਦਾ ਗਠਨ ਕਰਕੇ ਬਹੁਜਨ ਸਮਾਜ ਨੂੰ ਮੁੜ ਆਪਣਾ ਸਿਆਸੀ ਮੰਚ ਦਿੱਤਾ।

ਸਾਹਿਬ ਕਾਂਸ਼ੀ ਰਾਮ ਨੂੰ ਯਾਦ ਕਰਦਿਆਂ ਉਹਨਾਂ ਦੇ ਬੋਲ ਚੇਤੇ ਆਉਂਦੇ ਹਨ ਕਿ 'ਤੁਸੀਂ ਬੰਦੇ ਬਣ ਜਾਉ, ਮੈਂ ਬੰਦੇ ਦੇ ਪੁੱਤ ਬਣਾ ਦੇਵਾਂਗਾ, ਜੋ ਜਮੀਨ ਸਰਕਾਰੀ ਹੈ ਵੋ ਜਮੀਨ ਹਮਾਰੀ ਹੈ ਆਦਿ ਸੁਣਨ ਤੋਂ ਬਾਅਦ ਜੋ ਅਕਾਸ ਜਗਾਓ ਨਾਹਰੇ ਲੱਗਦੇ ਸਨ, ਸੱਚਮੁੱਚ ਇਹ ਇਕ ਪ੍ਰੀਵਰਤਨ ਦੀ ਨਿਸ਼ਾਨੀ, ਇਨਕਲਾਬ ਦੀ ਖੁਸ਼ਬੂ ਵਗਦੀ ਲੱਗਦੀ ਹੈ । ਕਾਂਸ਼ੀ ਰਾਮ ਦੇ ਜਾਣ ਤੋਂ ਬਾਅਦ ਉਹਨਾਂ ਦੇ ਸਜਾਏ ਮਾਨਵਵਾਦੀ, ਬਹੁਜਨ ਪੱਖੀ ਸੁਪਨੇ ਸਾਕਾਰ ਹੁੰਦੇ, ਸਮਾਜ ਦੇਖਣਾ ਚਾਹੁੰਦਾ ਹੈ।

ਉਹਨਾਂ ਦੇ ਸਮਾਜ, ਦੇਸ਼ ਲਈ ਕੀਤਾ ਸਮਰਪਣ ਭਾਵਨਾ ਨਾਲ ਕੰਮ ਵਰਕਰਾਂ, ਸਮਰਖਕਾਂ ਨੂੰ ਸੌਣ ਨਹੀਂ ਦਿੰਦੇ । ਉਹਨਾਂ ਦੇ ਜਨਮ ਦਿਨ ਤੇ ਸਾਨੂੰ ਉਹਨਾਂ ਦੁਆਰਾ ਦਿੱਤੇ 'ਟਿਪਸ' ਯਾਦ ਰੱਖਣ ਯੋਗ ਹਨ ।

ਗਲਤੀਆਂ ਤੋਂ ਜਿਹੜੀਆਂ ਕੌਮਾਂ/ਸਮਾਜ ਸਬਕ ਸਿੱਖ ਕੇ ਅੱਗੇ ਵਧਣ ਲਈ ਸਮੂਹਿਕ ਕੋਸ਼ਿਸ਼ਾਂ ਕਰਦੀਆਂ ਹਨ ਸਫਲਤਾ ਉਹਨਾਂ ਲਈ ਦਰਵਾਜੇ ਖੋਲ ਦਿੰਦੀ ਹੈ ।

ਆਓ ਸਾਰੇ ਇੱਕਮੁੱਠ ਹੋ ਕੇ ਉਹਨਾਂ ਦੇ ਦਰਸਾਏ ਪੂਰਣਿਆਂ ਤੇ ਚੱਲਣ ਦੀ ਕੋਸ਼ਿਸ਼ ਕਰੀਏ। ਕੋਸ਼ਿਸ਼ ਕਰਨ ਵਾਲੇ ਆਖਰ ਮੰਜਿਲ ਤੇ ਪੁੱਜ ਹੀ ਜਾਂਦੇ ਹਨ ।

ਉਹਨਾਂ ਦੇ ਭਾਰਤ ਦੀ ਰਾਜਨੀਤੀ ਤੇ ਸਮਾਜਿਕ ਬਦਲਾਓ ਤਾਂ ਨਵ ਚੇਤਨਾ ਕਾਰਣ ਹਾਸ਼ੀਆ-ਗ੍ਰਸਤ ਸਮਾਜ 'ਚ ਪਾਏ ਵਡਮੁਲੇ ਯੋਗਦਾਨ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

**ਸਾਹਿਬ ਕਾਂਸ਼ੀ ਰਾਮ ਬਾਰੇ ਕੁੱਝ ਤੱਥ, ਕੁੱਝ ਜਾਣਕਾਰੀ ਇਹ ਵੀ**

- ਸਾਹਿਬ ਕਾਂਸ਼ੀ ਰਾਮ ਇਕ ਅਜਿਹਾ ਮਨੁੱਖ ਸੀ ਜਿਸ ਨੇ ਸਾਰੀ ਸਾਰੀ ਰਾਤ ਕੇਡਰ ਕੈਂਪ ਲਗਾਏ ।
- ਮਹਾਤਮਾ ਬੁੱਧ, ਗੁਰੂ ਗ੍ਰੰਥ ਸਾਹਿਬ ਦੇ ਖਾਸ ਕਰਕੇ ਸੰਤ, ਗੁਰੂ, ਭਗਤ ਗੁਰੂ ਰਵਿਦਾਸ, ਕਬੀਰ, ਮਹਾਤਮਾ ਫੂਲੇ ਸਾਹੂ ਛਤ੍ਰਪਤੀ ਤੇ ਬਾਬਾ ਸਾਹਿਬ, ਬਾਬੂ ਮੰਗੂ ਰਾਮ ਮੁਗੋਵਾਲੀਆ ਆਦਿਤੋਂ ਬਾਅਦ ਦਲਿਤ, ਗਰੀਬ ਸ਼ਬਦ ਦੀ ਥਾਂ ਬਹੁਜਨ ਸਮਾਜ ਸ਼ਬਦ ਵਰਤਿਆ ।
- 1978 ਤੋਂ 1985 ਤੱਕ ਕਾਂਸ਼ੀ ਰਾਮ ਦੀ ਅਗਵਾਈ ਚ ਬਾਮਸੇਫ ਨੇ ਦੇਸ਼ ਦੇ ਉੱਤਰੀ ਸੰਗਠਨ ਖਿਤੇ ਵਿੱਚ ਜਬਰਦਸਤ ਕੰਮ ਕੀਤਾ ਅਤੇ ਮਹਾਂਰਾਸ਼ਟਰ ਤੋਂ ਬਾਅਦ ਪੰਜਾਬ, ਹਿਮਾਚਲ ਤੱਕ ਲਹਿਰ ਚਲਾਈ । ਇਸੇ ਲਹਿਰ ਚੋਂ ਡੀਐਸਫੋਰ ਅਤੇ ਬੀਐਸਪੀ ਨਾਂ ਦੇ ਰਾਜਸੀ ਮੰਚ ਦੇ ਉਦੈ ਹੋਇਆ ।
- ਕਾਂਸ਼ੀ ਰਾਮ ਆਜ਼ਾਦੀ ਤੋਂ ਬਾਅਦ ਪਹਿਲਾ ਅਜਿਹਾ ਸ਼ਕਤੀਸ਼ਾਲੀ ਮਨੁੱਖ ਰਿਹਾ, ਜਿਸ ਨੇ ਮੁਲਾਜਿਮ ਜਥੇਬੰਦੀ ਦੇ ਮੰਚ ਰਾਹੀਂ ਭਾਰਤ ਦੇ ਬਹੁਜਨਾਂ ਨੂੰ ਭਾਰਤ ਦੀਆਂ ਹਕੀਕਤਾਂ ਤੋਂ ਜਾਣੂੰ ਕਰਾਉਣ ਦਾ ਬੀੜ੍ਹਾ ਚੁੱਕਿਆ ।
- ਕਾਂਸ਼ੀ ਰਾਮ ਕੇਵਲ ਮਨੁੱਖ ਨਹੀਂ ਸੀ, ਉਹ ਸਿਰ ਚੜ੍ਹ ਕੇ ਬੋਲਿਆ ਤੇ ਵਰਜਿਆ । ਜਿਸ ਦੀਆਂ ਵਾਹੀਆ ਪਗਡੰਡੀਆਂ ਨੇ ਇਕ ਦਿਨ ਨੈਸ਼ਨਲ ਹਾਈਵੇ ਤੱਕ ਪਹੁੰਚ ਜਾਣ ਦੀਆਂ ਸੰਭਾਵਨਾਵਾਂ ਮਜ਼ਬੂਤ ਹਨ ।
- ਕਾਂਸ਼ੀ ਰਾਮ ਭਾਰਤੀ ਇਨ-ਕਲਾਬੀ ਇਤਿਹਾਸ ਉੱਤੇ ਸਾਹਿਤ ਦੇ ਮਹਾਂ ਨਾਇਕਾ ਦੀ ਲੜੀ ਵਿੱਚ ਜੜਿਆ ਇਕ ਅਨਮੋਲ ਹੀਰਾ ਸਾਬਿਤ ਹੋਇਆ ।
- ਕਾਂਸ਼ੀ ਰਾਮ 20ਵੀਂ ਸਦੀ ਦਾ ਜੋਰਾਵਰ ਮਹਾਂ ਨਾਇਕ ਹੈ ।
- ਜੇ ਬਾਬਾ ਸਾਹਿਬ ਕਰਕੇ ਕਾਂਸ਼ੀ ਰਾਮ ਸੀ ਤਾਂ ਕਾਂਸ਼ੀ ਰਾਮ ਕਰਕੇ ਬਾਬਾ ਸਾਹਿਬ ਦਾ ਨਾਂ ਭਾਰਤ ਦੀ ਧਰਤੀ ਤੇ ਦੁਨੀਆਂ ਦੀਆਂ ਬਰੂਹਾਂ ਤੱਕ ਪਹੁੰਚਿਆ ।
- ਕੜਕਦੀ ਕ੍ਰਾਂਤੀ ਦਾ ਉਹ ਰੂਪ ਸਨ, ਉਹ ਵਡੇਰੀ ਤੇ ਸੰਘਰਸ਼ ਲਈ ਜ਼ਿੰਦਗੀ ਜੀਅ ਗਏ ।
- 24 ਸਤੰਬਰ 1982 ਨੂੰ ਬੂਟਾ ਮੰਡੀ ਜਲੰਧਰ ਵਿਖੇ ਪੂਨਾ ਪੈਕਟ ਧਿਕਾਰ ਦਿਵਸ ਮੌਕੇ ਮਾਇਆਵਤੀ ਵੀ ਨਾਲ ਸੀ ।
- ਭਾਰਤ ਵਿੱਚ ਜੋ ਹੁਣ ਸਮਾਜਿਕ-ਰਾਜਨੀਤਕ ਤਬਦੀਲੀਆਂ ਦੇਖੀਆਂ ਜਾ ਰਹੀਆਂ ਹਨ, ਉਹਨਾਂ ਪਿੱਛੇ ਕਾਂਸ਼ੀ ਰਾਮ ਦਾ ਲੰਬਾ ਸੰਘਰਸ਼ ਖੜਾ ਹੈ ।
- ਕਾਂਸ਼ੀ ਰਾਮ ਦੀ ਲੰਬੀ ਲਹਿਰ ਸਦਕਾ ਭਾਰਤ ਅੰਦਰ ਅੱਜ ਦਲਿਤ ਚੇਤਨਤਾ ਬਹੁਤ ਤੇਜ਼ੀ ਨਾਲ ਅੱਗੇ ਵਧੀ ਹੈ ।

ਭਾਰਤ ਅੰਦਰ ਦਲਿਤ ਸਾਹਿਤ, ਜੋ ਭਰਾਤ ਦਾ ਅਸਲੀ ਸਾਹਿਤ ਹੈ, ਕਾਂਸ਼ੀ ਰਾਮ ਦੇ ਸੰਘਰਸ਼ ਦੌਰਾਨ ਹੀ ਉੱਭਰਿਆ ਅਤੇ ਵਰਤਿਆ ।

- ਮਾਇਆਵਤੀ ਦਲਿਤ ਲਹਿਰ ਦੀ ਉਪਜ ਹੈ ।
- 1980 ਤੋਂ ਪਹਿਲਾਂ ਜੋ ਭਾਰਤ ਸੁੰਨਾਂ ਪਿਆ ਸੀ, ਉਹ ਕਾਂਸ਼ੀ ਰਾਮ ਅਤੇ ਉਸਦੇ ਕਾਫਲੇ ਦੇ ਕਦਮਾਂ ਦੀ ਥਮ-ਥਮਾਹਟ ਨਾਲ ਜਾਗ ਉੱਠਿਆ ਸੀ । ਅਸਮਾਨਾ ਤੱਕ ਉੱਡਦੀ ਧੂੜ ਨੇ ਕਾਫਲਿਆਂ ਦੀ ਚੜ੍ਹਦੀ ਕਲਾ ਦੇ ਸੰਕੇਤ ਦੇ ਦਿੱਤੇ ਸਨ ਕਿ ਕੋਈ ਬਲਾ ਵਰਤ ਕੇ ਰਹਿਣ ਵਾਲੀ ਹੈ ।
- ਕਾਂਸ਼ੀ ਰਾਮ ਜੋਰਾਵਰ ਇਤਿਹਾਸ ਬਣਕੇ ਜੀਵਿਆ ਹੈ ।
- ਕਾਂਸ਼ੀ ਰਾਮ ਇਨਕਲਾਬ ਇਕ ਪੂਰਾ ਯੁੱਗ ਸੀ ਜੋ ਦਹਾਕਿਆਂ ਤੱਕ ਲਾਵਿਆਂ ਵਾਂਗ ਉੱਠਿਆ ਤੇ ਵਰ੍ਹਦਾ ਰਿਹਾ ।
- ਸਾਹਿਬ ਕਾਂਸ਼ੀ ਰਾਮ ਦਾ ਕਹਿਣਾ ਸੀ ਕਿ ਮੇਰੇ ਬਾਬਾ ਸਾਹਿਬ ਕਿਤਾਬਾਂ ਇਕੱਠੀਆਂ ਕਰਦੇ ਰਹੇ ਤੇ ਮੈਂ ਲੋਕ !

**ਸਾਹਿਬ ਕਾਸ਼ੀ ਰਾਮ ਨੂੰ ਸਮਾਜ 'ਚ ਹੇਠ ਲਿਖੇ ਵੱਖ ਵੱਖ ਨਾਮਾਂ ਕਰਕੇ ਵੀ ਯਾਦ ਕੀਤਾ ਜਾਂਦਾ ਹੈ-**

1 ਸਾਹਿਬ ਕਾਸ਼ੀ ਰਾਮ
2 ਬਹੁਜਨ ਸਮਾਜ ਦੇ ਮਸੀਹਾ ਕਾਂਸ਼ੀ ਰਾਮ
3 ਬਹੁਜਨ ਨਾਇਕ
4 20-21 ਵੀ ਸਦੀ ਦਾ ਦਲਿਤ ਮਹਾਨ ਜਰਨੈਲ
5 ਮਾਨਿਆਵਰ ਕਾਸ਼ੀ ਰਾਮ
6 ਸੋਸ਼ਿਤਾਂ ਦੀ ਅਵਾਜ਼, ਦਲਿਤਾਂ ਦੀ ਅਵਾਜ਼
7 ਦਲਿਤਾਂ ਦੀ ਅਵਾਜ਼
8 ਅੰਬੇਡਕਰ ਅੰਦੋਲਨ ਦੇ ਪ੍ਰਮੁੱਖ ਕੱਦਵਾਰ ਨੇਤਾ
9 ਜ਼ੀਰੋ ਤੋਂ ਰਾਜਨੀਤੀ ਸ਼ੁਰੂ ਕਰਨ ਵਾਲੇ ਨੇਤਾ
10 ਦੂਜਾ ਦਲਿਤ ਮਸੀਹਾ
11 ਰਾਜਨੀਤਕ ਇੰਜੀਨਿਅਰ
12 ਯੁੱਗ ਪ੍ਰੀਵਰਤਨ ਪੁਰਸ਼
13 ਦਲਿਤਾਂ ਦੀ ਹਾਰ ਨੂੰ ਜਿੱਤ 'ਚ ਬਦਲਣ ਵਾਲਾ
14 ਅੰਬੇਡਕਰਵਾਦ ਨੂੰ ਸੱਚੀ ਸ਼ਰਧਾਂਜਲੀ ਦੇਣ ਵਾਲਾ ਆਗੂ
15 ਫੂਲੇ-ਅੰਬੇਡਕਰ ਵਿਚਾਰਧਾਰਾ ਦੇ ਹਾਮੀ ਪੁਰਸ਼
16 ਦਲਿਤ ਤੇ ਸ਼ੋਸ਼ਲ ਪ੍ਰਭਾਵੀ ਆਗੂ
17 ਸਮਾਜਿਕ, ਰਾਜਨੀਤਕ ਤੇ ਬਰਾਬਰਤਾ ਦੇ ਹਾਮੀ ਪੁਰਸ਼
18 ਗਰੀਬਾਂ ਦੇ ਚੈਂਪੀਅਨ
19 ਦਲਿਤਾਂ ਨੂੰ ਆਵਾਜ਼ ਦੇਣ ਵਾਲੇ ਅਤੇ ਕੁੱਝ ਪਾਵਰਾਂ ਦਿਵਾਉਣ ਵਾਲੇ
20 ਬਸਪਾ ਦੇ ਸੰਸਥਾਪਕ ਅਤੇ ਸਮਾਜਿਕ ਬਰਾਬਰਤਾ ਦੇ ਹਾਮੀ ਮਹਾਂ-ਪੁਰਸ਼
21 ਦਲਿਤ ਦੀ ਰਾਜਨੀਤਕ ਬਹੁਜਨ ਫੋਰਸ ਬਨਾਉਣ ਵਾਲੇ
22 ਦਲਿਤਾਂ ਬਹੁਗਿਣਤੀ ਨੂੰ ਹੱਕ ਦਿਵਾਉਣ ਵਾਲੇ ਮਸੀਹਾ

# ਚੀਨ ਦੇ ਵਿਦੇਸ਼ ਮੰਤਰੀ ਦਾ ਭਾਰਤ ਦੌਰਾ 24 ਤੋਂ ਆਰੰਭ ਹੋਵੇਗਾ

**ਨਵੀਂ ਦਿੱਲੀ-** ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਵੀਰਵਾਰ ਨੂੰ ਇੱਥੇ ਭਾਰਤ ਦੇ ਦੋ ਰੋਜ਼ਾ ਦੌਰੇ 'ਤੇ ਆ ਰਹੇ ਹਨ। ਉਨ੍ਹਾਂ ਦੀ ਇਹ ਯਾਤਰਾ ਅਜਿਹੇ ਸਮੇਂ ਹੋ ਰਹੀ ਹੈ, ਜਦੋਂ ਰੂਸ-ਯੂਕਰੇਨ ਬਾਰੇ ਭਾਰਤ ਦਾ ਰੁਖ਼ ਬਦਲਣ ਲਈ ਪੱਛਮੀ ਮੁਲਕਾਂ ਵੱਲੋਂ ਦਬਾਅ ਪਾਇਆ ਜਾ ਰਿਹਾ ਹੈ। ਸੂਤਰਾਂ ਨੇ ਇਸ ਮੁੱਦੇ 'ਤੇ ਚੁੱਪ ਵੱਟੀ ਹੋਈ ਹੈ ਕਿ ਕੀ ਇਸ ਯਾਤਰਾ ਨਾਲ ਸਰਹੱਦੀ ਤਣਾਅ ਖ਼ਤਮ ਹੋ ਜਾਵੇਗਾ। ਹਾਲਾਂਕਿ, ਉਨ੍ਹਾਂ ਕਿਹਾ ਕਿ ਇਸ ਨਾਲ ਹੋਰ ਅਹਿਮ ਮੁੱਦਿਆਂ 'ਤੇ ਗੱਲਬਾਤ ਕਰਨ ਲਈ ਵਿਦੇਸ਼ ਮੰਤਰੀ ਐਸ। ਜੈਸ਼ੰਕਰ ਦਾ ਪੇਈਚਿੰਗ ਜਾਣ ਦਾ ਰਾਹ ਪੱਧਰਾ ਹੋ ਜਾਵੇਗਾ। ਯੀ ਸਿੱਧੇ ਪਾਕਿਸਤਾਨ ਤੋਂ ਇੱਥੇ ਪਹੁੰਚਣਗੇ, ਜਿੱਥੇ ਉਹ ਇਸਲਾਮਿਕ ਦੇਸ਼ਾਂ ਦੇ ਸੰਗਠਨ (ਓਆਈਸੀ) ਵੱਲੋਂ ਕਰਵਾਏ ਮੰਤਰੀ ਪੱਧਰ ਦੇ ਸੰਮੇਲਨ ਵਿੱਚ ਮੁੱਖ ਮਹਿਮਾਨ ਸਨ। ਯੀ ਆਪਣੀ ਯਾਤਰਾ ਦੇ ਆਖ਼ਰੀ ਦਿਨ ਕਸ਼ਮੀਰ ਮੁੱਦੇ ਬਾਰੇ ਬਿਆਨ ਜਾਰੀ ਕਰ ਸਕਦੇ ਹਨ। ਜੇ ਹਾਲਾਤ ਠੀਕ ਰਹੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬ੍ਰਿਕਸ (ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ) ਸੰਮੇਲਨ ਵਿੱਚ ਸ਼ਾਮਲ ਹੋ ਸਕਦੇ ਹਨ, ਜੋ ਸ਼ਾਇਦ ਰੂਸ-ਭਾਰਤ-ਚੀਨ ਸੰਮੇਲਨ ਤੋਂ ਬਾਅਦ ਹੋ ਰਿਹਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਸ਼ੀ ਜਿਨਪਿੰਗ ਨੇ ਬਿਡੇਨ ਨੂੰ ਕਿਹਾ ਜੰਗ ਜਲਦੀ ਖਤਮ ਹੋਣ ਦੀ ਜ਼ਰੂਰਤ ਹੈ; ਬ੍ਰਿਟੇਨ, ਅਮਰੀਕਾ ਨੇ ਸੈਟੇਲਾਈਟ ਸੰਚਾਰ ਖਤਰਿਆਂ ਦੀ ਚੇਤਾਵਨੀ ਦਿੱਤੀ ਹੈ



ਹਰਦੀਪ ਸਿੰਘ ਚੁੰਬਰ
91-94636-01616

ਰੂਸ-ਯੂਕਰੇਨ ਯੁੱਧ ਦੀਆਂ ਖਬਰਾਂ ਹਾਈਲਾਈਟਸ: ਯੂਕਰੇਨ ਦੇ ਵੱਡੇ ਸ਼ਹਿਰਾਂ ਦੇ ਬਾਹਰ ਵੱਡੇ ਪੱਧਰ 'ਤੇ ਫਸੀਆਂ ਰੂਸੀ ਫੌਜਾਂ ਨੇ ਉਨ੍ਹਾਂ ਨੂੰ ਦੂਰੀ ਤੋਂ ਗੋਲਾਬਾਰੀ ਕਰਨ ਲਈ ਮੋੜ ਦਿੱਤਾ ਹੈ, ਜਿਸ ਵਿੱਚ ਵੀਰਵਾਰ ਨੂੰ ਚੌਥੇ ਹਫ਼ਤੇ ਵਿੱਚ ਦਾਖਲ ਹੋਏ ਯੁੱਧ ਦੌਰਾਨ ਸਿਹਤ ਸਹੂਲਤਾਂ 'ਤੇ ਦਰਜਨਾਂ ਪੁਸ਼ਟੀ ਕੀਤੇ ਹਮਲੇ ਸ਼ਾਮਲ ਹਨ। ਯੂਕਰੇਨ ਦੇ ਰਾਸ਼ਟਰਪਤੀ ਵੋਲੋਡੀਮਿਰ ਜ਼ੇਲੇਨਸਕੀ ਨੇ ਰਾਸ਼ਟਰ ਨੂੰ ਆਪਣੇ ਰਾਤ ਦੇ ਵੀਡੀਓ ਸੰਬੋਧਨ ਵਿੱਚ ਕਿਹਾ ਕਿ ਉਹ ਵਾਧੂ ਫੌਜੀ ਸਹਾਇਤਾ ਲਈ ਯੂਐਸ ਦੇ ਰਾਸ਼ਟਰਪਤੀ ਜੋ ਬਿਡੇਨ ਦਾ ਧੰਨਵਾਦੀ ਹੈ ਪਰ ਉਹ ਖਾਸ ਤੌਰ 'ਤੇ ਇਹ ਨਹੀਂ ਦੱਸੇਗਾ ਕਿ ਨਵੇਂ ਪੈਕੇਜ ਵਿੱਚ ਕੀ ਸ਼ਾਮਲ ਹੈ ਕਿਉਂਕਿ ਉਹ ਰੂਸ ਨੂੰ ਟਿਪ ਨਹੀਂ ਦੇਣਾ ਚਾਹੁੰਦਾ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਸ਼ੁੱਕਰਵਾਰ ਨੂੰ ਯੂਕਰੇਨ ਦੇ ਹਮਲੇ ਨੂੰ ਜਾਇਜ਼ ਠਹਿਰਾਉਣ ਲਈ ਇੱਕ ਭਰੇ ਫੁਟਬਾਲ ਸਟੇਡੀਅਮ ਤੋਂ ਪਹਿਲਾਂ ਇੱਕ ਰੈਲੀ ਦੀ ਵਰਤੋਂ ਕੀਤੀ, ਹਜ਼ਾਰਾਂ ਲੋਕਾਂ ਨੇ ਰੂਸੀ ਝੰਡੇ ਲਹਿਰਾਉਣ ਦਾ ਵਾਅਦਾ ਕੀਤਾ ਕਿ ਕ੍ਰੇਮਲਿਨ ਦੇ ਸਾਰੇ ਉਦੇਸ਼ ਪ੍ਰਾਪਤ ਕੀਤੇ ਜਾਣਗੇ। "ਅਸੀਂ ਜਾਣਦੇ ਹਾਂ ਕਿ ਸਾਨੂੰ ਕੀ ਕਰਨ ਦੀ ਲੋੜ ਹੈ, ਇਹ ਕਿਵੇਂ ਕਰਨਾ ਹੈ ਅਤੇ ਕਿਸ ਕੀਮਤ 'ਤੇ ਕਰਨਾ ਹੈ। ਅਤੇ ਅਸੀਂ ਆਪਣੀਆਂ ਸਾਰੀਆਂ ਯੋਜਨਾਵਾਂ ਨੂੰ ਪੂਰੀ ਤਰ੍ਹਾਂ ਪੂਰਾ ਕਰਾਂਗੇ, "ਪੁਤਿਨ ਨੇ ਮਾਸਕੋ ਦੇ ਲੁਜ਼ਨੀਕੀ ਸਟੇਡੀਅਮ ਵਿੱਚ ਇੱਕ ਰੈਲੀ ਨੂੰ ਕਿਹਾ। ਉਸਨੇ ਕਿਹਾ ਕਿ ਯੂਕਰੇਨ ਵਿੱਚ ਰੂਸ ਦੇ "ਵਿਸ਼ੇਸ਼ ਫੌਜੀ ਅਭਿਆਨ" ਵਿੱਚ ਲੜ ਰਹੇ ਸੈਨਿਕਾਂ ਨੇ ਰੂਸ ਦੀ ਏਕਤਾ ਨੂੰ ਦਰਸਾਇਆ ਹੈ। "ਮੋਢੇ ਨਾਲ ਮੋਢਾ ਜੋੜ ਕੇ, ਉਹ ਇੱਕ ਦੂਜੇ ਦੀ ਮਦਦ ਕਰਦੇ ਹਨ, ਇੱਕ ਦੂਜੇ ਦਾ ਸਮਰਥਨ ਕਰਦੇ ਹਨ ਅਤੇ ਲੋੜ ਪੈਣ 'ਤੇ ਉਹ ਭਰਾਵਾਂ ਵਾਂਗ ਆਪਣੇ ਸਰੀਰਾਂ ਨਾਲ ਇੱਕ ਦੂਜੇ ਨੂੰ ਗੋਲੀਆਂ ਤੋਂ ਬਚਾਉਂਦੇ ਹਨ। ਅਜਿਹੀ ਏਕਤਾ ਸਾਡੇ ਕੋਲ ਲੰਬੇ ਸਮੇਂ ਤੋਂ ਨਹੀਂ ਹੈ, "ਉਸਨੇ ਕਿਹਾ। ਜਿਵੇਂ ਕਿ ਪੁਤਿਨ ਗੱਲ ਕਰ ਰਿਹਾ ਸੀ, ਰਾਜ ਟੈਲੀਵਿਜ਼ਨ ਨੇ ਆਪਣੇ ਭਾਸ਼ਣ ਨੂੰ ਥੋੜ੍ਹੇ ਸਮੇਂ ਲਈ ਕੱਟ ਦਿੱਤਾ ਅਤੇ ਦੇਸ਼ ਭਗਤੀ ਦੇ ਗੀਤਾਂ ਦੀ ਪਹਿਲਾਂ ਤੋਂ ਰਿਕਾਰਡ ਕੀਤੀ ਫੁਟੇਜ ਦਿਖਾਈ, ਪਰ ਕ੍ਰੇਮਲਿਨ ਮੁਖੀ ਬਾਅਦ ਵਿੱਚ ਸਰਕਾਰੀ ਟੈਲੀਵਿਜ਼ਨ 'ਤੇ ਵਾਪਸ ਪ੍ਰਗਟ ਹੋਇਆ।



ਸੰਯੁਕਤ ਰਾਸ਼ਟਰ ਦੀ ਪ੍ਰਵਾਸ ਏਜੰਸੀ ਦਾ ਅੰਦਾਜ਼ਾ ਹੈ ਕਿ ਲਗਭਗ 615 ਮਿ-ਲੀਅਨ ਲੋਕ ਹੁਣ ਯੂਕਰੇਨ ਦੇ ਅੰਦਰ ਵਿਸਥਾਪਿਤ ਹੋ ਚੁੱਕੇ ਹਨ, 312 ਮਿਲੀਅਨ ਸ਼ਰਨਾਰਥੀਆਂ ਦੇ ਸਿਖਰ 'ਤੇ ਜੋ ਪਹਿਲਾਂ ਹੀ ਦੇਸ਼ ਤੋਂ ਭੱਜ ਚੁੱਕੇ ਹਨ। ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗ੍ਰੇਸ਼ਨ ਦੇ ਅਨੁਮਾਨਾਂ ਤੋਂ ਪਤਾ ਲੱਗਦਾ ਹੈ ਕਿ ਯੂਕਰੇਨ ਸੀਰੀਆ ਦੇ ਵਿਨਾਸ਼ਕਾਰੀ ਯੁੱਧ ਤੋਂ ਵਿਸਥਾਪਨ ਦੇ ਪੱਧਰ ਵੱਲ ਸਿਰਫ਼ ਤਿੰਨ ਹਫ਼ਤਿਆਂ ਵਿੱਚ ਇੱਕ ਕੋਰਸ 'ਤੇ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਜਿਸ ਨੇ ਦੇਸ਼ ਅਤੇ ਵਿਦੇਸ਼ਾਂ ਵਿੱਚ ਲਗਭਗ 13 ਮਿਲੀਅਨ ਲੋਕਾਂ ਨੂੰ ਆਪਣੇ ਘਰਾਂ ਤੋਂ ਬਾਹਰ ਕੱਢ ਦਿੱਤਾ ਹੈ। ਇਹ ਖੋਜ ਸੰਯੁਕਤ ਰਾਸ਼ਟਰ ਦੇ ਮਨੁੱਖੀ ਮਾਮਲਿਆਂ ਦੇ ਤਾਲਮੇਲ ਲਈ ਦਫਤਰ ਦੁਆਰਾ ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਪੇਪਰ ਵਿੱਚ ਸਾਹਮਣੇ ਆਈ ਹੈ। ਇਸ ਨੇ ਆਈਓਐਮ ਦੇ ਅੰਕੜਿਆਂ ਦਾ ਹਵਾਲਾ ਦਿੱਤਾ ਕਿ ਯੂਕਰੇਨ ਵਿੱਚ 16 ਮਾਰਚ ਤੱਕ 6-48 ਮਿ-ਲੀਅਨ ਅੰਦਰੂਨੀ ਵਿਸਥਾਪਿਤ ਵਿਅਕਤੀਆਂ ਦੀ ਗਣਨਾ ਕੀਤੀ ਗਈ ਹੈ।

ਚੀਨੀ ਰਾਜ ਮੀਡੀਆ ਦੇ ਅਨੁਸਾਰ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਸ਼ੁੱਕਰਵਾਰ ਨੂੰ ਆਪਣੇ ਅਮਰੀਕੀ ਹਮਰੁਤਬਾ ਜੋ ਬਿਡੇਨ ਨੂੰ ਕਿਹਾ ਕਿ ਯੂਕਰੇਨ ਵਿੱਚ ਜੰਗ ਜਿੰਨੀ ਜਲਦੀ ਹੋ ਸਕੇ ਖਤਮ ਹੋਣੀ ਚਾਹੀਦੀ ਹੈ। ਸ਼ੀ ਨੇ ਬਿਡੇਨ ਨੂੰ ਇੱਕ ਵੀਡੀਓ ਕਾਲ 'ਤੇ ਕਿਹਾ, "ਹੁਣ ਸਭ ਤੋਂ ਵੱਧ ਤਰਜੀਹਾਂ ਗੱਲਬਾਤ ਅਤੇ ਗੱਲਬਾਤ ਨੂੰ ਜਾਰੀ ਰੱਖਣਾ, ਨਾਗਰਿਕਾਂ ਦੀ ਮੌਤ ਤੋਂ ਬਚਣਾ, ਮਨੁੱਖਤਾਵਾਦੀ ਸੰਕਟ ਨੂੰ ਰੋਕਣਾ, ਲੜਾਈ ਬੰਦ ਕਰਨਾ ਅਤੇ ਜਿੰਨੀ ਜਲਦੀ ਹੋ ਸਕੇ ਜੰਗ ਨੂੰ ਖਤਮ ਕਰਨਾ ਹੈ।" ਸ਼ੀ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਨੂੰ ਸਾਂਝੇ ਤੌਰ 'ਤੇ ਰੂਸ-ਯੂਕਰੇਨ ਗੱਲਬਾਤ ਅਤੇ ਗੱਲਬਾਤ ਦਾ ਸਮਰਥਨ ਕਰਨਾ ਚਾਹੀਦਾ ਹੈ, ਜਦੋਂ ਕਿ ਸੰਯੁਕਤ ਰਾਜ ਅਤੇ ਨਾਟੋ ਨੂੰ ਵੀ ਯੂਕਰੇਨ ਸੰਕਟ ਦੇ "ਜੜ੍ਹ" ਨੂੰ ਹੱਲ ਕਰਨ ਅਤੇ ਰੂਸ ਅਤੇ ਯੂਕਰੇਨ ਦੋਵਾਂ ਦੀਆਂ ਸੁਰੱਖਿਆ ਚਿੰਤਾਵਾਂ ਨੂੰ ਹੱਲ ਕਰਨ ਲਈ ਰੂਸ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

1941 ਦੀ ਬਲੈਕ ਐਂਡ ਵ੍ਹਾਈਟ ਨਿਊਜ਼ਰੀਲ ਓਡੇਸਾ ਦੇ ਵਸਨੀਕਾਂ ਨੂੰ ਦਰਸਾਉਂਦੀ ਹੈ, ਜੋ ਕਿ ਇੱਕ ਸੋਵੀਅਤ ਸ਼ਹਿਰ ਸੀ, ਮੋਚੀਆਂ ਦੇ ਪੱਥਰਾਂ ਨਾਲ ਬੈਰੀਕੇਡ ਬਣਾਉਂਦੇ ਹਨ, ਜਦੋਂ ਕਿ ਗਲੀਆਂ ਰੇਤ ਦੇ ਥੈਲੇ ਦੇ ਬਚਾਅ ਅਤੇ "ਹੇਜਹੌਗ" ਐਂਟੀ-ਟੈਂਕ ਰੁਕਾਵਟਾਂ ਨਾਲ ਕਤਾਰਬੱਧ ਹੁੰਦੀਆਂ ਹਨ ਜਿਵੇਂ ਕਿ ਜਰਮਨ ਅਤੇ ਰੋਮਾਨੀਅਨ ਫੌਜਾਂ ਪਹੁੰਚਦੀਆਂ ਹਨ। ਤੇਜ਼ੀ ਨਾਲ ਅੱਗੇ 81 ਸਾਲ, ਅਤੇ ਇਸੇ ਤਰ੍ਹਾਂ ਦੇ ਦ੍ਰਿਸ਼ ਸੁੰਦਰ ਕਾਲੇ ਸਾਗਰ ਬੰ-ਦਰਗਾਹ ਵਿੱਚ ਚੱਲ ਰਹੇ ਹਨ, ਇਸ ਵਾਰ ਯੂਕਰੇਨ-ਇਅਨ ਓਡੇਸਾ ਨੂੰ ਜ਼ਮੀਨ, ਸਮੁੰਦਰ ਜਾਂ ਦੋਵਾਂ ਦੁਆਰਾ ਰੂਸੀ ਫੌਜਾਂ ਦੁਆਰਾ ਸੰਭਾਵਿਤ ਹਮਲੇ ਲਈ ਤਿਆਰ ਕਰਨ ਲਈ ਕਾਹਲੀ ਕਰ ਰਹੇ ਹਨ। ਫੌਜੀ ਮਾਹਰਾਂ ਨੇ ਕਿਹਾ ਕਿ ਓਡੇਸਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼, ਜੋ ਕਿ ਹੁਣ ਤੱਕ ਪੂਰਬ ਦੇ ਤੱਟਵਰਤੀ ਖੇਤਰਾਂ ਵਿੱਚ ਦੇਖੀ ਗਈ ਤੀਬਰ ਬੰਬਾਰੀ ਅਤੇ ਲੜਾਈ ਤੋਂ ਬਚਿਆ ਹੈ, ਯੂਕਰੇਨ ਲਈ ਇਸਦੀ ਰਣਨੀਤਕ ਅਤੇ ਪ੍ਰਤੀਕਾਤਮਕ ਮਹੱਤਤਾ ਦੇ ਕਾਰਨ ਸੰਭਵ ਸੀ। ਉਨ੍ਹਾਂ ਨੇ ਕਿਹਾ ਕਿ ਯੂਕਰੇਨ ਦੇ ਅੱਧੇ ਤੋਂ ਵੱਧ ਆਯਾਤ ਅਤੇ ਨਿਰਯਾਤ ਬੰਦਰਗਾਹ ਤੋਂ ਲੰਘਦੇ ਹਨ, ਅਤੇ ਇਹ ਪੂਰਬ ਵੱਲ ਖੇਰਸਨ ਅਤੇ ਪੱਛਮ ਵੱਲ ਨਾਟੋ ਮੈਂਬਰ ਰੋਮਾਨੀਆ ਦੀ ਸਰਹੱਦ ਨਾਲ ਅੱਗੇ ਵਧਣ ਵਾਲੀਆਂ ਰੂਸੀ ਫੌਜਾਂ ਵਿਚਕਾਰ ਆਖਰੀ ਵੱਡਾ ਸ਼ਹਿਰ ਹੈ। ਇਹ ਮਾਸਕੋ ਨੂੰ ਪੂਰੇ ਦੱਖਣੀ ਤੱਟਰੇਖਾ ਦਾ ਨਿਯੰਤਰਣ ਦੇਵੇਗਾ, ਯੂਕਰੇਨ ਨੂੰ ਬੁਰੀ ਤਰ੍ਹਾਂ ਕਮਜ਼ੋਰ ਕਰ ਦੇਵੇਗਾ - ਇੱਕ ਉਦੇਸ਼ ਜਿਸਦੀ ਕੁਝ ਫੌਜੀ ਰਣਨੀਤੀਕਾਰਾਂ ਨੇ ਹਮਲੇ ਦੇ ਸ਼ੁਰੂਆਤੀ ਦਿਨਾਂ ਵਿੱਚ ਭਵਿੱਖਬਾਣੀ ਕੀਤੀ ਸੀ, ਜੋ 24 ਫਰਵਰੀ ਨੂੰ ਸ਼ੁਰੂ ਹੋਇਆ ਸੀ।

# ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕੀਤਾ ਵੱਡਾ ਐਲਾਨ

**ਚੰਡੀਗੜ੍ਹ, 19 ਮਾਰਚ** - ਇੱਕ ਟਵੀਟ ਵਿੱਚ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿੱਚ ਅੱਜ ਤੱਕ ਅਜਿਹਾ ਫੈਸਲਾ ਕਿਸੇ ਨੇ ਨਹੀਂ ਲਿਆ ਹੈ।ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਇਕ ਦਿਨ ਬਾਅਦ ਭਗਵੰਤ ਮਾਨ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਅਦਿਆਂ ਨੂੰ ਲੈ ਕੇ ਅੱਜ ਵੱਡਾ ਐਲਾਨ ਕਰਨਗੇ।ਇਸਦੇ ਚੋਣ ਵਾਅਦਿਆਂ ਵਿੱਚ, ਸਭ ਬਾਲਗ ਔਰਤਾਂ ਲਈ 1,000 ਰੁਪਏ, ਹਰ ਘਰ ਲਈ 300 ਯੂਨਿਟ ਮੁਫਤ ਬਿਜਲੀ ਪ੍ਰਤੀ ਮਹੀਨਾ ਪ੍ਰਸਿੱਧ ਹਨ।ਪੰਜਾਬ 'ਚ ਖਾਲੀ ਅਸਾਮੀਆਂ 'ਤੇ 25,000 ਲੋਕਾਂ ਦੀ ਹੋਵੇਗੀ ਭਰਤੀ, ਮੰਤਰੀ ਮੰਡਲ ਦੀ ਪਹਿਲੀ ਮੀਟਿੰਗ 'ਚ ਫੈਸਲਾ। ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਪੰਜਾਬ ਮੰਤਰੀ ਮੰਡਲ ਦੀ ਪਹਿਲੀ ਮੀਟਿੰਗ ਨੇ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਦੌਰਾਨ ਤਿੰਨ ਮਹੀਨਿਆਂ ਦਾ ਲੇਖਾ-ਜੋਖਾ ਪੇਸ਼ ਕਰਨ ਦਾ ਫੈਸਲਾ ਕੀਤਾ ਹੈ।ਇੱਥੇ ਪੰਜਾਬ ਭਵਨ ਵਿਖੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੇ ਉਨ੍ਹਾਂ ਨੂੰ ਸਹੁੰ ਚੁਕਾਈ।ਇਨ੍ਹਾਂ ਵਿੱਚੋਂ ਅੱਠ ਪਹਿਲੀ ਵਾਰ ਵਿਧਾਇਕ ਬਣੇ ਹਨ। ਉਨ੍ਹਾਂ ਪੰਜਾਬੀ ਵਿੱਚ ਸਹੁੰ ਚੁੱਕੀ।ਉਹ ਹਨ ਹਰਪਾਲ ਸਿੰਘ ਚੀਮਾ, ਹਰਭਜਨ ਸਿੰਘ, ਡਾਕਟਰ ਵਿਜੇ ਸਿੰਗਲਾ, ਲਾਲ ਚੰਦ, ਗੁਰਮੀਤ ਸਿੰਘ ਮੀਤ ਹੇਅਰ, ਕੁਲਦੀਪ ਸਿੰਘ ਧਾਲੀਵਾਲ, ਲਾਲਜੀਤ ਸਿੰਘ ਭੁੱਲਰ, ਬ੍ਰਹਮ ਸ਼ੰਕਰ ਜਿੰਪਾ, ਹਰਜੋਤ ਸਿੰਘ ਬੈਂਸ ਅਤੇ ਡਾ: ਬਲਜੀਤ ਕੌਰ।



ਵੱਖ-ਵੱਖ ਵਿਭਾਗਾਂ ਨੂੰ ਮੌਜੂਦਾ ਵਿੱਤੀ ਸਾਲ ਲਈ ਲੋੜੀਂਦੀਆਂ ਪੂਰਕ ਗ੍ਰਾਂਟਾਂ ਨੂੰ ਵੀ 22 ਮਾਰਚ ਨੂੰ ਖਤਮ ਹੋਣ ਵਾਲੇ ਮੌਜੂਦਾ ਸੈਸ਼ਨ ਵਿੱਚ ਮਨਜ਼ੂਰੀ ਦਿੱਤੀ ਜਾਵੇਗੀ। ਮੀਟਿੰਗ 30 ਮਿੰਟ ਤੱਕ ਚੱਲੀ।ਵੱਖ-ਵੱਖ ਵਿਭਾਗਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿਚ ਖਾਲੀ ਪਈਆਂ ਅਸਾਮੀਆਂ 'ਤੇ 25,000 ਲੋਕਾਂ ਦੀ ਭਰਤੀ ਕਰਨ ਦਾ ਵੀ ਵੱਡਾ ਫੈਸਲਾ ਲਿਆ ਗਿਆ ਹੈ। ਪੰਜਾਬ ਵਿੱਚ, 'ਆਪ' ਨੇ ਆਪਣੇ ਚੋਣ ਵਾਅਦਿਆਂ ਵਿੱਚ - 18 ਸਾਲ ਤੋਂ ਵੱਧ ਉਮਰ ਦੀ ਹਰੇਕ ਔਰਤ ਲਈ 1,000 ਰੁਪਏ ਦੀ ਵਿੱਤੀ ਸਹਾਇਤਾ ਸੂਚੀਬੱਧ ਕੀਤੀ ਹੈ।ਸੁਤੰਤਰਤਾ ਸੈਨਾਨੀ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿੱਚ ਮੁੱਖ ਮੰਤਰੀ ਲਈ ਇੱਕ ਸ਼ਾਨਦਾਰ ਸਹੁੰ ਚੁੱਕ ਸਮਾਗਮ ਦੇਖਣ ਤੋਂ ਬਾਅਦ ਭਗਵੰਤ ਮਾਨ ਦੀ 10 ਮੈਂਬਰੀ ਪੰਜਾਬ ਟੀਮ ਨੇ ਸ਼ਨੀਵਾਰ ਨੂੰ ਚੰਡੀਗੜ੍ਹ ਵਿੱਚ ਸਹੁੰ ਚੁੱਕੀ। ਸਹੁੰ ਚੁੱਕਣ ਵਾਲੇ 10 ਮੰਤਰੀਆਂ ਵਿੱਚੋਂ ਸਿਰਫ਼ ਇੱਕ ਔਰਤ ਹੈ- ਮਲੋਟ ਦੀ ਵਿਧਾਇਕਾ ਬਲਜੀਤ ਕੌਰ। "ਮੈਂ ਪੰਜਾਬ ਦੇ ਲੋਕਾਂ ਅਤੇ ਪਾਰਟੀ ਹਾਈਕਮਾਂਡ ਦਾ ਧੰ-ਨਵਾਦ ਕਰਦੀ ਹਾਂ। ਇਹ 'ਆਪ' ਦੀ ਚੰਗੀ ਸੋਚ ਹੈ ਕਿ ਉਨ੍ਹਾਂ ਨੇ ਇੱਕ ਔਰਤ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਹੈ। ਮੈਂ ਆਪਣੇ ਸਾਰੇ ਫਰਜ਼ਾਂ ਨੂੰ ਇਮਾਨਦਾਰੀ ਨਾਲ ਨਿਭਾਵਾਂਗੀ। ਇੱਕ ਔਰਤ ਅਤੇ ਡਾਕਟਰ ਵਜੋਂ ਮੈਂ, ਔਰਤਾਂ ਅਤੇ ਸਿਹਤ ਖੇਤਰ ਦੇ ਵਿਕਾਸ ਲਈ ਕੰਮ ਕਰੋ, "ਵਿਧਾਇਕ ਨੂੰ ਨਿਊਜ਼ ਏਜੰਸੀ ਏਐਨਆਈ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿਉਂਕਿ ਉਸਨੇ ਖੁਲਾਸਾ ਕੀਤਾ ਕਿ ਉਹ ਰਾਜ ਲਈ ਕੀ ਕਰਨ ਦਾ ਇਰਾਦਾ ਰੱਖਦੀ ਹੈ।

ਸੱਤਾਧਾਰੀ ਪਾਰਟੀ ਨੇ ਆਪਣੇ ਚੋਣ ਵਾਅਦਿਆਂ ਵਿੱਚ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਲਈ 1,000 ਰੁਪਏ ਦੀ ਵਿੱਤੀ ਸਹਾਇਤਾ ਸੂਚੀਬੱਧ ਕੀਤੀ ਸੀ।ਪਹਿਲੀ ਵਾਰ ਵਿਧਾਇਕ ਬਣੀ ਬਲਜੀਤ ਕੌਰ ਅੱਖਾਂ ਦੇ ਡਾਕਟਰ ਹਨ। ਉਹ ਅੱਖਾਂ ਦੇ ਸਰਜਨ ਵਜੋਂ ਅਭਿਆਸ ਕਰ ਰਹੀ ਸੀ ਅਤੇ ਦੋ ਬੱਚਿਆਂ ਦੀ ਮਾਂ ਹੈ। ਕੌਰ ਦੇ ਪਿਤਾ ਪ੍ਰੋਫੈਸਰ ਸਾਧੂ ਸਿੰਘ 2014 ਤੋਂ 2019 ਦਰਮਿਆਨ ਫਰੀਦਕੋਟ ਤੋਂ 'ਆਪ' ਦੇ ਸੰਸਦ ਮੈਂਬਰ ਸਨ। ਅਤੇ ਉਨ੍ਹਾਂ ਦੇ ਪਤੀ ਦਲਜੀਤ ਸਿੰਘ ਕਾਰਜਕਾਰੀ ਇੰਜੀਨੀਅਰ ਹਨ। "ਮੈਂ ਸਿਆਸਤ ਵਿੱਚ ਆਉਣ ਬਾਰੇ ਕਦੇ ਨਹੀਂ ਸੋਚਿਆ ਸੀ ਪਰ 'ਆਪ' ਆਗੂਆਂ ਨੇ ਮੇਰੀ ਉਮੀਦਵਾਰੀ ਦਾ ਜ਼ਿਕਰ ਕੀਤਾ। ਮੈਂ ਰਾਜਨੀਤੀ ਵਿੱਚ ਸ਼ਾਮਲ ਹੋਈ ਕਿਉਂਕਿ ਮੈਂ ਸਮਾਜ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੁੰਦੀ ਸੀ, "ਉਸਨੇ ਰਾਜ ਦੀਆਂ ਚੋਣਾਂ ਤੋਂ ਪਹਿਲਾਂ ਕਿਹਾ ਸੀ, "ਸਰਕਾਰੀ ਹਸਪਤਾਲ (ਉਸ ਦੇ ਹਲਕੇ ਵਿੱਚ) ਵੱਲ ਧਿਆਨ ਦੇਣ ਦੀ ਲੋੜ ਹੈ ਅਤੇ ਮੈਂ ਉੱਥੇ ਸਾਰੀਆਂ ਬੁਨਿਆਦੀ ਜਾਂਚ ਸਹੂਲਤਾਂ ਨੂੰ ਯਕੀਨੀ ਬਣਾਵਾਂਗੀ।"

ਚੋਣ ਪ੍ਰਚਾਰ ਦੌਰਾਨ ਉਹ ਅੱਖਾਂ ਦੇ ਮਰੀਜ਼ਾਂ ਦੀ ਦੇਖ-ਰੇਖ ਕਰਦੀ ਨਜ਼ਰ ਆਈ। ਉਸਨੇ 2010 ਵਿੱਚ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸ ਤੋਂ ਆਪਣੀ ਐਮਐਸ ਓਪਥਾਲਮੋਜੀ ਕੀਤੀ।ਨਵੀਂ ਕੈਬਨਿਟ - ਜਿੱਥੇ ਮੰਤਰੀ ਵੱਖ-ਵੱਖ ਪੇਸ਼ਿਆਂ ਨਾਲ ਸਬੰਧਤ ਹਨ - ਤੋਂ ਉਮੀਦਾਂ ਬੱਝੀਆਂ ਹਨ - ਕਿਉਂਕਿ ਮਾਨ ਨੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦਾ ਵਾਅਦਾ ਕੀਤਾ ਹੈ।ਦਿੱਲੀ ਤੋਂ ਬਾਅਦ ਇਹ ਦੂਜਾ ਸੂਬਾ ਹੈ ਜਿੱਥੇ 'ਆਪ' ਨੇ ਸ਼ਾਨਦਾਰ ਜਿੱਤ ਦਰਜ ਕਰਕੇ ਸਰਕਾਰ ਬਣਾਈ ਹੈ। ਹਾਲਾਂਕਿ, ਦਿੱਲੀ ਵਿੱਚ ਵੀ, ਪਾਰਟੀ ਨੇ ਮਹਿਲਾ ਮੰਤਰੀਆਂ ਨਾ ਹੋਣ ਕਾਰਨ ਆਲੋਚਨਾ ਕੀਤੀ ਸੀ। ਆਤਿਸ਼ੀ ਮਾਰਲੇਨਾ ਪਾਰਟੀ ਦੇ ਸਭ ਤੋਂ ਪ੍ਰਮੁੱਖ ਮਹਿਲਾ ਚਿਹਰਿਆਂ ਵਿੱਚੋਂ ਇੱਕ ਹੈ।

# ਗ਼ੁਲਾਮ ਨਬੀ ਆਜ਼ਾਦ ਨੇ ਸੋਨੀਆ ਗਾਂਧੀ ਨਾਲ ਕੀਤੀ ਮੁਲਾਕਾਤ, ਜੀ-23 ਨੇ ਕਾਂਗਰਸ 'ਚ ਵੱਡਾ ਬਿਆਨ ਮੰਗਿਆ

ਕਾਂਗਰਸ ਦੇ ਅਸੰਤੁਸ਼ਟ ਸਮੂਹ ਜੀ-23 ਦੇ ਨੇਤਾ ਗੁਲਾਮ ਨਬੀ ਆਜ਼ਾਦ ਨੇ ਸ਼ੁੱਕਰਵਾਰ ਨੂੰ ਪਾਰਟੀ ਮੁਖੀ ਸੋਨੀਆ ਗਾਂਧੀ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ, ਜਿਸ ਨੇ ਬਲਾਕ ਦੀਆਂ ਵਧਦੀਆਂ ਗਤੀਵਿਧੀਆਂ ਦੇ ਦਿਨਾਂ ਨੂੰ ਪੂਰਾ ਕੀਤਾ, ਜਿਸ ਨੇ ਪਾਰਟੀ ਸੁਧਾਰਾਂ ਅਤੇ "ਸਮੂਹਿਕ ਅਤੇ ਸਮੂਹਿਕ ਅਗਵਾਈ" ਦੀਆਂ ਆਪਣੀਆਂ ਮੰਗਾਂ ਨੂੰ ਦੁਹਰਾਇਆ ਹੈ।

ਕਰੀਬ ਇੱਕ ਘੰਟਾ ਚੱਲੀ ਮੀਟਿੰਗ ਤੋਂ ਬਾਅਦ ਆਜ਼ਾਦ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਗੱਲਬਾਤ ਪਾਰਟੀ ਨੂੰ ਮਜ਼ਬੂਤ ਕਰਨਅਤੇਆਗਾਮੀਵਿਧਾਨ ਸਭਾ ਚੋਣਾਂ ਇੱਕਜੁੱਟ ਹੋ ਕੇ ਲੜਨ ਦੀ ਰਣਨੀਤੀ ਅਤੇ ਸਮਾਨ ਵਿਚਾਰਧਾਰਾ ਵਾਲੀਆਂ ਖੇਤਰੀ ਪਾਰਟੀਆਂ ਨਾਲ ਭਾਈਵਾਲੀ ਕਾਇਮ ਕਰਨ ਦੇ ਸੁਝਾਵਾਂ ਦੁਆਲੇ ਘੁੰਮਦੀ ਹੈ।

ਪੰਜ ਰਾਜਾਂ ਦੀਆਂ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਪਤਨ ਤੋਂ ਬਾਅਦ, ਆਜ਼ਾਦ ਨੇ ਕਿਹਾ ਸੀ ਕਿ "ਉਸ ਵਰਗੇ ਨੇਤਾ ਕਾਂਗਰਸ ਨੂੰ ਮਰਦੇ ਨਹੀਂ ਦੇਖ ਸਕਦੇ।।। ਸਥਿਤੀ ਚਿੰਤਾਜਨਕ ਹੈ"। 23 ਨੇਤਾਵਾਂ ਦੇ ਸਮੂਹ, ਜਿਨ੍ਹਾਂ ਨੇ 2020 ਵਿੱਚ ਸੋਨੀਆ ਨੂੰ ਇੱਕ ਪੱਤਰ ਲਿਖ ਕੇ ਪਾਰਟੀ ਢਾਂਚੇ ਵਿੱਚ ਵਿਆਪਕ ਸੁਧਾਰਾਂ ਦੀ ਮੰਗ ਕੀਤੀ ਸੀ, ਨੇ ਆਪਣੀਆਂ ਮੰਗਾਂ ਨੂੰ ਦਬਾਉਣ ਲਈ ਹਾਲ ਹੀ ਦੇ ਦਿਨਾਂ ਵਿੱਚ ਕਈ ਮੀਟਿੰਗਾਂ ਕੀਤੀਆਂ ਹਨ, ਇੱਥੋਂ ਤੱਕ ਕਿ ਇਸ ਹਫ਼ਤੇ ਇੱਕ ਸਾਂਝਾ ਬਿਆਨ ਵੀ ਜਾਰੀ ਕੀਤਾ ਹੈ।



ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਤੋਂ ਪਹਿਲਾਂ ਕਮਜ਼ੋਰੀ ਅਤੇ ਇੱਕਜੁੱਟ ਚਿਹਰਾ ਬਣਾਉਣ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ, ਪਾਰਟੀ ਮੁਖੀ ਨੇ ਬੁੱਧਵਾਰ ਨੂੰ ਜੀ-23 ਦੀ ਮੀਟਿੰਗ ਤੋਂ ਪਹਿਲਾਂ ਆਜ਼ਾਦ ਨੂੰ ਬੁਲਾਉਂਦੇ ਹੋਏ, ਇਸ ਹਫਤੇ ਅਸੰਤੁਸ਼ਟਾਂ ਤੱਕ ਵੀ ਪਹੁੰਚ ਕੀਤੀ।ਸ਼ੁੱਕਰਵਾਰ ਨੂੰ ਸੋਨੀਆ ਨਾਲ ਗੱਲਬਾਤ ਤੋਂ ਬਾਅਦ ਆਜ਼ਾਦ ਨੇ ਕਿਹਾ, "ਸ਼੍ਰੀਮਤੀ ਗਾਂਧੀ ਸੰਗਠਨ ਨੂੰ ਮਜ਼ਬੂਤ ਕਰਨ ਲਈ ਨੇਤਾਵਾਂ ਨਾਲ ਗੱਲਬਾਤ ਕਰਦੀ ਰਹਿੰਦੀ ਹੈ। ਕੁਝ ਦਿਨ ਪਹਿਲਾਂ ਕਾਂਗਰਸ ਵਰਕਿੰਗ ਕਮੇਟੀ ਦੀ ਬੈਠਕ ਹੋਈ ਸੀ ਅਤੇ ਸੁਝਾਅ ਮੰਗੇ ਗਏ ਸਨ ਕਿ ਕਾਂਗਰਸ ਪਾਰਟੀ ਨੂੰ ਕਿਵੇਂ ਮਜ਼ਬੂਤਕਰਨਾ ਹੈ ਅਤੇ ਕੀ ਹਨ। ਪੰਜ ਵਿਧਾਨ ਸਭਾ ਚੋਣਾਂ ਵਿੱਚ ਹਾਰ ਦੇ ਕਾਰਨ। ਮੈਂ ਆਪਣੇ ਸੁਝਾਅ ਵੀ ਦਿੱਤੇ ਸਨ।"

ਕਪਿਲ ਸਿੱਬਲ ਵਰਗੇ ਅਸੰਤੁਸ਼ਟਾਂ ਦੀਆਂ ਵੱਧ ਤੋਂ ਵੱਧ ਮੰਗਾਂ ਤੋਂ ਬਾਅਦ, ਜਿਸ ਨੇ ਗਾਂਧੀ ਪਰਿਵਾਰ ਨੂੰ ਪਾਰਟੀ ਲੀਡਰਸ਼ਿਪ ਤੋਂ ਹਟਣ ਲਈ ਕਿਹਾ ਸੀ, ਆਜ਼ਾਦ ਦੀ 10 ਜਨਪਥ ਦੀ ਫੇਰੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਬਲਾਕ ਸ਼ਾਇਦ ਕਿਸੇ ਅਤਿ ਸਥਿਤੀ ਵੱਲ ਨਹੀਂ ਧੱਕੇਗਾ ਅਤੇ ਉਹ ਜੈਤੂਨ ਦੀ ਸ਼ਾਖਾ ਨੂੰ ਸਵੀਕਾਰ ਕਰਨ ਲਈ ਤਿਆਰ ਹੈ। ਲੀਡਰਸ਼ਿਪ ਹਾਲਾਂਕਿ, ਸੂਤਰਾਂ ਨੇ ਕਿਹਾ ਕਿ ਕੇਂਦਰੀ ਸੰਸਦੀ ਬੋਰਡ ਬਣਾਉਣ ਦੀ ਜੀ-23 ਦੀ ਮੰਗ ਅਜੇ ਵੀ ਇੱਛਾ ਸੂਚੀ ਵਿੱਚ ਹੈ। ਵਫ਼ਾਦਾਰ ਹੁਣ ਤੱਕ ਇਸ ਸੁਝਾਅ ਦੇ ਉਲਟ ਰਹੇ ਹਨ। ਹਾਲਾਂਕਿ ਆਜ਼ਾਦ ਨੇ ਲੀਡਰਸ਼ਿਪ ਵਿੱਚ ਤਬਦੀਲੀ ਦੀ ਮੰਗ ਕਰਨ ਵਾਲੇ ਜੀ-23 ਬਾਰੇ ਸਵਾਲਾਂ ਦਾ ਖੰਡਨ ਕੀਤਾ, ਇਹ ਪੁੱਛਿਆ ਕਿ "ਕਿੱਥੇ ਖਾਲੀ ਥਾਂ ਹੈ", ਇਹ ਵੇਖਣਾ ਬਾਕੀ ਹੈ ਕਿ ਸਤੰਬਰ ਵਿੱਚ ਹੋਣ ਵਾਲੀਆਂ ਸੰਗਠਨਾਤਮਕ ਚੋਣਾਂ ਦੀ ਦੌੜ ਵਿੱਚ ਇਹ ਮੁੱਦਾ ਕਿਵੇਂ ਬਾਹਰ ਨਿਕਲਦਾ ਹੈ। ਅਸੰਤੁਸ਼ਟ ਸਮੂਹ ਦੇ ਕੁਝ ਮੈਂਬਰ ਲੀਡਰਸ਼ਿਪ ਵੰਡਣ ਦੇ ਚਾਹਵਾਨ ਹਨ- ਜਿਵੇਂ ਕਿ ਗਾਂਧੀ ਪਰਿਵਾਰ ਸੰਸਦ ਦੀ ਅਗਵਾਈ ਲੈ ਰਿਹਾ ਹੈ, ਜਦੋਂ ਕਿ ਪਾਰਟੀ ਦੀ ਵਾਗਡੋਰ ਪਰਿਵਾਰ ਤੋਂ ਬਾਹਰ ਦੇ ਕਿਸੇ ਸੀਨੀਅਰ ਨੇਤਾ ਕੋਲ ਜਾਂਦੀ ਹੈ, ਜਾਂ ਇਸਦੇ ਉਲਟ ਜੀ-23 ਦੇ ਇੱਕ ਜਨ ਨੇਤਾ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵੀਰਵਾਰ ਨੂੰ ਰਾਹੁਲ ਗਾਂਧੀ ਨਾਲ ਮੁਲਾਕਾਤ ਕੀਤੀ, ਜਿਸ ਨੂੰ ਅਸੰਤੁਸ਼ਟਾਂ ਅਤੇ ਸਥਾਪਨਾ ਵਿਚਕਾਰ ਸੁਲ੍ਹਾ-ਸਫਾਈ ਲਈ ਸ਼ੁਰੂਆਤੀ ਸੰਪਰਕ ਵਜੋਂ ਦੇਖਿਆ ਜਾ ਰਿਹਾ ਸੀ।

### ਗੁਸਤਾਖੀ ਮੁਆਫ਼

# ਕਮੇਡੀ ਕਲਾਕਾਰ ਤੋਂ ਮੁੱਖ ਮੰਤਰੀ ਬਣਨ ਤੱਕ ਦਾ ਸਫਰ

# ਪੰਜਾਬ ਦਾ ਮਾਣ- ਭਗਵੰਤ ਮਾਨ



ਸੰਤੋਖ ਸਿੰਘ ਜੱਸੀ
91-70876-19800

ਕੁਦਰਤ ਦਾ ਨਿਯਮ ਹੈ ਤਬਦੀਲੀ । ਰਾਜਨੀਤੀ ਨੂੰ ਸੰਭਾਵਨਾ ਦੀ ਖੇਡ ਮੰਨਿਆ ਗਿਆ ਹੈ । ਦੁਨੀਆਂ ਦੇ ਨਕਸ਼ੇ ਤੇ ਅਜਿਹੇ ਆਗੂ ਵੀ ਹਨ ਜਿਹਨਾਂ ਨੂੰ ਵਿਰਸੇ ਚ ਕੁੱਝ ਨਹੀਂ ਮਿਲਿਆ ਪਰ ਮਿਹਨਤ, ਲਗਨ, ਸਿਰੜ ਨਾਲ ਲਗਾਤਾਰ ਡਟੇ ਰਹਿਣ ਕਾਰਣ ਇਕ ਦਿਨ ਸਫਲਤਾ ਦੇ ਅੰਬਰਾਂ ਨੂੰ ਵੀ ਛੂਹ ਲਿਆ।

ਇਹ ਵੀ ਸੱਚ ਹੈ ਕਿ ਸਥਾਪਤੀ ਧਿਰਾਂ ਖਿਲਾਫ ਆਵਾਜ ਬੁਲੰਦ ਕਰਨ ਵਾਲਿਆਂ ਨੇ ਵੱਡੇ ਵੱਡੇ ਖੱਬੀਖਾਨਾਂ ਦੀ ਆਵਾਜ ਬੰਦ ਕਰ ਦਿੱਤੀ । ਜੇ ਇਤਿਹਾਸ ਤੇ ਝਾਤੀ ਮਾਰੀਏ ਤਾਂ ਸੁਕਰਾਤ ਦੀਆਂ ਦਲੀਲਾਂ ਅੱਗੇ ਦੁਨੀਆਂ ਸਾਹ ਭਰਦੀ, ਅੱਜ ਤੱਕ ਝੁੱਕਦੀ, ਕਬਲਦੀ ਨਜਰ ਆਉਂਦੀ ਹੈ । ਦੁਨੀਆ ਦੀਆਂ ਸਭ ਤੋਂ ਵੱਧ ਜੇਤੂ ਲੜਾਈਆਂ ਦਾ ਸਿਕੰਦਰ ਪਾਰਸ ਦੀਆਂ ਤਰਕ ਦਲੀਲਾਂ ਅੱਗੇ ਨਤਮਸਤਕ ਹੋਇਆ ਕਿ ਜਿੱਤਿਆ ਰਾਜ ਵੀ ਵਾਪਿਸ ਕਰਕੇ 'ਮਹਾਨਤੀ' ਸਦਾ ਲਈ ਆਪਣੇ ਨਾਮ ਲਗਾ ਗਿਆ।

ਅੱਜ ਜੇਕਰ ਪੰਜਾਬ ਦੀ ਅਜੋਕੀ ਸਿਆਸਤ ਦੀ ਗੱਲ ਕਰਨੀ ਹੋਵੇ ਤਾਂ ਅੱਜ ਦਾ ਸਮਾਂ 'ਭਗਵੰਤ ਮਾਨ' ਨੇ ਆਪਣੇ ਨਾਮ ਤੇ ਕਰ ਲਿਆ ਹੈ । ਪੌਣੇ ਤਿੰਨ ਕਰੋੜ ਲੋਕਾਂ ਦਾ ਬਾਦਸ਼ਾਹ ਵੀ ਉਦੋਂ ਬਣਨਾ ਜਦੋਂ ਪੰਜਾਬ ਕਰੀਬ 3 ਲੱਖ ਕਰੋੜ ਦੇ ਕਰਜ਼ੇ ਹੇਠ ਦੱਬਿਆ ਪਿਆ ਹੈ । 48 ਸਾਲਾਂ ਉਮਰ ਦੇ ਇਸ ਨੌਜਵਾਨ ਕਮੇਡੀ ਕਲਾਕਾਰ ਤੋਂ ਲੋਕ ਸਭਾ ਦਾ ਦੋ ਵਾਰ ਮੈਂਬਰ ਬਣਕੇ ਤੇ ਇਕ ਪਾਰਟੀ ਦਾ ਪ੍ਰਧਾਨ ਬਣਨਾ ਸੱਚਮੁੱਚ ਲਗਾਤਾਰ ਲੋਕਾਂ ਦਾ, ਲੋਕਾਂ ਲਈ, ਤੇ ਲੋਕਾਂ ਦੁਆਰਾ ਚੁਣੇ ਜਾਣਾਂ ਸੱਚਮੁੱਚ ਭਗਵੰਤ ਮਾਨ ਨੇ ਕਰ ਦਿਖਾਇਆ ਹੈ ।

ਕਹਿੰਦੇ ਹਨ ਕਿ ਜਦੋਂ ਵੱਡੀਆਂ ਪ੍ਰਾਪਤੀਆਂ ਕਰਨੀਆਂ ਹੋਣ ਤਾਂ ਕੁਰਬਾਨੀਆਂ ਦੇਣੀਆਂ ਹੀ ਪੈਂਦੀਆਂ ਹਨ । ਭਗਵੰਤ ਜਿਸ ਨੇ ਆਪਣੀ ਲਿਆਕਤ, ਮਿਹਨਤ ਨਾਲ ਇਨਾਂ ਨਾਂ ਬਣਾ ਲਿਆ ਸੀ ਕਿ ਉਸ ਦੀ 2 ਮੰਡੀ ਦਾ ਤਰਕ ਇੱਥੋਂ ਤੱਕ ਪੁੱਜ ਗਿਆ ਉਸ ਨੇ ਉਦਾਹਰਣ ਦੇ ਦੇ ਕੇ ਦੱਸਿਆ ਕਿ ਇੱਥੇ ਹੁਣ ਕੁਲਫੀ ਵੀ ਗਰਮ ਹੋ ਸਕਦੀ ਹੈ । ਇਕ ਸਮਾਂ ਅਜਿਹਾ ਆਇਆ ਕਿ ਲੋਕ ਹਿੱਤਾਂ ਕਾਰਣ ਬੀਵੀ ਬੱਚਿਆਂ ਤੋਂ ਅਲਹੈਦਾ ਹੋਣਾ ਪਿਆ । ਇਕ ਪਲ ਸੋਚ ਕੇ ਦੇਖੋ ਉਸ ਹਾਲਤ ਵਿੱਚ ਪ੍ਰੀਵਾਰ ਨੂੰ ਛੱਡਣਾ ਜਦੋਂ ਸਾਰੀਆਂ ਉਂਗਲਾਂ ਘਿਉ ਚ ਹੋਣ ਤਾਂ ਫਿਰ ਪ੍ਰੀਵਾਰਕ ਦਰਦ ਸਹਿਣਾ ਇਹ ਤਾਂ ਭਗਵੰਤ ਹੀ ਦੱਸ ਸਕਦਾ ਹੈ ।

ਕਦੇ ਚੁਟਕਲੇ ਸੁਨਾਉਣ ਵਾਲਾ ਲੋਕ ਆਗੂ ਬਣਨ ਵੱਲ ਵੱਧ ਰਿਹਾ ਸੀ ਤਾਂ ਕਿਵੇਂ ਮਜਾਕ ਦਾ ਪਾਤਰ ਬਨਾਉਣ ਦੀਆਂ ਬਹੁਧਿਰਾਂ ਵਲੋਂ ਕੋਸ਼ਿਸ਼ਾਂ ਹੋਈਆਂ । ਪਰ ਲੋਕਾਂ ਨੂੰ ਸੰਸਦ



ਦੀਆਂ ਕਾਰਵਾਈਆਂ ਤੇ ਪੌੜੀਆਂ ਦਿਖਾਉਣ ਲਈ ਬਣਾਈਆਂ ਵੀਡੀਉ ਖਾਤਰ ਸੰਸਦ ਤੋਂ ਸਸਪੈਂਡ ਹੋਣਾ ਵੀ ਭਗਵੰਤ ਦੇ ਹਿੱਸੇ ਆਇਆ ਤੇ ਸੰਸਦ ਮੋਹਰੇ ਧਰਨਾ ਦੇਣ ਵਾਲਾ ਇਕਲੌਤਾਂ ਸੰਸਦ ਮੈਂਬਰ ਵੀ 'ਭਗਵੰਤ' ਹੀ ਸੀ । ਜੇਕਰ ਭਗਵੰਤ ਨਾਮ ਦੇ ਜੀਵਨ ਦੀ ਪਗਡੰਡੀ ਤੇ ਚੜ੍ਹਨ ਸਮੇਂ ਜੁਗਨੂੰ, ਹਾਸਰਸ ਦੀਆਂ ਕਮੇਡੀ ਕੈਸਟਾਂ, ਪ੍ਰੋਗਰਾਮਾਂ, ਦੇਸ਼-ਵਿਦੇਸ਼ ਚ ਸਫਲ ਸਮਾਗਮ ਤੇ ਕਮੇਡੀ ਵੀ ਬੜੀ ਸਕਾਰਾਤਮਕ ਰਹੀ ਜੋ ਲੋਕਾਂ ਦੇ ਦਿਲਾਂ ਨੂੰ ਛੂਹਦੀ ਸੀ । ਇਸੇ ਦੌਰਾਨ ਹੀ ਪੰਜਾਬ ਚ ਲੰਘਦੀ ਇਕ ਗੱਡੀ ਨੂੰ 'ਕੈਂਸਰ ਟ੍ਰੇਨ' ਦਾ ਲੇਬਲ ਲੱਗਿਆ । ਜਿੱਥੇ ਪਾਣੀ ਇਨਾਂ ਗੰਧਲਾ ਸੀ ਕਿ ਸਾਥੀਆਂ ਨਾਲ ਮਿਲ ਕੇ ਇਸ ਦਾ ਹੱਲ ਲੱਭਣ ਦੀ ਕੋਸ਼ਿਸ਼ ਕੀਤੀ । ਪਿੰਡ ਦੇ ਲੋਕਾਂ ਦੇ ਦਿਲ-ਮੰਨ ਦੁਖੀ ਸਨ

ਪਰ ਉਹਨਾਂ ਦੇ ਦੁੱਖ ਨੇ ਭਗਵੰਤ ਨਾਮ ਦੇ ਦਿਮਾਗ ਨੂੰ ਧਰੀਜ ਲਿਆ ਤੇ ਕਮੇਡੀ ਸ਼ੇਰ ਇਕ ਤਰਾਂ ਲੋਕ ਹਿੱਤਾਂ ਨਾਲ ਹੁੰਦੇ ਖਿਲਵਾੜ ਕਾਰਨ ਜਖਮੀ ਹੋ ਗਿਆ ।

ਇਹ ਵੀ ਮੰਨਿਆਂ ਗਿਆ ਹੈ ਕਿ ਦੁਨੀਆਂ ਵਿੱਚ ਬਹੁਤੇ ਜਨ-ਅੰਨੋਲਨਾਂ ਵਿੱਚੋਂ ਹੀ ਸਿਆਸਤ/ਰਾਜ ਭਾਗ ਵੱਲ ਰਾਹ-ਰਸਤੇ ਬਣੇ ਹਨ । ਅਜਿਹਾ ਹੀ ਅੰਦੋਲਨ 'ਅੰਨਾ ਹਜਾਰੇ ਦਾ ਰਿਹਾ । ਇਸ਼ ਜਨ-ਅੰਦੋਲਨ ਤੋਂ ਹੀ ਆਮ ਆਦਮੀ ਪਾਰਟੀ ਦੀ ਆਮਦ ਹੋਈ । ਜਿਸ ਦਾ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਹੋਰਾਂ ਨੂੰ ਪ੍ਰਵਾਨਿਆ ਗਿਆ । ਕਦੀ ਵਿਧਾਨ ਸਭਾ ਚੋਣਾਂ ਜਿੱਤਦੇ-ਹਾਰਦੇ ਆਪਰ 'ਦਿੱਲੀ ਮਾਡਲ' ਕਾਰਨ ਸਮੁੱਚੇ ਦੇਸ਼ ਵਿੱਚ ਪ੍ਰਚਾਰ ਪੱਖੋਂ ਕੋਈ ਘਾਟ ਨਾ ਛੱਡੀ । ਰਵਾਇਤੀ ਸਿਸਟਮ, ਰਵਾਇਤੀ ਪਾਰਟੀਆਂ ਤੋਂ ਉਲਟ ਕੁੱਝ ਨਵਾਂ ਕਰਨ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ ।

ਪਹਿਲਾਂ-ਪਹਿਲਾਂ ਪੰਜਾਬ ਵਿਆਚ ਇਸ ਪਾਰਟੀ ਦੀ ਇਨਕਲਾਬੀ ਸੋਚ ਨੂੰ ਲੋਕਾਂ ਸਿਜਦਾ ਇਸ ਕਦਰ ਕੀਤਾ ਕਿ 4 ਲੋਕ ਸਭਾ ਮੈਂਬਰ ਸਮੁੱਚੇ ਦੇਸ਼ ਵਿੱਚੋਂ ਸਿਰਫ ਇਕ ਰਾਜ ਵਿੱਚੋਂ ਹੀ ਚੁਣੇ ਗਏ । 20 ਵਿਧਾਇਕ 2017 ਦੀਆਂ ਚੋਣਾ ਚ ਜੇਤੂ ਰਹੇ । ਅਨੇਕਾਂ ਆਗੂ ਪਾਰਟੀ ਛੱਡ ਗਏ । ਵਿਰੋਧ ਭਾਸ ਵੀ ਪੂਰਾ ਹੋਇਆ । ਪਰ ਕੇਜਰੀਵਾਲ ਤੇ ਉਸ ਦੀ ਟੀਮ ਨੇ ਹਾਰ ਨਾ ਮੰਨੀਂ । ਦੂਜੇ ਪਾਸੇ ਪੰਜਾਬ ਦਾ ਭਗਵੰਤ ਮਾਨ ਦੇਸ਼-ਦੁਨੀਆਂ ਚ ਖਿੱਚ ਦੇ ਕੇਂਦਰ ਬਣ ਗਿਆ । ਉਸ ਦੀਆਂ ਦਲੀਲਾਂ, ਤਰਕ ਨੇ ਲੋਕਾਂ ਨੂੰ ਲਗਾਤਾਰ ਪ੍ਰਭਾਵਿਤ ਕੀਤਾ । ਤਮਾਮ ਹਾਲਾਤਾਂ ਦੇ ਬਾਵਜੂਦ ਆਖਰ ਆਮ ਆਦਮੀ ਦੀ ਸਰਕਾਰ ਬਣਨ ਤੇ ਮੁੱਖ-ਮੰਤਰੀ ਭਗਵੰਤ ਮਾਨ ਹੋਣਗੇ। ਇਸ ਐਲਾਨ ਨੇ ਵੀ ਲੋਕਾਂ ਵਿੱਚ ਹੋਰ ਵੀ ਵਿਸ਼ਵਾਸ਼ ਪੱਕਾ ਕਰ ਦਿੱਤਾ ।

ਆਖਰ 10 ਮਾਰਚ ਨੂੰ 117 ਸੀਟਾਂ ਵਿੱਚੋਂ 92 ਸੀਟਾਂ ਜਿੱਤ ਕੇ ਅੱਜ ਦੀ ਤਰੀਕ ਵਿੱਚ ਭਗਵੰਤ ਰਾਜਨੀਤੀ ਦਾ ਸਾਹ ਸਵਾਰ ਘੋੜਾ ਹੈ । ਜਿਸ ਤੇ ਪੰਜਾਬ ਦੀਆਂ ਆਸਾਂ ਹਨ । ਸਾਡੀਆਂ ਸ਼ੁੱਭ ਇੱਛਾਵਾਂ ਹਨ ਕਿ ਪੰਜਾਬ ਮੁੜ ਤਰੱਕੀ ਦੀਆਂ ਬਰੂਹਾਂ ਨੂੰ ਛੂਹੇ ਤੇ ਸਾਬਤੇ ਕਦਮਾ ਨਾਲ ਅੱਗੇ ਵਧੇ।

**ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ**

ਇਸ ਨੂੰ ਇਤਫਾਕ ਹੀ ਕਿਹਾ ਜਾਵੇਗਾ ਕਿ ਉਭਰਦੇ ਪੰਜਾਬੀ ਗੀਤਕਾਰ ਤੇ ਗਾਇਕ ਨੇ ਆਪਣੀ ਜਿੰਦਗੀ ਤੇ ਢੁੱਕਵਾਂ ਗੀਤ 'ਤੇਰੇ ਯਾਰ ਨੂੰ ਦੱਬਣ ਨੂੰ ਫਿਰਦੇ ਹਨ ਪਰ ਦੱਬਦਾ ਕਿੱਥੇ ਹੈ' ਦਾ ਰਚੇਤਾ ਆਰ। ਨੇਤ । ਇਸ ਤੋਂ ਪਹਿਲਾਂ ਵੀ ਇਸ ਸੰਘਰਸ਼ੀਲ ਗੀਤਕਾਰ ਨੇ 'ਤੇਰਾ ਯਾਰ ਡਿਫਾਲਟਰ ਤਾਂ ਹੋਇਆ ਤਿੰਨ ਯਾਰ ਡਿਫਾਲਟਰ ਟੱਕਰ ਗਏ' ਗਾਇਆ ਸੀ ।

ਪਰ ਸਾਲ 2014 ਵਿੱਚ ਪੰਜਾਬ ਦਾ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਲੋਕ ਸਭਾ ਦੀ ਚੋਣ ਲੜ ਰਹੇ ਸਨ ਤਾਂ ਇਹ ਗੀਤ ਸਭ ਦੀ ਜ਼ੁਬਾਨ ਤੇ ਸੀ ਤੇ ਭਗਵੰਤ ਮਾਨ ਖ਼ੁਦ ਇਸ ਗੀਤ ਦਾ ਕਾਇਲ ਸੀ ਤੇ ਅਕਸਰ ਇਸ ਗੀਤ ਦੀ ਫ਼ਮਾਇਸ਼ ਕਰਦਾ ਸੀ। ਇਸ ਗੀਤ ਬਾਰੇ ਤਾਂ ਇਹੋ ਸ਼ਾਇਦ ਯਾਦ ਕੀਤਾ ਜਾਵੇਗਾ ਕਿ ਜਿਵੇਂ ਹੀਰ ਵਾਰਸ ਕਰਕੇ ਮਸ਼ਹੂਰ ਹੋਈ ਸੀ ਜਾਂ ਵਾਰਸ ਹੀਰ ਕਰਕੇ।

# ਜਾਨਾਂ ਨਿਗਲਦੇ ਸੜਕ ਹਾਦਸੇ ਰੋਕਣ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਲੋੜ

## (ਸਰਕਾਰਾਂ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਉਣ ਅਤੇ ਆਮ ਨਾਗਰਿਕ ਵੀ ਟਰੈਫਿਕ ਨਿਯਮਾਂ ਦੀ ਪੂਰਨ ਪਾਲਣਾ ਕਰਨ)



ਚਾਨਣ ਦੀਪ ਸਿੰਘ ਔਲਖ
9876888177

ਸੰਸਾਰ ਭਰ ਦੇ ਸਾਰੇ ਮੁਲਕ ਤੇਜ਼ੀ ਨਾਲ ਸਮਾਜਿਕ ਅਤੇ ਆਰਥਿਕ ਤੌਰ ਤੇ ਤਰੱਕੀ ਕਰ ਰਹੇ ਹਨ। ਇਸ ਵਿੱਚ ਵੀ ਕੋਈ ਦੋ ਰਾਇ ਨਹੀਂ ਕਿ ਇਸ ਤਰੱਕੀ ਵਿੱਚ ਆਵਾਜਾਈ ਦੇ ਸਾਧਨਾਂ ਨੇ ਬੜਾ ਵੱਡਾ ਯੋਗਦਾਨ ਪਾਇਆ ਹੈ। ਪਰ ਇਸਦੇ ਨਾਲ ਹੀ ਆਵਾਜਾਈ ਦੇ ਸਾਧਨਾਂ ਦੀ ਗਿਣਤੀ ਵਧ ਜਾਣ ਨਾਲ ਆਵਾਜਾਈ ਨਾਲ ਸਬੰਧਤ ਵੱਡੀਆਂ ਸਮੱਸਿਆਵਾਂ ਜਨਮ ਲੈ ਰਹੀਆਂ ਹਨ। ਆਵਾਜਾਈ ਦੇ ਸਾਧਨ ਵੱਧਣ ਕਰਕੇ ਨਿਤ ਦਿਨ ਸੜਕ ਦੁਰਘਟਨਾਵਾਂ ਵਧ ਰਹੀਆਂ ਹਨ। ਰੋਜ਼ ਹੀ ਅਖ਼ਬਾਰਾਂ, ਨਿਊਜ਼ ਚੈਨਲਾਂ ਅਤੇ ਸੋਸ਼ਲ ਮੀਡੀਆ ਸਮੇਤ ਹੋਰ ਸੰਚਾਰ ਸਾਧਨਾਂ ਰਾਹੀਂ ਭਿਆਨਕ ਸੜਕ ਹਾਦਸਿਆਂ ਦੀਆਂ ਖਬਰਾਂ, ਤਸਵੀਰਾਂ ਅਤੇ ਵੀਡੀਓ ਦੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਨੂੰ ਪੜ੍ਹ-ਸੁਣ-ਦੇਖ ਕੇ ਮਨ ਬੜਾ ਦੁੱਖੀ ਹੁੰਦਾ ਹੈ। ਇਸ ਤਰ੍ਹਾਂ ਦੇ ਸੜਕ ਹਾਦਸੇ ਹਰ ਸਾਲ ਕਿੰਨੇ ਹੀ ਲੋਕਾਂ ਦੀ ਮੌਤ ਦਾ ਕਾਰਨ ਬਣਦੇ ਹਨ। ਇਨਾਂ ਸੜਕ ਹਾਦਸਿਆਂ ਵਿੱਚ ਅਸੀਂ ਅਨੇਕਾਂ ਹੀ ਨਾਮੀ ਸ਼ਖ਼ਸੀਅਤਾਂ, ਨੇਤਾ , ਫਿਲਮ ਹਸਤੀਆਂ, ਡਾਕਟਰ, ਮਸ਼ਹੂਰ ਕਲਾਕਾਰ ਗੁਆ ਚੁੱਕੇ ਹਾਂ। ਬਹੁਤ ਸਾਰੇ ਹਾਦਸਿਆਂ ਵਿੱਚ ਤਾਂ ਪੂਰੇ ਦੇ ਪੂਰੇ ਪਰਿਵਾਰ ਖ਼ਤਮ ਹੋ ਜਾਂਦੇ ਹਨ। ਹਰ ਕੋਈ ਹੀ ਆਪਣੇ ਪਰਿਵਾਰ ਲਈ ਅਣਮੋਲ ਹੁੰਦਾ ਹੈ ਜੇਕਰ ਪਰਿਵਾਰ ਦਾ ਇੱਕ ਜੀਅ ਦੀ ਬੇਵਕਤ ਮੌਤ ਹੋ ਜਾਂਦੀ ਹੈ ਤਾਂ ਬਾਕੀ ਪਰਿਵਾਰ ਨੂੰ ਸਾਰੀ ਉਮਰ ਮਾਨਸਿਕ ਤੇ ਆਰਥਿਕ ਸੰਤਾਪ ਹੰਢਾਉਂਣਾ ਪੈਂਦਾ ਹੈ। ਮੌਤ ਹੋਣ ਤੋਂ ਇਲਾਵਾ ਬਹੁਤ ਸਾਰੇ ਹਾਦਸਿਆਂ ਵਿੱਚ ਲੋਕ ਭਿਆਨਕ ਰੂਪ ਵਿੱਚ ਜ਼ਖ਼ਮੀ ਹੋ ਜਾਂਦੇ ਹਨ ਅਤੇ ਕਈ ਵਾਰ ਤਾਂ ਸਰੀਰਕ ਤੌਰ ਤੇ ਅਪਾਹਜ ਹੋ ਜਾਂਦੇ ਹਨ ਅਤੇ ਸਾਰੀ ਉਮਰ ਲਈ ਆਪਣੇ ਪਰਿਵਾਰ ਉਪਰ ਬੋਝ ਬਣ ਜਾਂਦੇ ਹਨ। ਜੇਕਰ ਘਰ ਦੇ ਇੱਕੋ-ਇੱਕ ਕਮਾਊ ਮੈਂਬਰ ਨਾਲ ਇਸ ਤਰ੍ਹਾਂ ਦੀ ਦੁਰਘਟਨਾ ਵਾਪਰ ਜਾਵੇ ਤਾਂ ਉਸ 'ਤੇ ਨਿਰਭਰ ਬਾਕੀ ਜੀਆਂ ਦੀ ਜ਼ਿੰਦਗੀ ਤਬਾਹੀ ਦੇ ਕੰਢੇ ਤੇ ਆ ਜਾਂਦੀ ਹੈ। ਅਕਸਰ ਹੀ ਇਸ ਤਰ੍ਹਾਂ ਦੀਆਂ ਦੁਰਘਟਨਾਵਾਂ ਨੂੰ ਕੁਦਰਤ ਦੀ ਕਰੋਪੀ ਜਾਂ ਰੱਬ ਦਾ ਭਾਣਾ ਕਹਿ ਦਿੱਤਾ ਜਾਂਦਾ ਹੈ। ਪਰ ਇਨ੍ਹਾਂ ਦੁਰਘਟਨਾਵਾਂ ਦਾ ਕਾਰਨ ਹਰ ਵਾਰ ਮਨੁੱਖੀ ਗਲਤੀਆਂ ਹੀ ਹੁੰਦੀਆਂ ਹਨ। ਬੇਲੋੜੀ ਤੇ ਤੇਜ਼ ਰਫ਼ਤਾਰ, ਟਰੈਫਿਕ ਨਿਯਮਾਂ ਦੀ ਉਲੰਘਣਾ, ਸ਼ਰਾਬ ਪੀ ਕੇ ਗੱਡੀ ਚਲਾਉਣਾ, ਮੋਬਾਈਲ ਫੋਨ ਦੀ ਵਰਤੋਂ, ਸੀਟ ਬੈਲਟ ਨਾ ਲਾਉਣਾ, ਹੈਲਮਟ ਨਾ ਪਹਿਨਣਾ, ਆਵਾਰਾ ਪਸ਼ੂਆਂ ਨਾਲ ਟੱਕਰ ਆਦਿ ਕਾਰਨ ਆਮ ਤੌਰ ਤੇ ਇਨ੍ਹਾਂ ਹਾਦਸਿਆਂ ਦੀ ਵਜ੍ਹਾ ਬਣਦੇ ਹਨ। ਸਾਡੇ ਦੇਸ਼ ਵਿੱਚ ਟਰੈਫਿਕ ਨਿਯਮਾਂ ਦੀ ਸਖਤੀ ਨਾ ਹੋਣਾ, ਡਰਾਇਵਿੰਗ ਲਾਇਸੈਂਸ ਬਣਾਉਣ ਤੋਂ ਪਹਿਲਾਂ ਪੂਰੀ ਟ੍ਰੇਨਿੰਗ ਨਾ ਲੈਣਾ, ਡਰਾਇਵਿੰਗ ਟੈਸਟਿੰਗ ਵਿੱਚ ਰਿਸ਼ਵਤਖੋਰੀ ਅਤੇ ਸਿਫਾਰਸ਼ਬਾਜੀ ਵੀ ਇਸ ਲਈ ਜ਼ਿੰਮੇਵਾਰ ਹਨ। ਰੋਕ ਟੋਕ ਨਾ ਹੋਣ ਕਾਰਨ ਛੋਟੀ ਉਮਰ ਦੇ ਬੱਚੇ ਜਿਨ੍ਹਾਂ ਕੋਲ ਡਰਾਇਵਿੰਗ ਲਾਇਸੈਂਸ ਵੀ ਨਹੀਂ ਹੁੰਦਾ, ਸੜਕਾਂ ਅਤੇ ਬਾਜ਼ਾਰਾਂ ਵਿੱਚ ਸਕੂਟਰੀਆਂ ਅਤੇ ਇਥੋਂ ਤੱਕ ਕਿ ਕਾਰਾਂ ਚਲਾਉਂਦੇ ਆਮ ਦਿ-ਖਾਈ ਦਿੰਦੇ ਹਨ। ਇਸ ਤਰ੍ਹਾਂ ਦੇ ਅਸਿਖਿਅਤ ਬੱਚੇ ਇਨ੍ਹਾਂ ਵਾਹਨਾਂ ਨੂੰ ਬਹੁਤ ਤੇਜ਼ ਰਫ਼ਤਾਰ ਤੇ ਚਲਾਉਂਦੇ ਹਨ ਅਤੇ ਅਕਸਰ ਹਾਦਸਾਗ੍ਰਸਤ ਹੋ ਜਾਂਦੇ ਹਨ।

ਨਿਯਮਾਂ ਸਬੰਧੀ ਸਖ਼ਤੀ ਨਾ ਹੋਣ ਦੇ ਨਾਲ ਨਾਲ ਸਾਡੇ ਦੇਸ਼ ਵਿੱਚ ਡਰਾਇਵਿੰਗ ਲਾਇਸੈਂਸ ਬਣਾਉਣ ਦੀ ਪ੍ਰਕਿਰਿਆ ਵੀ ਬਹੁਤ ਸਾਰੀਆਂ ਖਾਮੀਆਂ ਹਨ ਅਕਸਰ ਹੀ ਦੇਖਣ ਨੂੰ ਮਿਲਦਾ ਹੈ ਕਿ ਰਿਸ਼ਵਤ ਜਾਂ ਸਿਫਾਰਸ਼ ਨਾਲ ਬਿਨਾਂ ਡਰਾਇਵਿੰਗ ਟੈਸਟ ਲਏ ਡਰਾਇਵਿੰਗ ਲਾਇਸੈਂਸ ਜਾਰੀ ਕਰ ਦਿੱਤਾ ਜਾਂਦਾ ਹੈ। ਟਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਲਈ ਵੀ ਵਿਸ਼ੇਸ਼ ਉਪਰਾਲੇ ਨਹੀਂ ਕੀਤਾ ਜਾਂਦੈ। ਅਸੀਂ ਬਿਨਾਂ ਡਰਾਇਵਿੰਗ ਲਾਇਸੈਂਸ ਅਤੇ ਹੋਰ ਦਸਤਾਵੇਜ਼ਾਂ ਦੇ ਗੱਡੀਆਂ ਚਲਾ ਰਹੇ ਲੋਕਾਂ ਨੂੰ ਆਮ ਵੇਖਦੇ ਹਾਂ। ਲੋਕਾਂ ਵੱਲੋਂ ਐਕ-ਸੀਡੈਂਟਲ ਬੀਮਾ ਬਹੁਤ ਘੱਟ ਕਰਵਾਇਆ ਜਾਂਦਾ ਹੈ। ਬਿਨਾਂ ਕਿਸੇ ਐਮਰਜੈਂਸੀ ਦੇ ਲੋਕ ਇਕ ਦੂਜੇ ਤੋਂ ਕਾਹਲੀ ਕਰਦੇ ਤੇਜ਼ ਰਫ਼ਤਾਰ ਨਾਲ ਵਾਹਨ ਚਲਾਉਂਦੇ ਹਨ ਅਤੇ ਗਲਤ ਓਵਰਟੇਕ ਕਰਦੇ ਹਨ। ਆਪਣੀ ਸੁਰੱਖਿਆ ਲਈ ਨਹੀਂ ਸਗੋਂ ਮਾਤਰ ਚਲਾਨ ਤੋਂ ਬਚਾਅ ਲਈ ਕੁਝ ਖਾਸ ਥਾਵਾਂ ਤੇ ਹੀ ਹੈਲਮਟ ਅਤੇ ਸੀਟ ਬੈਲਟ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਇਨਾਂ ਸੜਕ ਹਾਦਸਿਆਂ ਨੂੰ ਰੋਕਣ ਲਈ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਲੋਕਾਂ ਨੂੰ ਟਰੈਫਿਕ ਨਿਯਮਾਂ ਦੀ ਸਹੀ ਪਾਲਣਾ ਕਰਨ ਲਈ ਵੱਡੀ ਪੱਧਰ ਤੇ ਜਾਗਰੂਕ ਕਰਨ ਦੀ ਜ਼ਰੂਰਤ ਹੈ। ਡਰਾਇਵਿੰਗ ਲਾਇਸੈਂਸ ਬਣਾਉਣ ਸਮੇਂ ਚਲ ਰਹੀ ਰਿਸ਼ਵਤਖੋਰੀ ਨੂੰ ਬੰਦ ਕਰਨਾ ਚਾਹੀਦਾ ਹੈ ਅਤੇ ਸਹੀ ਤਰੀਕੇ ਨਾਲ ਟ੍ਰੇਨਿੰਗ ਅਤੇ ਡਰਾਇਵਿੰਗ ਟੈਸਟ ਹੋਣਾ ਸੁਨਿਸ਼ਚਿਤ ਕਰਨਾ ਚਾਹੀਦਾ ਹੈ। ਦੁਰਘਟਨਾ ਬੀਮਾ ਸਕੀਮਾਂ ਨੂੰ ਵੀ ਸੁਖਾਲਾ ਅਤੇ ਸਸਤਾ ਕਰਨਾ ਚਾਹੀਦਾ ਹੈ। ਟੁਟੀਆਂ ਸੜਕਾਂ ਦੀ ਸਮੇਂ ਸਿਰ ਮੁਰੰਮਤ ਅਤੇ ਸੜਕਾਂ ਤੇ ਹਾਦਸਿਆਂ ਦਾ ਕਾਰਨ ਬਣਦੇ ਆਵਾਰਾ ਪਸ਼ੂਆਂ ਦਾ ਹੱਲ ਵੀ ਕਰਨਾ ਚਾਹੀਦਾ ਹੈ। ਇਥੇ ਕੇਵਲ ਸਰਕਾਰ ਹੀ ਨਹੀਂ ਆਮ ਨਾਗਰਿਕਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਨ੍ਹਾਂ ਦੁਰਘਟਨਾਵਾਂ ਦੇ ਵਾਪਰ ਜਾਣ ਤੋਂ ਪਿੱਛੋਂ ਪਛਤਾਉਂਣ ਦੀ ਥਾਂ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ। ਮਾਪੇ ਨਾਬਾਲਗ ਬੱਚਿਆਂ ਨੂੰ ਬਿਨਾਂ ਕਿਸੇ ਸਿਖਲਾਈ ਤੋਂ ਸਿੱਧਾ ਸੜਕ ਤੇ ਵਾਹਨ ਚਲਾਉਣ ਦੀ ਆਗਿਆ ਨਾ ਦੇਣ, ਸਕੂਲ ਪ੍ਰਬੰਧਕ ਤੇ ਟ੍ਰੈਫਿਕ ਪੁਲਿਸ ਟ੍ਰੈਫਿਕ ਨਿਯਮਾਂ ਦੀ ਪਾਲਣਾ ਲਈ ਜਾਗਰੂਕਤਾ ਕੈਂਪ ਲਾਉਣ। ਸੜਕ ਹਾਦਸਿਆਂ ਨੂੰ ਰੋਕਣ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਬਹੁਤ ਲੋੜ ਹੈ। ਜੇਕਰ ਸਰਕਾਰਾਂ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਣ ਅਤੇ ਆਮ ਨਾਗਰਿਕ ਟਰੈਫਿਕ ਨਿਯਮਾਂ ਦੀ ਪੂਰਨ ਪਾਲਣਾ ਕਰਨ ਤਾਂ ਇਨ੍ਹਾਂ ਹਾਦਸਿਆਂ ਨੂੰ ਘਟਾਇਆ ਜਾ ਸਕਦਾ ਹੈ ਅਤੇ ਹਜ਼ਾਰਾਂ ਕੀਮਤੀ ਜਾਨਾਂ ਨੂੰ ਬਚਾ ਕੇ ਸੈਂਕੜੇ ਪਰਿਵਾਰਾਂ ਨੂੰ ਤਬਾਹ ਹੋਣ ਤੋਂ ਬਚਾਇਆ ਜਾ ਸਕਦਾ ਹੈ।

# ਸੰਦੀਪ ਨੰਗਲ ਬਾਰੇ ਮੇਰੇ ਉਪਰ ਦੋਸ਼ ਝੂਠੇ-ਸਨੋਵਰ

**ਜਲੰਧਰ-** ਮਸ਼ਹੂਰ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕਤਲ ਕੇਸ ਵਿਚ ਪੰਜਾਬ ਪੁਲਿਸ ਵਲੋਂ ਨਾਮਜ਼ਦ ਕੀਤੇ ਗਏ ਕੈਨੇਡਾ ਵਾਸੀ ਸਨੋਵਰ ਢਿੱਲੋ ਨੇ ਆਪਣੇ ਆਪ 'ਤੇ ਲੱਗੇ ਇਲਜ਼ਾਮਾਂ ਨੂੰ ਝੂਠ ਦਾ ਪੁਲੰਦਾ ਦੱਸਿਆ । ਉਨ੍ਹਾਂ ਕਿਹਾ ਕਿ ਸੰਦੀਪ ਦੇ ਕਤਲ ਵਿਚ ਉਨ੍ਹਾਂ ਦਾ ਸਿੱਧੇ ਅਤੇ ਅਸਿੱਧੇ ਤੌਰ 'ਤੇ ਕੋਈ ਸਬੰਧ ਨਹੀਂ ਹੈ । ਨਾ ਹੀ ਕਿਸੇ ਗੈਂਗਸਟਰ ਜਾਂ ਕਿਸੇ ਹਿੰਸਕ ਗਰੁੱਪ ਨਾਲ ਉਨ੍ਹਾਂ ਦਾ ਕੋਈ ਮੇਲ ਜੋਲ ਹੈ।

ਸਨੋਵਰ ਦਾ ਕਹਿਣਾ ਹੈ ਕਿ ਉਹ ਕੈਨੇਡਾ ਵਿਚ ਸਿਰਫ ਇਕ ਸਪੋਰਟਸ ਕਲੱਬ ਚਲਾਉਂਦੇ ਹਨ । ਕਿਸੇ ਤਰ੍ਹਾਂ ਦੀ ਫੈਡਰੇਸ਼ਨ ਉਨ੍ਹਾਂ ਵਲੋਂ ਅੱਡ ਤੌਰ 'ਤੇ ਨਹੀਂ ਬਣਾਈ ਗਈ ਹੈ । ਸੰਦੀਪ ਦੇ ਕਤਲ 'ਤੇ ਅਫਸੋਸ ਜ਼ਾਹਿਰ ਕਰਦਿਆਂ ਹੋਇਆਂ ਇਸ ਕਤਲ ਕਾਂਡ ਦੀ ਨਿਖੇਧੀ ਕੀਤੀ । ਪੰਜਾਬ ਪੁਲਿਸ ਵਲੋਂ ਉਨ੍ਹਾਂ ਦਾ ਨਾਂ ਨਾਮਜ਼ਦ ਕੀਤੇ ਜਾਣ 'ਤੇ ਸਨੋਵਰ ਦਾ ਕਹਿਣਾ ਹੈ ਕਿ ਸਾਜਿਸ਼ ਤਹਿਤ ਉਨ੍ਹਾਂ ਦਾ ਨਾਂ ਇਸ ਕਤਲਕਾਂਡ ਵਿਚ ਜੋੜਿਆ ਗਿਆ ਹੈ। ਉਨ੍ਹਾਂ ਦੇ ਵਕੀਲ ਇਸ ਮਾਮਲੇ ਦੀ ਤਹਿ ਤੱਕ ਜਾਣਗੇ । ਅਦਾਲਤ ਵਿਚ ਇਸ ਬਾਬਤ ਆਪਣਾ ਪੱਖ ਰੱਖਿਆ ਜਾਵੇਗਾ । ਸਨੋਵਰ ਦਾ ਕਹਿਣਾ ਹੈ ਕਿ ਉਹ ਆਪ ਇਹ ਜਾਣਨਾ ਚਾਹੁੰਦੇ ਹਨ ਕਿ ਕਿਸ ਦੇ ਕਹਿਣ 'ਤੇ ਉਨ੍ਹਾਂ ਦਾ ਨਾਂ ਇਸ ਵਿਚ ਸ਼ਾਮਿਲ ਕੀਤਾ ਹੈ।ਸੰਗਰੂਰ ਜੇਲ੍ਹ ਤੋਂ ਲਿਆਉਂਦੇ ਗੈਂਗਸਟਰ ਫਤਿਹ ਵਲੋਂ ਉਨ੍ਹਾਂ ਦਾ ਹੀ ਨਾਂ ਲਏ ਜਾਣ ਦੇ ਸਵਾਲ 'ਤੇ ਸਨੋਵਰ ਨੇ ਕਿਹਾ ਕਿ ਇਹ ਇਕ ਸਾਜਿਸ਼ ਹੈ । ਕਿਸੇ ਦੇ ਇਸ਼ਾਰਿਆਂ 'ਤੇ ਹੀ ਗੈਂਗਸਟਰ ਵਲੋਂ ਜਾਨ ਬੁੱਝ ਕੇ ਉਨ੍ਹਾਂ ਦਾ ਨਾਂ ਲਿਆ ਗਿਆ ਹੈ । ਸਨੋਵਰ ਢਿੱਲੋਂ ਦਾ ਕਹਿਣਾ ਹੈ ਕਿ ਉਹ ਲੰਮੇ ਸਮੇਂ ਤੋਂ ਮੀਡੀਆ ਨਾਲ ਜੁੜੇ ਹੋਏ ਹਨ । ਉਨ੍ਹਾਂ ਵਲੋਂ ਕੀਤੇ ਗਏ ਸਮਾਜ ਸੁਧਾਰ ਦੇ ਕੰਮਾਂ ਕਾਰਣ ਵੀ ਕਈ ਲੋਕਾਂ ਨਾਲ ਰੰਜਿਸ਼ ਕਰਦੇ ਹਨ । ਸਨੋਵਰ ਨੇ ਭਾਰਤੀ ਕਾਨੂੰਨ 'ਤੇ ਭਰਪੂਰ ਵਿਸ਼ਵਾਸ ਜਤਾਇਆ ਗਿਆ ਹੈ।

# ਕਿਵੇਂ ਕਰੀਏ ਪ੍ਰੀਖਿਆਵਾਂ ਦੀ ਤਿਆਰੀ?

## (ਆਓ ਜਾਣੀਏ ਪ੍ਰੀਖਿਆਵਾਂ ’ਚ ਚੰਗੇ ਅੰਕ ਪ੍ਰਾਪਤ ਕਰਨ ਦੇ ਪ੍ਰਭਾਵਸ਼ਾਲੀ ਨੁਕਤੇ)



ਪ੍ਰਮੋਦ ਧੀਰ
91- 98550-31081

ਪ੍ਰੀਖਿਆਵਾਂ ਦਾ ਸਮਾਂ ਦਿਨੋਂ ਦਿਨ ਨਜ਼ਦੀਕ ਆਉਂਦਾ ਜਾ ਰਿਹਾ ਹੈ ’ਤੇ ਅਜਿਹੇ ਵਿੱਚ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪ੍ਰਤੀ ਜਾਗਰੂਕਤਾ ਲਿਆਉਣ ਦੀ ਲੋੜ ਹੈ ਤਾਂ ਕਿ ਚੰਗੇ ਅੰਕ ਪ੍ਰਾਪਤ ਕਰਕੇ ਸਾਲ ਭਰ ਦੀ ਮਿਹਨਤ ਦਾ ਮੁੱਲ ਪਾਇਆ ਜਾ ਸਕੇ। ਜੇਕਰ ਵਿਦਿਆਰਥੀ ਹਾਲੇ ਤੱਕ ਵੀ ਆਪਣੀ ਪੜ੍ਹਾਈ ਪ੍ਰਤੀ ਜਾਗਰੂਕ ਨਹੀਂ ਹੋਏ ਤਾਂ ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਪੜ੍ਹਾਈ-ਲਿਖਾਈ ’ਚ ਦਿਲ ਨਾਂ ਲੱਗਣਾ,ਜੋ ਪੜ੍ਹਿਆ ਹੈ ਉਹ ਸਮਝ ਨਾ ਆਉਣਾ, ਕਿਵੇਂ ਪੜ੍ਹੀਏ ਜਾਂ ਕਿੱਥੋਂ ਸ਼ੁਰੂਆਤ ਕਰੀਏ ਇਸ ਬਾਰੇ ਪਤਾ ਕਰਨਾ,ਪੜ੍ਹਾਈ ਤੋਂ ਪਾਸਾ ਵੱਟਣਾ ਤੇ ਝੂਠੀ ਘਬਰਾਹਟ ਦਾ ਸਹਾਰਾ ਲੈਣਾ, ਇਹ ਗੱਲਾਂ ਅਕਸਰ ਇੱਕ ਵਿਦਿਆਰਥੀ ਦੀ ਜਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਇਹਨਾਂ ਗਲਾਂ ਤੋਂ ਬਚਣ ਲਈ ਸਭ ਤੋਂ ਪਹਿਲਾ ਕੰਮ ਹੈ ਕਦੇ ਪੜ੍ਹਾਈ ਨੂੰ ਬੋਜ ਨਾ ਮੰਨੋ। ਪੜ੍ਹਾਈ ਨੂੰ ਆਪਣੇ ਜੀਵਨ ਦਾ ਰੋਚਕ ਤੇ ਦਿਲਚਸਪ ਵਿਸ਼ਾ ਬਣਾਉ। ਪੜ੍ਹਨ ਨੂੰ ਆਪਣਾ ਸ਼ੌਂਕ ਬਣਾਉ। ਜੋ ਵਿਦਿਆਰਥੀ ਸ਼ੌਂਕ ’ਤੇ ਦਿਲਚਸਪੀ ਨਾਲ ਪੜ੍ਹਾਈ ਕਰਦੇ ਹਨ ਉਹ ਜਿੰਦਗੀ ’ਚ ਹਮੇਸ਼ਾ ਕਾਮਯਾਬੀ ਹਾਸਲ ਕਰਦੇ ਹਨ। ਆਮ ਵੇਖਿਆ ਹੈ ਕਿ ਬੱਚਿਆਂ ਵਿੱਚ ਪੇਪਰਾਂ ਸਬੰਧੀ ਬਹੁਤ ਡਰ ਵਾਲਾ





ਮਾਹੌਲ ਹੁੰਦਾ ਹੈ ਖਾਸ ਕਰਕੇ ਬੋਰਡ ਦੇ ਪੇਪਰਾਂ ਸਬੰਧੀ, ਪਰ ਡਰ ਨਾਲ ਤਾਂ ਕੋਈ ਮਸਲਾ ਹੱਲ ਨਹੀਂ ਹੁੰਦਾ । ਸੋ ਚਾਹੀਦਾ ਇਹ ਹੈ ਕਿ ਡਰ ਛੱਡ ਕੇ, ਮਨ ਲਗਾ ਕੇ ਪੂਰੀ ਤਰਾਂ ਪੇਪਰਾਂ ਦੀ ਤਿਆਰੀ ਵਿੱਚ ਜੁਟ ਜਾਈਏ ਅਤੇ ਚੰਗੇ ਨੰਬਰ ਲੈ ਕੇ ਪਾਸ ਹੋਈਏ। ਪ੍ਰੀਖਿਆ ਦੀ ਤਿਆਰੀ ਲਈ ਸਭ ਤੋਂ ਜਰੂਰੀ ਕੰਮ ਹੈ ਟਾਈਮ ਟੇਬਲ ਬਣਾਉਣਾ। ਟਾਈਮ ਟੇਬਲ ਦੇ ਅਨੁਸਾਰ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਕਿ ਹਰੇਕ ਵਿਸ਼ੇ ਨੂੰ ਬਰਾਬਰ ਤਰਜੀਹ ਦਿੱਤੀ ਜਾ ਸਕੇ। ਇਸ ਨੂੰ ਬਣਾਉਣ ਲਈ ਹੇਠਾਂ ਦਿੱਤੇ ਜਾ ਰਹੇ ਬਿੰਦੂਆਂ ਨੂੰ ਧਿਆਨ ਵਿੱਚ ਰੱਖੋ।

**ਆਪਣੇ ਰੋਜ਼ਾਨਾ ਦੇ ਰੁਟੀਨ ਤੇ ਇੱਕ ਦਿਨ ਦਾ ਸਰਵੇ ਕਰੋ:-** ਇਸ ਦਾ ਮਤਲਬ ਹੈ ਕਿ ਪਹਿਲਾਂ ਤੁਸੀ ਆਪਣੇ ਰੋਜ਼ਾਨਾ ਦੇ ਕੰਮਾਂ ’ਤੇ ਨਰੀਖਣ ਕਰੋ ਤੇ ਪਤਾ ਕਰੋ ਕਿ ਤੁਸੀਂ ਕਿਹੜੇ ਕੰਮ ਕਰਦੇ ਹੋ ਜੋ ਮਹੱਤਵਪੂਰਨ ਹਨ ਤੇ ਮਹੱਤਵਪੂਰਨ ਨਹੀਂ ਹਨ,ਉਨ੍ਹਾਂ ਦੀ ਇੱਕ ਸੂਚੀ ਬਣਾਉ ਅਤੇ ਦਿਨ ਦੇ ਅੰਤਰ ਤੱਕ ਮਹੱਤਵਪੂਰਨ ਕੰਮਾਂ ਤੇ ਟਿਕ (D) ਲਗਾਓ ਤੇ ਜੋ ਕੰਮ ਮਹੱਤਵਪੂਰਨ ਨਹੀਂ ਸਨ ਤੁਹਾਡੇ ਵੱਲੋਂ ਕੀਤੇ ਗਏ ਉਨ੍ਹਾਂ ਕੰਮਾਂ ਸਾਹਮਣੇ ਕਰਾਸ (×) ਦਾ ਨਿਸ਼ਾਨ ਲਗਾਉ। ਅਜਿਹੇ ਕੰਮਾਂ ਨੂੰ ਕਰਨ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਆਪਣੇ ਕਿਸ ਸਮੇਂ ਨੂੰ ਵਿਅਰਥ ਵਿੱਚ ਖਰਚ ਕੀਤਾ ਹੈ ਅਤੇ ਕਿਸ ਸਮੇਂ ਨੂੰ ਸਹੀ ਵਰਤਿਆ ਹੈ, ਦੁਆਰਾ ਸਮਾਂ ਵਿਅਰਥ ਕਰਨ ਤੋਂ ਬਚੋ। ਹੁਣ ਤੁਸੀਂ ਉਨ੍ਹਾਂ ਵਿਸ਼ਿਆਂ ਦੀ ਮੁੜ ਸੂਚੀ ਬਣਾਓ ਜੋ ਤੁਹਾਡੇ ਲਈ ਅਤੇ ਤੁਹਾਡੀ ਪੜ੍ਹਾਈ ਲਈ ਮਹੱਤਵਪੂਰਨ ਹਨ।

**ਆਪਣੇ ਅਧਿਐਨ ਲਈ ਕਮਜ਼ੋਰ ਤੇ ਸ਼ਕਤੀਸ਼ਾਲੀ ਵਿਸ਼ੇ ਚੁਣੋ:-** ਇਸ ਗੱਲ ਨੂੰ ਹਰ ਵਿਦਿਆਰਥੀ ਚੰਗੀ ਤਰਾਂ ਸਮਝ ਸਕਦਾ ਹੈ ਕਿ ਉਹ ਹਰ ਵਿਸ਼ੇ ਵਿਚ ਕਮਜ਼ੋਰ ਨਹੀਂ ਹੁੰਦਾ। ਜੋ ਵਿਸ਼ੇ ਕਮਜ਼ੋਰ ਹਨ ਜਾਂ ਜਿਨ੍ਹਾਂ ਵਿਸ਼ਿਆਂ ਨੂੰ ਤੁਹਾਡੀ ਮਿਹਨਤ ਦੀ ਸਖਤ ਲੋੜ ਹੈ ਉਹਨਾਂ ਨੂੰ ਆਪਣੇ ਮਹੱਤਵਪੂਰਨ ਬਿੰਦੂਆਂ ਤੇ ਸਿਖਰ ਤੇ ਰੱਖੋ ਤੇ ਵੱਧ ਸਮਾਂ ਦਿਉ, ਜਿੰਨਾਂ ਤੇ ਤੁਹਾਡੀ ਪਕੜ ਚੰਗੀ ਹੁੰਦੀ ਹੈ ਉਨ੍ਹਾਂ ਦਾ ਵੀ ਅਧਿਐਨ ਕਰਨਾ ਨਾਂ ਭੁੱਲੋ। ਸਾਰੇ ਵਿਸ਼ਿਆਂ ਨੂੰ ਬਰਾਬਰ ਮਹੱਤਤਾ ਦਿਉ।

**ਸੁਚੱਜੀ ਪੜ੍ਹਾਈ ਲਈ ਬਣਾਓ ਟਾਈਮ ਟੇਬਲ:-** ਹੁਣ ਲੋੜ ਹੈ ਤੁਹਾਨੂੰ ਟਾਈਮ ਟੇਬਲ ਦੀ ਚੋਣ ਕਰਨ ਦੀ, ਸਵੇਰੇ ਤੁਹਾਡੇ ਜਾਗਣ ਤੋਂ ਬਾਅਦ ਦੇ ਰੋਜ਼ਾਨਾ ਕੀਤੇ ਜਾ ਰਹੇ ਕੰਮਾਂ ਨੂੰ ਇਸ ਸੂਚੀ ਵਿਚ ਪਾਓ ਤੇ ਹਰ ਵਿਸ਼ੇ ਨੂੰ ਜ਼ਿਆਦਾ ਲੰਮੇ ਸਮੇਂ ਤੱਕ ਨਾਂ ਰੱਖੋ ਕਿਉਂਕਿ ਕਿਸੇ ਵਿਸ਼ੇ ਨੂੰ ਲਗਾਤਾਰ ਲੰਮੇ ਸਮੇਂ ਤੱਕ ਪੜ੍ਹਦੇ ਰਹਿਣ ਦੀ ਵਜ੍ਹਾ ਨਾਲ ਤੁਹਾਡਾ ਦਿਮਾਗ ਤਨਾਅ ਗ੍ਰਸਤ ਹੋ ਸਕਦਾ ਹੈ। ਇਸ ਲਈ ਪੜ੍ਹਾਈ ਦੇ ਵਿਸ਼ਿਆਂ ਨੂੰ ਸੂਚੀ ਵਿੱਚ 40 ਤੋਂ 50 ਮਿੰਟ ਤੱਕ ਦਾ ਹੀ ਸਮਾਂ ਦਿਓ।

**ਬ੍ਰੇਕ ਟਾਈਮ ਦੀ ਚੋਣ ਕਰੋ:** ਹਰੇਕ 40-50 ਮਿੰਟ ਦੇ ਫਰਕ ਤੋਂ ਬਾਅਦ 5 ਤੋਂ 10 ਮਿੰਟ ਤੱਕ ਦੀ ਬ੍ਰੇਕ ਦਿਓ। ਇਸਦੀ ਵਜਾ ਨਾਲ ਤੁਸੀਂ ਖੁਦ ਨੂੰ ਮੁੜ ਤਰੋ ਤਾਜ਼ਾ ਜਾਂ ਹਲਕਾ ਮਹਿਸੂਸ ਕਰ ਸਕਦੇ ਹੋ। ਇਸੇ ਦੌਰਾਨ ਜੇਕਰ ਜ਼ਿਆਦਾ ਥਕਾਵਟ ਮਹਿਸੂਸ ਕਰਦੇ ਹੋ ਤਾਂ ਟੀ.ਵੀ ਆਦਿ ਦੇਖ ਸਕਦੇ ਹੋ, ਗਾਣਾ ਸੁਣ ਕੇ ਡਾਂਸ ਕਰ ਸਕਦੇ ਹੋ,ਤੁਸੀ ਖੁਦ ਲਈ ਚਾਹ ਜਾਂ ਕੌਫ਼ੀ ਤਿਆਰ ਕਰ ਸਕਦੇ ਹੋ। ਪੜ੍ਹਨ ਦੇ ਨਾਲ ਨਾਲ ਤੁਹਾਡੇ ਟਾਈਮ ਟੇਬਲ ਵਿੱਚ ਬ੍ਰੇਕ ਟਾਈਮ ਦਾ ਹੋਣਾ ਬਹੁਤ ਜਰੂਰੀ ਹੈ।

**ਅੱਜ ਹੀ ਚੰਗੇ ਟਾਈਮ ਟੇਬਲ ’ਤੇ ਨਿਰਭਰ ਹੋਵੋ:-** ਤੁਹਾਡਾ ਟਾਈਮ ਟੇਬਲ ਪੂਰੀ ਤਰ੍ਹਾਂ ਤਿਆਰ ਹੋ ਜਾਣ ਤੋਂ ਬਾਅਦ ਹੁਣ ਤੁਹਾਨੂੰ ਲੋੜ ਹੁੰਦੀ ਹੈ ਆਪਣੇ ਕੰਮਾਂ ਨੂੰ ਟਾਈਮ ਟੇਬਲ ਦੇ ਅਨੁਸਾਰ ਕਰਨ ਦੀ। ਸੂਚੀ ਵਿਚ ਦਿੱਤੇ ਗਏ ਸਮੇਂ ਦੇ ਨਾਲ ਹੀ ਉਚਿਤ ਕੰਮ ਕਰਨ ਲਈ ਆਪਣੇ ਆਪ ਨੂੰ ਮਜਬੂਤ ਬਣਾਓ ਤੇ ਬਣਾਏ ਟਾਈਮ ਟੇਬਲ ਦਾ ਪਾਲਣ ਸੁਚਾਰੂ ਢੰਗ ਨਾਲ ਕਰੋ। ਆਪਣੇ ਆਲਸ ਨੂੰ ਤਿਆਗੋ ਅਤੇ ਕੰਮ ਨੂੰ ਤੁਰੰਤ ਕਰਨ ਦੀ ਆਦਤ ਪਾਓ। ਜੇਕਰ ਤੁਸੀਂ ਚਾਹੋ ਤਾਂ ਟਾਈਮ ਟੇਬਲ ਵਿਚ ਫੇਰ ਬਦਲ ਵੀ ਕਰ ਸਕਦੇ ਹੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੁਝ ਕੰਮਾਂ ਦਾ ਹੋਰ ਸ਼ਾਮਲ ਹੋਣਾ ਵੀ ਜਰੂਰੀ ਹੈ ਤਾਂ ਤੁਸੀਂ ਉਨ੍ਹਾਂ ਕੰਮਾਂ ਨੂੰ ਸੂਚੀ ਵਿਚ ਪਾ ਸਕਦੇ ਹੋ ਤੇ ਆਪਣੇ ਟਾਈਮ ਟੇਬਲ ਨੂੰ ਹੋਰ ਵੀ ਜ਼ਿਆਦਾ ਪ੍ਰਬਲ ਬਣਾ ਸਕਦੇ ਹੋ। ਇਸ ਤਰਾਂ ਉਪਰ ਦਿੱਤੇ ਗਏ ਤਰੀਕਿਆਂ ਨਾਲ ਤੁਸੀਂ ਬਹੁਤ ਹੀ ਆਸਾਨੀ ਨਾਲ ਇੱਕ ਟਾਈਮ ਟੇਬਲ ਬਣਾ ਸਕਦੇ ਹੋ।

ਵਿਦਿਆਰਥੀਆਂ ਨੂੰ ਪੇਪਰਾਂ ਦੇ ਦਿਨਾਂ ਵਿੱਚ ਪੜ੍ਹਨ, ਖੇਡਣ, ਘਰ ਦੇ ਕੰਮ ਕਰਨ, ਟੀ.ਵੀ ਦੇਖਣ, ਦੋਸਤਾਂ ਮਿੱਤਰਾਂ ਨੂੰ ਮਿਲਣ, ਸੌਣ (ਆਰਾਮ ਕਰਨ),ਖਾਣ-ਪੀਣ ਆਦਿ ਲਈ ਸਮਾਂ ਨਿਸ਼ਚਿਤ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ ਤੇ ਪੇਪਰ ਹੱਲ ਕਰਨ ਲਈ ਹੇਠ ਲਿਖੇ ਨੁਕਤਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ।

### ਪ੍ਰੀਖਿਆਵਾਂ ’ਚ ਸਫਲ ਹੋਣ ’ਤੇ ਪੇਪਰ ਹੱਲ ਕਰਨ ਦੇ ਜ਼ਰੂਰੀ ਨੁਕਤੇ

* ਹਮੇਸ਼ਾ ਸ਼ਾਂਤ ਅਤੇ ਇਕਾਂਤ ਮਾਹੌਲ ਵਿੱਚ ਹੀ ਪੜ੍ਹੋ, ਪੜ੍ਹਨ ਵੇਲੇ ਕਿਤਾਬ ’ਤੇ ਟਿਊਬ,ਬੱਲਬ ਆਦਿ ਰੋਸ਼ਨੀ ਖੱਬੇ ਪਾਸੇ ਤੋਂ ਪੈਣੀ ਚਾਹੀਦੀ ਹੈ।
* ਪੜ੍ਹੋ ਪੰਜਾਬ ਟੀਮ ਵੱਲੋਂ ਤਿਆਰ ਕੀਤੇ ਪ੍ਰਸ਼ਨ ਪੱਤਰ, ਦਸੰਬਰ ਅਤੇ ਫਰਵਰੀ ਪੇਪਰਾਂ ਦੇ ਪ੍ਰਸ਼ਨ ਪੱਤਰ, ਪ੍ਰੀ ਬੋਰਡ ਦੇ ਪ੍ਰਸ਼ਨ ਪੱਤਰ ਜਰੂਰ ਹੱਲ ਕਰਕੇ ਯਾਦ ਕਰੋ ਕਿਉਂਕਿ ਜਿਆਦਾਤਰ ਫਾਈਨਲ ਪੇਪਰ ਇਹਨਾਂ ਵਿੱਚੋਂ ਹੀ ਆਉਣਗੇ।
* ਵਿਦਿਆਰਥੀਆਂ ਨੂੰ ਆਪਣੇ ਵਿਸ਼ਿਆਂ ਦੇ ਪਿਛਲੇ 10 ਸਾਲਾਂ ਦੇ ਪ੍ਰਸ਼ਨ ਪੱਤਰ ਹੱਲ ਕਰਕੇ ਵੇਖਣੇ ਚਾਹੀਦੇ ਹਨ ਕਿਉਂਕਿ ਕਾਫੀ ਪ੍ਰਸ਼ਨ ਉਨ੍ਹਾਂ ਵਿਚੋਂ ਹੀ ਪੁੱਛੇ ਜਾਂਦੇ ਹੈ।
* ਮਹੱਤਵਪੂਰਾਨ ਵਿਸ਼ਿਆਂ ਅਤੇ ਉੱਪ ਵਿਸ਼ਿਆਂ ਦੇ ਨੋਟਿਸ ਤਿਆਰ ਕਰਕੇ ਤਿਆਰੀ ਕਰਨੀ ਚਾਹੀਦੀ ਹੈ।
* ਪੜ੍ਹਨ ਸਮੇਂ ਮੋਬਾਇਲ ਫੋਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਆਪਣੇ ਤੋਂ ਦੂਰ ਰੱਖੋ ਅਤੇ ਟੀ.ਵੀ ਜਾਂ ਹੋਰ ਮਨੋਰੰਜਨ ਦੇ ਸਾਧਨ ਪੜ੍ਹਾਈ ਸਮੇਂ ਬੰਦ ਰੱਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਨ ਲਈ ਕਦੇ ਵੀ ਰੱਟਾ ਲਗਾਓ ਸਗੋਂ ਸਮਝ ਕੇ ਯਾਦ ਕਰੋ ਕਿਉਂਕਿ ਰੱਟਾ ਲਗਾਏ ਉੱਤਰ ਥੋੜਾ ਸਮਾਂ ਹੀ ਯਾਦ ਰਹਿੰਦੇ ਹਨ ਜਦੋਂਕਿ ਸਮਝ ਕੇ ਯਾਦ ਕੀਤੇ ਉੱਤਰ ਲੰਮਾਂ ਸਮਾਂ ਯਾਦ ਰਹਿੰਦੇ ਹਨ।
* ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਕੇ ਲਿਖ ਕੇ ਦੇਖ ਲੈਣ ਨਾਲ ਗਲਤੀਆਂ ਦਾ ਪਤਾ ਲੱਗ ਜਾਂਦਾ ਹੈ।
* ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਜ਼ਿਆਦਾ ਦੇਰ ਤੱਕ ਨਹੀਂ ਪੜ੍ਹਨਾਂ ਚਾਹੀਦਾ। ਨਹੀਂ ਤਾਂ ਪ੍ਰੀਖਿਆ ਵਾਲੇ ਦਿਨ ਪ੍ਰੀਖਿਆ ਕੇਂਦਰ ’ਚ ਨੀਂਦ ਦੇ ਹੁਲਾਰੇ ਆਉਣ ਲੱਗ ਜਾਂਦੇ ਹੈ। ਪ੍ਰੀਖਿਆ ਵਾਲੇ ਦਿਨ ਸਵੇਰੇ ਜਲਦੀ ਉੱਠ ਕੇ ਯਾਦ ਕੀਤੇ ਮਹੱਤਵਪੂਰਨ ਪ੍ਰਸ਼ਨਾਂ ਦੀ ਇੱਕ ਵਾਰ ਦੁਹਰਾਈ ਜਰੂਰ ਕਰਨੀ ਚਾਹੀਦੀ ਹੈ।
* ਪ੍ਰੀਖਿਆ ਦੇਣ ਜਾਣ ਸਮੇਂ ਆਪਣੀ ਰੋਲ ਨੰਬਰ ਸਲਿੱਪ, 2 ਨੀਲੇ ਪੈੱਨ (ਜੋ ਥੋੜੇ ਚੱਲੇ ਹੋਏ ਹੋਣ ਬਿਲਕੁਲ ਨਵੇਂ ਨਾਂ ਹੋਣ ਤਾਂ ਕਿ ਪੇਪਰ ਤੇ ਲਿਖਾਈ ਗੂੜ੍ਹੀ ਹੋਵੇ), ਪੈਂਸਿਲ, ਜੁਮੈਟਰੀ ਬਾਕਸ, ਕਲਿੱਪ ਬੋਰਡ ਆਦਿ ਲੈ ਕੇ ਜਾਣਾ ਨਾਂ ਭੁੱਲੋ। ਪੇਪਰ ਵਿੱਚ ਕੇਵਲ ਨੀਲਾ ਪੈਨ ਹੀ ਵਰਤਣਾ ਚਾਹੀਦਾ ਹੈ।
* ਪ੍ਰੀਖਿਆ ਵਾਲੇ ਦਿਨ ਘਰੋਂ ਚੱਲਣ ਲੱਗਿਆਂ ਤਰੋ ਤਾਜ਼ਾ ਹੋ ਕੇ ਹਲਕਾ ਨਾਸ਼ਤਾ ਕਰਕੇ ਜਾਣਾ ਚਾਹੀਦਾ ਹੈ ਤਾਂ ਜੋ ਪ੍ਰੀਖਿਆ ਸਫਲਤਾ ਪੂਰਵਕ ਹੋਵੇ।
* ਪ੍ਰੀਖਿਆ ਕੇਂਦਰ ਦੇ ਬਾਹਰ ਲੱਗੇ ਨੋਟਿਸ ਬੋਰਡ ਤੋਂ ਆਪਣਾ ਰੋਲ ਨੰਬਰ, ਕਮਰਾ ਨੰਬਰ ਤੇ ਸੀਟ ਨੰਬਰ (ਬੈਠਣ ਦੀ ਜਗ੍ਹਾ) ਦੇਖ ਕੇ ਹੀ ਪ੍ਰੀਖਿਆ ਕੇਂਦਰ ਵਿੱਚ ਪ੍ਰਵੇਸ਼ ਕਰਨਾ ਚਾਹੀਦਾ ਹੈ ਤਾਂ ਕਿ ਤੁਹਾਨੂੰ ਆਪਣੀ ਜਗ੍ਹਾ ਲੱਭਣ ’ਚ ਕੋਈ ਪਰੇਸ਼ਾਨੀ ਜਾਂ ਘਬਰਾਹਟ ਨਾਂ ਹੋਵੇ।
* ਕਦੇ ਵੀ ਨਕਲ ਤੇ ਆਸ ਨਹੀਂ ਰੱਖਣੀ ਚਾਹੀਦੀ ਅਤੇ ਦਿਲ ਲਗਾ ਕੇ ਪੇਪਰਾਂ ਦੀ ਤਿਆਰੀ ਕਰਨੀ ਚਾਹੀਦੀ ਹੈ । ਨਕਲ ਤੇ ਆਸ ਰੱਖਣ ਵਾਲੇ ਵਿਦਿਆਰਥੀ ਜਿੰਦਗੀ ’ਚ ਕਦੇ ਕਾਮਯਾਬ ਨਹੀਂ ਹੋ ਸਕਦੇ ’ਤੇ ਉਹਨਾਂ ਵਿੱਚ ਹਮੇਸ਼ਾ ਆਤਮ ਵਿਸ਼ਵਾਸ਼ ਦੀ ਘਾਟ ਰਹਿੰਦੀ ਹੈ।
* ਪ੍ਰੀਖਿਆ ਦੇਣ ਸਮੇਂ ਆਪਣੀ ਸੀਟ ’ਤੇ ਬੈਠਣ ਤੋਂ ਪਹਿਲਾਂ ਆਸੇ-ਪਾਸੇ ਦੇਖ ਲੈਣਾ ਚਾਹੀਦਾ ਹੈ ਕਿ ਕੋਈ ਪਰਚੀ (ਕਾਗਜ਼), ਕਿਤਾਬ, ਕਾਪੀ ਤਾਂ ਨਹੀਂ ਪਈ ਹੋਈ ਜਾਂ ਕਿਸੇ ਬੈਂਚ ਆਦਿ ਤੇ ਕੁਝ ਲਿਖਿਆ ਤਾਂ ਨਹੀਂ ਹੋਇਆ ਕਿਉਂਕਿ ਕਈ ਵਾਰ ਕਿਸੇ ਵੱਲੋਂ ਪਹਿਲਾਂ ਛੁੱਟੀ ਗਈ ਪਰਚੀ ਜਾਂ ਕਾਗਜ਼ ਤਹਾਨੂੰ ਮੁਸੀਬਤ ’ਚ ਪਾ ਸਕਦਾ ਹੈ ਤੁਹਾਡੇ ਖਿਲਾਫ ਝੂਠਾ ਕੇਸ ਵੀ ਬਣ ਸਕਦਾ ਹੈ। ਤੁਹਾਡੇ ਕੋਲ ਕੋਈ ਖਾਲੀ ਕਾਗਜ਼ ਜਾਂ ਬੱਸ ਦੀ ਟਿਕਟ ਵੀ ਨਹੀਂ ਹੋਣੀ ਚਾਹੀਦੀ।
* ਪ੍ਰੀਖਿਆ ਦੌਰਾਨ ਉੱਤਰ ਕਾਪੀ ਮਿਲਣ ਤੇ ਸਭ ਤੋਂ ਪਹਿਲਾਂ ਉਸਦੇ ਸਾਰੇ ਪੰਨੇ ਖੋਲ ਕੇ ਚੈੱਕ ਕਰੋ ਕਿ ਸਾਫ ਹਨ, ਫਟੇ ਤਾਂ ਨਹੀਂ ’ਤੇ ਗਿਣਤੀ ਕਰੋ ਕਿ ਪੂਰੇ ਹਨ ਜਿੰਨੇ ਹੋਣੇ ਚਾਹੀਦੇ ਹਨ, ਫਿਰ ਉਸਦੇ ਮੁੱਖ ਪੰਨੇ ’ਤੇ ਆਪਣਾ ਰੋਲ ਨੰਬਰ, ਪੇਪਰ ਦਾ ਵਿਸ਼ਾ ਆਦਿ ਲਈ ਜੋ ਖਾਨੇ ਬਣੇ ਹੋਏ ਹਨ, ਉਨ੍ਹਾਂ ਵਿੱਚ ਸਾਫ-ਸਾਫ ਲਿਖੋ।
* ਪ੍ਰਸ਼ਨ ਪੱਤਰ ਮਿਲਣ ’ਤੇ ਸਭ ਤੋਂ ਪਹਿਲਾਂ ਇਸ ਦੇ ਸੱਜੇ ਕੋਨੇ ’ਤੇ ਆਪਣਾ ਰੋਲ ਨੰਬਰ ਲਿਖੋ, ਫਿਰ ਸਾਰੇ ਪ੍ਰਸ਼ਨ ਪੱਤਰ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਚੰਗੀ ਤਰ੍ਹਾਂ ਆਉਂਦੇ ਪ੍ਰਸ਼ਨਾਂ ਤੇ ਨਿਸ਼ਾਨ ਨਿਸ਼ਾਨ ਲਗਾਉ।
* ਪੇਪਰ ਹੱਲ ਕਰਨ ਸਮੇਂ ਸਮੇਂ ਦਾ ਜਰੂਰ ਧਿਆਨ ਰੱਖੋ ਜਿਹੜੇ ਪ੍ਰਸ਼ਨ ਚੰਗੀ ਤਰ੍ਹਾਂ ਆਉਂਦੇ ਹੋਣ, ਉਨ੍ਹਾਂ ਨੂੰ ਪਹਿਲਾਂ ਹੱਲ ਕਰੋ। ਬਾਕੀ ਬਾਦ ਵਿੱਚ, ਕੋਸ਼ਿਸ਼ ਕਰੋ ਕਿ ਸਾਰੇ ਪ੍ਰਸ਼ਨਾਂ ਦੇ ਉੱਤਰ ਹੱਲ ਕਰਕੇ ਆਉ ਕੋਈ ਪ੍ਰਸ਼ਨ ਨਾਂ ਛੱਡੋ।
* ਉੱਤਰ ਕਾਪੀ ’ਤੇ ਲਿਖਣ ਤੋਂ ਪਹਿਲਾਂ ਦੋਵੇਂ ਪਾਸੇ ਸੱਜੇ ਅਤੇ ਖੁੱਬੇ ਹਾਸ਼ੀਏ ਵਜੋਂ ਜਗ੍ਹਾ ਛੱਡੋ। ਇਹ ਹਾਸ਼ੀਆ ਪੈਂਸਿਲ ਤੇ ਸਕੇਲ ਨਾਲ ਵੀ ਲਗਾ ਸਕਦੋ ਹੋ।

ਜੇਕਰ ਇਹ ਤੁਹਾਡੇ ਕੋਲ ਨਹੀਂ ਹੈ ਤਾਂ ਦੋਵੇਂ ਪਾਸੇ ਲੋੜੀਂਦੀ ਜਗ੍ਹਾ ਛੱਡ ਕੇ ਉੱਤਰ ਕਾਪੀ ਦੀ ਤੈਅ ਮੋੜ ਕੇ ਤੈਅ ਦੇ ਨਿਸ਼ਾਨ ਤੋਂ ਹਾਸ਼ੀਏ ਦਾ ਕੰਮ ਲੈ ਸਕਦੇ ਹੋ ਇਸ ਨਾਲ ਲਾਈਨ ਲਗਾਨ ਦਾ ਸਮਾਂ ਵੀ ਬਚਦਾ ਹੈ।

* ਹਰੇਕ ਪ੍ਰਸ਼ਨ ਦਾ ਉੱਤਰ ਲਿਖਣ ਸਮੇਂ ਪ੍ਰਸ਼ਨ ਲਿਖਣ ਤੇ ਸਮਾਂ ਖਰਾਬ ਾਂ ਕਰੋ ਕੇਵਲ ਉੱਤਰ ਹੀ ਲਿਖੋ, ਪਰ ਉੱਤਰ ਦਾ ਨੰਬਰ (ਜੋ ਪ੍ਰਸ਼ਨ ਪੱਤਰ ਤੇ ਛਪਿਆ ਹੈ) ਜਰੂਰ ਪਾਓ ਤਾਂ ਕਿ ਪੇਪਰ ਚੈੱਕ ਕਰਨ ਵਾਲੇ ਨੂੰ ਕੋਈ ਪਰੇਸ਼ਾਨੀ ਨਾਂ ਹੋਵੇ।
* ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਉਨ੍ਹਾਂ ਨੂੰ ਅਧ ਵਿਚਕਾਰ ਨਾਂ ਛੱਡੋ। ਜੇਕਰ ਤੁਸੀਂ ਕਿਸੇ ਪ੍ਰਸ਼ਨ ਦਾ ਉੱਤਰ ਭੁੱਲ ਗਏ ਹੋ ਤਾਂ ਕੁੱਝ ਕੁ ਸਮਾਂ ਸੋਚ ਕੇ ਦੁਬਾਰਾ ਲਿਖਣਾ ਸ਼ੁਰੂ ਕਰ ਦਿਓ। ਜੇਕਰ ਯਾਦ ਨਹੀਂ ਆ ਰਿਹਾ ਤਾਂ ਜ਼ਿਆਦਾ ਸਮਾਂ ਬਰਬਾਦ ਨਾਂ ਕਰੋ। ਹੋਰ ਨਵੇਂ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰ ਦਿਓ।
* ਪ੍ਰਸ਼ਨਾਂ ਦੇ ਉੱਤਰ ਦੇਣ ਸਮੇਂ ਬੇਲੋੜੇ ਵਿਸਥਾਰਾਂ ਤੋਂ ਬਚਣਾ ਚਾਹੀਦਾ ਹੈ ਅਤੇ ਪ੍ਰਸ਼ਨਾਂ ਦੇ ਨੰਬਰਾਂ ਅਨੁਸਾਰ ਉੱਤਰ ਲਿਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰ ਹੈਡਿੰਗ ’ਤੇ ਸਬ ਹੈਡਿੰਗ ਬਣਾ ਕੇ ਲਿਖੋ ਅਤੇ ਹਰ ਪ੍ਰਸ਼ਨ ਦੇ ਉੱਤਰ ਤੋਂ ਬਾਅਦ ਇੱਕ ਦੋ ਲਾਈਨਾਂ ਖਾਲੀ ਛੱਡ ਕੇ ਅਗਲੇ ਪ੍ਰਸ਼ਨ ਦਾ ਉੱਤਰ ਲਿਖੋ।
* ਪ੍ਰਸ਼ਨਾਂ ਦੇ ਉੱਤਰ ਵਧੀਆ ਪੈੱਨ ਨਾਲ ਖੁੱਲ੍ਹੀ ’ਤੇ ਸਾਫ-ਸਾਫ ਲਿਖਾਈ ਵਿੱਚ ਲਿਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਲੋੜੀਂਦੀ ਸਮੱਗਰੀ ਆਪਣੇ ਨਾਲ ਹੀ ਲੈ ਕੇ ਜਾਓ ਤਾਂ ਕਿ ਕਿਸੇ ਵਿਦਿਆਰਥੀ ਤੋਂ ਮੰਗਣ ਸਮੇਂ ਸਮਾਂ ਖਰਾਬ ਨਾਂ ਹੋਵੇ।
* ਪੇਪਰ ਹੱਲ ਕਰਨ ਤੋਂ ਬਾਅਦ ਬਚੇ ਸਮੇਂ ਵਿੱਚ ਉੱਤਰ ਕਾਪੀ ’ਤੇ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਨੂੰ ਚੰਗੀ ਤਰਾਂ ਪੜ੍ਹ ਕੇ ਚੈੱਕ ਕਰੋ। ਜੇਕਰ ਕੋਈ ਛੋਟੀ-ਮੋਟੀ ਗਲਤੀ ਰਹਿ ਗਈ ਹੋਵੇ ਜਾਂ ਸ਼ਬਦ-ਜੋੜ ਗਲਤ ਲਿਖੇ ਗਏ ਹੋਣ ਤਾਂ ਉਸਨੂੰ ਤੁਰੰਤ ਠੀਕ ਕਰੋ।
* ਜੇਕਰ ਪੇਪਰ ਵਿੱਚ ਗਲਤੀ ਨਾਲ ਉੱਤਰ ਪੱਤਰੀ ’ਤੇ ਕੋਈ ਪੇਜ਼ ਜਾਂ ਜਗ੍ਹਾ ਖਾਲੀ ਰਹਿ ਗਈ ਹੋਵੇ ਤਾਂ ਉਸ ਜਗ੍ਹਾ ਤੇ ਕਰਾਸ ਲਾਈਨ ਮਾਰ ਦਿਉ ’ਤੇ ਸੱਜੇ ਕੋਨੇ ਦੇ ਹੇਠਲੇ ਪਾਸੇ ਪੀ.ਟੀ.ਓ ਲਿਖ ਦੇਵੋ। ਅੰਤ ਵਿੱਚ ਬਚੇ ਖਾਲੀ ਪੰਨਿਆਂ ਤੇ ਵੀ ਕਰਾਸ ਲਾਈਨ ਲਗਾ ਦਿਉ।

ਆਸ ਹੈ ਕਿ ਵਿਦਿਆਰਥੀ ਇਹਨਾਂ ਨੁਕਤਿਆਂ ਵੱਲ ਧਿਆਨ ਦੇ ਕੇ ਜਰੂਰ ਸਫਲ ਹੋਣਗੇ। ਸੋ ਬੱਚਿਓ, ਹੁਣ ਤੋਂ ਹੀ ਆਪਦੀ ਸਾਰੀ ਊਰਜਾ ਆਪਣੀ ਪੜ੍ਹਾਈ ਵੱਲ ਲਗਾ ਕੇ ਉੱਪਰ ਦਿੱਤੀਆਂ ਗੱਲਾਂ ਦਾ ਧਿਆਨ ਰੱਖਦੇ ਹੋਏ ਪੇਪਰਾਂ ਦੀ ਤਿਆਰੀ ’ਚ ਜੁੱਟ ਜਾਓ ਤਾਂ ਕੇ ਚੰਗੇ ਨੰਬਰ ਲੈ ਕੇ ਪਾਸ ਹੋ ਸਕੋ। ਮਾਪਿਆਂ ਨੂੰ ਵੀ ਘਰ ਵਿੱਚ ਬੱਚਿਆਂ ਦੀ ਪੜ੍ਹਾਈ ਲਈ ਸਾਜਗਰ ਹਾਲਤਾਂ ਸਿਰਜਣੀਆਂ ਚਾਹੀਦੀਆਂ ਹਨ ਜਿਵੇਂ ਲੋੜੀਂਦੀਆਂ ਸਹੂਲਤਾਂ ’ਤੇ ਖੁਰਾਕ ਦਾ ਧਿਆਨ ਰੱਖਣਾ, ਘਰੇਲੂ ਝਗੜਾ ਨਾ ਕਰਨਾ, ਬੱਚਿਆਂ ਨੂੰ ਸਕੂਲ ਤੋਂ ਮਿਲੇ ਕੰਮ ਵਿੱਚ ਮਦਦ ਕਰਨਾ, ਬੱਚੇ ਵਿੱਚ ਆਤਮ ਵਿਸ਼ਵਾਸ਼ ਪੈਦਾ ਕਰਨਾ ਆਦਿ ਪੜ੍ਹਾਈ ’ਤੇ ਸਖਸ਼ੀਅਤ ਵਿਕਾਸ ਲਈ ਜਰੂਰੀ ਨੁਕਤੇ ਹਨ।

ਅਧਿਆਪਕਾਂ ਦੁਆਰਾ ਵੀ ਵੱਧ ਤੋਂ ਵੱਧ ਪੜ੍ਹਾਈ ਕਰਵਾਉਣ ਅਤੇ ਯੋਗ ਅਗਵਾਈ ਦੇਣ ਨਾਲ ਵਿਦਿਆਰਥੀਆਂ ਦੇ ਮਨ ਵਿੱਚੋਂ ਪ੍ਰੀਖਿਆ ਦਾ ਡਰ ਕੱਢਿਆ ਜਾ ਸਕਦਾ ਹੈ। ਪ੍ਰੀਖਿਆ ਦਾ ਸੀਜਨ ਹੋਣ ਕਾਰਨ ਹਰੇਕ ਵਿਦਿਆਰਥੀ ਨੂੰ ਲੋੜ ਹੈ ਕਿ ਸੁਚੱਜੇ ਟਾਈਮ ਟੇਬਲ ਰਾਹੀਂ ਕੀਮਤੀ ਸਮੇਂ ਦਾ ਸਦ ਉਪਯੋਗ ਕਰਦੇ ਹੋਏ ਪੜ੍ਹਾਈ ਕਰੇ ਪ੍ਰੀਖਿਆ ਦੌਰਾਨ ਉਪਰੋਕਤ ਨੁਕਤਿਆਂ ਨੂੰ ਧਿਆਨ ’ਚ ਰੱਖੇ।

ਮੈਨੂੰ ਪੂਰੀ ਉਮੀਦ ਹੈ ਕਿ ਪਾਠਕ, ਵਿਦਿਆਰਥੀ, ਅਧਿਆਪਕ ਅਤੇ ਮਾਪੇ ਮੇਰੇ ਇਸ ਸੁਝਾਅ ਰਾਹੀਂ ਜਰੂਰ ਵਿਦਿਆਰਥੀਆਂ ਨੂੰ ਜਾਗਰੂਕ ਕਰਨਗੇ ਅਤੇ ਲਾਭ ਉਠਾਉਣਗੇ।

****

# ਪ੍ਰੀਖਿਆਵਾਂ 'ਚ ਸਫ਼ਲ ਹੋਣ ਦੇ ਪ੍ਰਭਾਵਸ਼ਾਲੀ ਨੁਕਤੇ?



ਪ੍ਰਮੋਦ ਧੀਰ
91- 98550-31081

ਪ੍ਰੀਖਿਆਵਾਂ ਦਾ ਸਮਾਂ ਦਿਨੋਂ ਦਿਨ ਨਜ਼ਦੀਕ ਆਉਂਦਾ ਜਾ ਰਿਹਾ ਹੈ 'ਤੇ ਅਜਿਹੇ ਵਿੱਚ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪ੍ਰਤੀ ਜਾਗਰੂਕਤਾ ਲਿਆਉਣ ਦੀ ਲੋੜ ਹੈ ਤਾਂ ਕਿ ਚੰਗੇ ਅੰਕ ਪ੍ਰਾਪਤ ਕਰਕੇ ਸਾਲ ਭਰ ਦੀ ਮਿਹਨਤ ਦਾ ਮੁੱਲ ਪਾਇਆ ਜਾ ਸਕੇ। ਜੇਕਰ ਵਿਦਿਆਰਥੀ ਹਾਲੇ ਤੱਕ ਵੀ ਆਪਣੀ ਪੜ੍ਹਾਈ ਪ੍ਰਤੀ ਜਾਗਰੂਕ ਨਹੀਂ ਹੋਏ ਤਾਂ ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਪੜ੍ਹਾਈ-ਲਿਖਾਈ 'ਚ ਦਿਲ ਨਾਂ ਲੱਗਣਾ, ਜੋ ਪੜ੍ਹਿਆ ਹੈ ਉਹ ਸਮਝ ਨਾ ਆਉਣਾ,ਕਿਵੇਂ ਪੜ੍ਹੀਏ ਜਾਂ ਕਿੱਥੋਂ ਸ਼ੁਰੂਆਤ ਕਰੀਏ ਇਸ ਬਾਰੇ ਪਤਾ ਕਰਨਾ,ਪੜ੍ਹਾਈ ਤੋਂ ਪਾਸਾ ਵੱਟਣਾ ਤੇ ਝੂਠੀ ਘਬਰਾਹਟ ਦਾ ਸਹਾਰਾ ਲੈਣਾ, ਇਹ ਗੱਲਾਂ ਅਕਸਰ ਇੱਕ ਵਿਦਿਆਰਥੀ ਦੀ ਜਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਇਹਨਾਂ ਗਲਾਂ ਤੋਂ ਬਚਣ ਲਈ ਸਭ ਤੋਂ ਪਹਿਲਾ ਕੰਮ ਹੈ ਕਦੇ ਪੜ੍ਹਾਈ ਨੂੰ ਬੋਜ ਨਾ ਮੰਨੋ। ਪੜ੍ਹਾਈ ਨੂੰ ਆਪਣੇ ਜੀਵਨ ਦਾ ਰੋਚਕ ਤੇ ਦਿਲਚਸਪ ਵਿਸ਼ਾ ਬਣਾਉ। ਪੜ੍ਹਨ ਨੂੰ ਆਪਣਾ ਸ਼ੌਂਕ ਬਣਾਉ। ਜੋ ਵਿਦਿਆਰਥੀ ਸ਼ੌਂਕ 'ਤੇ ਦਿਲਚਸਪੀ ਨਾਲ ਪੜ੍ਹਾਈ ਕਰਦੇ ਹਨ ਉਹ ਜਿੰਦਗੀ 'ਚ ਹਮੇਸ਼ਾ ਕਾਮਯਾਬੀ ਹਾਸਲ ਕਰਦੇ ਹਨ। ਆਮ ਵੇਖਿਆ ਹੈ ਕਿ ਬੱਚਿਆਂ ਵਿੱਚ ਪੇਪਰਾਂ ਸਬੰਧੀ ਬਹੁਤ ਡਰ ਵਾਲਾ ਮਾਹੌਲ ਹੁੰਦਾ ਹੈ ਖਾਸ ਕਰਕੇ ਬੋਰਡ ਦੇ ਪੇਪਰਾਂ ਸਬੰਧੀ, ਪਰ ਡਰ ਨਾਲ ਤਾਂ ਕੋਈ ਮਸਲਾ ਹੱਲ ਨਹੀਂ ਹੁੰਦਾ । ਸੋ ਚਾਹੀਦਾ ਇਹ ਹੈ ਕਿ ਡਰ ਛੱਡ ਕੇ, ਮਨ ਲਗਾ ਕੇ ਪੂਰੀ ਤਰਾਂ ਪੇਪਰਾਂ ਦੀ ਤਿਆਰੀ ਵਿੱਚ ਜੁਟ ਜਾਈਏ ਅਤੇ ਚੰਗੇ ਨੰਬਰ ਲੈ ਕੇ ਪਾਸ ਹੋਈਏ। ਪ੍ਰੀਖਿਆ ਦੀ ਤਿਆਰੀ ਲਈ ਸਭ ਤੋਂ ਜਰੂਰੀ ਕੰਮ ਹੈ ਟਾਈਮ ਟੇਬਲ ਬਣਾਉਣਾ। ਟਾਈਮ ਟੇਬਲ ਦੇ ਅਨੁਸਾਰ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਕਿ ਹਰੇਕ ਵਿਸ਼ੇ ਨੂੰ ਬਰਾਬਰ ਤਰਜੀਹ ਦਿੱਤੀ ਜਾ ਸਕੇ।

**ਅੱਜ ਹੀ ਚੰਗੇ ਟਾਈਮ ਟੇਬਲ 'ਤੇ ਨਿਰਭਰ ਹੋਵੋ:-** ਤੁਹਾਡਾ ਟਾਈਮ ਟੇਬਲ ਪੂਰੀ ਤਰ੍ਹਾਂ ਤਿਆਰ ਹੋ ਜਾਣ ਤੋਂ ਬਾਅਦ ਹੁਣ ਤੁਹਾਨੂੰ ਲੋੜ ਹੁੰਦੀ ਹੈ ਆਪਣੇ ਕੰਮਾਂ ਨੂੰ ਟਾਈਮ ਟੇਬਲ ਦੇ ਅਨੁਸਾਰ ਕਰਨ ਦੀ। ਸੂਚੀ ਵਿਚ ਦਿੱਤੇ ਗਏ ਸਮੇਂ ਦੇ ਨਾਲ ਹੀ ਉਚਿਤ ਕੰਮ ਕਰਨ ਲਈ ਆਪਣੇ ਆਪ ਨੂੰ ਮਜਬੂਤ ਬਣਾਓ ਤੇ ਬਣਾਏ ਟਾਈਮ ਟੇਬਲ ਦਾ ਪਾਲਣ ਸੁਚਾਰੂ ਢੰਗ ਨਾਲ ਕਰੋ। ਆਪਣੇ ਆਲਸ ਨੂੰ ਤਿਆਗੋ ਅਤੇ ਕੰਮ ਨੂੰ ਤੁਰੰਤ ਕਰਨ ਦੀ ਆਦਤ ਪਾਓ। ਜੇਕਰ ਤੁਸੀਂ ਚਾਹੋ ਤਾਂ ਟਾਈਮ ਟੇਬਲ ਵਿਚ ਫੇਰ ਬਦਲ ਵੀ ਕਰ ਸਕਦੇ ਹੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੁਝ ਕੰਮਾਂ ਦਾ ਹੋਰ ਸ਼ਾਮਲ ਹੋਣਾ ਵੀ ਜਰੂਰੀ ਹੈ ਤਾਂ ਤੁਸੀਂ ਉਨ੍ਹਾਂ ਕੰਮਾਂ ਨੂੰ ਸੂਚੀ ਵਿਚ ਪਾ ਸਕਦੇ ਹੋ ਤੇ ਆਪਣੇ ਟਾਈਮ ਟੇਬਲ ਨੂੰ ਹੋਰ ਵੀ ਜ਼ਿਆਦਾ ਪ੍ਰਬਲ ਬਣਾ ਸਕਦੇ ਹੋ। ਵਿਦਿਆਰਥੀਆਂ ਨੂੰ ਪੇਪਰਾਂ ਦੇ ਦਿਨਾਂ ਵਿੱਚ ਪੜ੍ਹਨ, ਖੇਡਣ, ਘਰ ਦੇ ਕੰਮ ਕਰਨ, ਟੀ.ਵੀ ਦੇਖਣ, ਦੋਸਤਾਂ ਮਿੱਤਰਾਂ ਨੂੰ ਮਿਲਣ, ਸੌਣ (ਆਰਾਮ ਕਰਨ),ਖਾਣ-ਪੀਣ ਆਦਿ ਲਈ ਸਮਾਂ ਨਿਸ਼ਚਿਤ ਕਰਨਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ ਤੇ ਪੇਪਰ ਹੱਲ ਕਰਨ ਲਈ ਹੇਠ ਲਿਖੇ ਨੁਕਤਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ।


**ਪ੍ਰੀਖਿਆਵਾਂ 'ਚ ਸਫਲ ਹੋਣ 'ਤੇ ਪੇਪਰ ਹੱਲ ਕਰਨ ਦੇ ਜ਼ਰੂਰੀ ਨੁਕਤੇ**

* ਹਮੇਸ਼ਾ ਸ਼ਾਂਤ ਅਤੇ ਇਕਾਂਤ ਮਾਹੌਲ ਵਿੱਚ ਹੀ ਪੜ੍ਹੋ, ਪੜ੍ਹਨ ਵੇਲੇ ਕਿਤਾਬ 'ਤੇ ਟਿਊਬ,ਬੱਲਬ ਆਦਿ ਰੋਸ਼ਨੀ ਖੱਬੇ ਪਾਸੇ ਤੋਂ ਪੈਣੀ ਚਾਹੀਦੀ ਹੈ।
* ਪੜ੍ਹੋ ਪੰਜਾਬ ਟੀਮ ਵੱਲੋਂ ਤਿਆਰ ਕੀਤੇ ਪ੍ਰਸ਼ਨ ਪੱਤਰ, ਦਸੰਬਰ 2021 ਅਤੇ ਫਰਵਰੀ 2022 ਦੇ ਪ੍ਰਸ਼ਨ ਪੱਤਰ, ਪ੍ਰੀ ਬੋਰਡ ਦੇ ਪ੍ਰਸ਼ਨ ਪੱਤਰ ਜਰੂਰ ਹੱਲ ਕਰਕੇ ਯਾਦ ਕਰੋ ਕਿਉਂਕਿ ਜਿਆਦਾਤਰ ਫਾਈਨਲ ਪੇਪਰ ਇਹਨਾਂ ਵਿੱਚੋਂ ਹੀ ਆਉਣਗੇ।
* ਵਿਦਿਆਰਥੀਆਂ ਨੂੰ ਆਪਣੇ ਵਿਸ਼ਿਆਂ ਦੇ ਪਿਛਲੇ 10 ਸਾਲਾਂ ਦੇ ਪ੍ਰਸ਼ਨ ਪੱਤਰ ਹੱਲ ਕਰਕੇ ਵੇਖਣੇ ਚਾਹੀਦੇ ਹਨ ਕਿਉਂਕਿ ਕਾਫੀ ਪ੍ਰਸ਼ਨ ਉਨ੍ਹਾਂ ਵਿਚੋਂ ਹੀ ਪੁੱਛੇ ਜਾਂਦੇ ਹੈ।
* ਮਹੱਤਵਪੂਰਾਨ ਵਿਸ਼ਿਆਂ ਅਤੇ ਉੱਪ ਵਿਸ਼ਿਆਂ ਦੇ ਨੋਟਿਸ ਤਿਆਰ ਕਰਕੇ ਤਿਆਰੀ ਕਰਨੀ ਚਾਹੀਦੀ ਹੈ।
* ਪੜ੍ਹਨ ਸਮੇਂ ਮੋਬਾਇਲ ਫੋਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਆਪਣੇ ਤੋਂ ਦੂਰ ਰੱਖੋ ਅਤੇ ਟੀ.ਵੀ ਜਾਂ ਹੋਰ ਮਨੋਰੰਜਨ ਦੇ ਸਾਧਨ ਪੜ੍ਹਾਈ ਸਮੇਂ ਬੰਦ ਰੱਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਨ ਲਈ ਕਦੇ ਵੀ ਰੱਟਾ ਲਗਾਓ ਸਗੋਂ ਸਮਝ ਕੇ ਯਾਦ ਕਰੋ ਕਿਉਂਕਿ ਰੱਟਾ ਲਗਾਏ ਉੱਤਰ ਥੋੜਾ ਸਮਾਂ ਹੀ ਯਾਦ ਰਹਿੰਦੇ ਹਨ ਜਦੋਂਕਿ ਸਮਝ ਕੇ ਯਾਦ ਕੀਤੇ ਉੱਤਰ ਲੰਮਾਂ ਸਮਾਂ ਯਾਦ ਰਹਿੰਦੇ ਹਨ।
* ਪ੍ਰਸ਼ਨਾਂ ਦੇ ਉੱਤਰਾਂ ਨੂੰ ਯਾਦ ਕਰਕੇ ਲਿਖ ਕੇ ਦੇਖ ਲੈਣ ਨਾਲ ਗਲਤੀਆਂ ਦਾ ਪਤਾ ਲੱਗ ਜਾਂਦਾ ਹੈ।
* ਪ੍ਰੀਖਿਆ ਤੋਂ ਇੱਕ ਦਿਨ ਪਹਿਲਾਂ ਰਾਤ ਨੂੰ ਜ਼ਿਆਦਾ ਦੇਰ ਤੱਕ ਨਹੀਂ ਪੜ੍ਹਨਾਂ ਚਾਹੀਦਾ। ਨਹੀਂ ਤਾਂ ਪ੍ਰੀਖਿਆ ਵਾਲੇ ਦਿਨ ਪ੍ਰੀਖਿਆ ਕੇਂਦਰ 'ਚ ਨੀਂਦ ਦੇ ਹੁਲਾਰੇ ਆਉਣ ਲੱਗ ਜਾਂਦੇ ਹੈ।
* ਪ੍ਰੀਖਿਆ ਵਾਲੇ ਦਿਨ ਸਵੇਰੇ ਜਲਦੀ ਉੱਠ ਕੇ ਯਾਦ ਕੀਤੇ ਮਹੱਤਵਪੂਰਨ ਪ੍ਰਸ਼ਨਾਂ ਦੀ ਇੱਕ ਵਾਰ ਦੁਹਰਾਈ ਜਰੂਰ ਕਰਨੀ ਚਾਹੀਦੀ ਹੈ।
* ਪ੍ਰੀਖਿਆ ਦੇਣ ਜਾਣ ਸਮੇਂ ਆਪਣੀ ਰੋਲ ਨੰਬਰ ਸਲਿੱਪ, 2 ਨੀਲੇ ਪੈੱਨ (ਜੋ ਥੋੜੇ ਚੱਲੇ ਹੋਏ ਹੋਣ ਬਿਲਕੁਲ ਨਵੇਂ ਨਾਂ ਹੋਣ ਤਾਂ ਕਿ ਪੇਪਰ ਤੇ ਲਿਖਾਈ ਗੂੜ੍ਹੀ ਹੋਵੇ), ਪੈਂਸਿਲ, ਜੁਮੈਟਰੀ ਬਾਕਸ, ਕਲਿੱਪ ਬੋਰਡ ਆਦਿ ਲੈ ਕੇ ਜਾਣਾ ਨਾਂ ਭੁੱਲੋ। ਪੇਪਰ ਵਿੱਚ ਕੇਵਲ ਨੀਲਾ ਪਿੰਨ ਹੀ ਵਰਤਣਾ ਚਾਹੀਦਾ ਹੈ।
* ਪ੍ਰੀਖਿਆ ਵਾਲੇ ਦਿਨ ਘਰੋਂ ਚੱਲਣ ਲੱਗਿਆਂ ਤਰੋ ਤਾਜ਼ਾ ਹੋ ਕੇ ਹਲਕਾ ਨਾਸ਼ਤਾ ਕਰਕੇ ਜਾਣਾ ਚਾਹੀਦਾ ਹੈ ਤਾਂ ਜੋ ਪ੍ਰੀਖਿਆ ਸਫਲਤਾ ਪੂਰਵਕ ਹੋਵੇ।
* ਪ੍ਰੀਖਿਆ ਕੇਂਦਰ ਦੇ ਬਾਹਰ ਲੱਗੇ ਨੋਟਿਸ ਬੋਰਡ ਤੋਂ ਆਪਣਾ ਰੋਲ ਨੰਬਰ, ਕਮਰਾ ਨੰਬਰ ਤੇ ਸੀਟ ਨੰਬਰ (ਬੈਠਣ ਦੀ ਜਗ੍ਹਾ) ਦੇਖ ਕੇ ਹੀ ਪ੍ਰੀਖਿਆ ਕੇਂਦਰ ਵਿੱਚ ਪ੍ਰਵੇਸ਼ ਕਰਨਾ ਚਾਹੀਦਾ ਹੈ ਤਾਂ ਕਿ ਤੁਹਾਨੂੰ ਆਪਣੀ ਜਗ੍ਹਾ ਲੱਭਣ 'ਚ ਕੋਈ ਪਰੇਸ਼ਾਨੀ ਜਾਂ ਘਬਰਾਹਟ ਨਾਂ ਹੋਵੇ।
* ਕਦੇ ਵੀ ਨਕਲ ਤੇ ਆਸ ਨਹੀਂ ਰੱਖਣੀ ਚਾਹੀਦੀ ਅਤੇ ਦਿਲ ਲਗਾ ਕੇ ਪੇਪਰਾਂ ਦੀ ਤਿਆਰੀ ਕਰਨੀ ਚਾਹੀਦੀ ਹੈ । ਨਕਲ ਤੇ ਆਸ ਰੱਖਣ ਵਾਲੇ ਵਿਦਿਆਰਥੀ ਜਿੰਦਗੀ 'ਚ ਕਦੇ ਕਾਮਯਾਬ ਨਹੀਂ ਹੋ ਸਕਦੇ 'ਤੇ ਉਹਨਾਂ ਵਿੱਚ ਹਮੇਸ਼ਾ ਆਤਮ ਵਿਸ਼ਵਾਸ਼ ਦੀ ਘਾਟ ਰਹਿੰਦੀ ਹੈ।
* ਪ੍ਰੀਖਿਆ ਦੇਣ ਸਮੇਂ ਆਪਣੀ ਸੀਟ 'ਤੇ ਬੈਠਣ ਤੋਂ ਪਹਿਲਾਂ ਆਸੇ-ਪਾਸੇ ਦੇਖ ਲੈਣਾ ਚਾਹੀਦਾ ਹੈ ਕਿ ਕੋਈ ਪਰਚੀ (ਕਾਗਜ਼), ਕਿਤਾਬ, ਕਾਪੀ ਤਾਂ ਨਹੀਂ ਪਈ ਹੋਈ ਜਾਂ ਕਿਸੇ ਬੈਂਚ ਆਦਿ ਤੇ ਕੁਝ ਲਿਖਿਆ ਤਾਂ ਨਹੀਂ ਹੋਇਆ ਕਿਉਂਕਿ ਕਈ ਵਾਰ ਕਿਸੇ ਵੱਲੋਂ ਪਹਿਲਾਂ ਛੁੱਟੀ ਗਈ ਪਰਚੀ ਜਾਂ ਕਾਗਜ਼ ਤਹਾਨੂੰ ਮੁਸੀਬਤ 'ਚ ਪਾ ਸਕਦਾ ਹੈ ਤੁਹਾਡੇ ਖਿਲਾਫ ਝੂਠਾ ਕੇਸ ਵੀ ਬਣ ਸਕਦਾ ਹੈ। ਤੁਹਾਡੇ ਕੋਲ ਕੋਈ ਖਾਲੀ ਕਾਗਜ਼ ਜਾਂ ਬੱਸ ਦੀ ਟਿਕਟ ਵੀ ਨਹੀਂ ਹੋਣੀ ਚਾਹੀਦੀ।
* ਪ੍ਰੀਖਿਆ ਦੌਰਾਨ ਉੱਤਰ ਕਾਪੀ ਮਿਲਣ ਤੇ ਸਭ ਤੋਂ ਪਹਿਲਾਂ ਉਸਦੇ ਸਾਰੇ ਪੰਨੇ ਖੋਲ ਕੇ ਚੈੱਕ ਕਰੋ ਕਿ ਸਾਫ ਹਨ, ਫਟੇ ਤਾਂ ਨਹੀਂ 'ਤੇ ਗਿਣਤੀ ਕਰੋ ਕਿ ਪੂਰੇ ਹਨ ਜਿੰਨੇ ਹੋਣੇ ਚਾਹੀਦੇ ਹਨ, ਫਿਰ ਉਸਦੇ ਮੁੱਖ ਪੰਨੇ 'ਤੇ ਆਪਣਾ ਰੋਲ ਨੰਬਰ, ਪੇਪਰ ਦਾ ਵਿਸ਼ਾ ਆਦਿ ਲਈ ਜੋ ਖਾਨੇ ਬਣੇ ਹੋਏ ਹਨ, ਉਨ੍ਹਾਂ ਵਿੱਚ ਸਾਫ-ਸਾਫ ਲਿਖੋ।
* ਪ੍ਰਸ਼ਨ ਪੱਤਰ ਮਿਲਣ 'ਤੇ ਸਭ ਤੋਂ ਪਹਿਲਾਂ ਇਸ ਦੇ ਸੱਜੇ ਕੋਨੇ 'ਤੇ ਆਪਣਾ ਰੋਲ ਨੰਬਰ ਲਿਖੋ, ਫਿਰ ਸਾਰੇ ਪ੍ਰਸ਼ਨ ਪੱਤਰ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਚੰਗੀ ਤਰ੍ਹਾਂ ਆਉਂਦੇ ਪ੍ਰਸ਼ਨਾਂ ਤੇ ਨਿਸ਼ਾਨ ਨਿਸ਼ਾਨ ਲਗਾਉ।
* ਪੇਪਰ ਹੱਲ ਕਰਨ ਸਮੇਂ ਸਮੇਂ ਦਾ ਜਰੂਰ ਧਿਆਨ ਰੱਖੋ ਜਿਹੜੇ ਪ੍ਰਸ਼ਨ ਚੰਗੀ ਤਰ੍ਹਾਂ ਆਉਂਦੇ ਹੋਣ, ਉਨ੍ਹਾਂ ਨੂੰ ਪਹਿਲਾਂ ਹੱਲ ਕਰੋ। ਬਾਕੀ ਬਾਦ ਵਿੱਚ, ਕੋਸ਼ਿਸ਼ ਕਰੋ ਕਿ ਸਾਰੇ ਪ੍ਰਸ਼ਨਾਂ ਦੇ ਉੱਤਰ ਹੱਲ ਕਰਕੇ ਆਉ ਕੋਈ ਪ੍ਰਸ਼ਨ ਨਾਂ ਛੱਡੋ।
* ਉੱਤਰ ਕਾਪੀ 'ਤੇ ਲਿਖਣ ਤੋਂ ਪਹਿਲਾਂ ਦੋਵੇਂ ਪਾਸੇ ਸੱਜੇ ਅਤੇ ਖੱਬੇ ਹਾਸ਼ੀਏ ਵਜੋਂ ਜਗ੍ਹਾ ਛੱਡੋ। ਇਹ ਹਾਸ਼ੀਆ ਪੈਂਸਿਲ ਤੇ ਸਕੇਲ ਨਾਲ ਵੀ ਲਗਾ ਸਕਦੋ ਹੋ। ਜੇਕਰ ਇਹ ਤੁਹਾਡੇ ਕੋਲ ਨਹੀਂ ਹੈ ਤਾਂ ਦੋਵੇਂ ਪਾਸੇ ਲੋੜੀਂਦੀ ਜਗ੍ਹਾ ਛੱਡ ਕੇ ਉੱਤਰ ਕਾਪੀ ਦੀ ਤੈਅ ਮੋੜ ਕੇ ਤੈਅ ਦੇ ਨਿਸ਼ਾਨ ਤੋਂ ਹਾਸ਼ੀਏ ਦਾ ਕੰਮ ਲੈ ਸਕਦੇ ਹੋ ਇਸ ਨਾਲ ਲਾਈਨ ਲਗਾਨ ਦਾ ਸਮਾਂ ਵੀ ਬਚਦਾ ਹੈ।
* ਹਰੇਕ ਪ੍ਰਸ਼ਨ ਦਾ ਉੱਤਰ ਲਿਖਣ ਸਮੇਂ ਪ੍ਰਸ਼ਨ ਲਿਖਣ ਤੇ ਸਮਾਂ ਖਰਾਬ ਾਂ ਕਰੋ ਕੇਵਲ ਉੱਤਰ ਹੀ ਲਿਖੋ, ਪਰ ਉੱਤਰ ਦਾ ਨੰਬਰ (ਜੋ ਪ੍ਰਸ਼ਨ ਪੱਤਰ ਤੇ ਛਪਿਆ ਹੈ) ਜਰੂਰ ਪਾਓ ਤਾਂ ਕਿ ਪੇਪਰ ਚੈੱਕ ਕਰਨ ਵਾਲੇ ਨੂੰ ਕੋਈ ਪਰੇਸ਼ਾਨੀ ਨਾਂ ਹੋਵੇ।
* ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਉਨ੍ਹਾਂ ਨੂੰ ਅਧ ਵਿਚਕਾਰ ਨਾਂ ਛੱਡੋ। ਜੇਕਰ ਤੁਸੀਂ ਕਿਸੇ ਪ੍ਰਸ਼ਨ ਦਾ ਉੱਤਰ ਭੁੱਲ ਗਏ ਹੋ ਤਾਂ ਕੁੱਝ ਕੁ ਸਮਾਂ ਸੋਚ ਕੇ ਦੁਬਾਰਾ ਲਿਖਣਾ ਸ਼ੁਰੂ ਕਰ ਦਿਓ। ਜੇਕਰ ਯਾਦ ਨਹੀਂ ਆ ਰਿਹਾ ਤਾਂ ਜ਼ਿਆਦਾ ਸਮਾਂ ਬਰਬਾਦ ਨਾਂ ਕਰੋ। ਹੋਰ ਨਵੇਂ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰ ਦਿਓ।
* ਪ੍ਰਸ਼ਨਾਂ ਦੇ ਉੱਤਰ ਦੇਣ ਸਮੇਂ ਬੇਲੋੜੇ ਵਿਸਥਾਰਾਂ ਤੋਂ ਬਚਣਾ ਚਾਹੀਦਾ ਹੈ ਅਤੇ ਪ੍ਰਸ਼ਨਾਂ ਦੇ ਨੰਬਰਾਂ ਅਨੁਸਾਰ ਉੱਤਰ ਲਿਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰ ਹੈਡਿੰਗ 'ਤੇ ਸਬ ਹੈਡਿੰਗ ਬਣਾ ਕੇ ਲਿਖੋ ਅਤੇ ਹਰ ਪ੍ਰਸ਼ਨ ਦੇ ਉੱਤਰ ਤੋਂ ਬਾਅਦ ਇੱਕ ਦੋ ਲਾਈਨਾਂ ਖਾਲੀ ਛੱਡ ਕੇ ਅਗਲੇ ਪ੍ਰਸ਼ਨ ਦਾ ਉੱਤਰ ਲਿਖੋ।
* ਪ੍ਰਸ਼ਨਾਂ ਦੇ ਉੱਤਰ ਵਧੀਆ ਪੈੱਨ ਨਾਲ ਖੁੱਲ੍ਹੀ 'ਤੇ ਸਾਫ-ਸਾਫ ਲਿਖਾਈ ਵਿੱਚ ਲਿਖਣੇ ਚਾਹੀਦੇ ਹਨ।
* ਪ੍ਰਸ਼ਨਾਂ ਦੇ ਉੱਤਰ ਲਿਖਣ ਲਈ ਲੋੜੀਂਦੀ ਸਮੱਗਰੀ ਆਪਣੇ ਨਾਲ ਹੀ ਲੈ ਕੇ ਜਾਓ ਤਾਂ ਕਿ ਕਿਸੇ ਵਿਦਿਆਰਥੀ ਤੋਂ ਮੰਗਣ ਸਮੇਂ ਸਮਾਂ ਖਰਾਬ ਨਾ ਹੋਵੇ।
* ਪੇਪਰ ਹੱਲ ਕਰਨ ਤੋਂ ਬਾਅਦ ਬਚੇ ਸਮੇਂ ਵਿੱਚ ਉੱਤਰ ਕਾਪੀ 'ਤੇ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਨੂੰ ਚੰਗੀ ਤਰਾਂ ਪੜ੍ਹ ਕੇ ਚੈੱਕ ਕਰੋ। ਜੇਕਰ ਕੋਈ ਛੋਟੀ-ਮੋਟੀ ਗਲਤੀ ਰਹਿ ਗਈ ਹੋਵੇ ਜਾਂ ਸ਼ਬਦ-ਜੋੜ ਗਲਤ ਲਿਖੇ ਗਏ ਹੋਣ ਤਾਂ ਉਸਨੂੰ ਤੁਰੰਤ ਠੀਕ ਕਰੋ।
* ਜੇਕਰ ਪੇਪਰ ਵਿੱਚ ਗਲਤੀ ਨਾਲ ਉੱਤਰ ਪੱਤਰੀ 'ਤੇ ਕੋਈ ਪੇਜ਼ ਜਾਂ ਜਗ੍ਹਾ ਖਾਲੀ ਰਹਿ ਗਈ ਹੋਵੇ ਤਾਂ ਉਸ ਜਗ੍ਹਾ ਤੇ ਕਰਾਸ ਲਾਈਨ ਮਾਰ ਦਿਉ 'ਤੇ ਸੱਜੇ ਕੋਨੇ ਦੇ ਹੇਠਲੇ ਪਾਸੇ ਪੀ.ਟੀ.ਓ ਲਿਖ ਦੇਵੋ। ਅੰਤ ਵਿੱਚ ਬਚੇ ਖਾਲੀ ਪੰਨਿਆਂ ਤੇ ਵੀ ਕਰਾਸ ਲਾਈਨ ਲਗਾ ਦਿਉ।

ਆਸ ਹੈ ਕਿ ਵਿਦਿਆਰਥੀ ਇਹਨਾਂ ਨੁਕਤਿਆਂ ਵੱਲ ਧਿਆਨ ਦੇ ਕੇ ਜਰੂਰ ਸਫਲ ਹੋਣਗੇ। ਸੋ ਬੱਚਿਓ, ਹੁਣ ਤੋਂ ਹੀ ਆਪਦੀ ਸਾਰੀ ਊਰਜਾ ਆਪਣੀ ਪੜ੍ਹਾਈ ਵੱਲ ਲਗਾ ਕੇ ਉੱਪਰ ਦਿੱਤੀਆਂ ਗੱਲਾਂ ਦਾ ਧਿਆਨ ਰੱਖਦੇ ਹੋਏ ਪੇਪਰਾਂ ਦੀ ਤਿਆਰੀ 'ਚ ਜੁੱਟ ਜਾਓ ਤਾਂ ਕੇ ਚੰਗੇ ਨੰਬਰ ਲੈ ਕੇ ਪਾਸ ਹੋ ਸਕੋ। ਮਾਪਿਆਂ ਨੂੰ ਵੀ ਘਰ ਵਿੱਚ ਬੱਚਿਆਂ ਦੀ ਪੜ੍ਹਾਈ ਲਈ ਸਾਜਗਰ ਹਾਲਤਾਂ ਸਿਰਜਣੀਆਂ ਚਾਹੀਦੀਆਂ ਹਨ ਜਿਵੇਂ ਲੋੜੀਂਦੀਆਂ ਸਹੂਲਤਾਂ 'ਤੇ ਖੁਰਾਕ ਦਾ ਧਿਆਨ ਰੱਖਣਾ, ਘਰੇਲੂ ਝਗੜਾ ਨਾ ਕਰਨਾ, ਬੱਚਿਆਂ ਨੂੰ ਸਕੂਲ ਤੋਂ ਮਿਲੇ ਕੰਮ ਵਿੱਚ ਮਦਦ ਕਰਨਾ, ਬੱਚੇ ਵਿੱਚ ਆਤਮ ਵਿਸ਼ਵਾਸ਼ ਪੈਦਾ ਕਰਨਾ ਆਦਿ ਪੜ੍ਹਾਈ 'ਤੇ ਸਖਸ਼ੀਅਤ ਵਿਕਾਸ ਲਈ ਜਰੂਰੀ ਨੁਕਤੇ ਹਨ। ਅਧਿਆਪਕਾਂ ਦੁਆਰਾ ਵੀ ਵੱਧ ਤੋਂ ਵੱਧ ਪੜ੍ਹਾਈ ਕਰਵਾਉਣ ਅਤੇ ਯੋਗ ਅਗਵਾਈ ਦੇਣ ਨਾਲ ਵਿਦਿਆਰਥੀਆਂ ਦੇ ਮਨ ਵਿੱਚੋਂ ਪ੍ਰੀਖਿਆ ਦਾ ਡਰ ਕੱਢਿਆ ਜਾ ਸਕਦਾ ਹੈ।

ਪ੍ਰੀਖਿਆ ਦਾ ਸੀਜਨ ਹੋਣ ਕਾਰਨ ਹਰੇਕ ਵਿਦਿਆਰਥੀ ਨੂੰ ਲੋੜ ਹੈ ਕਿ ਸੁਚੱਜੇ ਟਾਈਮ ਟੇਬਲ ਰਾਹੀਂ ਕੀਮਤੀ ਸਮੇਂ ਦਾ ਸਦ ਉਪਯੋਗ ਕਰਦੇ ਹੋਏ ਪੜ੍ਹਾਈ ਕਰੇ ਪ੍ਰੀਖਿਆ ਦੌਰਾਨ ਉਪਰੋਕਤ ਨੁਕਤਿਆਂ ਨੂੰ ਧਿਆਨ 'ਚ ਰੱਖੇ। ਮੈਨੂੰ ਪੂਰੀ ਉਮੀਦ ਹੈ ਕਿ ਪਾਠਕ, ਵਿਦਿਆਰਥੀ, ਅਧਿਆਪਕ ਅਤੇ ਮਾਪੇ ਮੇਰੇ ਇਸ ਸੁਝਾਅ ਰਾਹੀਂ ਜਰੂਰ ਵਿਦਿਆਰਥੀਆਂ ਨੂੰ ਜਾਗਰੂਕ ਕਰਨਗੇ ਅਤੇ ਲਾਭ ਉਠਾਉਣਗੇ।

# ਕਿੰਝ ਕਰੀਏ ਪ੍ਰੀਖਿਆ ਦੀ ਤਿਆਰੀ



ਪ੍ਰੀਖਿਆਵਾਂ ਦਾ ਸਮਾਂ ਨਜ਼ਦੀਕ ਆਉਂਦਾ ਜਾ ਰਿਹਾ ਹੈ 'ਤੇ ਅਜਿਹੇ ਵਿੱਚ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਪ੍ਰਤੀ ਜਾਗਰੂਕਤਾ ਲਿਆਉਣ ਦੀ ਲੋੜ ਹੈ ਤਾਂ ਕਿ ਚੰਗੇ ਅੰਕ ਪ੍ਰਾਪਤ ਕਰਕੇ ਸਾਲ ਭਰ ਦੀ ਮਿਹਨਤ ਦਾ ਮੁੱਲ ਪਾਇਆ ਜਾ ਸਕੇ। ਜੇਕਰ ਵਿਦਿਆਰਥੀ ਹਾਲੇ ਤੱਕ ਵੀ ਆਪਣੀ ਪੜ੍ਹਾਈ ਪ੍ਰਤੀ ਜਾਗਰੂਕ ਨਹੀਂ ਹੋਏ ਤਾਂ ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਪੜ੍ਹਾਈ-ਲਿਖਾਈ 'ਚ ਦਿਲ ਨਾਂ ਲੱਗਣਾ,ਜੋ ਪੜ੍ਹਿਆ ਹੈ ਉਹ ਸਮਝ ਨਾ ਆਉਣਾ,ਕਿਵੇਂ ਪੜ੍ਹੀਏ ਜਾਂ ਕਿੱਥੋਂ ਸ਼ੁਰੂਆਤ ਕਰੀਏ ਇਸ ਬਾਰੇ ਪਤਾ ਕਰਨਾ,ਪੜ੍ਹਾਈ ਤੋਂ ਪਾਸਾ ਵੱਟਣਾ ਤੇ ਝੂਠੀ ਘਬਰਾਹਟ ਦਾ ਸਹਾਰਾ ਲੈਣਾ, ਇਹ ਗੱਲਾਂ ਅਕਸਰ ਇੱਕ ਵਿਦਿਆਰਥੀ ਦੀ ਜਿੰਦਗੀ ਨਾਲ ਜੁੜੀਆਂ ਹੁੰਦੀਆਂ ਹਨ। ਇਹਨਾਂ ਗਲਾਂ ਤੋਂ ਬਚਣ ਲਈ ਸਭ ਤੋਂ ਪਹਿਲਾ ਕੰਮ ਹੈ ਕਦੇ ਪੜ੍ਹਾਈ ਨੂੰ ਬੋਜ ਨਾ ਮੰਨੋ। ਪੜ੍ਹਾਈ ਨੂੰ ਆਪਣੇ ਜੀਵਨ ਦਾ ਰੋਚਕ ਤੇ ਦਿਲਚਸਪ ਵਿਸ਼ਾ ਬਣਾਉ। ਪੜ੍ਹਨ ਨੂੰ ਆਪਣਾ ਸ਼ੌਂਕ ਬਣਾਉ। ਜੋ ਵਿਦਿਆਰਥੀ ਸ਼ੌਂਕ 'ਤੇ ਦਿਲਚਸਪੀ ਨਾਲ ਪੜ੍ਹਾਈ ਕਰਦੇ ਹਨ ਉਹ ਜਿੰਦਗੀ 'ਚ ਹਮੇਸ਼ਾ ਕਾਮਯਾਬੀ ਹਾਸਲ ਕਰਦੇ ਹਨ। ਪ੍ਰੀਖਿਆ ਦੀ ਤਿਆਰੀ ਲਈ ਸਭ ਤੋਂ ਜਰੂਰੀ ਕੰਮ ਹੈ ਟਾਈਮ ਟੇਬਲ ਬਣਾਉਣਾ। ਟਾਈਮ ਟੇਬਲ ਦੇ ਅਨੁਸਾਰ ਪੜ੍ਹਾਈ ਕਰਨੀ ਚਾਹੀਦੀ ਹੈ ਤਾਂ ਕਿ ਹਰੇਕ ਵਿਸ਼ੇ ਨੂੰ ਬਰਾਬਰ ਤਰਜੀਹ ਦਿੱਤੀ ਜਾ ਸਕੇ। ਇਸ ਨੂੰ ਬਣਾਉਣ ਲਈ ਹੇਠਾਂ ਦਿੱਤੇ ਜਾ ਰਹੇ ਬਿੰਦੂਆਂ ਨੂੰ ਧਿਆਨ ਵਿੱਚ ਰੱਖੋ।

**ਆਪਣੇ ਰੋਜ਼ਾਨਾ ਦੇ ਰੁਟੀਨ ਤੇ ਇੱਕ ਦਿਨ ਦਾ ਸਰਵੇ ਕਰੋ:-** ਇਸ ਦਾ ਮਤਲਬ ਹੈ ਕਿ ਪਹਿਲਾਂ ਤੁਸੀ ਆਪਣੇ ਰੋਜ਼ਾਨਾ ਦੇ ਕੰਮਾਂ 'ਤੇ ਨਰੀਖਣ ਕਰੋ ਤੇ ਪਤਾ ਕਰੋ ਕਿ ਤੁਸੀਂ ਕਿਹੜੇ ਕੰਮ ਕਰਦੇ ਹੋ ਜੋ ਮਹੱਤਵਪੂਰਨ ਹਨ ਤੇ ਮਹੱਤਵਪੂਰਨ ਨਹੀਂ ਹਨ,ਉਨ੍ਹਾਂ ਦੀ ਇੱਕ ਸੂਚੀ ਬਣਾਉ ਅਤੇ ਦਿਨ ਦੇ ਅੰਤਰ ਤੱਕ ਮਹੱਤਵਪੂਰਨ ਕੰਮਾਂ ਤੇ ਟਿਕ (ਧ) ਲਗਾਓ ਤੇ ਜੋ ਕੰਮ ਮਹੱਤਵਪੂਰਨ ਨਹੀਂ ਸਨ ਤੁਹਾਡੇ ਵੱਲੋਂ ਕੀਤੇ ਗਏ ਉਨ੍ਹਾਂ ਕੰਮਾਂ ਸਾਹਮਣੇ ਕਰਾਸ (×) ਦਾ ਨਿਸ਼ਾਨ ਲਗਾਉ। ਅਜਿਹੇ ਕੰਮਾਂ ਨੂੰ ਕਰਨ ਦਾ ਮਤਲਬ ਹੁੰਦਾ ਹੈ ਕਿ ਤੁਸੀਂ ਆਪਣੇ ਕਿਸ ਸਮੇਂ ਨੂੰ ਵਿਅਰਥ ਵਿੱਚ ਖਰਚ ਕੀਤਾ ਹੈ ਅਤੇ ਕਿਸ ਸਮੇਂ ਨੂੰ ਸਹੀ ਵਰਤਿਆ ਹੈ, ਦੁਆਰਾ ਸਮਾਂ ਵਿਅਰਥ ਕਰਨ ਤੋਂ ਬਚੋ। ਹੁਣ ਤੁਸੀਂ ਉਨ੍ਹਾਂ ਵਿਸ਼ਿਆਂ ਦੀ ਮੁੜ ਸੂਚੀ ਬਣਾਓ ਜੋ ਤੁਹਾਡੇ ਲਈ ਅਤੇ ਤੁਹਾਡੀ ਪੜ੍ਹਾਈ ਲਈ ਮਹੱਤਵਪੂਰਨ ਹਨ।

**ਆਪਣੇ ਅਧਿਐਨ ਲਈ ਕਮਜ਼ੋਰ ਤੇ ਸ਼ਕਤੀਸ਼ਾਲੀ ਵਿਸ਼ੇ ਚੁਣੋ:-** ਇਸ ਗੱਲ ਨੂੰ ਹਰ ਵਿਦਿਆਰਥੀ ਚੰਗੀ ਤਰਾਂ ਸਮਝ ਸਕਦਾ ਹੈ ਕਿ ਉਹ ਹਰ ਵਿਸ਼ੇ ਵਿਚ ਕਮਜ਼ੋਰ ਨਹੀਂ ਹੁੰਦਾ। ਜੋ ਵਿਸ਼ੇ ਕਮਜ਼ੋਰ ਹਨ ਜਾਂ ਜਿਨ੍ਹਾਂ ਵਿਸ਼ਿਆਂ ਨੂੰ ਤੁਹਾਡੀ ਮਿਹਨਤ ਦੀ ਸਖਤ ਲੋੜ ਹੈ ਉਹਨਾਂ ਨੂੰ ਆਪਣੇ ਮਹੱਤਵਪੂਰਨ ਬਿੰਦੂਆਂ ਤੇ ਸਿਖਰ ਤੇ ਰੱਖੋ ਤੇ ਵੱਧ ਸਮਾਂ ਦਿਉ ,ਜਿੰਨਾਂ ਤੇ ਤੁਹਾਡੀ ਪਕੜ ਚੰਗੀ ਹੁਦੀ ਹੈ ਉਨ੍ਹਾਂ ਦਾ ਵੀ ਅਧਿਐਨ ਕਰਨਾ ਨਾਂ ਭੁੱਲੋ।

**ਸੁਚੱਜੀ ਪੜ੍ਹਾਈ ਲਈ ਬਣਾਓ ਟਾਈਮ ਟੇਬਲ:-** ਹੁਣ ਲੋੜ ਹੈ ਤੁਹਾਨੂੰ ਟਾਈਮ ਟੇਬਲ ਦੀ ਚੋਣ ਕਰਨ ਦੀ,ਸਵੇਰੇ ਤੁਹਾਡੇ ਜਾਗਣ ਤੋਂ ਬਾਅਦ ਦੇ ਰੋਜ਼ਾਨਾ ਕੀਤੇ ਜਾ ਰਹੇ ਕੰਮਾਂ ਨੂੰ ਇਸ ਸੂਚੀ ਵਿਚ ਪਾਓ ਤੇ ਹਰ ਵਿਸ਼ੇ ਨੂੰ ਜ਼ਿਆਦਾ ਲੰਮੇ ਸਮੇਂ ਤੱਕ ਨਾਂ ਰੱਖੋ ਕਿਉਂਕਿ ਕਿਸੇ ਵਿਸ਼ੇ ਨੂੰ ਲਗਾਤਾਰ ਲੰਮੇ ਸਮੇਂ ਤੱਕ ਪੜ੍ਹਦੇ ਰਹਿਣ ਦੀ ਵਜ੍ਹਾ ਨਾਲ ਤੁਹਾਡਾ ਦਿਮਾਗ ਤਨਾਅਗ੍ਰਸਤ ਹੋ ਸਕਦਾ ਹੈ। ਇਸ ਲਈ ਪੜ੍ਹਾਈ ਦੇ ਵਿਸ਼ਿਆਂ ਨੂੰ ਸੂਚੀ ਵਿੱਚ 40 ਤੋਂ 50 ਮਿੰਟ ਤੱਕ ਦਾ ਹੀ ਸਮਾਂ ਦਿਓ।

ਬ੍ਰੇਕ ਟਾਈਮ ਦੀ ਚੋਣ ਕਰੋ: ਹਰੇਕ 40-50 ਮਿੰਟ ਦੇ ਫਰਕ ਤੋਂ ਬਾਅਦ 5 ਤੋਂ 10 ਮਿੰਟ ਤੱਕ ਦੀ ਬ੍ਰੇਕ ਦਿਓ। ਇਸਦੀ ਵਜਾ ਨਾਲ ਤੁਸੀਂ ਖੁਦ ਨੂੰ ਮੁੜ ਤਰੋ ਤਾਜ਼ਾ ਜਾਂ ਹਲਕਾ ਮਹਿਸੂਸ ਕਰ ਸਕਦੇ ਹੋ।ਇਸੇ ਦੌਰਾਨ ਜੇਕਰ ਜ਼ਿਆਦਾ ਥਕਾਵਟ ਮਹਿਸੂਸ ਕਰਦੇ ਹੋ ਤਾਂ ਟੀ.ਵੀ ਆਦਿ ਦੇਖ ਸਕਦੇ ਹੋ, ਗਾਣਾ ਸੁਣ ਕੇ ਡਾਂਸ ਕਰ ਸਕਦੇ ਹੋ,ਤੁਸੀ ਖੁਦ ਲਈ ਚਾਹ ਜਾਂ ਕੌਫ਼ੀ ਤਿਆਰ ਕਰ ਸਕਦੇ ਹੋ। ਪੜ੍ਹਨ ਦੇ ਨਾਲ ਨਾਲ ਤੁਹਾਡੇ ਟਾਈਮ ਟੇਬਲ ਵਿਬ ਬ੍ਰੇਕ ਟਾਈਮ ਦਾ ਹੋਣਾ ਬਹੁਤ ਜਰੂਰੀ ਹੈ।


**ਘਰੇਲੂ ਕੰਮਾਂ ਦੀ ਸੂਚੀ ਬਣਾਓ:-** ਇਹ ਜਰੂਰੀ ਨਹੀਂ ਕਿ ਤੁਸੀਂ ਧਾਰ ਹੀ ਲਓ ਕਿ ਪੜ੍ਹਾਈ ਅਤੇ ਸਿਰਫ ਪੜ੍ਹਾਈ ਲਈ ਹੀ ਟਾਈਮ ਟੇਬਲ ਵਿੱਚ ਸਮਾਂ ਕੱਢੋਗੇ। ਕੁਝ ਘਰੇਲੂ ਕੰਮਾਂ ਦਾ ਇਸ ਟੇਬਲ ਵਿਚ ਸ਼ਾਮਲ ਹੋਣਾ ਬਹੁਤ ਜਰੂਰੀ ਹੈ ਇਨ੍ਹਾਂ ਕੰਮਾਂ ਲਈ ਤੁਸੀਂ ਵੱਖ ਤੋਂ ਇੱਕ ਦਿਨ ਦਾ ਸਮਾਂ ਵੀ ਕੱਢ ਸਕਦੇ ਹੋ ਜਿਵੇਂ ਐਤਵਾਰ। ਇਸ ਦਿਨ ਪੂਰੇ ਦਿਨ ਤੁਸੀਂ ਚਾਹੋ ਤਾਂ ਆਪਣੇ ਹੋਰ ਜਰੂਰੀ ਕੰਮ ਨਿਪਟਾ ਸਕਦੇ ਹੋ ਜਿਵੇਂ ਬਜ਼ਾਰੋਂ ਸਮਾਨ ਖਰੀਦਣਾ, ਆਪਣੇ ਕੱਪੜੇ ਧੋਣਾ, ਜੁੱਤੇ ਪਾਲਿਸ਼ ਕਰਨਾ, ਕੱਪੜੇ ਪ੍ਰੈੱਸ ਕਰਨਾ, ਆਪਣੇ ਕਮਰੇ ਦੀ ਸਫ਼ਾਈ ਕਰਨਾ, ਕਿਤਾਬਾਂ ਨੂੰ ਸਹੀ ਢੰਗ ਨਾਲ ਰੱਖਣਾ ਆਦਿ। ਇਹ ਸਭ ਲਈ ਤੁਹਾਨੂੰ ਸਮਾਂ ਕੱਢਣਾ ਚਾਹੀਦਾ ਹੈ ਕਿਉਂਕਿ ਇਹ ਉਹ ਕੰਮ ਹੁੰਦੇ ਹਨ ਜੋ ਤੁਹਾਡੇ ਵਿਦਿਆਰਥੀ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।

**ਅੱਜ ਹੀ ਚੰਗੇ ਟਾਈਮ ਟੇਬਲ 'ਤੇ ਨਿਰਭਰ ਹੋਵੋ:-** ਤੁਹਾਡਾ ਟਾਈਮ ਟੇਬਲ ਪੂਰੀ ਤਰ੍ਹਾਂ ਤਿਆਰ ਹੋ ਜਾਣ ਤੋਂ ਬਾਅਦ ਹੁਣ ਤੁਹਾਨੂੰ ਲੋੜ ਹੁੰਦੀ ਹੈ ਆਪਣੇ ਕੰਮਾਂ ਨੂੰ ਟਾਈਮ ਟੇਬਲ ਦੇ ਅਨੁਸਾਰ ਕਰਨ ਦੀ। ਸੂਚੀ ਵਿਚ ਦਿੱਤੇ ਗਏ ਸਮੇਂ ਦੇ ਨਾਲ ਹੀ ਉਚਿਤ ਕੰਮ ਕਰਨ ਲਈ ਆਪਣੇ ਆਪ ਨੂੰ ਮਜਬੂਤ ਬਣਾਓ ਤੇ ਬਣਾਏ ਟਾਈਮ ਟੇਬਲ ਦਾ ਪਾਲਣ ਸੁਚਾਰੂ ਢੰਗ ਨਾਲ ਕਰੋ। ਆਪਣੇ ਆਲਸ ਨੂੰ ਤਿਆਗੋ ਅਤੇ ਕੰਮ ਨੂੰ ਤੁਰੰਤ ਕਰਨ ਦੀ ਆਦਤ ਪਾਓ। ਜੇਕਰ ਤੁਸੀਂ ਚਾਹੋ ਤਾਂ ਟਾਈਮ ਟੇਬਲ ਵਿਚ ਫੇਰ ਬਦਲ ਵੀ ਕਰ ਸਕਦੇ ਹੋ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕੁਝ ਕੰਮਾਂ ਦਾ ਹੋਰ ਸ਼ਾਮਲ ਹੋਣਾ ਵੀ ਜਰੂਰੀ ਹੈ ਤਾਂ ਤੁਸੀਂ ਉਨ੍ਹਾਂ ਕੰਮਾਂ ਨੂੰ ਸੂਚੀ ਵਿਚ ਪਾ ਸਕਦੇ ਹੋ ਤੇ ਆਪਣੇ ਟਾਈਮ ਟੇਬਲ ਨੂੰ ਹੋਰ ਵੀ ਜ਼ਿਆਦਾ ਪ੍ਰਬਲ ਬਣਾ ਸਕਦੇ ਹੋ। ਇਸ ਤਰਾਂ ਉਪਰ ਦਿੱਤੇ ਗਏ ਤਰੀਕਿਆਂ ਨਾਲ ਤੁਸੀਂ ਬਹੁਤ ਹੀ ਆਸਾਨੀ ਨਾਲ ਇੱਕ ਟਾਈਮ ਟੇਬਲ ਬਣਾ ਸਕਦੇ ਹੋ।

ਪ੍ਰੀਖਿਆ ਦਾ ਸੀਜਨ ਹੋਣ ਕਾਰਨ ਹਰੇਕ ਵਿਦਿਆਰਥੀ ਨੂੰ ਲੋੜ ਹੈ ਕਿ ਸੁਚੱਜੇ ਟਾਈਮ ਟੇਬਲ ਰਾਹੀਂ ਕੀਮਤੀ ਸਮੇਂ ਦਾ ਸਦ ਉਪਯੋਗ ਕਰਦੇ ਹੋਏ ਪੜ੍ਹਾਈ ਕਰੇ। ਮੈਨੂੰ ਪੂਰੀ ਉਮੀਦ ਹੈ ਕਿ ਪਾਠਕ, ਵਿਦਿਆਰਥੀ, ਅਧਿਆਪਕ ਅਤੇ ਮਾਪੇ ਮੇਰੇ ਇਸ ਸੁਝਾਅ ਰਾਹੀਂ ਜਰੂਰ ਵਿਦਿਆਰਥੀਆਂ ਨੂੰ ਜਾ-ਗਰੂਕ ਕਰਨਗੇ ਅਤੇ ਲਾਭ ਉਠਾਉਣਗੇ।

(23 ਮਾਰਚ 'ਤੇ ਵਿਸ਼ੇਸ਼)

# ਮਹਾਨ ਕ੍ਰਾਂਤੀਕਾਰੀ, ਇਨਕਲਾਬੀ ਅਤੇ ਸਮਾਜਵਾਦ ਹਾਮੀ -ਸ਼ਹੀਦ ਭਗਤ ਸਿੰਘ



ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ, ਪੈਗੰਬਰਾਂ, ਸੰਤਾਂ, ਅਣਖੀਲੇ ਯੋਧਿਆਂ, ਬਹਾਦਰਾਂ, ਸੂਰਬੀਰਾਂ, ਸਿਰਲੱਥ ਸੂਰਮਿਆਂ, ਕੁਰਬਾਨੀਆਂ ਅਤੇ ਕ੍ਰਾਂਤੀਕਾਰੀਆਂ ਦੇ ਮੋਢੀਆਂ ਵਜੋਂ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਕ੍ਰਾਂਤੀ ਦਾ ਮੁੱਢ ਬੰਨਿਆ ਸੀ। ਦਸ ਗੁਰੂ ਸਾਹਿਬਾਨਾਂ ਦੇ ਯੋਗਦਾਨ ਪੰਜਾਬੀਆਂ ਚ ਵਿਲੱਖਣਤਾ ਭਰ ਦਿੱਤੀ ਅਤੇ ਮੌਤ ਨੂੰ ਮਖੌਲਾਂ ਕਰਨ ਲਾ ਦਿੱਤਾ। ਜਦੋਂ ਵੀ ਦੇਸ਼ ਜਾਂ ਕੌਮ ਤੇ ਕੋਈ ਆਫਤ ਜਾਂ ਭੀੜ ਪਈ ਹੈ ਤਾਂ ਪੰਜਾਬੀ ਮਾਂ ਦੇ ਅਣਖੀਲੇ ਸੂਰਮੇ, ਯੋਧੇ ਅਤੇ ਮਹਾਨ ਸਪੂਤ ਜਾਨ ਜ਼ੁਲਮ ਅਤੇ ਜ਼ਾਲਮ ਸਾਹਮਣਿਓ ਟੱਕਰੇ ਹਨ ਅਤੇ ਜ਼ਾਲਮਾਂ ਨੇ ਹਮੇਸ਼ਾ ਮੂੰਹ ਦੀ ਖਾਈ ਹੈ। ਇਸਦੀ ਸ਼ਾਹਦੀ ਇਹ ਸਤਰਾਂ ਭਰਦੀਆਂ ਹਨ:-

"ਧਰਤੀ ਪੰਜਾਬੀ ਜੰਮਦੀ ਹੈ ਸੂਰਮੇ,  
ਹੁੰਦੇ ਨੇ ਜਵਾਨ ਖਾ ਖਾ ਕੇ ਚੂਰਮੇ,  
ਗਾਨਾ ਬੰਨ ਮਾਵਾਂ ਹੱਥੀਂ ਆਪ ਤੋਰਦੀਆਂ  
ਨੇ ਦਲੇਰ ਬੜੀਆਂ,  
ਪੰਜਾਬ ਵਿਚ ਜੰਮਿਆਂ ਨੂੰ ਨਿੱਤ ਰਹਿੰਦੀਆਂ  
ਨੇ ਮੁਹਿੰਮਾਂ ਖੜ੍ਹੀਆਂ।"



ਇੰਜੀਨੀਅਰ ਸਤਨਾਮ ਸਿੰਘ ਮੱਟੂ  
91-97797-08257

ਕਲਗੀਧਰ ਦੇ ਇਹਨਾਂ ਇਹਨਾਂ ਸੂਰਮਿਆਂ ਨੇ ਹਮੇਸ਼ਾ ਅਣਖ ਨਾਲ ਜੀਣ ਦੀ ਜਾਚ ਸਿੱਖੀ ਹੈ।ਗੁਰੂ ਸਾਹਿਬ ਅਨੁਸਾਰ ਜ਼ੁਲਮ ਸਹਿਣਾ ਤੇ ਜ਼ੁਲਮ ਕਰਨਾ ਦੋਨੋਂ ਪਾਪ ਹਨ। ਪੰਜਾਬੀਆਂ ਨੂੰ ਤਾਂ ਗੁੜਤੀ ਹੀ ਕੁਰਬਾਨੀਆਂ ਦੀ ਮਿਲਦੀ ਹੈ। ਤਵਾਰੀਖ਼ ਦੇ ਸੁਨਹਿਰੀ ਪੰਨਿਆਂ ਤੇ ਕੁਰਬਾਨੀਆਂ ਦੇ ਖ਼ੂਨ ਨਾਲ ਇਹਨਾਂ ਦਾ ਨਾਂ ਮੂਹਰਲੀਆਂ ਸਫਾਂ ਚ ਅੰਕਿਤ ਹੈ। ਇਹ ਕੁਰਬਾਨੀਆਂ ਲਈ ਹਰ ਸਮੇਂ ਤੱਤਪਰ ਰਹਿੰਦੇ ਹਨ,ਚਾਹੇ ਉਹ ਧਰਮ ਯੁੱਧ ਮੋਰਚਾ ਹੋਵੇ, ਹੱਕ ਸੱਚ ਦੀ ਲੜਾਈ ਹੋਵੇ ਜਾਂ ਸੁਤੰਤਰਤਾ ਪ੍ਰਾਪਤੀ ਦਾ ਘੋਲ। ਜਦੋਂ ਭਾਰਤ ਮਾਂ ਦੇ ਪੈਰਾਂ ਚੋਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਲਈ ਕੁਰਬਾਨੀਆਂ ਦੀ ਗੱਲ ਚੱਲਦੀ ਹੈ ਤਾਂ ਪੰਜਾਬ ਦੇ ਸਪੂਤ, ਸ਼ਹੀਦ-ਏ-ਆਜ਼ਮ ਸ੍ਰ। ਭਗਤ ਸਿੰਘ ਦਾ ਨਾਂ ਸਭ ਤੋਂ ਪਹਿਲਾਂ ਸਾਹਮਣੇ ਆ ਜਾਂਦਾ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਇਸ ਮਹਾਨ ਸਪੂਤ ਅਤੇ ਕੌਮੀ ਸ਼ਹੀਦ ਦਾ ਜਨਮ ਪਿਤਾ ਸ੍ਰ ਕਿਸ਼ਨ ਸਿੰਘ ਦੇ ਵਿਹੜੇ ਅਤੇ ਮਾਤਾ ਸ੍ਰੀਮਤੀ ਵਿੱਦਿਆਵਤੀ ਦੀ ਕੁੱਖੋਂ ਇੱਕ ਆਜ਼ਾਦੀ ਘੁਲਾਟੀਏ ਪਰਿਵਾਰ ਚ 28 ਸਤੰਬਰ 1907 ਨੂੰ ਚੱਕ ਨੰ:5, ਜਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ। ਉਹਨਾਂ ਦਾ ਜੱਦੀ ਪਿੰਡ ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ) ਸੀ। ਭਗਤ ਸਿੰਘ ਨੂੰ ਤਾਂ ਗੁੜਤੀ ਹੀ ਕੁਰਬਾਨੀ ਅਤੇ ਦੇਸ਼ ਭਗਤੀ ਦੀ ਮਿਲੀ ਸੀ,ਜਿਸ ਦਿਨ ਭਗਤ ਸਿੰਘ ਦਾ ਜਨਮ ਹੋਇਆ ਸੀ, ਉਸ ਦਿਨ ਉਸ ਦਾ ਪਿਤਾ ਨੇਪਾਲ ਅਤੇ ਚਾਚਾ ਅਜੀਤ ਸਿੰਘ ਮਾਂਡਲੇ (ਬਰਮਾ) ਦੀ ਜੇਲ੍ਹ ਵਿਚੋਂ ਰਿਹਾਅ ਹੋਕੇ ਘਰ ਆਏ ਸਨ। ਇਸ ਕਰਕੇ ਇਸਨੂੰ ਭਾਗਾਂਵਾਲਾ ਦੇ ਨਾਂ ਨਾਲ ਬੁਲਾਇਆ ਜਾਣ ਲੱਗਿਆ।ਇਹਨਾਂ ਦੇ ਬਜੁਰਗ ਵੀ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿੱਚ ਸੇਵਾਵਾਂ ਨਿਭਾਉਂਦੇ ਰਹੇ ਹਨ। ਕਿਸੇ ਸ਼ਾਇਰ ਨੇ ਭਗਤ ਸਿੰਘ ਅਤੇ ਉਸਦੀ ਮਾਤਾ ਜੀ ਪ੍ਰਤੀ ਆਪਣੇ ਮਨ ਦੀ ਵੇਦਨਾ ਨੂੰ ਵਿਅੱਕਤ ਕਰਦਿਆਂ ਲਿਖਿਆ ਹੈ:-

"ਜਣਨੀ ਜਣੇ ਤਾਂ ਭਗਤ ਜਨ ਕੈ ਦਾਤਾ ਕੈ ਸੂਰ,  
ਨਹੀਂ ਤਾਂ ਜਣਨੀ ਬਾਂਝ ਰਹੇ, ਕਾਹੈ ਗਵਾਵੈ ਨੂਰ।"

ਮੁੱਢਲੀ ਪੜ੍ਹਾਈ ਵੇਲੇ ਹੀ ਉਸ ਅੰਦਰ ਦੇਸ਼ ਭਗਤੀ ਦੀ ਚਿਣਗ ਬਲ ਗਈ ਸੀ ਕਿਉਂਕਿ ਪਰਿਵਾਰਿਕ ਮਾਹੌਲ ਦਾ ਉਸ ਉੱਪਰ ਪ੍ਰਭਾਵ ਹੋਣਾ ਲਾਜ਼ਮੀ ਸੀ। ਨੈਸ਼ਨਲ ਕਾਲਜ ਲਾਹੌਰ ਪੜ੍ਹਦਿਆਂ 13 ਅਪ੍ਰੈਲ 1919 ਦੀ ਜਲ੍ਹਿਆਂਵਾਲਾ ਬਾਗ ਦੀ ਘਟਨਾ, ਅੰਗਰੇਜ਼ ਹਾਕਮਾਂ ਦੁਆਰਾ ਭਾਰਤੀਆਂ ਤੇ ਹੁੰਦੇ ਅੱਤਿਆਚਾਰਾਂ ਅਤੇ ਅੱਤ ਭੈੜੇ ਰਵੱਈਏ ਨੇ ਉਸਨੂੰ ਦਿਲੋਂ ਝੰਜੋੜ ਦਿੱਤਾ ਅਤੇ ਉਸਨੂੰ ਗੁਲਾਮੀ ਦਾ ਅਹਿਸਾਸ ਹੋਇਆ। ਤਦ ਉਹ ਦੇਸ਼ ਵਾਸੀਆਂ ਦੇ ਗਲੋਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਲਾਹੁਣ ਲਈ ਆਜ਼ਾਦੀ ਪ੍ਰਾਪਤੀ ਦੇ ਸੰਘਰਸ਼ ਵਿੱਚ ਕੁੱਦ ਪਏ। ਜਲ੍ਹਿਆਂਵਾਲਾ ਕਾਂਡ ਨੂੰ ਉਹ ਅੱਖੀਂ ਦੇਖਣ ਲਈ ਅੰਮ੍ਰਿਤਸਰ ਪੈਦਲ ਚੱਲ ਕੇ ਗਏ ਸਨ।ਇੱਥੇ ਹੀ ਉਹ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆਏ। ਉਹਨਾਂ ਮਹਾਤਮਾ ਗਾਂਧੀ ਦੇ ਚਲਾਏ ਨਾ-ਮਿਲਵਰਤਣ ਲਹਿਰ ਚ ਮੋਹਰੀ ਭੂਮਿਕਾ ਨਿਭਾਈ। ਉਹਨਾਂ ਦੀ ਇਨਕਲਾਬੀ , ਦੇਸ਼ ਭਗਤੀ, ਹੱਕ ਸੱਚ ਲਈ ਉੱਦਮ ਅਤੇ ਸੰਘਰਸ਼ਮਈ ਲੜਾਈਆਂ ਨਾਲ ਸਬੰਧਤ ਸਾਹਿਤ ਪੜ੍ਹਨ ਚ ਰੁਚੀ ਸੀ। ਉਹਨਾਂ ਉੱਪਰ 1857 ਦੇ ਦੀ ਆਜ਼ਾਦੀ ਦੀ ਪਹਿਲੀ ਕ੍ਰਾਂਤੀਕਾਰੀ ਲੜ੍ਹਾਈ ਸੰਬੰਧੀ ਵੀਰ ਸਾਵਰਕਾਰ ਕਿਤਾਬ ਪੜੀ,ਜਿਸਦਾ ਉਸ ਉੱਪਰ ਗਹਿਰਾ ਪ੍ਰਭਾਵ ਪਿਆ।ਪੜ੍ਹਾਈ ਛੱਡ ਕ੍ਰਾਂਤੀਕਾਰੀਆਂ ਵੀਰ ਸਾਵਰਕਾਰ, ਚੰਦਰ ਸ਼ੇਖਰ ਆਜ਼ਾਦ, ਸੁਖਦੇਵ, ਰਾਜਗੁਰੂ,ਭਗਤੀ ਚਰਨ ਵੋਹਰਾ ਨਾਲ ਸੁਤੰਤਰਤਾ ਸੰਗਰਾਮ ਚ ਕੁੱਦ ਪਏ।

30 ਜੂਨ 1928 ਨੂੰ ਜਦੋਂ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਲਾਲਾ ਲਾਜਪਤ ਰਾਏ ਦੀ ਅਗਵਾਈ ਹੇਠ ਭਾਰਤੀਆਂ ਨੇ ਕਾਲੀਆਂ ਝੰਡੀਆਂ ਨਾਲ ਲਾਹੌਰ ਚ ਉਸਦਾ ਵਿਰੋਧ ਕੀਤਾ। ਪੁਲਿਸ ਦੀਆਂ ਲਾਠੀਆਂ ਦੇ ਅੰਨ੍ਹੇ ਤਸ਼ੱਦਦ ਨੂੰ ਨਾ ਸਹਾਰਦਿਆਂ ਲਾਲਾ ਜੀ ਸ਼ਹੀਦ ਹੋ ਗਏ। ਭਗਤ ਸਿੰਘ ਅਤੇ ਸਾਥੀਆਂ ਚ ਲਾਲਾ ਜੀ ਦੀ ਸ਼ਹਾਦਤ ਉਹਨਾਂ 'ਚ ਬਦਲੇ ਦਾ ਜੋਸ਼ ਭਰ ਗਿਆ ਅਤੇ ਉਹਨਾਂ ਜਨਰਲ ਸਕਾਟ ਨੂੰ ਮਾਰਨ ਦੀ ਪੂਰੀ ਠਾਣ ਲਈ। ਪਰ ਉਸਦੀ ਕਿਸਮਤ ਦਾ ਸਿਤਾਰਾ ਤੇਜ ਨਿਕਲਿਆ, ਉਹਨਾਂ 17 ਦਸੰਬਰ 1928 ਨੂੰ ਸਕਾਟ ਦੀ ਥਾਂ ਜੇ।ਪੀ। ਸਾਂਡਰਸ ਨੂੰ ਲਾਹੌਰ 'ਚ ਗੋਲੀਆਂ ਨਾਲ ਉਡਾ ਦਿੱਤਾ।ਭਗਤ ਸਿੰਘ ਨਿਡਰ, ਬੇਖੌਫ ਅਤੇ ਬਹਾਦਰ ਸੀ, ਸੋ ਉਸਨੇ "ਖ਼ੂਨ ਦਾ ਬਦਲਾ ਖ਼ੂਨ" ਇਸ਼ਤਿਹਾਰ ਕੰਧਾਂ ਤੇ ਚਿਪਕਾ ਕੇ ਸਾਂਡਰਸ ਦੇ ਕਤਲ ਦੀ ਜੁੰਮੇਵਾਰੀ ਲੈ ਲਈ।ਪੁਲਿਸ ਉਹਨਾਂ ਦੀ ਭਾਲ ਚ ਸੀ। ਭਗਤ ਸਿੰਘ ਨੇ ਬੀ।ਕੇ।ਦੱਤ ਨਾਲ ਮਿਲਕੇ ਗੂੰਗੀ ਅਤੇ ਬੋਲੀ ਸਰਕਾਰ ਦੇ ਕੰਨ੍ਹ ਖੋਲ੍ਹਣ ਲਈ 8ਅਪ੍ਰੈਲ 1929 ਨੂੰ ਵਾਇਸਰਾਏ ਦੀ ਨਵੀਂ ਦਿੱਲੀ ਅਸੈਂਬਲੀ ਚ ਬੰਬ ਸੁੱਟ ਕੇ ਅੰਗਰੇਜ਼ੀ ਹਕੂਮਤ ਨੂੰ ਹੱਥਾਂ ਪੈਰਾਂ ਦੀ ਪਾ ਦਿਤੀ ਅਤੇ "ਇਨਕਲਾਬ ਜਿੰਦਾਬਾਦ" ਦੇ ਨਾਹਰੇ ਮਾਰਦਿਆਂ ਗ੍ਰਿਫਤਾਰੀ ਦੇ ਦਿੱਤੀ।ਭਗਤ ਸਿੰਘ ਖ਼ੂਨ ਖਰਾਬੇ ਦਾ ਹਾਮੀ ਨਹੀਂ ਸੀ, ਉਹ ਕਾਰਲ ਮਾਰਕਸ ਦੇ ਸਿਧਾਂਤਾਂ ਤੋਂ ਪ੍ਰਭਾਵਿਤ ਅਤੇ ਸਮਾਜਵਾਦੀ ਹਿੱਤਾਂ ਦਾ ਸਮਰਥੱਕ ਅਤੇ ਹਾਮੀ ਸੀ,ਕਿਉਂਕਿ ਉਸ ਸਮੇਂ ਬਰਤਾਨਵੀ ਹਕੂਮਤ ਭਾਰਤੀਆਂ ਤੇ ਅੰਨ੍ਹੇ ਜ਼ੁਲਮ ਦੇ ਨਾਲ ਨਾਲ ਅੰਧਾਧੁੰਦ ਲੁੱਟ ਤੇ ਲੱਗੀ ਹੋਈ ਸੀ।

ਭਗਤ ਸਿੰਘ ਸਾਮਰਾਜੀ ਸ਼ਕਤੀਆਂ ਦੇ ਬਜਾਇ ਸਮਾਜਵਾਦੀ ਧਾਰਨਾਵਾਂ ਦਾ ਮੁਦੱਈ ਸੀ। ਉਹ ਪੂੰਜੀਵਾਦੀ ਵਿਵਸਥਾ ਦੇ ਵਿਰੋਧੀ ਸਨ।

ਭਗਤ ਸਿੰਘ ਅਤੇ ਸਾਥੀਆਂ ਨੂੰ ਲਾਹੌਰ ਮੀਆਂ ਵਾਲੀ ਜੇਲ੍ਹ ਕੈਦ ਕੀਤਾ ਗਿਆ ਅਤੇ ਉਹਨਾਂ ਤੇ ਮੁਕੱਦਮਾ ਚਲਾਇਆ ਗਿਆ। ਜੇਲ੍ਹ ਵਿੱਚ ਉਹਨਾਂ ਨਾਲ ਬੇਹੱਦ ਭੈੜਾ ਅਤੇ ਗੈਰ ਇਨਸਾਨੀਅਤ ਵਾਲਾ ਸਲੂਕ ਕੀਤਾ ਜਾਂਦਾ ਸੀ।ਉਹਨਾਂ ਜੇਲ੍ਹ ਵਿੱਚ ਹੀ ਭੁੱਖ ਹੜਤਾਲ ਕਰ ਦਿੱਤੀ। ਆਖਿਰ 14 ਫਰਵਰੀ 1931 ਨੂੰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਜਦੋਂ ਫਾਂਸੀ ਦੀ ਸਜ਼ਾ ਸੁਣਾਈ ਗਈ ਤਾਂ ਭਾਰਤ ਮਾਂ ਦੇ ਇਹਨਾਂ ਸਪੂਤਾਂ ਦੇ ਚਿਹਰੇ ਤੇ ਕਿਤੇ ਵੀ ਮੌਤ ਦਾ ਖੌਫ ਨਹੀਂ ਸੀ। ਉਹਨਾਂ ਦੇ " ਇਨਕਲਾਬ ਜਿੰਦਾਬਾਦ"ਦੇ ਨਾਅਰਿਆਂ ਨਾਲ ਅਸਮਾਨ ਗੂੰਜ ਉੱਠਿਆ। ਬਾਕੀ ਭਾਰਤੀ ਇਨਕਲਾਬੀਆਂ ਨੂੰ ਲੰਮੀਆਂ ਸਜ਼ਾਵਾਂ ਦੇਕੇ ਕਾਲੇ ਪਾਣੀ ਦੀ ਜੇਲ੍ਹ ਭੇਜ ਦਿੱਤਾ।

ਸਜ਼ਾ-ਏ-ਮੌਤ ਯਾਫਤਾ ਇਹ ਦੇਸ਼ ਭਗਤ ਸੈਂਟਰਲ ਜੇਲ ਲਾਹੌਰ ਚ ਬਹੁਤਾ ਸਮਾਂ ਸਾਹਿਤਕ ਅਤੇ ਸਮਾਜਵਾਦੀ ਪੁਸਤਕਾਂ ਪੜ੍ਹਕੇ ਸਮਾਂ ਗੁਜਾਰਦਾ ਸੀ। ਭਗਤ ਸਿੰਘ ਨੂੰ ਜਦੋਂ ਜੇਲਰ ਨੇ ਉਸਦੀ ਅੰਤਿਮ ਇੱਛਾ ਬਾਬਤ ਪੁੱਛਿਆ ਤੇ ਭਗਤ ਸਿੰਘ ਦਾ ਦਲੇਰੀ ਭਰਿਆ ਜਵਾਬ ਸੁਣਕੇ ਅੰਗਰੇਜ਼ ਅਫਸਰ ਹੱਕਾਂ ਬੱਕਾ ਰਹਿ ਗਿਆ ਸੀ ਅਤੇ ਅਣਖੀ ਅਤੇ ਦੇਸ਼ ਭਗਤਾਂ ਵਾਲੀ ਮੌਤ ਦੀ ਮੰਗ ਕੀਤੀ ਸੀ-

"ਕੀ ਆਖਰੀ ਤਮੰਨਾ ਪੁੱਛਦੇ ਓ ਮੇਰੇ ਤੋ,  
ਆਪੇ ਸਭ ਕੁੱਝ ਪੜ੍ਹ ਲਵੋ ਚੇਹਰੇ ਤੋਂ,  
ਮੱਠਾ ਪੈ ਜਾਏ ਜਜਬਾ ਨਾ ਕੁਰਬਾਨੀ ਦਾ ਸੀਖਾਂ ਪਿੱਛੇ ਤਾੜਦੋ,  
ਜਿੰਨ੍ਹਾਂ ਛੇਤੀ ਹੋ ਸਕੇ ਤੁਸੀਂ ਗੋਰਿਓ ਮੈਨੂੰ ਫਾਂਸੀ ਚਾੜਦੋ।  
ਲੈਕੇ ਜਨਮ ਦੁਬਾਰਾ ਹੋਣਾ ਸ਼ਾਮਿਲ ਮੈਂ ਆਕੇ ਇਨਕਲਾਬ ਲਹਿਰ ਚ,  
ਛੱਡਣਾ ਨਾ ਥੋਨੂੰ ਫਿਰ ਰੰਗਲੇ ਪੰਜਾਬ ਨਾ ਲੰਡਨ ਸ਼ਹਿਰ ਚ,  
ਸੀਨੇ ਵਿੱਚ ਮੱਚਦੀ ਏ ਬਦਲੇ ਦੀ ਅੱਗ ਤੁਸੀਂ ਛੇਤੀ ਠਾਰਦੋ,  
ਜਿਨ੍ਹਾਂ ਛੇਤੀ ਹੋ ਸਕੇ।"

ਅੰਤ 23 ਮਾਰਚ 1931 ਦਾ ਉਹ ਕਾਲਾ ਦਿਨ ਆਇਆ ਜਦੋਂ ਮਹਾਨ ਕ੍ਰਾਂਤੀਕਾਰੀਆਂ, ਦੇਸ਼ਭਗਤ, ਭਾਰਤ ਮਾਂ ਲਾਡਲੇ ਹੀਰੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੇ ਦੇਸ਼ ਅਤੇ ਕੌਮ ਲਈ ਹਸਦੇ ਹਸਦੇ ਫਾਂਸੀ ਦੇ ਰੱਸੇ ਨੂੰ ਚੁੰਮ ਲਿਆ। ਦੇਸ਼ ਦੀ ਆਜ਼ਾਦੀ ਦੇ ਘੋਲ ਵਿੱਚ 85% ਕੁਰਬਾਨੀਆਂ ਦੇਕੇ ਯੋਗਦਾਨ ਪਾਉਣ ਦਾ ਸੁਭਾਗ ਇਕੱਲੇ ਪੰਜਾਬ ਦੇ ਹਿੱਸੇ ਆਇਆ ਹੈ।

"ਦੇਸ਼ ਦੀ ਆਜ਼ਾਦੀ ਵਾਲੇ ਘੋਲ ਵਿੱਚ ਹਿੱਸਾ ਪਾਇਆ

ਭਗਤ ਸਿਉਂ ਨੇ ਫਾਂਸੀ ਚੁੰਮ ਕੇ,  
ਜਲ੍ਹਿਆਂ ਵਾਲਾ ਬਦਲਾ ਊਧਮ ਸਿੰਘ ਸ਼ੇਰ ਲਿਆ  
ਲੰਡਨ ਚ ਅਡਵਾਇਰ ਫੁੰਡ ਕੇ।।  
ਸਰਾਭਾ ਅਤੇ ਗਦਰੀ ਬਾਬਿਆਂ ਨੂੰ ਸਲਾਮ  
ਮੌਤ ਕਰੇ ਝੁਕ ਕੇ  
ਖੜ੍ਹਗੇ ਪੰਜਾਬੀ ਜਿੱਥੇ ਪੈਰ ਗੱਡ ਕੇ  
ਨਾ ਫਿਰ ਪਿੱਛੇ ਪੁੱਟਦੇ।।।"

ਸਾਰੇ ਭਾਰਤੀ ਵਾਸੀ ਉਹਨਾਂ ਦੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦਿੱਤੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਣਗੇ। ਅੱਜ ਉਹਨਾਂ ਦੀ ਸ਼ਹਾਦਤ ਨੂੰ ਸਾਰਾ ਦੇਸ਼ ਸਲਾਮ ਕਰਦਾ ਹੈ।

"ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ਼ ਮੇਲੇ,  
ਵਤਨ ਪੇ ਮਿਟਨੇ ਵਾਲੋਂ ਕਾ ਆਖਿਰ ਯਹੀ ਨਿਸ਼ਾਂ ਹੋਗਾ।"

# ਨਿਗੂਣੀ ਪੜ੍ਹਾਈ ਅਤੇ ਪੇਂਡੂ ਪਿਛੋਕੜ ਵਾਲੇ ਸ੍ਰ. ਰਾਮ ਸਿੰਘ ਜੱਸਲ ਅਤੇ ਸ੍ਰੀਮਤੀ ਰਾਜ ਦੁਲਾਰੀ ਨੇ ਚੰਡੀਗੜ੍ਹ ਵਿਖੇ ਪੈਰ ਜਮਾਏ

ਕਈ ਇਨਸਾਨਾਂ ਅੰਦਰ ਐਸੇ ਗੁਣ ਹੁੰਦੇ ਹਨ ਕਿ ਉਨ੍ਹਾਂ ਦੇ ਇਰਾਦਿਆਂ ਨੂੰ ਕੋਈ ਮੁਸ਼ਕਿਲ ਰੋਕ ਨਹੀਂ ਸਕਦੀ।ਇਹੋ ਜਿਹੇ ਹੀ ਦ੍ਰਿੜ ਇਰਾਦੇ ਵਾਲੇ ਇਨਸਾਨ ਹਨ ਸ. ਰਾਮ ਸਿੰਘ ਜੱਸਲ ਜਿੰਨ੍ਹਾਂ ਨੇ ਪੰਜਾਬ ਦੀ ਰਾਜਧਾਨੀ ਵਿਖੇ ਕਿਰਾਏ ਦੇ ਮਕਾਨ ਤੋਂ ਸਫਰ ਸੁਰੂ ਕਰਕੇ ਆਪਣੀ ਜੀਵਨ ਸਾਥਣ ਸ੍ਰੀਮਤੀ ਰਾਜ ਦੁਲਾਰੀ ਦੇ ਵੱਡੇ ਸਹਿਯੋਗ ਨਾਲ ਚੰਡੀਗੜ੍ਹ ਦੇ ਮੱਧ ਵਿੱਚ ਕੋਠੀ ਖਰੀਦ ਕੇ ਆਪਣਾ ਰੈਣ ਬਸੇਰਾ ਬਣਾ ਲਿਆ , ਸੱਚਮੁੱਚ ਇੱਕ ਨਾ ਮਾਤਰ ਪੜ੍ਹੇ ਪੇਂਡੂ ਪਿਛੋਕੜ ਵਾਲੇ ਇਨਸਾਨ ਦੀ ਸੋਚ ਅਤੇ ਮਿਹਨਤ ਲਈ ਦਾਦ ਦੇਣੀ ਬਣਦੀ ਹੈ । ਉਨ੍ਹਾਂ ਦਾ ਜਨਮ ਧਾਰਮਿਕ ਬਿਰਤੀ ਵਾਲੇ ਇਮਾਨਦਾਰ ਕਿਰਤੀ ਪਿਤਾ ਸ੍ਰ. ਬਾਬੂ ਸਿੰਘ ਜੱਸਲ ਦੇ ਘਰ ਮਾਤਾ ਸਰਦਾਰਨੀ ਨਸੀਬ ਕੌਰ ਦੀ ਕੁੱਖੋਂ ਪਿੰਡ ਮੰਨਵੀ (ਸੰਗਰੂਰ) ਵਿਖੇ 15 ਅਗਸਤ 1950 ਨੂੰ ਹੋਇਆ ।ਆਰਥਿਕ ਮਜਬੂਰੀ ਕਾਰਨ ਛੋਟੀ ਉਮਰੇ ਉਹ ਆਪਣੇ ਵੱਡੇ ਭਰਾ ਸ. ਸੰਤੋਖ ਸਿੰਘ ਕੋਲ ਦਿੱਲੀ ਵਿਖੇ ਵੀ ਕੁਝ ਸਮਾਂ ਰਹੇ , ਜੋ ਉਥੇ ਆਪਣਾ ਸਿਲਾਈ ਦਾ ਕੰਮ ਕਰਨ ਲਈ ਚਲੇ ਗਏ ਸਨ ।ਕਦੇ ਪਿੰਡ , ਕਦੇ ਦਿੱਲੀ , ਕਦੇ ਚੰਡੀਗੜ੍ਹ ਜਾਣ ਕਾਰਨ ਉਹ ਪੜ੍ਹਾਈ ਸਿਰਫ ਪ੍ਰਾਇਮਰੀ ਤੱਕ ਹੀ ਕਰ ਸਕੇ ।

ਸ. ਸੰਤੋਖ ਸਿੰਘ ਜੱਸਲ ਨੇ 1964 'ਚ ਚੰਡੀਗੜ੍ਹ ਆ ਗਏ ਅਤੇ ਥੋੜੇ ਸਮੇਂ ਬਾਅਦ ਆਪਣੀ ਸਿਲਾਈ ਦੀ ਦੁਕਾਨ 'ਜੱਸਲ ਟੇਲਰਜ਼' ਦੇ ਨਾਂ ਕਰ ਲਈ ।ਪਿੰਡੋ ਆ ਕੇ ਰਾਮ ਸਿੰਘ ਜੱਸਲ ਨੇ ਵੀ ਇਥੇ ਵੱਡੇ ਭਰਾ ਕੋਲ ਸਿਲਾਈ ਦਾ ਕੰਮ ਸਿੱਖ ਲਿਆ ।ਇਥੇ ਰਹਿੰਦੇ ਹੀ ਰਾਮ ਸਿੰਘ ਜੱਸਲ ਦਾ ਵਿਆਹ ਪਿੰਡ ਪਵਾਤ (ਰੋਪੜ ) ਦੇ ਸ੍ਰੀ ਲਾਲ ਜੀ ਦਾਸ ਦੀ ਬੇਟੀ ਰਾਜ ਦੁਲਾਰੀ ਨਾਲ 29 ਫਰਵਰੀ 1972 ਨੂੰ ਹੋ ਗਿਆ।ਇਨ੍ਹਾਂ ਦੇ ਘਰ ਦੋ ਬੇਟੇ ਰਜਿੰਦਰ ਸਿੰਘ (ਭੋਲਾ) ਅਤੇ ਜਸਵੀਰ ਸਿੰਘ (ਸੋਨੂੰ ) ਨੇ ਜਨਮ ਲਿਆ। ਵਿਆਹ ਹੋਣ ਕਾਰਨ ਉਨ੍ਹਾਂ ਲਈ ਵੱਖਰੀ ਕਿਰਾਏ ਦੀ ਰਿਹਾਇਸ ਕਰਨ ਦੀ ਮਜਬੂਰੀ ਬਣ ਗਈ । ਉਨ੍ਹਾਂ ਨੇ ਕਈ ਸਾਲ ਚੰਡੀਗੜ੍ਹ ਹੋਰ ਸਿਲਾਈ ਦੀਆਂ ਦੁਕਾਨਾਂ ਤੇ ਕਾਰੀਗਰੀ ਵੀ ਕੀਤੀ । ਉਨ੍ਹਾਂ ਦੀ ਜੀਵਨ ਸਾਥਣ ਸ਼੍ਰੀਮਤੀ ਰਾਜ ਦੁਲਾਰੀ ਨੇ ਘਰ ਹੀ ਲੇਡੀਜ਼ ਸਿਲਾਈ ਦਾ ਕੰਮ ਦਿਨ ਰਾਤ ਕਰਕੇ ਆਰਥਿਕ ਮਦਦ ਕਰਨ 'ਚ ਬਰਾਬਰ ਦਾ ਅਹਿਮ ਯੋਗਦਾਨ ਪਾਇਆ ਜਿਸ ਸਦਕਾ ਸ. ਰਾਮ ਸਿੰਘ ਜੱਸਲ ਨੇ ਮੁਹਾਲੀ ਵਿਖੇ 1985 ਵਿੱਚ ਆਪਣੀ ਕੋਠੀ ਬਣਾ ਲਈ ਪਰ ਕੰਮਕਾਜ ਚੰਡੀਗੜ੍ਹ ਹੋਣ ਕਾਰਨ ਉਥੇ ਦੂਰ ਹੋਣ ਕਾਰਨ ਰਿਹਾਇਸ ਨਹੀਂ ਕੀਤੀ ।ਉਨ੍ਹਾਂ ਨੇ ਆਪਣੇ ਛੋਟੇ ਭਰਾ ਅਮਰਜੀਤ ਸਿੰਘ ਜੱਸਲ ਨਾਲ ਰਲ ਕੇ ਸੈਕਟਰ 7-ਸੀ ਵਿਖੇ 1981 ਵਿੱਚ ਕਿਰਾਏ ਦੀ ਦੁਕਾਨ ਲੈ ਕੇ 'ਰਾਮਸੰਨਜ਼ ਟੇਲਰਜ਼' ਨਾਂ ਦੀ ਦੁਕਾਨ ਕਰ ਲਈ । ਥੋੜੇ ਸਾਲਾਂ 'ਚ ਸਖਤ ਮਿਹਨਤ ਕਰਕੇ ਉਹ ਇਸੇ ਦੁਕਾਨ ਦੇ ਮਾਲਕ ਬਣ ਗਏ । ਸੰਨ 1994 ਵਿੱਚ ਸੈਕਟਰ-18 ਸੀ ਵਿੱਚ ਉਨ੍ਹਾਂ ਨੇ ਆਪਣੀ ਕੋਠੀ ਖਰੀਦ ਕੇ ਆਪਣੇ ਮਨ ਦੀ ਮੁਰੀਦ ਪੂਰੀ ਕਰ ਲਈ । ਇਹ ਉਨ੍ਹਾਂ ਦੇ ਜੀਵਨ ਦੀ ਵੱਡੀ ਪ੍ਰਾ-ਪਤੀ ਹੈ ।ਇਸ ਵੱਡੀ ਸਫਲਤਾ ਲਈ ਵੱਡੇ ਭਰਾ ਸਵ: ਸ. ਸੰਤੋਖ ਸਿੰਘ ਜੱਸਲ ਅਤੇ ਛੋਟੇ ਭਰਾ ਸ. ਅਮਰਜੀਤ ਸਿੰਘ ਜੱਸਲ ਦੇ ਸਹਿਯੋਗ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦਾ ਸੁਭਾਅ ਦਰਵੇਸ਼ ਕਿਸਮ ਦਾ ਹੈ। ਉਨ੍ਹਾਂ ਅੰਦਰ ਨਿਮਰਤਾ, ਹਲੀਮੀ, ਇਮਾਨਦਾਰੀ ਦੇ ਗੁਣ ਉਨ੍ਹਾਂ ਦੀ ਜ਼ਿੰਦਗੀ ਵਿੱਚ ਸਫਲਤਾ ਲਈ ਅਹਿਮ ਰਹੇ ਹਨ ।ਉਹ ਭਾਵੇਂ ਸਾਦਗੀ ਨਾਲ ਰਹਿੰਦੇ ਹਨ ਅਤੇ ਘੱਟ ਪੜ੍ਹੇ ਲਿਖੇ ਹਨ ਪਰ ਉਨ੍ਹਾਂ ਦੀ ਸ਼ਖਸ਼ੀਅਤ ਕਿਸੇ ਪੜ੍ਹੇ ਲਿਖੇ ਵਿਅਕਤੀ ਤੋਂ ਘੱਟ ਨਹੀਂ ਲਗਦੀ । ਉਹ ਆਪਣੀ ਸਿਹਤ ਪ੍ਰਤੀ ਜਾਗਰੂਕ ਹਨ । ਉਨ੍ਹਾਂ ਦੀ ਹਾਰਟ ਬਾਈਪਾਸ ਸਰਜਰੀ ਅਤੇ ਸਟੰਟ ਪੈਣ ਦੇ ਬਾਵਜੂਦ ਹਮੇਸ਼ਾ ਚੜ੍ਹਦੀਕਲਾ 'ਚ ਰਹਿੰਦੇ ਹਨ ।ਉਨ੍ਹਾਂ ਆਪਣੀ ਸੁਪਤਨੀ ਸ਼੍ਰੀਮਤੀ ਰਾਜ ਦੁਲਾਰੀ ਨਾਲ ਬੜੇ ਹੀ ਵਧੀਆ ਸਲੀਕੇ ਨਾਲ ਅੱਧੀ ਸਦੀ ਪਾਰ ਕਰਕੇ 50 ਵੀਂ ਵਿਆਹ ਵਰ੍ਹੇਗੰਢ ਮਨਾਈ ।ਉਨ੍ਹਾਂ ਦਾ ਵੱਡਾ ਬੇਟਾ ਰਜਿੰਦਰ ਸਿੰਘ ਜੱਸਲ ਆਪਣੀ ਪਤਨੀ ਕੁਲਮੀਤ ਕੌਰ , ਬੇਟੀ ਈਸ਼ਕਾ ਜੱਸਲ ਅਤੇ ਬੇਟੇ ਦੇਵ ਜੱਸਲ ਨਾਲ ਯੂ.ਕੇ.ਵਿੱਚ ਰਹਿ ਰਿਹਾ ਹੈ। ਉਨ੍ਹਾਂ ਕੋਲ ਸ. ਰਾਮ ਸਿੰਘ ਜੱਸਲ ਆਪਣੀ ਸੁਪਤਨੀ ਸ੍ਰੀਮਤੀ ਰਾਜ ਦੁਲਾਰੀ ਨਾਲ ਕਈ ਵਾਰ ਜਾ ਕੇ ਘੁੰਮ ਆਏ ਹਨ। ਛੋਟਾ ਬੇਟਾ ਜਸਵੀਰ ਸਿੰਘ ਜੱਸਲ , ਨੂੰਹ ਹਰਪ੍ਰੀਤ ਕੌਰ ਅਤੇ ਬੇਟਾ ਅਸ਼ਵਿਨ ਜੱਸਲ ਉਨ੍ਹਾਂ ਨਾਲ ਚੰਡੀਗੜ੍ਹ ਵਿਖੇ ਰਹਿ ਰਹੇ ਹਨ ।ਇਸ ਸਮੇਂ ਉਨ੍ਹਾਂ ਦੇ ਬੇਟੇ ਵਲੋਂ ਆਯੋਜਿਤ ਰਾਤ ਦੀ ਪਾਰਟੀ ਇਸ ਦੰਪਤੀ ਲਈ ਆਖੀਰ ਤੱਕ ਸਰਪਰਾਈਜ਼ ਬਣੀ ਰਹੀ ਜਦੋਂ ਹੋਟਲ ਅੰਦਰ ਰਾਤਰੀ ਭੋਜਨ ਲਈ ਅੰਦਰ ਐਂਟਰੀ ਸਮੇਂ ਆਪਣੇ ਨਾਂ ਅਤੇ ਰਿਸਤੇਦਾਰ, ਮਿੱਤਰ ਦੇਖ ਕੇ ਉਨ੍ਹਾਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਹਿਆ। ਇਸ ਸਮੇਂ ਰਿਸਤੇਦਾਰਾਂ , ਮਿੱਤਰਾਂ ਆਦਿ ਨੇ ਇਸ ਸ਼ੁਭਾਗੀ ਜੋੜੀ ਨੂੰ ਮੁਬਾਰਕਾਂ ਦਿੰਦੇ ਹੋਏ ਉਨ੍ਹਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਦੇ ਉੱਜਲੇ ਭਵਿੱਖ ਦੀ ਕਾਮਨਾ ਕੀਤੀ। ਪ੍ਰਮਾਤਮਾ ਇਸ ਸੁਭਾਗੀ ਜੌੜੀ ਨੂੰ ਲੰਮੀ ਉਮਰ ਅਤੇ ਤੰਦਰੁਸਤੀ ਬਖ਼ਸ਼ੇ!





ਮੇਜਰ ਸਿੰਘ ਨਾਭਾ  
91-94635-53962

# ਵੱਡੇ ਜਰਨੈਲਾਂ ਦੇ ਵੱਡੇ ਜਿਗਰੇ 'ਦਿੱਲੀ ਫਤਿਹ'



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਦੀ ਮੌਲਿਕ ਗੁਰਮਤਿ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲਿਆਂਦਾ। ਸਮਾਜ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਕੇ ਛਕਣ ਦੇ ਸਿਧਾਂਤ ਨਾਲ ਜੋੜਿਆ। ਚੜ੍ਹਦੀ ਕਲਾ ਅਤੇ ਸਵੈਮਾਣ ਦੀ ਪ੍ਰੇਰਨਾ ਦਿੱਤੀ। ਅੰਮ੍ਰਿਤ ਦੀ ਦਾਤ ਨਾਲ ਫੌਜੀ ਖਾਲਸਾ ਤਿਆਰ ਹੋਇਆ, ਜਿਸਨੇ ਲਾਸਾਨੀ ਸ਼ਹੀਦੀਆਂ ਦਿੱਤੀਆਂ। ਉਹਨਾਂ ਅੰਦਰ ਨਿਸਚੈ ਕਰ ਅਪਨੀ ਜੀਤ ਕਰੂੰ ਦਾ ਜੋਸ਼ ਠਾਠਾਂ ਮਾਰਨ ਲੱਗਾ। ਹਰ ਮੈਦਾਨ-ਏ-ਜੰਗ ਵਿੱਚ ਖਾਲਸਾ ਜਿਸ ਜਾਹੋ-ਜਲਾਲ ਨਾਲ ਲੜਿਆ, ਉਸਦੀ ਮਿਸਾਲ ਕਿਧਰੇ ਨਹੀਂ ਮਿਲਦੀ। ਮੁਗਲ ਹਾਕਮਾਂ ਨੇ ਜਬਰੀ ਧਰਮ ਪ੍ਰੀਵਰਤਨ ਦੇ ਖ਼ੂਨੀ ਇਰਾਦੇ ਨਾਲ ਸਿੱਖਾਂ 'ਤੇ ਬੜੇ ਜ਼ੁਲਮ ਢਾਹੇ। ਅੱਗੋਂ ਖ਼ਾਲਸੇ ਨੇ ਵੀ ਅਜਿਹੀ ਸ਼ਿੱਦਤ ਨਾਲ ਅਣਮਨੁੱਖੀ ਅੱਤਿਆਚਾਰ ਆਪਣੇ ਪਿੰਡੇ 'ਤੇ ਹੰਢਾਅ ਕੇ ਧਰਮ ਯੁੱਧ ਵਿਚ ਪੱਕੇ ਰਹਿ ਕੇ ਜ਼ੁਲਮ ਦੇ ਥੰਮ ਹਿਲਾ ਦਿੱਤੇ। ਨੌਜਵਾਨ, ਬੱਚਾ, ਬਜ਼ੁਰਗ ਅਤੇ ਔਰਤ ਨੇ ਖਿੜੇ ਮੱਥੇ ਕੁਰਬਾਨੀਆਂ ਦਿੱਤੀਆਂ। ਗਾਉਂਦੇ ਰਹੇ 'ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਏ'। ਬੇਜੋੜ ਜੰਗਾਂ ਅਤੇ ਘੱਲੂਘਾਰਿਆਂ ਵਿਚ ਦੁਸ਼ਮਣ ਦਾ ਡੱਟ ਕੇ ਮੁਕਾਬਲਾ ਕੀਤਾ।

ਅਜਿਹੇ ਸਮੇਂ ਵਿਚ ਹੀ ਅਫਗਾਨੀ ਹਮਲਾਵਰਾਂ ਦਾ ਸਿੱਖਾਂ ਨੂੰ ਖਤਮ ਕਰਨ ਦਾ ਖ਼ੂਨੀ ਇਰਾਦਾ ਸੀ, ਜਿਸ ਵਿਚ ਖਾਲਸੇ ਦਾ ਕਤਲੇਆਮ ਦੋ ਦਹਾਕੇ ਚਲਦਾ ਰਿਹਾ। ਇਸ ਹੇਠ 1746 ਈ: ਦਾ ਕਾਹਨੂੰਵਾਲ ਛੰਬ ਦਾ 'ਛੋਟਾ ਘੱਲੂਘਾਰਾ' ਫਿਰ 1762 ਦਾ 'ਵੱਡਾ ਘੱਲੂਘਾਰਾ' ਜਿਸ ਵਿਚ ਵੱਡੀ ਪੱਧਰ 'ਤੇ ਸਿੱਖਾਂ ਦਾ ਕਤਲੇਆਮ ਹੋਇਆ। ਜੋ ਕੁੱਪ ਰਹੀੜੇ ਤੋਂ ਸ਼ੁਰੂ ਹੋ ਕੇ ਧਲੇਰ ਝਨੇਰ ਵਿਚੋਂ ਹੁੰਦਾ ਹੋਇਆ ਪਿੰਡ ਕੁਤਬ ਬਾਹਮਣੀਆਂ ਕੋਲ ਜਾ ਕੇ ਖਤਮ ਹੋਇਆ। ਨੌਜਵਾਨ ਅਹਿਮਦਸ਼ਾਹ ਅਬਦਾਲੀ ਆਪਣੇ ਰਾਜ ਨੂੰ ਵਧਾਉਣ ਦੇ ਆਹਰ ਵਿਚ ਸੀ। ਇਸ ਲਈ ਡੇਢ ਸਾਲ ਉਸਨੇ ਮਰਹੱਟਿਆਂ ਵਿਰੁੱਧ ਮੁਹਿੰਮ ਚਲਾਈ ਰੱਖੀ। ਇਸ ਸਮੇਂ ਖਾਲਸੇ ਕੋਲ ਮੁਗਲਾਂ ਨੂੰ ਦਬਾਅ ਕੇ ਰੱਖਣ ਦਾ ਸੁਨਹਿਰੀ ਮੌਕਾ ਸੀ। ਅਬਦਾਲੀ ਨੇ ਪਾਣੀਪੱਤ ਦੇ ਮੈਦਾਨ ਵਿਚ ਮਰਹੱਟਿਆਂ 'ਤੇ ਵੱਡੀ ਜਿੱਤ ਪ੍ਰਾਪਤ ਕਰ ਲਈ ਸੀ। ਜਦੋਂ ਪੰਜਾਬ ਪਰਤਿਆ ਤਾਂ ਉਸਨੂੰ ਪਤਾ ਲੱਗਾ ਕਿ ਸਿੰਘਾਂ ਨੇ ਬੜੀ ਖਲਬਲੀ ਮਚਾਈ ਰੱਖੀ ਹੈ। ਉਸ ਨੇ ਸੋਚਿਆ ਕਿ ਲੰਮੀਆਂ ਜੰਗਾਂ ਤੋਂ ਪਰਤਿਆ ਹਾਂ, ਜਿਵੇਂ ਮਰਹੱਟਿਆਂ ਨੂੰ ਭਜਾਇਆ ਸੀ, ਸਿੰਘਾਂ ਨਾਲ ਵੀ ਸਿੱਝ ਲਵਾਂਗੇ। ਅਜੇ ਆਰਾਮ ਦੀ ਜ਼ਰੂਰਤ ਹੈ।

ਅਹਿਮਦ ਸ਼ਾਹ ਅਬਦਾਲੀ ਇਕ ਲੱਖ ਦੀ ਫੌਜ ਲੈ ਕੇ 1762 ਵਿਚ ਪੰਜਾਬ ਵਿਚ ਦਾਖਲ ਹੋਇਆ। ਸਿੰਘਾਂ ਨੇ ਮਲੇਰਕੋਟਲਾ ਕੋਲ ਕੁੱਪ ਰਹੀੜੇ ਦੇ ਮੈਦਾਨ ਵਿਚ ਡੇਰੇ ਲਾਏ ਹੋਏ ਸਨ। ਸਿੰਘਾਂ ਦੇ ਨਾਲ ਬੱਚੇ, ਬਜ਼ੁਰਗ, ਔਰਤਾਂ ਦਾ ਕਾਫਲਾ ਸੀ। ਅਬਦਾਲੀ ਨੇ ਅਚਾਨਕ ਸਿੱਖਾਂ 'ਤੇ ਹਮਲਾ ਬੋਲ ਦਿੱਤਾ। ਸਿੰਘਾਂ ਨੇ ਕਾਫਲੇ ਨੂੰ ਮਾਲਵੇ ਵੱਲ ਸੁਰੱਖਿਅਤ ਭੇਜ ਦਿੱਤਾ। ਸਿੰਘ ਲੜਦੇ ਹੋਏ ਕਾਫਲੇ ਦੇ ਪਿੱਛੇ ਜਾ ਰਹੇ ਸਨ। ਇਕ ਪਾਸੇ ਤੋਂ ਜੈਨ ਖਾਸ, ਸੂਬਾ ਸਰਹਿੰਦ ਦੂਜੇ ਪਾਸੇ ਭੀਖਣ ਖਾਨ ਨਵਾਬ ਮਲੇਰਕੋਟਲਾ ਅਤੇ ਲਛਮੀ ਸਹਾਏ ਦੀਵਾਨ ਰਾਏਕੋਟ ਆਪਣੀਆਂ ਫੌਜਾਂ ਲੈ ਕੇ ਪਹੁੰਚ ਚੁੱਕੇ ਸਨ। ਸਿੰਘਾਂ ਨੇ ਚਾਰੇ ਪਾਸੇ ਤੋਂ ਘਿਰੇ ਵੇਖ ਕੇ ਸਿਰ ਧੜ ਦੀ ਬਾਜ਼ੀ ਲਗਾ ਕੇ ਜੂਝਣ ਲੱਗੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ, ਸ਼ੁਕਰਚੱਕੀਏ, ਡਲੇਵਾਲੀਆ ਤੇ ਨਿਸ਼ਾਨ ਸਿੰਘ ਵਾਲੀਆ ਦੀਆਂ ਫੌਜਾਂ ਜੰਗ ਵਿਚ ਜੂਝ ਰਹੀਆਂ ਸਨ। ਗਹਿਗੱਚ ਜੰਗ ਵਿਚ ਉਲਝੇ ਸਿੰਘਾਂ ਨੂੰ ਤਾੜ ਕੇ ਅਬਦਾਲੀ ਦੀ ਫੌਜ ਨੇ ਧੋਖੇ ਨਾਲ ਅੱਗੇ ਜਾ ਕੇ ਕਾਫਲੇ 'ਤੇ ਹਮਲਾ ਕਰ ਦਿੱਤਾ। ਉਸਨੇ ਵੱਡੀ ਗਿਣਤੀ ਵਿਚ ਕਤਲੇਆਮ ਸ਼ੁਰੂ ਕਰ ਦਿੱਤਾ। ਉਪਰੋਂ ਸਿੰਘ ਵੀ ਕਾਫਲੇ ਦੀ ਰਾਖੀ ਲਈ ਪਹੁੰਚ ਗਏ। ਸਿੰਘ ਕਾਫਲੇ ਦੇ ਦੁਆਲੇ ਸੁਰੱਖਿਆ ਚੱਕਰ ਨੁਮਾ ਫੌਜੀ ਕਿਲਾ ਬਣਾ ਕੇ ਜੂਝ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੰਘ ਸ਼ਹੀਦ ਹੋ ਚੁੱਕੇ ਸਨ।

ਇਸ ਆਹਮੋ-ਸਾਹਮਣੇ ਦੀ ਜੰਗ ਵਿਚ ਸਿੰਘਾਂ ਦਾ ਬਹੁਤ ਨੁਕਸਾਨ ਹੋਇਆ, ਜੋ ਹੋਰ ਕਿਸੇ ਜੰਗ ਵਿਚ ਨਹੀਂ ਹੋਇਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ। ਸਿੰਘ ਫਿਰ ਵੀ ਰੱਬ ਦੇ ਭਾਣੇ ਵਿਚ ਨਿਸਚੈ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ ਵੀ ਅਨੇਕਾਂ ਜ਼ਖਮ ਸਨ।

ਸਿੰਘਾਂ ਨੇ ਜਾਣ ਲਿਆ ਸੀ ਕਿ ਦੁਸ਼ਮਣ ਦੀ ਮਾਰ ਤੋਂ ਬਚਣਾ ਮੁਸ਼ਕਿਲ ਹੈ। ਇਸ ਲਈ ਜੂਝ ਕੇ ਸ਼ਹੀਦ ਹੋਣਾ ਹੀ ਬਿਹਤਰ ਹੈ। ਸਿੰਘਾਂ ਨੇ ਆਪਣਾ ਪੂਰਾ ਵਾਹ-ਤਾਣ ਲਾ ਕੇ ਤਗੜਾ ਹਮਲਾ ਕੀਤਾ। ਇਹ ਇਕ ਬੇਮਿਸਾਲ ਦਲੇਰੀ ਦੀ ਜੰਗ ਸੀ। ਅਬਦਾਲੀ ਦੀ ਫੌਜ ਦਾ ਵੀ ਪੂਰਾ ਜ਼ੋਰ ਲੱਗ ਚੁੱਕਾ ਸੀ। ਸਿੰਘਾਂ ਨੇ ਅਬਦਾਲੀ ਦੀ ਵੱਡੀ ਫੌਜ ਨੂੰ ਮਾਰ ਮੁਕਾਇਆ। ਇਸ ਘਮਸਾਨ ਦੇ ਜੰਗ ਵਿਚ ਅਬਦਾਲੀ ਦੇ ਪੈਰ ਥਿੜਕ ਗਏ। ਸੀਸ ਤਲੀ 'ਤੇ ਧਰ ਕੇ ਲੜਨ ਵਾਲਿਆਂ ਸਿੰਘਾਂ ਨੇ ਅਬਦਾਲੀ ਦੇ ਵੱਡੇ-ਵੱਡੇ ਜਰਨੈਲਾਂ ਨੂੰ ਮਾਰ ਮੁਕਾਇਆ। ਅਬਦਾਲੀ ਦੇ ਫੌਜੀ ਸਿੰਘਾਂ ਦੀ ਦਲੇਰੀ ਵੇਖ ਕੇ ਝਾੜੀਆਂ ਵਿਚ ਲੁਕ ਲੁਕ ਕੇ ਜਾਨ ਬਚਾਉਣ ਲੱਗੇ। ਉਹ ਸੋਚਦੇ ਕਿ ਇਹ ਮਨੁੱਖ ਹਨ ਜਾਂ ਫੌਲਾਦ।

ਸਿੰਘ ਲੜਦੇ ਲੜਦੇ ਕੁਤਬ ਬਾਹਮਣੀਆਂ ਪਹੁੰਚ ਗਏ। ਅਬਦਾਲੀ ਦੀਆਂ ਫੌਜਾਂ ਨੇ ਭੱਜਣਾ ਸ਼ੁਰੂ ਕਰ ਦਿੱਤਾ। ਤੁਰਕ ਮਲੇਰਕੋਟਲਾ ਮੁੜ ਗਏ। ਖਿੰਡੇ-ਪੁੰਡੇ ਸਿੰਘ ਵੀ ਇਕੱਠੇ ਹੋ ਕੇ ਬਰਨਾਲਾ ਚਲੇ ਗਏ। ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ, ਜੋ ਸਿੰਘਾਂ ਨੇ ਚੜ੍ਹਦੀ ਕਲਾ ਵਿਚ ਰਹਿ ਕੇ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹੀਦ ਹੋਣ ਦਾ ਨਿਸਚੈ ਰੱਖਿਆ।

ਇਸ 'ਵੱਡੇ ਘੱਲੂਘਾਰੇ' ਦੀ ਜੰਗ ਵਿਚ 30 ਹਜ਼ਾਰ ਸ਼ਹੀਦ ਹੋਏ। ਫਿਰ ਵੀ ਤੁਰਕਾਂ ਨੇ ਜਾਣ ਲਿਆ ਸੀ ਕਿ ਸਿੰਘਾਂ ਨਾਲ ਟੱਕਰ ਲੈਣੀ ਆਸਾਨ ਨਹੀਂ ਹੈ। ਅਗਲੇ ਸਾਲ 1963 ਵਿਚ ਸਿੰਘਾਂ ਨੇ ਸਰਹਿੰਦ ਫਤਿਹ ਕਰ ਲਈ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਵੀ ਭਜਾ ਦਿੱਤਾ। ਇਸ ਤਰ੍ਹਾਂ ਇਹ ਘੱਲੂਘਾਰੇ ਸਿੱਖ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ, ਜਿਹਨਾਂ ਨੇ ਅੱਗੇ ਜਾ ਕੇ ਆਜ਼ਾਦ ਸਿੰਘ ਰਾਜ ਦੀਆਂ ਨੀਹਾਂ ਪੱਕੀਆਂ ਕੀਤੀਆਂ।



# ਮੇਰੀ ਆਪਣੀ ਭਾਸ਼ਾ ਹੋਣੀ ਚਾਹੀਦੀ ਹੈ ਸਿੱਖਿਆ

ਪੇਸ਼ਕਸ਼ :-ਅਮਰਜੀਤ ਚੰਦਰ 9417600014

ਜਦੋਂ ਆਪਾ ਭਾਸ਼ਾਂਵਾਂ ਦੀ ਗੱਲ ਕਰਦੇ ਹਾਂ ਤਾਂ ਕਿਸੇ ਵੀ ਕੌਮ ਦੀ ਆਤਮਾ ਦਾ ਆਧਾਰ ਉਸ ਦੀ ਭਾਸ਼ਾਂ ਹੁੰਦੀ ਹੈ। ਜੇਕਰ ਭਾਸ਼ਾਂ ਹੈ ਤਾਂ ਅਸੀ ਹਾਂ, ਜੇਕਰ ਭਾਸ਼ਾਂ ਹੈ ਤਾਂ ਸਮਾਜ ਹੈ।ਭਾਸ਼ਾਂ ਤੋਂ ਬਿੰਨਾਂ ਤਾਂ ਕੌਮ ਗੂੰਗੀ ਹੈ। ਅਸੀ ਹਰ ਅਭਿਵਿਆਕਤੀ ਦਾ ਮਾਧਿਅਮ ਸਿਰਫ਼ ਅਤੇ ਸਿਰਫ਼ ਭਾਸ਼ਾਂ ਰਾਹੀ ਹੀ ਬਣਾਉਦੇ ਹਾਂ। ਪਰ ਭਾਰਤ ਵਰਗੇ ਦੇਸ਼ ਦੇ ਹਾਲਾਤ 'ਤੇ ਜੇਕਰ ਨਜ਼ਰ ਮਾਰੀਏ ਤਾਂ ਬਹੁ-ਭਸ਼ਾਈ ਲੋਕ ਦਰਦ ਅਤੇ ਦੁੱਖ ਦਾ ਅਨੁਭਵ ਕਰਦੇ ਹਨ। ਸੰਵਿਧਾਨ ਦੇ ਅੱਠਵੇ ਸ਼ਡਿਊਲ ਵਿੱਚ 22 ਭਸ਼ਾਵਾਂ ਨੂੰ ਸ਼ਾਮਲ ਕਰਨ ਤੋਂ ਬਾਅਦ ਵੀ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ। ਅੱਜ ਸਾਡੀਆਂ ਬਹੁਤ ਸਾਰੀਆਂ ਭਾਸ਼ਾਵਾਂ ਅਤੇ ਉਪ-ਭਸ਼ਾਵਾਂ ਹਾਸ਼ੀਏ 'ਤੇ ਰਹਿ ਕੇ ਸਵਾਲ ਪੁੱਛ ਰਹੀਆਂ ਹਨ ਕਿ ਉਨ੍ਹਾਂ ਦੀ ਦੁਰਦਸ਼ਾਂ ਦਾ ਕੌਣ ਜਿੰਮੇਵਾਰ ਹੈ?ਭਾਸ਼ਾਂ ਦੇ ਸੰਕਟ ਨੂੰ ਸਮਝਣ ਦੇ ਲਈ ਸਾਨੂੰ ਇਤਿਹਾਸ ਵੱਲ ਝਾਤ ਮਾਰਨੀ ਪਵੇਗੀ। ਆਜਾਦੀ ਤੋਂ ਪਹਿਲਾਂ 200 ਸਾਲਾਂ ਦੇ ਬ੍ਰਿਟਿਸ਼ ਸ਼ਾਸ਼ਨ ਦੌਰਾਨ ਭਾਰਤ ਨੂੰ ਭਸ਼ਾਈ ਮੁਸ਼ਕਲਾਂ ਦਾ ਵੀ ਸਾਹਮਣਾ ਕਰਨਾ ਪਿਆ। ਅੰਗਰੇਜ਼ੀ ਭਾਸ਼ਾਂ ਜਾਣਨਾ ਕੁਲੀਨ ਵਰਗ ਦਾ ਪ੍ਰਤੀਕ ਬਣ ਗਿਆ। ਅੰਗਰੇਜ਼ ਹਕੂਮਤ ਦੀ ਗੁਲਾਮੀ ਨੂੰ ਕਬੂਲ ਕਰਕੇ ਸਾਰੇ ਭਾਰਤ ਵਿੱਚ ਭਾਸ਼ਾਈ ਗੁਲਾਮੀ ਦੀਆਂ ਜੜ੍ਹਾਂ ਕਦੋਂ ਮਜ਼ਬੂਤ ਹੋ ਗਈਆਂ,ਪਰ ਕਿਸੇ ਨੂੰ ਅਹਿਸਾਸ ਵੀ ਨਹੀ ਹੋਇਆ। ਅੰਗਰੇਜ਼ੀ ਦੀਆਂ ਜੜ੍ਹਾਂ ਵਪਾਰ,ਵਣਜ਼, ਵਿਦਿਆ, ਜੀਵਨ ਵਿੱਚ ਮਿੱਠੇ ਜਹਿਰ ਵਾਂਗ ਫੈਲੀਆਂ ਅਤੇ ਅੱਜ ਆਜਾਦੀ ਦੇ 70 ਸਾਲਾਂ ਬਾਅਦ ਵੀ ਅਸੀ ਬਹੁ-ਭਸ਼ਾਈ ਅਤੇ ਦਬਦਬੇ ਦੇ ਗਵਾਹ ਹਨ।ਕੀ ਕਾਰਨ ਹੈ ਕਿ ਅਸੀ ਬਹੁ-ਭਸ਼ਾਈ ਅਤੇ ਵੱਖਰੇ ਸਭਿਆਚਾਰ ਅਤੇ ਫਲਸਫੇ ਨਾਲ ਭਰਪੂਰ ਕੌਮ ਹੋਣ ਦੇ ਨਾਤੇ ਆਪਣੀ ਭਾਸ਼ਾਂ ਵਿੱਚ ਸੋਚਣਾ ਨਹੀ ਚਾਹੁੰਦੇ?ਅੰਗਰੇਜ਼ੀ ਦੀ ਇਸ ਤਰ੍ਹਾਂ ਵਡਿਆਈ ਕੀਤੀ ਗਈ ਕਿ ਗਲੀ ਮੁਹੱਲੇ ਵਿੱਚ ਖੁੱਲੇ ਸਕੂਲ ਆਪਣੇ-ਆਪ ਹੀ ਇੰਟਰਨੈਸ਼ਨਲ ਸਕੂਲ ਵਜੋਂ ਜਾਣਿਆ ਜਾਣ ਲੱਗੇ। ਭਾਰਤ ਦਾ ਇਕ ਵੱਡਾ ਵਰਗ ਅਜੇ ਵੀ ਆਪਣੀ ਭੁਗੋਲਿਕ ਸਥਿਤੀ ਕਾਰਨ ਸਿਖਿਆ ਦੇ ਬਹੁਤ ਸਾਰੇ ਸਾਧਨਾਂ ਤੋਂ ਵਾਂਝਾ ਹੈ।ਅਜਿਹੀ ਸਥਿਤੀ ਵਿੱਚ ਸਾਡੀ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਵੱਧ ਰਹੀ ਪ੍ਰਤਿਭਾ ਨੂੰ ਭਾਸ਼ਾਂ ਦੇ ਡਰ ਕਾਰਨ ਪਛੜਿਆ ਮਹਿਸੂਸ ਨਾ ਹੋਣ ਦਈਏ।

ਨਵੀ ਸਿਖਿਆ ਨੀਤੀ-2020 ਵਿੱਚ ਪੰਜਵੀ ਜਮਾਤ ਤੱਕ ਮਾਤ ਭਾਸ਼ਾਂ ਅਤੇ ਸਥਾਨਕ ਭਾਸ਼ਾਂ ਵਿੱਚ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।ਕੋਈ ਵੀ ਅੱਠਵੀਂ ਜਮਾਤ ਤੱਕ ਜਾਂ ਉਸ ਤੋਂ ਬਾਅਦ ਵੀ ਆਪਣੀ ਮਾਤ ਭਾਸ਼ਾਂ ਅਤੇ ਸਥਾਨਕ ਭਾਸ਼ਾਂ ਵਿੱਚ ਸਿਖਿਆ ਲੈ ਸਕਦਾ ਹੈ।ਨਵੀ ਸਿੱਖਿਆ ਨੀਤੀ-2020 ਵਿੱਚ ਅਸੀ ਹਿੰਦੀ ਬਨਾਮ ਖੇਤਰੀ ਭਾਸ਼ਾਵਾਂ ਦੇ ਵਿਵਾਦ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ, ਜੋ ਉਤਰ ਅਤੇ ਦੱਖਣ ਵਿੱਚ ਪੈਦਾ ਹੈ। ਇਸੇ ਲਈ ਨਾ ਤਾਂ ਭਾਸ਼ਾਂ ਨਾਲ ਸਥਾਨਕ ਭਾਸ਼ਾਂ ਸ਼ਬਦ ਹੀ ਵਰਤਿਆ ਗਿਆ ਹੈ। ਇਹ ਇਸ ਨਵੀ ਸਿਖਿਆ ਨੀਤੀ ਨੂੰ ਕਿਸੇ ਵੀ ਭਾਸ਼ਾਂ ਸਬੰਧੀ ਤੰਗੀ ਤੋਂ ਬਚਾਉਦੀ ਹੈ। ਮਾਤ ਭਾਸ਼ਾਂ ਜਾਂ ਸਥਾਨਕ ਭਾਸ਼ਾਂ ਵਿੱਚ ਪੜ੍ਹਾਈ ਕੀਤੀ, ਸਿਖਿਆ, ਸਮਾਜ ਨਿਰਮਾਣ ਦੀ ਪ੍ਰਕਿਰਿਆ ਵਿੱਚ ਬੁਨਿਆਦੀ ਤਬਦੀਲੀ ਆ ਸਕਦੀ ਹੈ ।ਜਿਵੇਂ ਹੀ ਅਸੀ ਸਕੂਲ ਜਾਂਦੇ ਹਾਂ।ਸਵੈ-ਭਾਸ਼ਾਂ ਅਤੇ ਸਥਾਨਕ ਭਾਸ਼ਾਂ ਨੂੰ ਯੋਜਨਾਬੱਧ ਤਰੀਕੇ ਨਾਲ ਅਚਾਨਕ ਸਾਡਾ ਖੰਡਨ ਸ਼ੁਰੂ ਹੋ ਜਾਂਦਾ ਹੈ। ਇਸ ਕਾਰਨ ਸਾਡੇ ਜੀਵਨ ਦੀ ਭਾਸ਼ਾਂ ਅਤੇ ਸਿਖਿਆ ਦੀ ਭਾਸ਼ਾ ਵਿੱਚ ਤਣਾਅ ਪੈਦਾ ਹੁੰਦਾ ਹੈ। ਇਸ ਵਿੱਚ ਸਾਡਾ ਅਸਲੀ ਆਪਾ ਗੁਆਚਣਾ ਸ਼ੁਰੂ ਹੋ ਜਾਂਦਾ ਹੈ। ਵਿਦਿਆ ਰਾਹੀ ਅਜਿਹਾ ਸਵੈ, ਜਿਸ ਨੂੰ ਪੜ੍ਹੀ-ਲਿਖੀ ਸ਼ਖਸ਼ੀਅਤ ਵੀ ਕਿਹਾ ਜਾ ਸਕਦਾ, ਦਾ ਵਿਕਾਸ ਹੁੰਦਾ ਹੈ। ਜੋ ਜਾਂ ਤਾਂ ਅੱਧਾ ਆਧੂਰੇ ਹੁੰਦੇ ਹਨ ਜਾਂ ਇਕ ਦੂਸਰੇ ਨੂੰ ਕਮਜ਼ੋਰ ਕਰ ਰਹੇ ਹਨ।ਇਥੇ ਇਹ ਜਾਣਨਾ ਦਿਲਚਸਪ ਹੈ ਕਿ ਅਸੀ ਸਵੈ-ਨਿਰਭਰ ਭਾਰਤ ਦਾ ਸੁਪਨਾ ਦੇਖਣਾ ਸ਼ੁਰੂ ਕਰ ਦਿੱਤਾ। ਇਸ ਦਾ ਮੂਲ ਤੱਤ ਆਪਣੇ ਸਮਾਜ਼,ਇਸ ਦੇ ਸਭਿਆਚਾਰ,ਇਸ ਦੇ ਗਿਆਨ ਅਤੇ ਉਨ੍ਹਾਂ 'ਤੇ ਆਪਣੀ ਯੋਗਤਾ ਦੀ ਕੀਮਤ ਨੂੰ ਸਮਝਣਾ ਹੈ। ਵਿਸ਼ਵਾਸ਼ ਵਿਕਸਿਤ ਕਰੋ,ਇਹ ਆਤਮ-ਵਿਸ਼ਵਾਸ਼ ਆਪਣੀ ਭਾਸ਼ਾ ਨਾਲ ਨਿਰੰਤਰ ਜੁੜੇ ਰਹਿਣ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਭਾਰਤ ਵਰਗੇ ਬਹੁ-ਭਾਸ਼ਾਈ ਦੇਸ਼ ਵਿੱਚ ਸਾਨੂੰ ਇਹ ਸਮਝਣਾ ਹੋਵੇਗਾ ਕਿ ਤਕਨੀਕੀ ਵਿੱਦਿਅਕ ਅਦਾਰਿਆ ਵਿੱਚ ਅਜਿਹਾ ਸਿਸਟਮ ਅਤੇ ਮਹੌਲ ਹੋਣਾ ਚਾਹੀਦਾ ਹੈ ਕਿ ਵਿਦਿਆਰਥੀ ਸਿਰਫ਼ ਭਾਸ਼ਾਂ ਕਰਕੇ ਹੀ ਸੰਸਥਾਵਾਂ ਵਿਚੋਂ ਬਾਹਰ ਨਾ ਹੋ ਜਾਣ। ਇਸ ਦੇ ਨਾਲ-ਨਾਲ ਹੀ ਸਵੈ-ਭਾਸ਼ਾਵਾਂ ਵਿੱਚ ਰੁ-ਜਗਾਰ ਦੇ ਨਵੇ ਮੌਕੇ ਵੀ ਪੈਦਾ ਕੀਤੇ ਜਾਣੇ ਚਾਹੀਦੇ ਹਨ। ਦੇਸ਼ ਦੀ ਵੱਡੀ ਸ਼ਕਤੀ ਦੀ ਪ੍ਰਤਿਭਾ,ਹੁਨਰ ਅਤੇ ਪ੍ਰਤਿਭਾ ਦਾ ਭਾਸ਼ਾਂ ਕਾਰਨ ਦਮ ਨਹੀ ਘੁੱਟਣਾ ਚਾਹੀਦਾ। ਕਿਸੇ ਵੀ ਵਿਸ਼ੇ ਨੂੰ ਆਪਣੀ ਭਾਸ਼ਾਂ ਵਿੱਚ ਸਮਝਣਾ ਅਤੇ ਸਿੱਖਣਾ ਆਸਾਨ ਹੈ। ਹਾਲਾਂਕਿ ਇਹ ਚੁਣੌਤੀ ਬਹੁਤ ਵੱਡੀ ਗੱਲ ਹੈ,ਪਰ ਤਕਨੀਕੀ,ਵਣਜ਼,ਵਪਾਰ ਆਦਿ ਵਿਸ਼ਿਆਂ ਦਾ ਸਾਹਿਤ ਸਰਲ ਭਾਸ਼ਾਂ ਵਿੱਚ ਅਨੁਵਾਦ ਕਰਕੇ ਤਿਆਰ ਕੀਤਾ ਜਾਵੇ।




ਗੁਣਵੱਤਾ ਭਾਸ਼ਾਂ ਦੀ ਮਜਬੂਰੀ ਤੋਂ ਬਾਹਰ ਹੈ ਉਦਾਹਰਣ ਲਈ ਆਈਆਈਟੀ ਦਿੱਲੀ ਦੁਆਰਾ ਇਕ ਬਹੁਤ ਹੀ ਸਾਰਥਿਕ ਕਦਮ ਚੁੱਕਿਆ ਗਿਆ ਹੈ ਜਿੱਥੇ ਭਾਸ਼ਾਂ ਕੇਂਦਰ ਦੀ ਸਥਾਪਨਾ ਕੀਤੀ ਗਈ ਹੈ। ਐਨਆਈਟੀ ਅਗਰਤਲਾ ਵਿੱਚ ਬੰਗਾਲੀ ਭਾਸ਼ਾਂ ਨੂੰ ਸਥਾਨ ਦਿੱਤਾ ਗਿਆ ਤਾਂ ਜੋ ਵਿਦਿਆਰਥੀਆਂ ਦਾ ਮਨੋਬਲ ਨਾ ਡਿੱਗੇ। ਜੇਕਰ ਉੱਚ ਵਿਦਿਅਕ ਅਦਾਰਿਆਂ ਵਿੱਚ ਸਿੱਖਿਆ ਦਾ ਮਾਧਿਅਮ ਸਵੈ-ਭਾਸ਼ਾਂ ਹੋਵੇਗਾ ਤਾਂ ਇਸ ਦਾ ਸਿੱਧਾ ਅਸਰ ਦੇਸ਼ ਦੀ ਆਰਥਿਕਤਾ 'ਤੇ ਦੇਖਣ ਨੂੰ ਮਿਲੇਗੀ। ਵਿਵਾਹਕ ਤੌਰ 'ਤੇ ਸਵੈ-ਭਾਸ਼ਾਂ ਦੀ ਵਰਤੋਂ ਰਾਸ਼ਟਰੀ ਮਾਣ ਦਾ ਵਿਸ਼ਾਂ ਹੋਣੀ ਚਾਹੀਦੀ ਹੈ ਨਾ ਕਿ ਹੀਣਤਾ ਜਾਂ ਅਗਿਅਨਤਾ ਦੀ ਨਿਸ਼ਾਨੀ।

ਵਿਸ਼ਵੀਕਰਨ ਅਤੇ ਭੂੰਮੰਡਲੀਕਰਨ ਦੇ ਯੁੱਗ ਵਿੱਚ ਅਸੀ ਅੰਗਰੇਜ਼ੀ ਦੇ ਵਿਰੁਧ ਨਹੀ ਹਾਂ। ਵਿਦਿਆਰਥੀ ਕਿਸੇ ਵੀ ਹੋਰ ਭਾਸ਼ਾਂ ਵਾਂਗ ਅੰਗਰੇਜ਼ੀ ਭਾਸ਼ਾਂ ਸਿੱਖਦੇ ਹਨ ਤਾਂ ਉਹ ਰੁਕ-ਾਵਟ ਅਤੇ ਮਜ਼ਬੂਰੀ ਦਾ ਕਾਰਨ ਨਹੀ ਬਣਦੇ। ਅਜਿਹੀ ਸਥਿਤੀ ਵਿੱਚ ਸਾਡੀਆਂ ਸਵੈਂ-ਭਾਸ਼ਾਵਾਂ ਨੂੰ ਇਕ ਦੂਜੇ ਨਾਲ ਇਕਸੁਰਤਾ ਵਿੱਚ ਬੋਲਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਹਰੇਕ ਸੰਸਥਾ ਦਾ ਅਨੁਵਾਦ ਕੇਂਦਰ ਹੋਣਾ ਚਾਹੀਦਾ ਹੈ ਜਿੱਥੇ ਵੱਖ-ਵੱਖ ਕੋਰਸਾਂ ਦਾ ਨਿਰੰਤਰ ਅਨੁਵਾਦ ਰਾਹੀ ਸਰਲ ਭਾਸ਼ਾਂ ਵਿੱਚ ਅਨੁਵਾਦ ਕੀਤਾ ਜਾਂਦਾ ਹੋਵੇ। ਸੂਚਨਾ ਤਕਨਾਲੌਜ਼ੀ ਦੇ ਇਸ ਯੁੱਗ ਵਿੱਚ ਇਕ ਕ੍ਰਾਂਤੀ ਆਈ ਹੈ, ਇਸ ਦੇ ਰਾਹੀ ਭਾਸ਼ਾਵਾਂ ਦੀ ਤਰੱਕੀ ਲਈ ਇਕ ਪਲੇਟਫਾਰਮ ਲੱਭਿਆ ਗਿਆ ਹੈ, ਪੜ੍ਹਾਉਣ ਦੇ ਨਵੇ-ਨਵੇ ਤਰੀਕੇ ਖੋਜੇ ਗਏ ਹਨ,ਤਾਂ ਜੋ ਵਿਦਿਆਰਥੀ ਨੂੰ ਘਰ ਬੈਠੇ ਵੀ ਸਿੱਖਿਆ ਤੋਂ ਵਾਝਾਂ ਨਾ ਰਹਿਣਾ ਪਵੇ।

ਅਸਲ ਮੁੱਦਾ ਇਹ ਹੈ ਕਿ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦੇ ਲਈ ਸਿੱਖਿਆ ਨੂੰ ਮਜ਼ਬੂਤ ਕਰਨਾ ਪਵੇਗਾ। ਖੇਤਰੀ ਪੱਧਰ 'ਤੇ ਸਿੱਖਿਆ ਰਾਹੀ ਖੇਤਰੀ ਭਸ਼ਾਂਵਾਂ ਨੂੰ ਅੱਗੇ ਵਧਾਉਣ ਦੇ ਯਤਨ ਸਾਰਥਕ ਸਿੱਧ ਹੋ ਸਕਦੇ ਹਨ, ਤਾਂ ਜੋ ਸਮਾਜ ਅੰਦਰਲੀਆਂ ਭਾਵਨਾਵਾਂ ਨੂੰ ਬਿਆਨ ਕਰਨ ਦਾ ਮੌਕਾ ਮਿਲ ਸਕੇ। ਸਾਨੂੰ ਇਸ ਤਰਾਂ ਦੀਆਂ ਉਮੀਦਾ ਰੱਖ ਕੇ ਚੱਲਣਾ ਪਵੇਗਾ।

# ਪੰਜਾਬ 'ਇਕ ਵਿਧਾਇਕ, ਇਕ ਪੈਨਸ਼ਨ' ਪ੍ਰਸਤਾਵ ਵਿਚਾਰ ਅਧੀਨ



ਹਰਦੀਪ ਸਿੰਘ ਚੁੰਬਰ
91-94636-01616

ਪੰਜਾਬ ਦੀ 'ਆਪ' ਸਰਕਾਰ ਚੁਣੇ ਹੋਏ ਨੁਮਾਇੰਦੇ ਵਜੋਂ ਸੇਵਾ ਕੀਤੀ ਹਰੇਕ ਮਿਆਦ ਲਈ ਪੈਨਸ਼ਨ ਦੀ ਪ੍ਰਥਾ ਨੂੰ ਖਤਮ ਕਰਦੇ ਹੋਏ ਹਰੇਕ ਵਿਧਾਇਕ ਲਈ ਇਕ ਪੈਨਸ਼ਨ 'ਤੇ ਵਿਚਾਰ ਕਰ ਰਹੀ ਹੈ। ਪਾਰਟੀ ਦੇ ਭਰੋਸੇਯੋਗ ਸੂਤਰਾਂ ਨੇ ਦੱਸਿਆ ਕਿ 'ਇਕ ਵਿਧਾਇਕ, ਇਕ ਪੈਨਸ਼ਨ' ਪ੍ਰਸਤਾਵ ਉਚ ਪੱਧਰ 'ਤੇ ਸਰਗਰਮ ਵਿਚਾਰ ਅਧੀਨ ਹੈ।

"ਪਿਛਲੀ ਵਿਧਾਨ ਸਭਾ ਵਿੱਚ ਸਾਡੇ ਵਿਧਾਇਕ ਸਮੂਹ ਨੇ ਵੀ ਮੰਗ ਕੀਤੀ ਸੀ ਕਿ ਵਿਧਾਇਕਾਂ ਨੂੰ ਸਿਰਫ ਇੱਕ ਪੈਨਸ਼ਨ ਦੀ ਇਜਾਜ਼ਤ ਦਿੱਤੀ ਜਾਵੇ। ਜੇਕਰ ਇਸ ਸਦਨ ਸੈਸ਼ਨ ਦੌਰਾਨ ਨਹੀਂ, ਤਾਂ ਇਹ ਮਾਮਲਾ ਜਲਦੀ ਹੀ ਉਠਾਇਆ ਜਾਵੇਗਾ, "ਪਾਰਟੀ ਦੇ ਇੱਕ ਨੇਤਾ ਨੇ ਕਿਹਾ। ਉਸ ਸਮੇਂ ਦੇ ਐਲਓਪੀ ਹਰਪਾਲ ਚੀਮਾ ਨੇ ਪਿਛਲੇ ਸਾਲ ਸਪੀਕਰ ਨੂੰ ਇੱਕ ਗੱਲਬਾਤ ਵਿੱਚ ਸਾਬਕਾ ਵਿਧਾਇਕਾਂ ਨੂੰ ਸਿਰਫ਼ ਇੱਕ ਪੈਨਸ਼ਨ ਦੇਣ ਦਾ ਸੁਝਾਅ ਦਿੱਤਾ ਸੀ।

ਜੇਕਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਪੰਜਾਬ ਵਿਧਾਨ ਸਭਾ ਦੀ ਪੈਨਸ਼ਨ ਨਾਂਹ ਨਾ ਕੀਤੀ ਹੁੰਦੀ ਤਾਂ ਉਹ 5,76,150 ਰੁਪਏ ਪ੍ਰਾਪਤ ਕਰਕੇ ਸੂਬੇ ਦੇ ਸਭ ਤੋਂ ਵੱਧ ਤਨਖਾਹ ਲੈਣ ਵਾਲੇ ਪੈਨਸ਼ਨਰ ਬਣ ਜਾਂਦੇ।ਬਾਦਲ ਪੰਜਾਬ ਵਿਧਾਨ ਸਭਾ ਵਿੱਚ 11 ਵਾਰ ਵਿਧਾਇਕ ਰਹਿ ਚੁੱਕੇ ਹਨ। 11 ਵਾਰ ਵਿਧਾਇਕ, ਬਾਦਲ ਨਹੀਂ ਲੈਣਗੇ ਪੈਨਸ਼ਨ, ਉਹ 5,76,150 ਰੁਪਏ ਪ੍ਰਾਪਤ ਕਰਕੇ ਰਾਜ ਵਿੱਚ ਸਭ ਤੋਂ ਵੱਧ ਤਨਖਾਹ ਲੈਣ ਵਾਲੇ ਪੈਨਸ਼ਨਰ ਹੋਣਗੇ

ਪੰਜਾਬ ਵਿਧਾਨ ਸਭਾ ਮੈਂਬਰ (ਪੈਨਸ਼ਨ ਅਤੇ ਮੈਡੀਕਲ ਸਹੂਲਤਾਂ ਰੈਗੂਲੇਸ਼ਨ) ਰੂਲਜ਼-1977 ਅਤੇ ਪੰਜਾਬ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਸੁਵਿਧਾ ਰੈਗੂਲੇਸ਼ਨ) ਰੂਲਜ਼-1984 ਦੀ ਧਾਰਾ 3 (1) ਅਨੁਸਾਰ, ਮੁੱਢਲੀ ਮਾਸਿਕ ਪੈਨਸ਼ਨ ਦੀ ਰਾਸ਼ੀ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਅਨੁਸਾਰ ਅਕਤੂਬਰ 26, 2016 ਪਹਿਲੀ




ਮਿਆਦ ਲਈ 15,000 ਰੁਪਏ ਅਤੇ ਹਰ ਬਾਅਦ ਦੀ ਮਿਆਦ ਲਈ 10,000 ਰੁਪਏ ਹੈ। ਲਾਭਪਾਤਰੀਆਂ ਨੂੰ ਮਹੀਨਾਵਾਰ ਪੈਨਸ਼ਨ ਦੇ ਉੱਪਰ ਅਤੇ ਇਸ ਤੋਂ ਉੱਪਰ 50 ਪ੍ਰਤੀਸ਼ਤ ਮਹਿੰਗਾਈ ਭੱਤਾ (ਧਓ) ਅਤੇ ਵਰਤਮਾਨ ਵਿੱਚ ਲਾਗੂ ਧਓ ਵੀ ਮਿਲਦਾ ਹੈ। ਇਸ ਤਰ੍ਹਾਂ ਪਹਿਲੀ ਮਿਆਦ ਦੀ ਕੁੱਲ ਪੈਨਸ਼ਨ 75,150 ਰੁਪਏ ਬਣਦੀ ਹੈ। ਇਹ ਹਰ ਮਿਆਦ ਦੇ ਨਾਲ 50,100 ਰੁਪਏ ਵਧਦਾ ਰਹਿੰਦਾ ਹੈ। ਇੱਕ ਸਾਬਕਾ ਵਿਧਾਇਕ ਉਦੋਂ ਹੀ ਪੈਨਸ਼ਨ ਲਈ ਯੋਗ ਹੁੰਦਾ ਹੈ ਜਦੋਂ ਉਹ ਵਿਧਾਨ ਸਭਾ ਦਾ ਮੈਂਬਰ ਨਹੀਂ ਰਹਿੰਦਾ। ਇਕ ਵਾਰ ਜਦੋਂ ਉਹ ਦੁਬਾਰਾ ਚੁਣਿਆ ਜਾਂਦਾ ਹੈ, ਤਾਂ ਉਸ ਨੂੰ ਸਿਰਫ ਤਨਖਾਹ ਦਿੱਤੀ ਜਾਂਦੀ ਹੈ ਅਤੇ ਪੈਨਸ਼ਨ ਬੰਦ ਕਰ ਦਿੱਤੀ ਜਾਂਦੀ ਹੈ।

ਬਾਦਲ ਤੋਂ ਇਲਾਵਾ, ਸਾਬਕਾ ਸਥਾਨਕ ਸਰਕਾਰਾਂ ਮੰਤਰੀ ਬ੍ਰਹਮ ਮਹਿੰਦਰਾ, ਸਾਬਕਾ ਵਿੱਤ ਮੰਤਰੀ ਲਾਲ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਸਮੇਤ ਕਈ ਸਾਬਕਾ ਵਿਧਾਇਕ ਹਨ ਜੋ ਛੇ ਮਿਆਦਾਂ (3,25,650 ਰੁਪਏ) ਲਈ ਪੈਨਸ਼ਨ ਦੇ ਯੋਗ ਹਨ। ਜਿਨ੍ਹਾਂ ਨੂੰ ਪੰਜ ਵਾਰ ਪੈਨਸ਼ਨ ਮਿਲੇਗੀ, (2,75,550 ਰੁਪਏ) ਵਿੱਚ ਸਾਬਕਾ ਜੇਲ੍ਹ ਮੰਤਰੀ ਸਰਵਣ ਸਿੰਘ ਫਿਲੌਰ, ਸਾਬਕਾ ਮੰਤਰੀ ਬਲਵਿੰਦਰ ਸਿੰਘ ਭੂੰਦੜ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਮੰਤਰੀ ਪਰਮਿੰਦਰ ਸਿੰਘ ਢੀਂਡਸਾ ਅਤੇ ਮਨਪ੍ਰੀਤ ਬਾਦਲ ਸ਼ਾਮਲ ਹਨ। ਦਿਲਚਸਪ ਗੱਲ ਇਹ ਹੈ ਕਿ ਲਗਭਗ 225 ਸਾਬਕਾ ਵਿਧਾਇਕ ਇੱਕ ਤੋਂ ਵੱਧ ਪੈਨਸ਼ਨ ਦੇ ਯੋਗ ਹੋਣਗੇ।

ਪੰਜਾਬ ਵਿਧਾਨ ਸਭਾ ਦੇ ਰਿਕਾਰਡ ਅਨੁਸਾਰ ਇਸ ਵਾਰ ਤਕਰੀਬਨ 325 ਸਾਬਕਾ ਵਿਧਾਇਕ ਪੈਨਸ਼ਨ ਲਈ ਯੋਗ ਹੋਣਗੇ, ਜੋ ਕਿ ਸਭ ਤੋਂ ਵੱਧ ਗਿਣਤੀ ਹੈ, ਕਿਉਂਕਿ 15ਵੀਂ ਵਿਧਾਨ ਸਭਾ ਦੇ 80 ਦੇ ਕਰੀਬ ਮੌਜੂਦਾ ਮੈਂਬਰ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਹਾਰ ਗਏ ਸਨ।ਵਿਰੋਧੀ ਧਿਰ 'ਚ ਰਹਿੰਦਿਆਂ 'ਆਪ' ਨੇ ਵਿਧਾਇਕਾਂ ਨੂੰ ਇੱਕ ਤੋਂ ਵੱਧ ਮਿਆਦ ਦੀ ਪੈਨਸ਼ਨ ਦੇਣ ਨੂੰ ਨੈਤਿਕ ਅਤੇ ਸਿਧਾਂਤਕ ਤੌਰ 'ਤੇ ਗਲਤ ਦੱਸਿਆ ਸੀ।

# ਪਿਆਰ ਮੁਹੱਬਤ ਦੀ ਅਨੌਖੀ ਦਾਸਤਾਨ ਫ਼ਿਲਮ 'ਲੇਖ'

ਹਰਜਿੰਦਰ ਸਿੰਘ ਜਵੰਦਾ

ਗਾਇਕੀ ਤੋਂ ਬਾਅਦ ਫ਼ਿਲਮੀ ਖੇਤਰ ਵਿੱਚ ਗੂੜ੍ਹੀਆਂ ਪੈੜ੍ਹਾਂ ਪਾਉਣ ਵਾਲੇ ਗੁਰਨਾਮ ਭੁੱਲਰ ਦੀ ਆ ਰਹੀ ਨਵੀਂ ਪੰਜਾਬੀ ਫ਼ਿਲਮ 'ਲੇਖ' ਸੱਚਮੁੱਚ ਹੀ ਪੰਜਾਬੀ ਸਿਨਮੇ ਦੇ ਲੇਖ ਸੰਵਾਰਣ ਦਾ ਕੰਮ ਕਰੇਗੀ। ਕਿਉਂਕਿ ਦਰਸ਼ਕਾਂ ਨੂੰ ਲੰਮੇ ਸਮੇਂ ਬਾਅਦ ਆਮ ਵਿਸ਼ਿਆਂ ਤੋਂ ਹਟਕੇ ਇੱਕ ਵੱਖਰੇ ਵਿਸ਼ੇ ਦੀ ਫ਼ਿਲਮ ਵੇਖਣ ਨੂੰ ਮਿਲੇਗੀ। ਵਾਇਟਹਿੱਲ ਸਟੂਡੀਓ ਦੇ ਬੈਨਰ ਹੇਠ ਨਿਰਮਾਤਾ ਗੁਣਬੀਰ ਸਿੰਘ ਸਿੱਧੂ ਤੇ ਮਨਮੋਰੜ ਸਿੰਘ ਸਿੱਧੂ ਦੀ ਇਹ ਫ਼ਿਲਮ ਬਚਪਨ ਦੀ ਅਨਭੋਲ ਉਮਰ ਦੇ ਪਿਆਰ ਭਰੇ ਅਹਿਸਾਸਾਂ ਅਤੇ ਮੱਥੇ ਤੇ ਲਿਖੇ ਲੇਖਾਂ ਦੀ ਕਹਾਣੀ ਬਿਆਂਨਦੀ ਇੱਕ ਦਿਲਚਸਪ ਕਹਾਣੀ ਹੈ। ਜਿਸਨੂੰ ਪੰਜਾਬੀ ਸਿਨਮੇ ਦੇ ਨਾਮਵਰ ਲੇਖਕ ਜਗਦੀਪ ਸਿੱਧੂ ਨੇ ਲਿਖਿਆ ਹੈ। ਡਾਇਰੈਕਟਰ ਮਨਵੀਰ ਬਰਾੜ ਦੀ ਡਾਇਰੈਕਟ ਕੀਤੀ ਇਸ ਫ਼ਿਲਮ ਦਾ ਟ੍ਰੇਲਰ ਅਤੇ ਸੰਗੀਤ ਦਰਸ਼ਕਾਂ ਦੀ ਪਸੰਦ ਬਣ ਚੁੱਕਾ ਹੈ। ਸੋਸ਼ਲ ਮੀਡੀਆ 'ਤੇ ਛਾਏ ਫ਼ਿਲਮ ਦੇ ਟ੍ਰੇਲਰ ਤੋ ਜਾਪਦਾ ਹੈ ਕਿ ਇਹ ਫ਼ਿਲਮ ਪੰਜਾਬੀ ਸਿਨਮੇ ਵਿੱਚ ਇਕ ਮੀਲ ਪੱਥਰ ਸਾਬਤ ਹੋ ਸਕਦੀ ਹੈ।

ਫ਼ਿਲਮ ਦੀ ਕਹਾਣੀ ਦੀ ਮੰਗ ਮੁਤਾਬਕ ਫ਼ਿਲਮ ਦੇ ਨਾਇਕ ਗੁਰਨਾਮ ਭੁੱਲਰ ਨੇ ਆਪਣਾ 18-20 ਕਿਲੋਂ ਭਾਰ ਘਟਾ ਕੇ 16 -17 ਸਾਲ ਦੇ ਸਕੂਲ ਪੜ੍ਹਦੇ ਨਵੀਂ ਉਮਰ ਦੇ ਮੁੰਡੇ ਦਾ ਕਿਰਦਾਰ ਨਿਭਾਇਆ ਹੈ। ਫ਼ਿਲਮ ਦੀ ਨਾਇਕਾ ਤਾਨੀਆ ਹੈ ਜੋ ਇਸ ਤੋਂ ਪਹਿਲਾਂ ਫ਼ਿਲਮ 'ਗੁੱਡੀਆਂ ਪਟੋਲੇ' ਵਿੱਚ ਗੁਰਨਾਮ ਭੁੱਲਰ ਨਾਲ ਕੰਮ ਕਰ ਚੁੱਕੀ ਹੈ। ਦੋਵਾਂ ਦੇ ਇਸ ਫ਼ਿਲਮ ਲਈ ਬੇਹੱਦ ਮਿਹਨਤ ਕੀਤੀ ਹੈ। ਫ਼ਿਲਮ ਦੇ ਟੇਲਰ ਮੁਤਾਬਕ ਇਹ ਫ਼ਿਲਮ ਬਚਪਨ ਅਤੇ ਜਵਾਨੀ ਦੀ ਕਹਾਣੀ ਹੈ ਜਿਸ ਲਈ ਇਸ ਨੂੰ ਦੋ ਵੱਖ ਵੱਖ ਪੜਾਵਾਂ ਵਿੱਚ ਫਿਲਮਾਇਆ ਗਿਆ ਹੈ। ਫ਼ਿਲਮ ਦੀ ਕਹਾਣੀ ਬਚਪਨ ਦੇ ਪਿਆਰਾਂ ਤੋਂ ਸੁਰੂ ਹੋ ਕੇ ਜ਼ਿੰਦਗੀ ਦੇ ਵੱਖ ਵੱਖ ਪੜ੍ਹਾਵਾਂ ਨਾਲ ਜੁੜ੍ਹੀ ਰੁਮਾਂਟਿਕ ਤੇ ਭਾਵਨਾਤਮਿਕ ਪਲਾਂ ਦੀ ਤਰਜ਼ਮਾਨੀ ਕਰਦੀ ਹੈ। ਗੁਰਨਾਮ ਭੁੱਲਰ ਨੇ ਆਪਣੇ ਕਿਰਦਾਰ ਵਿੱਚ ਫ਼ਿੱਟ ਹੋਣ ਲਈ ਬਹੁਤ ਮੇਹਨਤ ਕੀਤੀ ਹੈ। ਫ਼ਿਲਮ ਦੀ ਸੂਟਿੰਗ ਦੋ ਪੜਾਵਾਂ ਵਿੱਚ ਕੀਤੀ ਗਈ ਹੈ।

ਗੁਰਨਾਮ ਭੁੱਲਰ ਨੇ ਰਾਜਵੀਰ ਦਾ ਕਿਰਦਾਰ ਨਿਭਾਇਆ ਹੈ ਤੇ ਤਾਨੀਆ ਨੇ ਰੌਣਕ ਦਾ।

ਸਕੂਲ ਪੜ੍ਹਦੇ ਸਮੇਂ ਦੋਵਾਂ ਦੇ ਦਿਲਾਂ ਵਿੱਚ ਇੱਕ ਦੂਜੇ ਪ੍ਰਤੀ ਮੋਹ ਖਿੱਚ ਹੁੰਦੀ ਹੈ, ਹੁਸੀਨ ਸੁਪਨਿਆਂ ਦਾ ਸੰਸਾਰ ਹੁੰਦਾ ਹੈ ਪਰ ਕੀ ਇਨ੍ਹਾਂ ਸੁਪਨਿਆਂ ਦਾ ਸ਼ਹਿਜਾਦਾ ਆਪਣੀ ਮੰਜਲ ਤੇ ਪਹੁੰਚਦਾ ਹੈ ? ਜ਼ਿਕਰਯੋਗ ਹੈ ਕਿ ਇਸ ਫਿਲਮ ਦੀ ਕਹਾਣੀ, ਸਕਰੀਨ ਪਲੇਅ ਅਤੇ ਡਾਇਲਾਗ ਜਗਦੀਪ ਸਿੱਧੂ ਨੇ ਲਿਖੇ ਹਨ। ਫ਼ਿਲਮ ਨੂੰ ਮਨਵੀਰ ਬਰਾੜ ਨੇ ਡਾਇਰੈਕਟ ਕੀਤਾ ਹੈ। ਫ਼ਿਲਮ ਦੇ ਗੀਤ ਜਾਨੀ ਨੇ ਲਿਖੇ ਹਨ ਤੇ ਸੰਗੀਤ ਬੀ ਪਰਾਕ ਨੇ ਦਿੱਤਾ ਹੈ। ਗੁਰਨਾਮ ਭੁੱਲਰ, ਤਾਨੀਆ, ਕਾਕਾ ਕੌਤਕੀ, ਨਿਰਮਲ ਰਿਸ਼ੀ, ਹਰਮਨ ਧਾਲੀਵਾਲ ਤੇ ਹਰਮਨ ਬਰਾੜ ਨੇ



ਫ਼ਿਲਮ ਚ ਅਹਿਮ ਕਿਰਦਾਰ ਨਿਭਾਏ ਹਨ।

ਪੰਜਾਬ ਅਤੇ ਰਾਜਸਥਾਨ ਦੀਆਂ ਵੱਖ ਵੱਖ ਖ਼ੂਬ-ਸੂਰਤ ਲੋਕੇਸ਼ਨਾਂ 'ਤੇ ਫਿਲਮਾਈ ਗਈ ਇਹ ਫ਼ਿਲਮ ਦਰਸ਼ਕਾਂ ਨੂੰ ਪਰਦੇ 'ਤੇ ਇਕ ਖ਼ੂਬਸੂਰਤ ਜ਼ਿੰਦਗੀ ਦਾ ਅਹਿਸਾਸ ਕਰਵਾਵੇਗੀ। ਇਸ ਫ਼ਿਲਮ ਵਿੱਚ ਪੰਜਾਬੀ ਸਿਨਮੇ ਦਾ ਇਕ ਨਾਮੀ ਸਟਾਰ ਵੀ ਮਹਿਮਾਨ ਭੂਮਿਕਾ ਵਿੱਚ ਨਜ਼ਰ ਆਵੇਗਾ।ਆਸ ਹੈ ਕਿ ਪਹਿਲੀ ਅਪ੍ਰੈਲ ਨੂੰ ਰਿਲੀਜ਼ ਹੋ ਰਹੀ ਇਹ ਫ਼ਿਲਮ 'ਲੇਖ' ਪੰਜਾਬੀ ਸਿਨਮੇ ਦੇ ਨਵੇਂ ਲੇਖ ਲਿਖਣ ਵਿੱਚ ਸਫ਼ਲ ਹੋਵੇਗੀ।

## ਵਿਚਾਰ ਆਪੋ- ਆਪਣਾ/ ਮਿੰਟੂ ਗੁਰੂਸਰੀਆ

ਰਾਜ ਸਭਾ ਦੀ ਉਮੀਦਵਾਰਾਂ ਤੋਂ ਉੱਠੇ ਵਿਵਾਦ ਵਿਚ ਹਰ ਕੋਈ ਆਪਣੇ ਵਿਚਾਰ ਦੇ ਰਿਹਾ ਹੈ। ਸਿਆਸੀ ਵਿਰੋਧੀ ਧਿਰਾਂ 'ਆਪ' ਨੂੰ ਉਸੇ ਤੀਰ ਨਾਲ ਫੰਡ ਰਹੀਆਂ ਨੇ ਜੋ ਉਨ੍ਹਾਂ 'ਆਪ' ਨੇ ਆਪ ਹੀ ਵਿਰੋਧੀਆਂ ਨੂੰ ਫੜ੍ਹਾ ਦਿੱਤਾ। ਪੰਜਾਬ ਨੂੰ ਪਿਆਰ ਕਰਨ ਵਾ.ਲੇ ਇਸ ਫੈਸਲੇ ਨਾ.ਲ ਨਾ-ਇਤਫ਼ਾਕੀ ਰੱਖ ਕੇ ਇਸ ਨੂੰ ਪੰਜਾਬ ਦੇ ਹਿੱਤਾਂ ਦਾ ਘਾਣ ਦੱਸ ਰਹੇ ਹਨ। ਕੁਝ ਲੋਕ 'ਆਪ' ਦੇ ਸਮਰਥਕਾਂ ਨੂੰ ਟਿੱਚਰਾਂ ਕਰ ਰਹੇ ਆ। ਪਰ ਮੇਰਾ ਮੰਨਣਾ ਹੈ ਕਿ ਇਨ੍ਹਾਂ ਦਾ ਕੀ ਕਸੂਰ? ਬੇਸ਼ੱਕ 'ਆਪ' ਦੇ ਸਮਰਥਕਾਂ ਨੇ ਸਾਨੂੰ ਕਈ ਵਾਰ ਟ੍ਰੋਲ ਵੀ ਕੀਤੈ ਪਰ ਅਸੀਂ ਹਮੇਸ਼ਾਂ ਇਨ੍ਹਾਂ ਨੂੰ ਬੱਚਿਆਂ ਵਾਂਗ ਪਿਆਰ ਕੀਤਾ ਕਿਉਂਕਿ ਇਨ੍ਹਾਂ ਦੀ ਭਾਵਨਾ ਤਾਂ ਪੰਜਾਬ ਪ੍ਰਤੀ ਸੁਚੱਜੀ ਤੇ ਸਾਊ ਸੀ। ਖੈਰ! ਵਿਸ਼ਾ ਵੱਡਾ ਹੈ ਤੇ ਮੇਰੀ ਮੱਤ ਛੋਟੀ। ਰਾਜ ਸਭਾ ਦਾ ਦੂਜਾ ਨਾਂਅ ਹੈ 'ਕੌਂਸਲ ਆਫ ਸਟੇਟਸ'। ਇਸ ਨੂੰ ਬਣਾਉਣ ਪਿਛੇ ਮਕਸਦ ਸੀ ਕਿ ਲੋਕ ਸਭਾ ਦੀ ਅੰਨ੍ਹੀ ਤਾਕਤ ਇਸ ਦੇਸ਼ ਨੂੰ ਕੁਲੀਹੇ ਨਾ ਲੈਜੇ (ਭਾਵ ਤਾਕਤ ਦਾ ਤਵਾਜ਼ਨ ਰਹੇ) ਤੇ ਦੂਜਾ ਕਿ ਉਹ ਲੋਕ ਸਿੱਧੇ ਸਦਨ ਪਹੁੰਚਣ ਜੋ ਚੋਣ ਨਹੀਂ ਲੜ ਸਕਦੇ ਜਾਂ ਜਿੰਨ੍ਹਾਂ ਦੀ ਕਿਸੇ ਖੇਤਰ ਵਿਚ ਮੁਹਾਰਤ ਹੈ। 'ਕੌਂਸਲ ਆਫ ਸਟੇਟਸ' ਦੇ ਨਾਂਅ ਤੋਂ ਹੀ ਸਿੱਧ ਹੋ ਜਾਂਦੈ ਕਿ ਫੈਡਰਲਿਜ਼ਮ, ਬਹੁ-ਭਾਸ਼ਾਈ, ਬਹੁ-ਧਰਮੀ ਤੇ ਬਹੁ-ਸੱਭਿਆਚਾਰੀ ਸਮਾਜ ਦੇ ਹਿੱਤਾਂ ਦੀ ਏਥੇ ਆ ਕੇ ਹਿਫਾਜ਼ਤ ਕੀਤੀ ਜਾਵੇ। ਕੀ ਛਤੀਸਗੜ੍ਹ ਦਾ ਜੰਮਿਆ ਪਾਠਕ ਤੇ ਬਾਹਰ ਪੜ੍ਹਿਆ ਰਾਘਵ ਚੱਢਾ ਪੰਜਾਬ ਲਈ ਇਸ ਦੇ ਸਮਰੱਥ ਹੋਣਗੇ ? ਇਹ ਹਾਲ ਦੀ ਘੜੀ ਇਕ ਸੁਆਲ ਹੀ ਰਹਿਣ ਦਿਓ। ਜੇਕਰ ਇਹ ਬੋਲਣਗੇ ਵੀ ਤਾਂ ਇਨ੍ਹਾਂ ਦਾ ਨਿਸ਼ਾਨਾ 'ਆਪ' ਦੀ ਕੌਮੀ ਰਾਜਨੀਤੀ ਵਿਚ ਵਿਸਥਾਰਵਾਦੀ ਪਹੁੰਚ ਹੋਏਗੀ ਨਾ ਕਿ ਸੂਬਾਈ ਹਿੱਤਾਂ ਦੀ ਗੱਲ ਕਿਉਂਕਿ ਜੇਕਰ ਅਜਿਹਾ ਕਰਨਗੇ ਤਾਂ ਦੂਜੇ ਰਾਜ ਵਿਚ ਸਿਆਸੀ ਨੁਕਸਾਨ ਦਾ ਸੰਸਾ ਰਹਿੰਦੈ ਜਿਵੇਂ ਪੰਜਾਬ-ਹਰਿਆਣਾ ਵਿਚਾਲੇ ਮਸਲਾ ਇਕ ਮਿਸਾਲ ਹੈ। ਦੂਜੀ ਗੱਲ ਪੰਜਾਬ ਦੇ ਚੁਣੇ ਉਮੀਦਵਾਰ (ਜਿੰਨ੍ਹਾਂ ਨੂੰ ਹੁਣੇ ਚੁਣੇ ਨੁਮਾਇੰਦੇ ਵੀ ਕਹਿ ਸਕਦੇ ਹੋ) ਵੀਰਾਂ ਦੀ ਹੈ। ਹਰਭਜਨ ਸਿੰਘ ਨੇ ਆਪਣੀ ਜ਼ਿੰਦਗੀ ਵਿਚ ਕਰੜਾ ਸੰਘਰਸ਼ ਕਰਦਿਆਂ ਬਾ-ਕਮਾਲ ਮੁਕਾਮ ਹਾਸਲ ਕੀਤਾ। ਪਰ ਹਰਭਜਨ ਸਿੰਘ ਸਿੰਘ ਦਾ ਮਸਲਾ ਇਸ ਪੱਖੋਂ ਹੋਰ ਵੀ ਅਜੀਬ ਹੋ ਜਾਂਦਾ ਹੈ ਕਿ ਉਹ DSP ਹੈ, ਇਸ ਤੋਂ ਇਲਾਵਾ ਉਸ ਦੀ ਆਪਣੀ ਕ੍ਰਿਕਟ ਅਕੈਡਮੀ ਹੈ ਤੇ ਉਸ ਦੀ BCCI ਤੋਂ ਪੈਨਸ਼ਨ ਲੱਗੀ ਹੋਈ ਹੈ, ਕੁਮੈਂਟਟਰ ਵੀ ਹੈ। ਇਹ ਸਾਰੇ ਹਿੱਤ ਕੇਂਦਰੀ ਸ਼ਕਤੀ ਨਾ.ਲ ਜੁੜੇ ਨਜ਼ਰ ਆਉਂਦੇ ਹਨ। ਹੁਣ ਹਰਭਜਨ ਸਿੰਘ ਕੇਂਦਰ ਦੀ ਅੱਖ 'ਚ ਅੱਖ ਪਾ ਕੇ ਗੱਲ ਕਰ ਲੈਣਗੇ? ਦੂਜਾ, ਸਿਆਸੀ ਪਾਰਟੀਆਂ ਨੂੰ 'ਦੂਸਰਾ' ਸੁੱਟ ਕੇ ਭੱਜੀ ਨੇ 'ਆਪ' ਨੂੰ ਚੁਣਿਆ ਹੀ ਇਸ ਕਰਕੇ ਹੈ ਕਿ 'ਆਪ' ਪੰਜਾਬ 'ਚ ਉਸ ਲਈ ਮੁਫ਼ੀਦ ਹੈ ਜਦਕਿ 'ਆਪ' ਨੂੰ ਇਕ ਘੱਟ-ਗਿਣਤੀ ਕੌਮੀ ਚਿਹਰੇ ਦੀ ਲੋੜ ਸੀ। ਜਦੋਂ ਆਦਮੀ ਇੱਕ ਥਾਂ ਨਿੱਜ ਹਿੱਤਾਂ ਦਾ ਸੋਚਦਾ ਹੈ ਤੇ ਉਸ ਦੀ ਲੋਚਾ ਦੂਜੀ ਥਾਂ ਨਾ ਰਹੇਗੀ ਕਿ ਕੇਂਦਰ ਨਾ.ਲ ਵਿਗਾੜ ਕਿਉਂ ਪਾਵਾਂ ? ਇਹ ਮਸਲਾ ਹਿੱਤਾਂ ਦੇ ਟਕਰਾਅ ਨਾ.ਲ ਵੀ ਜੁੜਦਾ ਹੈ ਕਿ ਭੱਜੀ ਕ੍ਰਿਕਟ ਅਕਾਦਮੀ ਚਲਾ ਰਿਹਾ ਹੈ ਕੱਲ੍ਹ ਨੂੰ ਪਾਵਰ ਦਾ ਇਸਤੇਮਾਲ ਏਧਰ ਨਹੀਂ ਕਰੇਗਾ, ਕੀ ਗਰੰਟੀ ? ਦੂਜਾ ਮਸਲਾ ਲਵਲੀ ਯੂਨੀਵਰਸਿਟੀ ਵਾਲਿਆਂ ਦਾ ਵੀ ਇਹੋ ਹੈ। ਮੋਦੀ ਦੋ ਵਾਰ ਹੁਣ ਤੀਕ ਏਥੇ ਆ ਚੁੱਕੇ ਹਨ। ਹਲਵਾਈ ਤੋਂ ਸ਼ੁਰੂ ਹੋਇਆ ਸਫ਼ਰ ਮਿੱਤਲ ਪਰਵਾਰ ਦਾ ਰਸੂਖ਼ ਅੱਜ ਕੌਮੀ ਪੋਲਟਿਕਸ ਤੱਕ ਭਰਵਾਂ ਹੈ। ਨਵੇਂ ਕਾਨੂੰਨਾਂ ਦੀਆਂ ਸੋਧਾਂ/ਕੋਸ਼ਿਸ਼ਾਂ ਦੇ ਜਰੀਏ ਕੇਂਦਰੀ ਤਾਕਤ ਨਿੱਜੀ ਯੂਨੀਆਂ। ਨੂੰ ਆਪਣੇ ਹੱਥ ਹੇਠ ਰੱਖ/ਕਰ ਰਹੀ ਹੈ। ਕੀ ਇੱਕ ਸਿੱਖਿਆ ਦਾ ਕਾਰੋਬਾਰੀ ਕਹੂ ਕਿ ਸਾਡੇ ਪਾਣੀਆਂ ਦੀ ਲੁੱਟ ਬੰਦ ਕਰੋ ਜਾਂ ਭਬੰਭ ਵਰਗਾ ਹੱਕਾਂ 'ਤੇ ਡਾਕਾ ਮਾਰਨਾ ਬੰਦ ਕਰੋ ? ਇਹੀ ਕਹਾਣੀ ਅਰੋੜਾ ਸਾਬ੍ਹ ਦੀ ਹੈ ਇੱਕ ਬਿਜ਼ਨਿਸਮੈਨ ਪਹਿਲੀ ਗੱਲ ਤਾਂ ਇਹ ਹੈ ਕਿ ਚੁੱਪ ਹੀ ਰਹੇਗਾ ਕਿਉਂਕਿ ਛੱਤੀ ਕਮਜ਼ੋਰੀਆਂ ਹੁੰਦੀਆਂ ਨੇ ਕਾਰੋਬਾਰੀ ਦੀਆਂ ,ਵੈਸੇ ਵੀ ਸਾਬਕਾ ਧੰਫ ਸੇਖੋਂ ਸ਼ਰ੍ਹੇਆਮ ਚਿੱਠੇ ਫੋਲੀ ਜਾਂਦੈ ਭਵਿੱਖੰ ਫ ਦੇ, ਫਰਜ਼ ਕਰੋ ਜੇ ਬੋਲਿਆ ਵੀ ਤਾਂ ਉਹ ਇੱਕ ਵਰਗ ਤੱਕ ਹੀ ਬੋਲੂ ਜਦਕਿ ਮੈਂ ਕਿਹਾ ਹੈ ਨਾ ਕਿ ਪੰਜਾਬ ਨੂੰ ਉਹ ਲੋਕ ਨੁਮ-ਾਇੰਦਿਗੀ ਦੇਣ ਜੋ ਵੱਟ ਤੋਂ ਲੈਕੇ ਵਿਧਾਨ (ਸੰਵਿਧਾਨ) ਦੀ ਜਾਣਕਾਰੀ ਰੱਖਦਾ ਹੋਵੇ। ਹੁਣ ਜੇ ਚੁਣੇ ਸਾਡੇ ਤਿੰਨੰ ਫ ਰਾਜ ਸਭਾ ਦੇ ਨਵੇਂ 'ਤੇਂਦੁਲਕਰ' ਬਣ ਜਾਣਗੇ ਤਾਂ ਉਸ ਦਾ ਫਾਇਦਾ ਕਿਸ ਨੂੰ ਹੋਵੇਗਾ ? 'ਆਪ' ਰਾਜ ਸਭਾ ਵਿਚ ਜਲਦ ਚੌਥੀ-ਪੰਜਵੀਂ ਵੱਡੀ ਪਾਰਟੀ ਬਣ ਜਾਏਗੀ ?

ਸਦਨ ਵਿਚ ਗਿਣਤੀ ਦੇ ਹਿਸਾਬ ਨਾ.ਲ ਬੋਲਣ ਦਾ ਸਮਾਂ ਪਾਰਟੀਆਂ ਨੂੰ ਮਿਲਦੈ। ਸਟ੍ਰੈਂਥ ਪੰਜਾਬ ਦੇ ਰਿਹਾ ਹੈ ਪਰ ਜੇ ਪੰਜਾਬੀ ਬੋਲੇ ਨਾ ਤਾਂ ਸਮਾਂ ਕਿਸ ਕੋਲ ਜਾਏਗਾ ? ਚੱਢਾ ਸਾਬ੍ਹ ਕੋਲ ਜਾਂ ਸੰਜੈ ਸਿੰਘ ਕੋਲ, ਜੋ ਬਹੁਤ ਬਿਹਤਰੀਨ ਬੁਲਾਰੇ ਹਨ ਪਰ ਉਹ ਜ਼ਿਆਦਾ ਤਵੱਜੋਂ ਕੌਮੀ ਮੁੱਦਿਆਂ ਨੂੰ ਦੇਣਗੇ ਨਾ ਕਿ ਇੱਕ-ਸੂਬਾਈ ਹਿੱਤਾਂ ਨੂੰ। ਇੱਕ ਹੋਰ ਅਹਿਮ ਨੁਕਤਾ ਕਿ 'ਆਪ' ਨੂੰ ਇਸ ਵਾਰੀਂ ਔਰਤਾਂ ਨੇ ਦੱਬ ਕੇ ਵੋਟਾਂ ਪਾਈਆਂ, ਕਿਉਂਕਿ ਸਭ ਤੋਂ ਜ਼ਿਆਦਾ ਪੀੜਤ ਔਰਤ ਸੀ ਫਿਰ ਉਹ ਭਾਵੇਂ ਘਰ ਵਿਚ ਆਏ ਨਸ਼ੇ ਤੋਂ ਰਹੀ ਹੋਵੇ ਜਾਂ ਬੇਰੁਜ਼ਗਾਰੀ ਤੇ ਬਿਮਾਰੀ ਤੋਂ। ਉਨ੍ਹਾਂ ਦਾ ਇੱਕ ਵੀ ਨੁਮਾਇੰਦਾ ਇਸ ਕਤਾਰ ਵਿਚ ਨਹੀਂ ਹੈ। ਹਾਂ, ਹੋ ਸਕਦੈ ਕਿ ਅਗਲੀ ਚੋਣ, ਜਿਹੜੀ ਕਿ ਦੋ ਕੂ ਮਹੀਨੇ ਬਾਅਦ ਆਵੇਗੀ, ਉਹਦੇ ਵਿਚ ਸ਼ਾਇਦ ਇਸ ਪਾਸੇ ਵੀ ਧਿਆਨ ਦਿੱਤਾ ਜਾਵੇ। ਦੂਜਾ ਜਿਹੜੇ ਲੋਕ ਕਹਿ ਰਹੇ ਨੇ ਕਿ ਪਿਛਲਿਆਂ ਕੀ ਕਰ ਲਿਆ ? ਉਨ੍ਹਾਂ ਨੂੰ ਸ਼ਾਇਦ ਜਾਣਕਾਰੀ ਨਹੀਂ ਕਿੰ ਫ ਉੱਥੇ ਪ੍ਰਧਾਨ ਮੰਤਰੀ ਦੇ ਗੱਲ ਪੈਣ ਨਹੀਂ ਜਾਂਦਾ ਬਲਕਿ ਆਪਣੀ ਗੱਲ ਰੱਖਣ ਜਾਂਦਾ ਹੈ। ਵੱਡੇ ਪ੍ਰੋਜੈਕਟ ਤਾਂ ਹੀ ਮਿਲਦੇ ਨੇ ਜੇ ਉੱਤੇ ਸਰਕਾਰ ਆਵਦੀ ਹੋਵੇ ਨਹੀਂ ਤਾਂ ਤੁਸੀਂ ਸਿਰਫ ਆਪਣੇ ਗੱਲ ਰੱਖ ਸਕਦੇ ਹੋ ਤੇਂ ਫ ਫੰਡ ਲੈ ਸਕਦੇ ਹੋ । ਇਹ ਕੰਮ ਅਕਾਲੀ ਸਿਰਦਾਰ ਕਪੂਰ ਸਿੰਘ ਤੋਂ ਲੈ ਕੇ ਕਾਂਗਰਸੀ ਜਗਮੀਤ ਬਰਾੜ ਤੇ ਅਤਿੰਦਰਪਾਲ ਸਿੰਘ ਖਾਲਿਸਤਾਨੀ ਤੱਕ ਨੇ ਬਾਖ਼ੂਬ ਕੀਤੈ।

ਜੇ ਨਹੀਂ ਯਕੀਨ ਤਾਂ ਪਰਸੋਂ ਦੀ ਵੀਡੀਓ ਕੱਢ ਕੇ ਵੇਖ ਲਵੋ, ਜਿਸ ਰਵਨੀਤ ਬਿੱਟੂ ਦੀ ਪੰਜਾਬ 'ਚ ਲੁਧਿਆਣਾ ਤੋਂ ਬਾਹਰ ਪੁੱਛ ਧੇਲੇ ਬਰੋਬਰ ਹੈ, ਉਸ ਨੇ BBMB 'ਤੇ ਗਾਹ ਪਾ ਦਿੱਤਾ ਸਦਨ 'ਚ। ਦਿੱਲੀ ਦੇ ਚੁਣੇ ਤਿੰਨ ਰਾਜ ਸਭਾ ਮੈਂਬਰਾਂ 'ਚੋਂ ਦੋ 'ਗੁਪਤੇ' ਕਿੰਨਾ ਕੂ ਬੋਲੇ? ਚੇਤੇ ਰੱਖਿਓ , ਸਾਡਾ ਭਗਵੰਤ ਮਾਨ ਸੰਜੈ ਸਿੰਘ ਨਾ.ਲ ਰਲ ਕੇ ਮੋਦੀ ਘੇਰਦਾ ਫਿਰਦਾ ਸੀ ਜਦਕਿ ਗੁਪਤੇ 'ਗੁਪਤ' ਸਨ। ਸੋ, ਇਸ ਲਈ 'ਆਪ' ਨਾ.ਲ ਸਮੱਸਿਆ ਨਹੀਂ, 'ਆਪ' ਦੀ ਪੰਜਾਬ ਨਾ.ਲ ਜੁੜੀ ਚੋਣ ਨਾ.ਲ ਸਮੱਸਿਆ ਹੈ। ਦੂਜਾ ਜਿਹੜੇ ਲੋਕ ਸਾਨੂੰ ਕਹਿੰਦੇ ਨੇ ਨਾ ਕਿ ਲਵੋ ਸੁਆਦ ਤੁਸੀਂ ਹੀ ਦੂਜਿਆਂ ਪਾਰਟੀਆਂ (ਅਕਾਲੀ-ਕਾਂਗਰਸ) ਦੀ ਸਰਕਾਰ ਦੀ ਮੁਖ਼ਾਲਫ਼ਤ ਕਰਦੇ ਸੀ ਤਾਂ ਪਿਆਰਿਓ ! ਅਸੀਂ ਕਿਸੇ ਪਾਰਟੀ ਦੇ ਹੱਕ/ਵਿਰੋਧ ਵਿਚ ਨਹੀਂ, ਪੰਜਾਬ ਦੇ ਹੱਕ ਵਿਚ ਹਾਂ, ਜਿੰਨੀਆਂ ਮਰਜ਼ੀ ਗਾਲ੍ਹਾਂ ਕੱਢ ਲਵੋ, ਤਾਅਨੇ ਮਾਰ ਲਵੋ!

## ਸਾਂਡਰਸ ਕਤਲ ਤੇ ਅਸੈਂਬਲੀ 'ਚ ਬੰਬ ਸੁੱਟਣ ਵਾਲਾ ਦਾ ਮੁੱਖ ਸੰਚਾਲਕ

# ਮਹਾਨ ਕ੍ਰਾਂਤੀਕਾਰੀ ਸ਼ਹੀਦ 'ਸੁਖਦੇਵ ਥਾਪਰ'



ਪ੍ਰੋ: ਐਚ.ਐਲ. ਕਪੂਰ

ਸੁਖਦੇਵ ਥਾਪਰ ਦਾ ਜਨਮ ਲੁਧਿਆਣਾ 'ਚ ਪੰਜਾਬ ਵਿਖੇ ਹੋਇਆ। ਉਹ ਭਾਰਤ ਦੇਸ਼ ਦਾ ਇਕ ਮਹਾਨ ਕ੍ਰਾਂਤੀਕਾਰੀ, ਆਜ਼ਾਦੀ ਘੁਲਾਟੀਆ ਸੀ। ਉਸਦਾ ਜਨਮ 15 ਮਈ 1907 ਨੂੰ ਹੋਇਆ ਤੇ ਉਹਨਾਂ ਨੂੰ 23 ਮਾਰਚ 1931 ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਉਹ ਇਕ ਅੰਗਰੇਜ਼ ਪੁਲਿਸ ਅਫਸਰ ਜੇ. ਪੀ. ਸਾਂਡਰਸ ਨੂੰ ਮਾਰਨ ਸਮੇਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਤੇ ਮਹਾਨ ਸ਼ਹੀਦ ਸ਼ਿਵਰਾਮ ਹਰੀ ਰਾਜਗੁਰੂ ਦੇ ਨਾਲ ਸੀ। ਉਹਨਾਂ ਨੇ ਇਸ ਪੁਲਿਸ ਅਫਸਰ ਦੀ ਇਸ ਕਰਕੇ ਗੋਲੀਆਂ ਮਾਰ ਕੇ ਹੱਤਿਆ ਕੀਤੀ ਕਿਉਂਕਿ ਪੁਲਿਸ ਦੀਆਂ ਲਾਠੀਆਂ ਨਾਲ 1928 'ਚ ਬਹੁਤ ਜ਼ਿਆਦਾ ਜ਼ਖਮੀ ਹੋਣ ਉਪਰੰਤ, ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ ਸੀ ਤੇ ਇਨ੍ਹਾਂ ਤਿੰਨਾਂ ਨੌਜਵਾਨਾਂ ਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਵੱਲੋਂ ਉਸ ਅੰਗਰੇਜ਼ ਪੁਲਿਸ ਅਫਸਰ ਨੂੰ ਮਾਰ ਕੇ ਬਦਲਾ ਲੈਣ ਦੀ ਡਿਊਟੀ ਲਾਈ ਗਈ ਸੀ ਜਿਸ ਦੇ ਹੁਕਮਾਂ ਨਾਲ ਲਾਲਾ ਲਾਜਪਤ ਰਾਏ ਜੋ ਕਿ 'ਸਾਈਮਨ ਕਮਿਸ਼ਨ' ਦੇ ਖਿਲਾਫ ਮੁਜ਼ਾਹਰੇ ਦੀ ਅਗਵਾਈ ਕਰ ਰਹੇ ਸਨ 'ਤੇ ਲਾਠੀਚਾਰਜ ਕਰਨ ਦਾ ਹੁਕਮ ਦਿੱਤਾ ਸੀ।

ਇਨ੍ਹਾਂ ਉਕਤ ਭਾਰਤ ਦੇ ਮਹਾਨ ਤਿੰਨਾਂ ਕ੍ਰਾਂਤੀਕਾਰੀ ਘੁਲਾਟੀਆਂ ਨੂੰ ਲਾਹੌਰ ਦੀ ਸੈਂਟਰਲ ਜੇਲ੍ਹ 'ਚ ਮਿਤੀ 23 ਮਾਰਚ, 1931 ਨੂੰ ਸ਼ਾਮ ਦੇ 7.33 ਵਜੇ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਸੀ ਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਛੋਟੇ ਟੁਕੜੇ ਕਰਕੇ, ਤਾਂ ਕਿ ਉਹ ਜਲਦੀ ਜਲ਼ ਜਾਣ, ਬੋਰੀਆਂ 'ਚ ਪਾ ਕੇ ਜੇਲ੍ਹ ਦੇ ਪਿਛਵਾੜਿਉਂ ਲੋਕਾਂ ਤੋਂ ਚੋਰੀ ਕੱਢ ਕੇ, ਲਾਹੌਰ ਤੋਂ ਕੋਈ 50 ਮੀਲ ਦੂਰ ਹੁਸੈਨੀਵਾਲਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਲਿਜਾਅ ਕੇ, ਸਤਲੁਜ ਦਰਿਆ ਦੇ ਕਿਨਾਰੇ 'ਤੇ ਸਾੜ ਦਿੱਤਾ ਗਿਆ ਸੀ। ਜਦੋਂ ਲੋਕਾਂ ਨੇ ਰਾਤ ਨੂੰ ਦਰਿਆ ਦੇ ਕਿਨਾਰੇ 'ਤੇ ਅੱਗ ਬਲਦੀ ਦੇਖੀ ਤਾਂ ਉਹ ਇਕੱਠੇ ਹੋ ਗਏ ਤੇ ਪੁਲਿਸ ਅੱਧ ਜਲੇ ਲਾਸ਼ਾਂ ਦੇ ਟੁਕੜੇ ਦਰਿਆ 'ਚ ਸੁੱਟਣ ਦਾ ਯਤਨ ਕਰਨ ਲੱਗ ਪਈ ਤੇ ਇਕੱਤਰ ਹੋਈ ਭੀੜ ਨੂੰ ਦੇਖ ਕੇ ਪੁਲਿਸ ਮੌਕੇ ਤੋਂ ਦੌੜ ਗਈ ਤੇ ਲੋਕਾਂ ਨੇ ਲਾਸ਼ਾਂ ਦੇ ਅੱਧਜਲ਼ੇ ਟੁਕੜੇ ਇਕੱਤਰ ਕਰਕੇ ਸੁਖਦੇਵ ਥਾਪਰ, ਸ਼ਿਵਰਾਮ ਰਾਜਗੁਰੂ ਤੇ ਭਗਤ ਸਿੰਘ ਦਾ ਸੰਸਕਾਰ ਕਰ ਦਿੱਤਾ।

ਸੁਖਦੇਵ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਦਾ ਬਹੁਤ ਹੀ ਸਰਗਰਮ ਮੈਂਬਰ ਸੀ ਤੇ ਉਹ ਆਪਣੀ ਪਾਰਟੀ ਦੇ ਬਹੁਤ ਸਾਰੇ ਨੇਤਾਵਾਂ ਨਾਲੋਂ ਸੀਨੀਅਰ ਸੀ। ਜਦੋਂ ਉਹ ਅਜੇ ਲਾਹੌਰ ਦੇ ਨੈਸ਼ਨਲ ਕਾਲਜ 'ਚ ਪੜ੍ਹਦਾ ਹੀ ਸੀ ਤਾਂ ਉਸ ਦੇ ਸਾਥੀਆਂ ਦੇ ਕਥਨ ਅਨੁਸਾਰ ਉਸ ਨੇ ਦੁਨੀਆਂ ਦੇ ਕਈ ਦੇਸ਼ਾਂ ਦਾ ਕ੍ਰਾਂਤੀਕਾਰੀ ਸਾਹਿਤ ਤੇ ਇਤਿਹਾਸ ਪੜ੍ਹ ਲਿਖਿਆ ਸੀ ਤੇ ਰੂਸ ਦੇ ਇਨਕਲਾਬ ਸਣੇ, ਇਸ ਸਾਰੇ ਕ੍ਰਾਂਤੀਕਾਰੀ ਸਾਹਿਤ ਤੇ ਇਤਿਹਾਸ ਦਾ ਆਲੋਚਨਾਤਮਕ ਅਧਿਐਨ ਬੜੀ ਡੂੰਘਾਈ ਨਾਲ ਕਰ ਲਿਆ ਸੀ ਤੇ ਉਹ ਦੇਸ਼ ਨੂੰ ਆਜ਼ਾਦ ਕਰਾਉਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਗਿਆ ਸੀ ਤੇ ਭਗਤ ਸਿੰਘ ਵੀ ਇਸੇ ਕਾਲਜ 'ਚ ਇਹਨਾਂ ਦੇ ਨਾਲ ਹੀ ਪੜ੍ਹਦਾ ਸੀ।

ਉਸ ਨੇ ਲਾਹੌਰ ਵਿਖੇ ਭਗਤ ਸਿੰਘ, ਕਾਮਰੇਡ ਰਾਮ ਚੰਦਰ ਤੇ ਭਗਵਤੀ ਚਰਨ ਵੋਹਰਾ ਦੇ ਸਹਿਯੋਗ ਨਾਲ 'ਨੌਜਵਾਨ ਭਾਰਤ ਸਭਾ' ਨਾਮ ਦੀ ਜਥੇਬੰਦੀ ਬਣਾ ਕੇ ਭਾਰਤ ਨੂੰ ਆਜ਼ਾਦ ਕਰਾਉਣ ਦੇ ਆਪਣੇ ਸੁਪਨੇ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਜਥੇਬੰਦੀ ਦਾ ਮੁੱਖ ਉਦੇਸ਼ ਭਾਰਤ ਨੂੰ ਅੰਗਰੇਜ਼ ਸਰਕਾਰ ਤੋਂ ਆਜ਼ਾਦ ਕਰਾਉਣ ਲਈ ਨੌਜਵਾਨਾਂ ਨੂੰ ਪ੍ਰੇਰਿਤ ਕਰਨਾ ਸੀ ਤਾਂ ਕਿ ਉਹ ਇਸ 'ਚ ਸ਼ਾਮਲ ਹੋ ਕੇ ਆਪਣੀ ਆਜ਼ਾਦੀ ਲਈ ਵਿਚਾਰਧਾਰਾ ਨੂੰ ਵਿਗਿਆਨਕ ਤੇ ਤਰਕਸੰਗਤ ਬਣਾ ਸਕਣ ਤੇ ਫਿਰਕਾਪ੍ਰਸਤੀ ਤੇ ਛੂਤ-ਛਾਤ ਦੇ ਖਿਲਾਫ ਲੜ ਕੇ ਇਸ ਨੂੰ ਖਤਮ ਕਰ ਸਕਣ।

ਸੁਖਦੇਵ ਖਾਸ ਤੌਰ ਤੇ ਪੰਡਤ ਰਾਮ ਪ੍ਰਸਾਦ ਬਿਸਮਿਲ ਤੇ ਚੰਦਰ ਸ਼ੇਖਰ ਆਜ਼ਾਦ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸਨ।

ਸੁਖਦੇਵ ਨੇ ਸੰਨ 1929 'ਚ ਜੇਲ੍ਹ 'ਚ ਰਾਜਨੀਤਿਕ ਕੈਦੀਆਂ ਦੀ ਹੋਈ ਭੁੱਖ ਹੜਤਾਲ 'ਚ ਵੱਧ ਚੜ੍ਹ ਕੇ ਹਿੱਸਾ ਲਿਆ ਕਿਉਂਕਿ ਜੇਲ੍ਹ 'ਚ ਕੈਦੀਆਂ ਨਾਲ ਅਣਮਨੁੱਖੀ ਵਤੀਰਾ ਕੀਤਾ ਜਾਂਦਾ ਸੀ।

ਸੁਖਦੇਵ ਨੇ ਫਾਂਸੀ ਲੱਗਣ ਤੋਂ ਥੋੜ੍ਹਾ ਸਮਾਂ ਪਹਿਲਾਂ ਮਾਰਚ 1931 'ਚ ਗਾਂਧੀ-ਇਰਵਿਨ ਸਮਝੌਤੇ ਤੋਂ ਬਾਅਦ ਮਹਾਤਮਾ ਗਾਂਧੀ ਜੀ ਨੂੰ ਇਕ ਖੁੱਲ੍ਹਾ ਪੱਤਰ ਅੰਗਰੇਜ਼ੀ ਵਿਚ ਲਿਖਿਆ ਸੀ ਤੇ ਉਸ ਵਿਚ ਲਿਖਿਆ ਕਿ, "ਸਾਡਾ ਦੇਸ਼ ਨੂੰ ਆਜ਼ਾਦ ਕਰਾਉਣ ਦਾ ਨਿਸ਼ਾਨਾ ਇਕ ਹੈ ਪਰ ਮੈਂ ਇਸ ਆਜ਼ਾਦੀ ਦੀ ਲੜਾਈ 'ਚ ਵਰਤੇ ਜਾਂਦੇ ਅਲੱਗ-ਅਲੱਗ ਦੋ ਵਿਚਾਰਧਾਰਕ ਤਰੀਕਿਆਂ ਨਾਲ ਸਹਿਮਤ ਨਹੀਂ ਹਾਂ। ਇਸ ਨਾਲ ਸਾਡੀ ਦੇਸ਼ 'ਚ ਕ੍ਰਾਂਤੀ ਲਿਆਉਣ ਦੀ ਲਹਿਰ 'ਚ ਅਸਮਾਨਤਾ ਆ ਗਈ ਹੈ। ਤੁਹਾਡੇ ਇਸ ਉਕਤ ਸਮਝੌਤੇ ਤੋਂ ਬਾਅਦ, ਤੁਸੀਂ ਆਪਣਾ ਅੰਦੋਲਨ ਬੰਦ ਕਰ ਦਿੱਤਾ ਹੈ ਤੇ ਇਸ ਨਾਲ ਤੁਹਾਡੇ ਸਾਰੇ ਕੈਦੀ ਜੇਲ੍ਹਾਂ 'ਚੋਂ ਬਾਹਰ ਆ ਗਏ ਹਨ, ਪਰ ਕ੍ਰਾਂਤੀਕਾਰੀ ਕੈਦੀਆਂ ਦਾ ਕੀ ਬਣੇਗਾ, ਉਹ ਅਜੇ ਸਾਰੇ ਜੇਲ੍ਹਾਂ 'ਚ ਹੀ ਹਨ? 1915 ਦੇ ਗਦਰ ਅੰਦੋਲਨ ਦੇ ਬਾਅਦ ਆਪਣੀ ਜੇਲ੍ਹ ਦੀ ਸਜ਼ਾ ਪੂਰੀ ਕਰ ਲੈਣ ਵਾਲੇ ਸੈਂਕੜੇ ਕੈਦੀ ਅੱਜ ਵੀ ਜੇਲ੍ਹਾਂ 'ਚ ਸੜ ਰਹੇ ਹਨ! ਮਾਰਸ਼ਲ ਲਾਅ ਦੇ ਅਨੇਕਾਂ ਕੈਦੀ, ਅੱਜ ਵੀ ਜਿੰਦਾ ਕਬਰਾਂ 'ਚ ਦਫਨਾਏ ਹੋਏ ਹਨ। ਇਹੋ ਹੀ ਹਾਲ ਬੱਬਰ ਅਕਾਲੀ ਕੈਦੀਆਂ ਦਾ ਹੈ। ਦੇਵਗੜ੍ਹ, ਕਾਕੋਰੀ, ਮਛੂਆ ਬਾਜ਼ਾਰ ਤੇ ਲਾਹੌਰ ਸਾਜ਼ਿਸ਼ ਕੇਸ ਦੇ ਕੈਦੀ, ਅਜੇ ਤੱਕ ਜੇਲ੍ਹ ਦੀ ਚਾਰ ਦੀਵਾਰੀ 'ਚ ਬੰਦ ਬਹੁਤ ਸਾਰੇ ਕੈਦੀ ਉਹਨਾਂ ਵਿਚ ਹਨ। ਇਸ ਤਰ੍ਹਾਂ ਦੇ ਹਾਲਾਤ 'ਚ ਤੁਹਾਡੀਆਂ ਪ੍ਰਾਰਥਨਾਵਾਂ ਦਾ ਇਹੀ ਮਤਲਬ ਨਿਕਲਦਾ ਹੈ ਕਿ ਤੁਸੀਂ ਸਾਡੇ ਇਸ ਕ੍ਰਾਂਤੀਕਾਰੀ ਅੰਦੋਲਨ ਨੂੰ, ਕੁਚਲ ਦੇਣ ਲਈ ਨੌਕਰਸ਼ਾਹੀ ਦੀ ਮਦਦ ਕਰ ਰਹੇ ਹੋ ਅਤੇ ਤੁਹਾਡੀ ਬੇਨਤੀ ਦਾ ਅਰਥ, ਉਹਨਾਂ ਦੇ ਦਲ ਨੂੰ ਧਰੋਹ-ਸਾਜਿਸ਼ ਦੀ ਯੋਜਨਾ ਕਹਿ ਕੇ ਉਨ੍ਹਾਂ ਨਾਲ ਵਿਸ਼ਵਾਸਘਾਤ ਕਰਨ ਦਾ ਉਪਦੇਸ਼ ਦੇਣਾ ਹੈ। ਮੇਰੀ ਆਪ ਜੀ ਨੂੰ ਪ੍ਰਾਰਥਨਾ ਹੈ ਕਿ ਤੁਸੀਂ ਮੇਰੀ ਇਸ ਬੇਨਤੀ 'ਤੇ ਜ਼ਰੂਰ ਵਿਚਾਰ ਕਰੋਗੇ ਤੇ ਇਸ ਸਬੰਧੀ ਆਪਣਾ ਸਪਸ਼ਟੀਕਰਨ ਲੋਕਾਂ ਸਾਹਮਣੇ ਰੱਖੋਗੇ।

ਸਮੇਂ ਦੇ ਨਾਲ-ਨਾਲ ਸੁਖਦੇਵ ਥਾਪਰ ਦਾ ਨਾਮ ਵੀ ਦੂਸਰੇ ਮਹਾਨ ਵੱਡੇ ਨੇਤਾਵਾਂ ਦੇ ਨਾਮ ਨਾਲ ਹੀ ਉਭਰਿਆ ਹੈ ਤੇ ਉਹਨਾਂ ਦੀ ਸੌ ਸਾਲਾ ਬਰਸੀ 15 ਮਈ, 2007 ਨੂੰ ਮਨਾਈ ਗਈ ਸੀ। ਉਹਨਾਂ ਦਾ ਜਨਮ ਉਹਨਾਂ ਦੀ ਮਾਤਾ ਸ੍ਰੀਮਤੀ ਰਲੀ ਦੇਵੀ ਦੀ ਕੁੱਖੋਂ ਤੇ ਪਿਤਾ ਸ੍ਰੀ ਰਾਮ ਲਾਲ ਥਾਪਰ ਦੇ ਘਰ ਮੁਹੱਲਾ ਆਰੀਆ ਸਮਾਜ, ਲਾਇਲਪੁਰ (ਹੁਣ ਪਾਕਿਸਤਾਨ 'ਚ) ਵਿਖੇ 1907 ਨੂੰ ਹੋਇਆ। ਸੁਖਦੇਵ ਥਾਪਰ ਤੇ ਉਹਨਾਂ ਦੇ ਦੋ ਸਾਥੀ ਸ: ਭਗਤ ਸਿੰਘ ਤੇ ਰਾਜਗੁਰੂ, ਤਿੰਨਾਂ ਦੀ ਤਿੱਕੜੀ ਵਜੋਂ ਅੰਗਰੇਜ਼ ਰਾਜ ਦੇ ਸਮੇਂ, ਮਾਨੋ ਢੋਲ ਤੇ ਮਾਰੇ ਡੱਗੇ ਦੀ ਆਵਾਜ਼ ਦੀ ਤਰ੍ਹਾਂ ਬੁਲੰਦ ਤੇ ਮਸ਼ਹੂਰ ਹੋਈ, ਜਿਹਨਾਂ ਨੇ ਅੰਗਰੇਜ਼ੀ ਰਾਜ ਦੀਆਂ ਨੀਹਾਂ ਹਿਲਾਅ ਕੇ ਰੱਖ ਦਿੱਤੀਆਂ।



ਇਤਿਹਾਸਕ ਅੰਕੜੇ ਦੱਸਦੇ ਹਨ ਕਿ ਸੁਖਦੇਵ ਥਾਪਰ ਖਾਸ ਤੌਰ 'ਤੇ ਆਪਣੀ ਫਾਂਸੀ ਤੋਂ ਪਹਿਲਾਂ, ਇਕੱਲਾ ਅਜਿਹਾ ਨੇਤਾ ਹੈ ਜਿਸ ਦੀ ਪ੍ਰਸੰਸਾ ਕਰਨਾ ਉਚਿਤ ਹੋਵੇਗਾ ਕਿ ਉਸ ਨੇ 23 ਮਾਰਚ 1931 ਨੂੰ ਆਪਣੀ ਫਾਂਸੀ 'ਤੇ ਚੜ੍ਹਨ ਤੋਂ ਕੁਝ ਦਿਨ ਪਹਿਲਾਂ ਭਾਰਤ ਦੇ ਕੌਮੀ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਨੂੰ ਪੱਤਰ ਲਿਖਿਆ ਤੇ ਕਿਹਾ, "ਲਾਹੌਰ ਸਾਜ਼ਿਸ਼ ਕੇਸ ਦੇ ਤਿੰਨ ਕੈਦੀ ਜਿਹਨਾਂ ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ ਤੇ ਕਿਹਾ, "ਲਾਹੌਰ ਸਾਜ਼ਿਸ਼ ਕੇਸ ਦੇ ਤਿੰਨ ਕੈਦੀ ਜਿਹਨਾਂ ਨੂੰ ਅੰਗਰੇਜ਼ ਸਰਕਾਰ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ, ਜਿਹਨਾਂ ਨੇ ਸਾਰੇ ਭਾਰਤ ਵਰਸ਼ 'ਚ ਇਸ ਨਾਲ ਇਤਫਾਕਨ ਬੜੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਪਰ ਉਹ ਕ੍ਰਾਂਤੀਕਾਰੀ ਪਾਰਟੀ ਵਿਚ ਸਭ ਕੁਝ ਨਹੀਂ ਹਨ। ਅਸਲ 'ਚ ਉਹਨਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਨਾਲ, ਦੇਸ਼ ਨੂੰ ਕੁਝ ਵੀ ਹਾਸਲ ਨਹੀਂ ਹੋਵੇਗਾ।"

ਲਾਹੌਰ 'ਚ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' ਦੀ ਬੰਬ ਬਣਾਉਣ ਵਾਲੀ ਫੈਕਟਰੀ ਦਾ ਅਚਨਚੇਤ ਸਰਕਾਰ ਨੂੰ ਪਤਾ ਲੱਗ ਜਾਂਦਾ ਹੈ ਤੇ ਉਸ 'ਚ ਸੁਖਦੇਵ ਗ੍ਰਿਫ਼ਤਾਰ ਹੋ ਜਾਂਦਾ ਹੈ। ਤੇ ਉਸ ਦੀਆਂ ਸਾਰੀਆਂ ਗੁਪਤ ਗਤੀਵਿਧੀਆਂ ਦਾ ਪਰਦਾਫਾਸ਼ ਹੋ ਜਾਂਦਾ ਹੈ ਤੇ ਇਸ 'ਤੇ ਉਹ ਬਹੁਤ ਖੁਸ਼ ਹੁੰਦਾ ਹੈ। ਉਹ ਦੁਬਾਰਾ ਫਿਰ ਖੁਸ਼ ਹੁੰਦਾ ਹੈ ਕਿ ਹਫੜਾ-ਦਫੜੀ ਮੱਚ ਗਈ ਹੈ ਤੇ ਇਸ ਦੇ ਕਿਰਿਆਤਮਕ ਨਤੀਜੇ ਜ਼ਰੂਰ ਨਿਕਲਣਗੇ ਅਤੇ ਜਦੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਹ ਕਹਿੰਦਾ ਹੈ ਕਿ, "ਇਹ ਚੰਗਾ ਹੋਇਆ ਕਿ ਸਭ ਕੁਝ ਉਜਾਗਰ ਹੋ ਗਿਆ ਹੈ। ਮੈਂ ਸੋਚਦਾ ਹਾਂ ਕਿ ਇਸੇ ਕਰਕੇ ਗ੍ਰਿਫ਼ਤਾਰੀ ਮੇਰੀ ਖੁਸ਼ਕਿਸਮਤੀ ਹੈ। ਸੁਖਦੇਵ ਭਾਵੇਂ ਆਪਣੇ ਪਰਮ ਮਿੱਤਰ ਭਗਤ ਸਿੰਘ ਤੋਂ ਘੱਟ ਪ੍ਰਸਿੱਧ ਸੀ ਤੇ ਉਹ ਲਿਖਦਾ ਵੀ ਘੱਟ ਸੀ ਪਰ ਉਹ ਇਕ ਬਹੁਤ ਹੀ ਨਿਡਰ ਤੇ ਨੇਕ ਨੀਤੀ ਵਾਲਾ ਵਿਅਕਤੀ ਸੀ। ਇਹ ਗੁਣ ਬਹੁਤ ਘੱਟ ਤੇ ਵਿਸ਼ੇਸ਼ ਵਿਅਕਤੀਆਂ 'ਚ ਹੀ ਹੁੰਦਾ ਹੈ। ਉਹ ਆਪਣੀ ਪਾਰਟੀ ਦੀਆਂ ਤੇ ਪਾਰਟੀ ਦੇ ਮੈਂਬਰਾਂ ਦੀਆਂ ਛੋਟੀਆਂ-ਛੋਟੀਆਂ ਜ਼ਰੂਰਤਾਂ ਨੂੰ ਵੀ ਚੰਗੀ ਤਰ੍ਹਾਂ ਸਮਝਦਾ ਸੀ। ਕਾਮਰੇਡ ਸ਼ਿਵ ਵਰਮਾ, ਜਿਸ ਨੂੰ ਲਾਹੌਰ ਸਾਜ਼ਿਸ਼ ਕੇਸ 'ਚ ਉਮਰ ਕੈਦ ਦੀ ਸਜ਼ਾ ਹੋਈ ਸੀ, ਉਹ ਆਪਣੀਆਂ ਲਿਖਤਾਂ 'ਸੰਸਮਰਿਤੀਆਂ' 'ਚ ਜਿਹੜੀਆਂ ਕਿ 'ਕੌਮੀ ਦਿੱਲੀ ਦਫਤਰਨਾਮਾ' (ਪੁਰਾਣੀਆਂ ਲਿਖਤਾਂ ਦੀ ਸੰਭਾਲ ਦਾ ਦਫ਼ਤਰ) 'ਚ ਸੰਭਾਲੀਆਂ ਪਈਆਂ ਹਨ 'ਚ ਸੁਖਦੇਵ ਬਾਰੇ ਲਿਖਦੇ ਹਨ ਕਿ, "ਦਰਅਸਲ 'ਚ ਸਰਦਾਰ ਭਗਤ ਸਿੰਘ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਦਾ ਭਰੋਸੇਯੋਗ ਸਲਾਹਕਾਰ ਸੀ ਤੇ ਸੁਖਦੇਵ ਇਕ ਵਧੀਆ ਪ੍ਰਬੰਧਕ ਸੀ, ਮਾਨੋ ਉਹਨਾਂ ਨੂੰ ਉਹਨਾਂ ਨੇ ਇਕ-ਇਕ ਇੱਟ ਇਕੱਠੀ ਕਰਕੇ, ਇਕ ਮਹਿਲ ਦੇ ਰੂਪ 'ਚ ਬਣਾਇਆ ਹੋਵੇ।'

ਉਸ ਸਮੇਂ ਸੁਖਦੇਵ ਬਾਰੇ ਬਹੁਤਾ ਕਿਸੇ ਨੇ ਲਿਖਿਆ ਨਹੀਂ ਸੀ। ਉਸ ਸਮੇਂ ਦੇ ਜਿਹੜੇ ਅਸਲ ਦਸਤਾਵੇਜ਼ ਉਸ ਸਬੰਧਤ ਮਿਲਦੇ ਵੀ ਹਨ, ਉਹਨਾਂ 'ਚ ਇਸ ਬਾਰੇ ਕਿਸੇ ਨੇ ਲਿਖਣ ਦੀ ਬਹੁਤੀ ਗੰਭੀਰਤਾ ਨਹੀਂ ਦਿਖਾਈ। ਉਸ ਸਮੇਂ ਦੇ ਬਹੁਤੇ ਸ਼ਹੀਦ ਹੋਏ ਕ੍ਰਾਂਤੀਕਾਰੀਆਂ ਦੀ ਜੀਵਨੀ ਬਾਰੇ ਬਹੁਤਾ ਕਿਸੇ ਨੇ ਲਿਖਿਆ ਹੀ ਨਹੀਂ। ਉਨ੍ਹਾਂ ਕ੍ਰਾਂਤੀਕਾਰੀਆਂ ਦੀ ਅਗਿਆਤ ਸੂਚੀ 'ਚ ਸੁਖਦੇਵ ਦਾ ਨਾਮ ਵੀ ਆਉਂਦਾ ਹੈ। ਅਸਲ 'ਚ ਲਾਹੌਰ ਸਾਜ਼ਿਸ਼ ਕੇਸ 'ਚ ਸੁਖਦੇਵ ਹੀ, ਇਕ ਪ੍ਰਮੁੱਖ ਅਪਰਾਧੀ ਠਹਿਰਾਇਆ ਗਿਆ ਸੀ, ਕਿਉਂਕਿ ਉਸ ਸਮੇਂ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਆਰਮੀ' ਦਾ ਪ੍ਰਮੁੱਖ ਚੀਫ ਸੀ। ਸਾਂਡਰਸ ਦੇ ਕਤਲ ਤੇ ਅਸੈਂਬਲੀ 'ਚ ਬੰਬ ਸੁੱਟਣ ਦੀ ਯੋਜਨਾ ਨੂੰ ਅੰਜ਼ਾਮ ਦੇਣ ਦੀ ਯੋਜਨਾ ਉਸੇ ਦੀ ਹੀ ਵਿਉਂਤੀ ਹੋਈ ਸੀ।

ਲਾਹੌਰ ਸਾਜ਼ਿਸ਼ ਕੇਸ ਦੀ ਪਹਿਲੀ ਐਫ. ਆਈ. ਆਰ. ਜਿਹੜੀ ਕਿ ਸੀਨੀਅਰ ਸੁਪਰਡੈਂਟ ਆਫ ਪੋਲੀਸ, ਹਾਮਿਲਟਨ, ਹਾਰਡਿੰਗ ਨੇ ਆਰ. ਐਸ. ਪੰਡਤ ਸਪੈਸ਼ਲ ਮੈਜਿਸਟ੍ਰੇਟ ਦੀ ਅਦਾਲਤ 'ਚ ਅਪ੍ਰੈਲ 1929 'ਚ ਪੇਸ਼ ਕੀਤੀ ਸੀ। ਉਸ 'ਚ ਸੁਖਦੇਵ ਥਾਪਰ ਨੂੰ ਹੀ ਪਹਿਲਾਂ ਨੰਬਰ ਇਕ 'ਤੇ ਦੋਸ਼ੀ ਬਣਾਇਆ ਗਿਆ ਸੀ। ਇਸ 'ਚ ਉਸ ਦਾ ਨਾਮ ਸਵਾਮੀ ਉਰਫ ਇਕ ਪੇਂਡੂ, ਪਿਤਾ ਦਾ ਨਾਮ ਸ੍ਰੀ ਰਾਮ ਲਾਲ, ਜਾਤ ਥਾਪਰ ਖੱਤਰੀ ਦਰਜ ਹੈ। 25 ਦੋਸ਼ੀਆਂ ਦੀ ਸੂਚੀ 'ਚ ਸਰਦਾਰ ਭਗਤ ਸਿੰਘ ਦਾ ਨਾਮ 12ਵੇਂ ਸਥਾਨ 'ਤੇ ਆਉਂਦਾ ਹੈ ਤੇ ਰਾਜਗੁਰੂ ਦਾ ਨਾਮ 20ਵੇਂ ਸਥਾਨ 'ਤੇ ਹੈ। ਇਹ ਸੁਖਦੇਵ ਥਾਪਰ ਹੀ ਸੀ ਜਿਸ ਨੇ ਇਹ ਸਾਰਾ ਗਿਰੋਹ ਗਠਿਤ ਕੀਤਾ ਤੇ ਸਾਰੀ ਯੋਜਨਾ ਨੂੰ ਅੰਜਾਮ ਦੇਣ ਲਈ ਅਗਵਾਈ ਵੀ ਕੀਤੀ।

ਇਹ ਗੱਲ ਵੀ ਬੜੀ ਪੱਕੀ ਤੇ ਦਰੁੱਸਤ ਹੈ ਕਿ ਸ਼ਹੀਦ ਸੁਖਦੇਵ ਥਾਪਰ ਲਾਹੌਰ ਸਾਜ਼ਿਸ਼ ਕੇਸ 1930 'ਚ ਪ੍ਰਮੁੱਖ ਦੋਸ਼ੀ ਹੈ। ਇਸ ਸਾਜ਼ਿਸ਼ ਕੇਸ ਦਾ ਮੁੱਖ ਸਿਰਲੇਖ ਵੀ ਅਦਾਲਤ 'ਚ 'ਦੀ ਲਾਹੌਰ ਸਾਜ਼ਿਸ਼ ਕੇਸ ਟ੍ਰਿਬਿਊਨਲ, ਲਾਹੌਰ, ਜਿਹੜਾ ਕਿ ਆਰਡੀਨੈਂਸ ਨੰਬਰ 111 ਆਫ 1930 ਅਧੀਨ ਬਣਿਆ ਸੀ, 'ਦੀ ਕਰਾਊਨ-ਮੁਦਈ ਵਰਸਿਸ ਸੁਖਦੇਵ ਬਨਾਮ ਹੋਰ' ਹੀ ਸੀ।" ਦਰਅਸਲ 'ਚ ਇਸ ਸਭ ਦੇ ਬਾਵਜੂਦ ਇਸ ਸਾਜ਼ਿਸ਼ ਕੇਸ 'ਚ ਉਹ ਅਸਿੱਧੇ ਰੂਪ 'ਚ ਸ਼ਾਮਲ ਸੀ ਪਰ ਮੁਕੱਦਮਾ ਇਕ ਪ੍ਰਮੁੱਖ ਦੋਸ਼ੀ ਦੇ ਤੌਰ ਤੇ ਉਸ ਦੇ ਨਾਮ 'ਤੇ ਹੀ ਚੱਲਿਆ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਉਸਦੀ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' 'ਚ ਪ੍ਰਮੁੱਖਤਾ ਕਰਕੇ ਬਹੁਤ ਅਹਿਮੀਅਤ ਸੀ। ਪਾਰਟੀ ਦੇ ਵੱਡੇ ਫੈਸਲਿਆਂ 'ਚ ਪ੍ਰਮੁੱਖ ਤੇ ਆਖਰੀ ਫੈਸਲਾ ਵੀ ਉਸ ਦਾ ਹੀ ਹੁੰਦਾ ਸੀ।

ਲਾਹੌਰ ਸਾਜ਼ਿਸ਼ ਕੇਸ ਦਾ ਫੈਸਲਾ ਉਸ ਨੂੰ ਇਕ ਨਵੇਂ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ' ਸੰਗਠਨ 'ਚ ਰੱਖਦਾ ਹੈ। ਆਖੀਰ ਸੱਤ ਦਹਾਕਿਆਂ ਬਾਅਦ ਇਸ ਕੇਸ ਦੀ ਫਾਈਲ 'ਤੇ ਭਾਰਤ ਦੀ 'ਕੌਮੀ ਪੁਰਾਤਨ ਲਿਖਤਾਂ ਦੇ ਦਫਤਰਖਾਨੇ' 'ਚ ਧੂੜ ਨਾਲ ਭਰੀ ਪਈ ਇਸ ਫਾਈਲ ਦੀ ਕਿਤਾਬ ਦੇ ਰੂਪ 'ਚ ਛਪਾਈ, ਸੰਨ 2005 'ਚ ਵੜੈਚ ਤੇ ਗੁਰਦੇਵ ਸੰਧੂ ਨੇ ਕਰਵਾਈ। ਇਸ ਕਿਤਾਬ ਦੇ, ਭਗਤ ਸਿੰਘ ਨੂੰ ਫਾਂਸੀ ਦੇ ਹੁਕਮਾਂ ਵਾਲੇ ਪੰਨਿਆਂ 'ਤੇ ਬੜੀ ਸੁੰਦਰਤਾ ਨਾਲ, ਇਸ ਸਾਜ਼ਿਸ਼ ਕੇਸ 'ਚ ਸੁਖਦੇਵ ਥਾਪਰ ਦੀ ਭੂਮਿਕਾ ਦਾ ਵਰਣਨ ਹੈ। ਇੱਥੇ ਸੁਖਦੇਵ ਇਸ ਸਾਜ਼ਿਸ਼ ਦਾ ਮੁੱਖ ਸੰਚਾਲਕ (ਮਾਸਟਰ ਮਾਈਂਡ) ਹੈ। ਸਾਡੀ ਸਾਜ਼ਿਸ਼ ਦਾ ਕਰਤਾ-ਧਰਤਾ ਵੀ ਉਹੀ ਹੈ। ਉਹ ਇਸ ਸੰਗਠਨ 'ਚ ਨਵੇਂ ਮੈਂਬਰ ਲੱਭ ਕੇ ਭਰਤੀ ਕਰਦਾ ਹੈ ਤੇ ਉਹਨਾਂ ਦੀ ਯੋਗਤਾ ਅਨੁਸਾਰ ਉਹਨਾਂ ਸਾਰਿਆਂ ਨੂੰ ਕੰਮ ਸੌਂ-ਪਦਾ ਹੈ। ਉਹ ਹਿੰਸਾ ਦੀਆਂ ਸਭ ਵਾਰਦਾਤਾਂ 'ਚ ਆਪ ਭਾਗ ਨਹੀਂ ਲੈਂਦਾ, ਸਗੋਂ ਵਾਰਦਾਤਾਂ ਕਰਨ ਵਾਲਿਆਂ ਦੀ ਪਿੱਠ ਤੇ ਸਹਾਇਕ ਵਜੋਂ ਡੱਟ ਕੇ ਖੜ੍ਹਾ ਹੁੰਦਾ ਹੈ ਪ੍ਰੰਤੂ ਫਿਰ ਵੀ ਉਹ ਇਹਨਾਂ ਸਭ ਹਿੰਸਕ ਵਾਰਦਾਤਾਂ 'ਤੇ ਆਪਣੀ ਪਕੜ ਬਣਾਈ ਰੱਖਦਾ ਹੈ ਤੇ ਆਪਣੀ ਜ਼ਿੰਮੇਵਾਰੀ ਲਈ ਰੱਖਦਾ ਹੈ ਤੇ ਇਸ ਤਰ੍ਹਾਂ ਉਸਦਾ ਦਿਮਾਗ ਇਹਨਾਂ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਕੰਮ ਕਰਦਾ ਹੈ, ਜਿਹੜੀ ਕਿ ਇਸ ਦੇ ਸੰਗਠਨ ਨੂੰ, ਇਸ ਦੀ ਇਕ ਮਹੱਤਵਪੂਰਨ ਦੇਣ ਹੈ।"

ਅਸਲ 'ਚ ਸੁਖਦੇਵ ਇਕੱਲੇ ਦੀ ਦੇਣ ਸੀ ਕਿ ਉਸ ਨੇ ਉਕਤ ਸੰਗਠਨ ਬਣਾਇਆ ਤੇ ਉਹ ਇਸ ਸੰਗਠਨ ਦੀ ਕੇਂਦਰੀ ਕਮੇਟੀ ਦਾ ਮੈਂਬਰ ਵੀ ਸੀ। ਪਾਰਟੀ ਦੇ ਸਿਧਾਂਤਾਂ ਨੂੰ ਲਾਗੂ ਕਰਨ 'ਚ ਉਸ ਨੇ ਜ਼ਰਾ ਵੀ ਆਪਣੇ ਦੋਸਤਾਂ ਨੂੰ ਕਹਿਣ 'ਚ ਹਿਚਕਿਚਾਹਟ ਮਹਿਸੂਸ ਨਹੀਂ ਕੀਤੀ ਤੇ ਆਪਣੇ ਸੰਗਠਨ ਦੇ ਸਿਧਾਂਤਾਂ ਦੀ ਪੂਰਤੀ ਲਈ ਤੇ ਪਾਰਟੀ ਦੇ ਉਦੇਸ਼ਾਂ ਦੀ ਪ੍ਰਾਪਤੀ ਕਰਨ ਲਈ ਦਿਨ ਦੂਣੀ ਤੇ ਰਾਤ ਚੌਗਣੀ ਮਿਹਨਤ ਕੀਤੀ।

ਕੇਂਦਰੀ ਅਸੈਂਬਲੀ ਹਾਲ 'ਚ ਅਪ੍ਰੈਲ 1929 ਨੂੰ ਫੋਕੇ ਬੰਬ ਸੁੱਟਣ ਦੀ ਯੋਜਨਾ ਬਾਰੇ, ਇਹ ਲੋਕਾਂ ਨੂੰ ਬੜੀ ਘੱਟ ਜਾਣਕਾਰੀ ਹੈ ਕਿ ਪਹਿਲਾ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਨੇ ਸਰਦਾਰ ਭਗਤ ਸਿੰਘ ਨੂੰ ਅਸੈਂਬਲੀ 'ਚ ਬੰਬ ਸੁੱਟਣ ਬਾਰੇ, ਭੇਜਣ ਲਈ ਮਨਾ ਕਰ ਦਿੱਤਾ ਸੀ। ਸੁਖਦੇਵ ਇਸ ਫੈਸਲੇ ਵੇਲੇ ਪਾਰਟੀ ਦੀ ਸਭਾ 'ਚ ਗੈਰ ਹਾਜ਼ਰ ਸੀ ਕਿਉਂਕਿ ਪਾਰਟੀ ਡਰਦੀ ਸੀ ਕਿ ਪੰਜਾਬ ਪੁਲਿਸ ਦੇ ਰਿਕਾਰਡ 'ਚ ਸਾਂਡਰਸ ਦੇ ਕਤਲ ਕੇਸ 'ਚ ਭਗਤ ਸਿੰਘ ਦਾ ਨਾਮ ਸੀ, ਇਸ ਲਈ ਉਸ ਨੂੰ ਇਸ ਕੰਮ 'ਚ ਨਹੀਂ ਭੇਜਣਾ ਚਾਹੀਦਾ, ਅਗਰ ਉਸਦੀ ਗ੍ਰਿਫ਼ਤਾਰੀ ਹੁੰਦੀ ਹੈ ਤਾਂ ਸਮਝੋ ਇਸ ਦਾ ਮਤਲਬ ਹੈ ਉਸ ਦੀ ਮੌਤ।

ਸ੍ਰੀ ਸ਼ਿਵਰਾਮ ਜੀ ਵਰਮਾ ਆਪਣੀਆਂ ਯਾਦਾਂ 'ਚ ਲਿਖਦੇ ਹਨ ਕਿ ਸੁਖਦੇਵ ਨਹੀਂ ਚਾਹੁੰਦਾ ਸੀ ਕਿ ਭਗਤ ਸਿੰਘ ਤੋਂ ਬਿਨਾਂ ਇਸ ਵਧੀਆ ਕੰਮ ਲਈ ਕੋਈ ਹੋਰ ਹੋਵੇ। ਸੁਖਦੇਵ ਤਿੰਨਾਂ ਦਿਨਾਂ ਬਾਅਦ ਆਇਆ ਤੇ ਉਸ ਨੇ ਅਬੈਂਸਲੀ 'ਚ ਬੰਬ ਸੁੱਟਣ ਦੀ ਯੋਜਨਾ ਦਾ, ਕਮੇਟੀ ਦੇ ਫੈਸਲੇ ਦਾ ਵਿਰੋਧ ਕਰਕੇ, ਫੈਸਲਾ ਬਦਲ ਦਿੱਤਾ। ਉਹ ਇਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਇਸ ਕੰਮ ਲਈ ਭਗਤ ਸਿੰਘ ਹੀ ਯੋਗ ਤੇ ਵਧੀਆ ਆਦਮੀ ਹੈ, ਜਿਹੜਾ ਸੰਗਠਨ ਦੇ ਉਦੇਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਸੁਖਦੇਵ, ਭਗਤ ਸਿੰਘ ਕੋਲ ਗਿਆ ਤੇ ਉਸ ਨੂੰ ਕਿਹਾ ਕਿ, "ਤੂੰ ਡਰਪੋਕ ਹੈ ਜਿਹੜਾ ਕਿ ਮਰਨ ਤੋਂ ਡਰਦਾ ਹੈਂ।" ਸੁਖਦੇਵ ਹੋਰ ਸਖ਼ਤ ਹੋ ਗਿਆ। ਅਖੀਰ ਭਗਤ ਸਿੰਘ ਨੇ ਸੁਖਦੇਵ ਨੂੰ ਕਿਹਾ ਕਿ, "ਉਹ ਉਸ ਦੀ ਇਹ ਗੱਲ ਆਖ ਕੇ ਬੇਇੱਜ਼ਤੀ ਕਰਦਾ ਹੈ।" ਸੁਖਦੇਵ ਨੇ ਫਿਰ ਮੁੜ ਕੇ ਕਿਹਾ ਕਿ, "ਉਹ ਆਪਣੇ ਦੋਸਤ ਨੂੰ ਸਿਰਫ ਉਸ ਦੀ ਡਿਊਟੀ ਕਹਿ ਰਿਹਾ ਹੈ।" ਭਗਤ ਸਿੰਘ ਇਹ ਸੁਣ ਕੇ ਸੁਖਦੇਵ ਨੂੰ ਕਹਿੰਦਾ ਹੈ ਕਿ, "ਉਹ ਉਸ ਨਾਲ ਗੱਲ ਨਾ ਕਰੇ। ਭਗਤ ਸਿੰਘ ਇਹ ਕਹਿ ਕੇ ਉਥੋਂ ਚਲੇ ਗਿਆ।

ਸੁਖਦੇਵ ਦੇ ਉਕਤ ਭਾਸ਼ਣ ਨੇ ਆਪਣੇ ਪਿਆਰੇ ਮਿੱਤਰ ਨੂੰ ਮੌਤ ਦੇ ਜੁਬਾੜ੍ਹਿਆਂ 'ਚ ਸੁੱਟ ਦਿੱਤਾ। ਸ਼ਿਵਰਾਮ ਜੀ ਵਰਮਾ ਅੱਗੇ ਲਿਖਦੇ ਹਨ, ਕੇਂਦਰੀ ਕਮੇਟੀ ਨੇ ਆਪਣਾ ਪਹਿਲਾ ਫੈਸਲਾ ਪਲਟ ਕੇ ਭਗਤ ਸਿੰਘ ਨੂੰ ਅਸੈਂਬਲੀ 'ਚ ਬੰਬ ਸੁੱਟਣ ਲਈ ਚੁਣ ਲਿਆ। ਸੁਖਦੇਵ ਇਸ ਫੈਸਲੇ 'ਤੇ ਕੋਈ ਸ਼ਬਦ ਨਾ ਕਹਿੰਦਾ ਹੋਇਆ ਉਸੇ ਸਮੇਂ ਸ਼ਾਮ ਨੂੰ ਲਾਹੌਰ ਚਲੇ ਗਿਆ। ਦੁਰਗਾਭਾਵੀ ਦੇ ਕਥਨ ਅਨੁਸਾਰ ਜਦੋਂ ਦੂਸਰੇ ਦਿਨ ਸੁਖਦੇਵ ਲਾਹੌਰ ਪਹੁੰਚਿਆ ਤਾਂ ਉਸ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ। ਉਹ ਸਾਰੀ ਰਾਤ ਭੁੱਬਾਂ ਮਾਰ-ਮਾਰ ਕੇ ਭਗਤ ਸਿੰਘ ਬਾਰੇ ਇਸ ਫੈਸਲੇ 'ਤੇ ਰੋਂਦਾ ਰਿਹਾ। ਸੁਖਦੇਵ ਇਸ ਤਰ੍ਹਾਂ ਫੁੱਲਾਂ ਨਾਲੋਂ ਨਾਜ਼ੁਕ ਤੇ ਪੱਥਰ ਨਾਲੋਂ ਵੀ ਸਖ਼ਤ ਦਿਲ ਇਨਸਾਨ ਸੀ। ਲੋਕਾਂ ਨੇ ਸਿਰਫ ਉਸ ਦੀ ਕੁਰੱਖਤੀ ਹੀ ਦੇਖੀ ਸੀ ਪ੍ਰੰਤੂ ਉਸ ਨੇ ਆਪਣੇ ਇਸ ਰੁਖ ਦੀ ਕਦੇ ਵੀ ਕਿਸੇ ਕੋਲ ਸ਼ਿਕਾਇਤ ਜਾਂ ਅਰਜੋਈ ਨਹੀਂ ਕੀਤੀ ਸੀ। ਉਸ ਨੇ ਆਪਣੀਆਂ ਭਾਵਨਾਵਾਂ ਨੂੰ ਹਮੇਸ਼ਾ ਛੁਪਾਈ ਰੱਖਿਆ ਸੀ।

ਉਹ ਕਈ ਵਾਰੀ ਕਿਸੇ ਗੱਲ ਦੇ ਗਲਤ ਮਤਲਬ ਵੀ ਕੱਢ ਲੈਂਦਾ ਸੀ, ਖਾਸ ਤੌਰ 'ਤੇ ਉਦੋਂ ਜਦੋਂ ਉਸ ਨੇ ਦੋ-ਵਾਰ ਬਿਨਾਂ ਆਪਣੇ ਕਿਸੇ ਸਾਥੀ ਨਾਲ ਸਲਾਹ ਮਸ਼ਵਰਾ ਕੀਤਿਆਂ ਆਪਣੀ ਭੁੱਖ ਹੜਤਾਲ ਤੋੜ ਦਿੱਤੀ। (ਸ਼ਿਵਰਾਮ ਵਰਮਾ ਦੀਆਂ ਲਿਖਤਾਂ ਦੇ ਹਵਾਲੇ ਨਾਲ) ਸੁਖਦੇਵ ਦੀ ਹਮੇਸ਼ਾ ਤੁਲਨਾ, ਭਗਤ ਸਿੰਘ ਦੀਆਂ ਆਪਣੇ ਸੰਗਠਨ 'ਚ ਤੇ ਆਪਣੇ ਸਾਥੀਆਂ 'ਚ, ਯੋਗਤਾਵਾਂ ਦੇ ਆਧਾਰ ਤੇ ਕੀਤੀ ਜਾਂਦੀ ਸੀ। ਅਕਸਰ ਸੁਖਦੇਵ ਦੇ ਦੋਸਤ ਸਨ- "ਸੁਖਦੇਵ ਉਸ ਸਮੇਂ ਆਪਣੀ ਬਾਹਰੀ ਦਿੱਖ 'ਚ ਅਲੱਗ ਨਜ਼ਰ ਆਉਂਦਾ ਸੀ, ਜਦੋਂ ਉਹ ਆਪਣੇ ਦੋਸਤਾਂ ਨੂੰ ਖੁਸ਼ੀ ਨਾਲ ਸੰਬੋਧਨ ਕਰਿਆ ਕਰਦਾ ਸੀ। ਇਸ ਤਰ੍ਹਾਂ ਉਹ ਭਗਤ ਸਿੰਘ ਦੀ ਉਲਟਤਾ ਦਾ ਰੂਪ ਨਜ਼ਰ ਆਉਂਦਾ ਸੀ। ਉਹ ਇਕੋ ਜਿਹਾ ਭਾਵ ਬਰਾਬਰ ਦਾ ਸਿਰੜੀ ਤੇ ਮਨਮੌਜੀ ਨਜ਼ਰ ਆਉਂਦਾ ਸੀ। ਵੜੈਚ ਕਹਿੰਦਾ ਹੈ ਕਿ, "ਸੁਖਦੇਵ ਦੇ ਸੰਗਠਨ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸੀਏਸ਼ਨ' ਦਾ ਇਕ ਸਾਥੀ ਲਿਖਦਾ ਹੈ ਕਿ ਜੋ 'ਓਮ' ਦਾ ਚਿੱਤਰ ਉਸ ਨੇ ਆਪਣੀ ਬਾਂਹ 'ਤੇ ਇਕ ਟੈਟੂ ਵਜੋਂ ਉਕਰਵਾਇਆ ਹੋਇਆ ਸੀ, ਉਸ ਨੂੰ ਮਿਟਵਾਉਣ ਲਈ ਉਸ ਨੇ ਆਪਣੀ ਖੱਬੀ ਬਾਂਹ 'ਤੇ ਸ਼ੋਰੇ ਦਾ ਤੇਜ਼ਾਬ ਪਾ ਕੇ ਮਿਟਾਉਣ ਦਾ ਯਤਨ ਕੀਤਾ। ਇਹ ਸਿਰਫ ਉਸ ਨੇ ਆਪਣੀ ਸਹਿਣਸ਼ੀਲਤਾ ਨੂੰ ਪਰਖਣ ਲਈ ਹੀ ਕੀਤਾ ਸੀ। ਬਾਕੀ ਰਹਿੰਦੇ ਬਚੇ-ਖੁਚੇ ਨਿਸ਼ਾਨਾਂ 'ਤੇ ਜ਼ਖ਼ਮਾਂ ਨਾਲ ਪਈ ਪੀਕ ਨੂੰ ਖਤਮ ਕਰਨ ਲਈ ਉਸ ਨੇ ਜ਼ਖ਼ਮਾਂ 'ਤੇ ਬਲਦੀ ਹੋਈ ਮੋਮਬੱਤੀ ਦੀ ਲਾਟ ਲਾ ਕੇ ਖਤਮ ਕਰ ਦਿੱਤੇ।

ਸੁਖਦੇਵ ਇਕ ਬਹੁਤ ਹੀ ਕੁਰਖਤ ਕਿਸਮ ਦਾ ਦੇਸ਼ ਭਗਤ ਕ੍ਰਾਂਤੀਕਾਰੀ ਸੀ ਤੇ ਉਹ ਆਪਣੇ ਇਰਾਦੇ ਦਾ ਬੜਾ ਪੱਕਾ ਸੀ, ਜਿਹੜਾ ਕਿ ਹਰ ਕੰਮ ਨੂੰ ਅਮਲੀ ਰੂਪ ਦੇਣ 'ਚ ਵਿਸ਼ਵਾਸ ਰੱਖਦਾ ਸੀ। ਇਹ ਸਾਰੇ ਉਸ 'ਚ ਗੁਣ, ਇਕ ਜਾਦੂ ਦੀ ਤਰ੍ਹਾਂ ਲੱਗਦੇ ਸਨ ਤੇ ਉਹ ਇਕ ਸੱਚਾ ਤੇ ਇਮਾਨਦਾਰ ਸਮਾਜਵਾਦੀ ਨੇਤਾ ਸੀ। ਉਸ ਨੇ ਆਪਣੇ ਸਾਥੀਆ ਨੂੰ ਆਖਰੀ ਚਿੱਠੀ ਜਿਹੜੀ ਕਿ ਉਸ ਨੇ 7 ਅਕਤੂਬਰ 1930 ਨੂੰ (ਅਦਾਲਤ ਦੇ ਫੈਸਲੇ( ਵਾਲੇ ਦਿਨ ਲਿਖੀ, ਤੇ ਉਨ੍ਹਾਂ ਬੁੱਧੀਹੀਣ ਹਿੰਸਕ ਅਮਲਾਂ ਦੀ ਆਲੋਚਨਾ ਕੀਤੀ ਤੇ 'ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਦੇ ਅਮਲਾਂ ਨੂੰ ਜਾਇਜ਼ ਠਹਿਰਾਇਆ, ਜਿਹਨਾਂ ਨੇ ਲੋਕਾਂ ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਲਈ ਹਥਿਆਰਬੰਦ ਹੋ ਕੇ ਲੜਨ ਲਈ ਪ੍ਰੇਰਿਆ।

ਸੁਖਦੇਵ ਨੇ ਇਹ ਵੀ ਲਿਖਿਆ ਕਿ ਤੁਸੀਂ ਸਾਂਡਰਸ ਕਤਲ ਕੇਸ ਨੂੰ ਦੇਖ ਲਵੋ, ਜਦੋਂ ਲਾਲਾ ਲਾਜਪਤ ਰਾਏ ਜੀ 'ਤੇ ਅਣਗਿਣਤ ਲਾਠੀਆਂ ਦੇ ਵਾਰ ਹੋਏ ਤਾਂ ਸਾਰੇ ਦੇਸ਼ 'ਚ ਬੇਚੈਨੀ ਛਾ ਗਈ ਸੀ। ਇਹ ਇਕ ਚੰਗਾ ਮੌਕਾ ਸੀ ਕਿ ਸਾਡਾ ਸੰਗਠਨ ਭਾਵ ਸਾਡੀ ਪਾਰਟੀ ਸਾਰੇ ਦੇਸ਼ ਦਾ ਧਿਆਨ ਆਪਣੇ ਵੱਲ ਖਿੱਚਦੀ। ਇਸ ਕਰਕੇ ਹੀ ਸਾਂਡਰਸ ਦਾ ਕਤਲ ਕਰਨ ਦੀ ਯੋਜਨਾ

(ਬਾਕੀ ਅਗਲੇ ਸਫੇ ਤੇ)

## ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੀ ਵਿਚਾਰਧਾਰਾ

## "ਅਧਿਆਤਮਵਾਦੀ ਨਹੀਂ, ਸਗੋਂ ਵਿਗਿਆਨਕ, ਸਮਾਜਵਾਦੀ-ਯਥਾਰਥਵਾਦੀ'




ਪ੍ਰੋ: ਐਚ.ਐਲ.ਕਪੂਰ

ਭਾਰਤ ਇਕ ਮਹਾਨ ਦੇਸ਼ ਹੈ। ਇਹ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਨ੍ਹਾਂ ਮਹਾਂ-ਪੁਰਸ਼ਾਂ ਸਾਹਮਣੇ ਝੁਕਦਾ ਹੈ, ਜਿਨ੍ਹਾਂ ਨੇ ਦੇਸ਼ ਪ੍ਰੇਮ ਦੇ ਰਾਹ 'ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਇਸ ਤਰ੍ਹਾਂ ਦੇ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਕ੍ਰਾਂਤੀਕਾਰੀ ਅਖਵਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦਾ ਹੀ ਲਿਆ ਜਾਂਦਾ ਹੈ। ਸਾਰੇ ਦੇਸ਼ ਦਾ ਭ੍ਰਮਣ ਕਰਦਿਆਂ, ਅਸੀਂ ਅਕਸਰ ਲੋਕਾਂ ਦੇ ਘਰਾਂ ਵਿਚ ਮਹਾਂਪੁਰਸ਼ਾਂ ਦੀਆਂ ਤਸਵੀਰਾਂ 'ਤੇ ਝਾਤ ਮਾਰਦੇ ਹਾਂ ਤਾਂ ਉਨ੍ਹਾਂ ਵਿਚ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਵੀ ਇਕ ਹਨ। ਉਹ ਸਾਡੇ ਕੌਮ ਮਹਾਂ-ਨਾਇਕ ਹਨ, ਉਹਨਾਂ ਦਾ ਆਜ਼ਾਦੀ ਦੇ ਸੰਗਰਾਮ ਵਿਚ ਪਾਇਆ ਯੋਗਦਾਨ ਕਿਸੇ ਹੋਰ ਕੌਮੀ ਮਹਾਂ-ਨਾਇਕ, ਜਿਵੇਂ- ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਆਦਿ ਨਾਲੋਂ ਕਿਸੇ ਵੀ ਗੱਲੋਂ ਘੱਟ ਨਹੀਂ ਹੈ। ਸਗੋਂ ਉਹਨਾਂ ਦਾ ਰੁਤਬਾ ਇਹਨਾਂ ਕੌਮੀ ਮਹਾਂ ਨਾਇਕਾਂ ਦੇ ਬਰਾਬਰ ਹੀ ਬੁਲੰਦ ਹੈ। ਇਹਨਾਂ ਕੌਮੀ ਮਹਾਂ ਨਾਇਕਾਂ ਨੂੰ ਸਨਮਾਨ ਦੇਣਾ ਸਾਡੇ ਲਈ ਅਤਿਅੰਤ ਜ਼ਰੂਰੀ ਹੈ ਕਿਉਂਕਿ ਇਹਨਾਂ ਨੇ ਭਾਸ਼ਾ, ਖਿੱਤਾ ਤੇ ਧਰਮ ਤੋਂ ਉਪਰ ਉੱਠ ਕੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕੀਤਾ। ਲੋਕਾਂ ਨੂੰ ਆਜ਼ਾਦੀ ਲਈ ਜਾਗਰਿਤ ਕੀਤਾ, ਜੇਲ੍ਹ ਕੱਟੀਆਂ, ਅਨੇਕਾਂ ਸਰੀਰਕ ਕਸ਼ਟਾਂ ਨੂੰ ਝੱਲਿਆ ਨੂੰ ਝੱਲਿਆ ਤੇ ਫਾਂਸੀ ਦੇ ਰੱਸਿਆਂ ਨੂੰ ਮੁਸਕਰਾਉਂਦੇ ਹੋਏ ਤੇ ਭਾਰਤ ਦੀ ਆਜ਼ਾਦੀ ਲਈ ਲਲਕਾਰਦਿਆਂ ਹੋਇਆਂ, ਆਪਣੇ ਗਲੇ ਵਿਚ ਪਾਇਆ। ਇਸੇ ਲਈ ਹੀ ਤਾਂ ਇਹ ਸਮੁੱਚੀ ਭਾਰਤੀ ਜਨਤਾ ਦੇ ਕੌਮੀ ਮਹਾਂ-ਨਾਇਕ ਅਖਵਾਉਂਦੇ ਹਨ। ਇਹਨਾਂ ਦੇ ਮਾਣ-ਸਨਮਾਨ ਤੇ ਵਿਅਕਤੀਤਵ ਨੂੰ ਸਮੇਂ ਦੀ ਕੋਈ ਵੀ ਹਨੇਰੀ ਭਾਰਤ ਵਾਸੀਆਂ ਦੀ ਚੇਤਨਾ 'ਚੋਂ ਧੁੰਦਲਾ ਕਰ ਸਕਣ ਦੇ ਅਸਮਰੱਥ ਹੈ। ਸਮੁੱਚੇ ਭਾਰਤ ਵਾਸੀਆਂ ਨੂੰ ਇਹਨਾਂ ਦੀ ਦਿੱਤੀ ਗਈ ਕੁਰਬਾਨੀ 'ਤੇ ਮਾਣ ਹੈ।

ਆਮ ਤੌਰ ਤੇ ਅੰਗਰੇਜ਼ ਸਰਕਾਰ ਤੇ ਉਥੋਂ ਦੇ ਵਿਦਵਾਨ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਤੇ ਉਹਨਾਂ ਵਰਗੇ, ਉਹਨਾਂ ਦੇ ਹੋਰ ਸਾਥੀ ਕ੍ਰਾਂਤੀਕਾਰੀਆਂ ਨੂੰ, ਆਜ਼ਾਦੀ ਲਈ ਮਰ ਮਿਟਣ ਵਾਲੇ ਪਰਵਾਨੇ ਕਹਿਣ ਦੀ ਬਜਾਏ ਇਕ ਉਗਰਵਾਦੀ ਵਰਗੇ ਸ਼ਬਦ ਵਰਤ ਕੇ ਪੁਕਾਰਦੀ ਸੀ। ਉਹ ਇਨ੍ਹਾਂ ਨੌਜਵਾਨਾਂ ਦੀ ਸਮਾਜਵਾਦੀ, ਪ੍ਰਗਤੀਵਾਦੀ, ਕ੍ਰਾਂਤੀਕਾਰੀ, ਵਿਗਿਆਨਕ ਸੋਚ ਤੇ ਭਾਵਨਾਵਾਂ ਨੂੰ ਸਮਝਦੇ ਹੋਏ ਵੀ ਅੱਖੋਂ ਪਰੋਖੇ ਕਰਕੇ, ਭਾਰਤੀ ਜਨਤਾ ਨੂੰ ਗੁੰਮਰਾਹ ਕਰਨ ਲਈ, ਅਜਿਹੇ ਸ਼ਬਦਾਂ ਦਾ ਪ੍ਰਯੋਗ ਕਰਦੀ ਸੀ। ਵੈਸੇ ਵੀ ਅਸੀਂ ਜਦੋਂ ਭਾਰਤ ਦੇ ਆਜ਼ਾਦੀ ਦੇ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਕਿਸੇ ਵੀ ਅੰਗਰੇਜ਼ ਸ਼ਾਸਕ ਜਾਂ ਵਿਦਵਾਨ ਨੇ ਅੱਜ ਤੱਕ ਸਾਡੇ ਕਿਸੇ ਵੀ ਕ੍ਰਾਂਤੀਕਾਰੀ ਸੂਰਮੇ ਜਾਂ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਕਿਸੇ ਕੌਮੀ ਨੇਤਾ ਦੀ ਪ੍ਰਸ਼ੰਸਾ ਨਹੀਂ ਕੀਤੀ ਕਿਉਂਕਿ ਭਾਰਤ ਦੀ ਆਜ਼ਾਦੀ ਦੀ ਗੱਲ ਕਰਨ ਵਾਲਾ ਹਰ ਸੂਰਮਾ ਉਹਨਾਂ ਦੀ ਨਜ਼ਰ ਵਿਚ ਮਾੜਾ ਹੀ ਸੀ। ਭਗਤ ਸਿੰਘ ਜੀ ਇਕ ਮਹਾਨ ਕ੍ਰਾਂਤੀਕਾਰੀ ਨੇਤਾ ਸਨ, ਜਿਹਨਾਂ ਦੀ ਵਿਚਾਰਧਾਰਾ ਨੂੰ ਸਮਝਣ ਵਾਲਾ ਹਰ ਆਦਮੀ ਉਹਨਾਂ ਨੂੰ ਉਗਰਵਾਦੀ ਨਹੀਂ ਆਖੇਗਾ ਸਗੋਂ ਉਸ ਨੂੰ ਇਕ ਸਮਾਜਵਾਦੀ, ਕ੍ਰਾਂਤੀਕਾਰੀ ਤੇ ਵਿਗਿਆਨਕ ਸੋਚ ਰੱਖਣ ਵਾਲਾ ਇਕ ਪ੍ਰਗਤੀਸ਼ੀਲ ਤੇ ਸੂਝਵਾਨ ਮਹਾਂ-ਪੁਰਸ਼ ਹੀ ਆਖੇਗਾ, ਜਿਸ ਨੇ ਆਪਣੀ ਨਿੱਕੀ ਉਮਰੇ ਹੀ ਆਪਣੀ ਬੌਧਿਕਤਾ ਦੇ ਵਿਕਾਸ ਦੀਆਂ ਕਈ ਮੰਜ਼ਿਲਾਂ ਪਾਰ ਕਰਕੇ, ਆਪਣੀ ਜਾਨ ਦੇਸ਼ ਤੋਂ ਕੁਰਬਾਨ ਕਰ ਦਿੱਤੀ। ਉਹਨਾਂ ਦੀ ਇਸ ਪ੍ਰਪੱਕ ਬੌਧਿਕਤਾ ਦੇ ਪਿੱਛੇ, ਆਪਣੀ ਛੋਟੀ ਉਮਰ ਤੋਂ ਹੀ ਆਰੰਭ ਕੀਤਾ ਗਿਆ, ਸੰਸਾਰ ਤੇ ਭਾਰਤ ਦੇ ਕਈ ਮਹਾਨ ਚਿੰਤਕਾਂ ਦਾ ਅਧਿਐਨ ਹੀ ਸੀ। ਜਿਹਨਾਂ ਵਿਚ ਮਹਾਨ ਕ੍ਰਾਂਤੀਕਾਰੀ ਲੈਨਿਨ, ਕਾਰਲ ਮਾਰਕਸ, ਟੌਲਸਟਾਏ ਤੇ ਸੋਹਨ ਸੁਆਮੀ ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਭਗਤ ਸਿੰਘ ਜੀ ਦੇ ਜੀਵਨ ਫ਼ਲਸਫ਼ੇ ਨੂੰ ਜਾਨਣ ਲਈ ਨਿਮਨ-ਲਿਖਤ ਅਨੁਸਾਰ ਚਰਚਾ ਕੀਤੀ ਜਾਂਦੀ ਹੈ।

ਇੱਥੇ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਸਿਰਫ਼ ਇਕ ਤੇਈ ਸਾਲਾਂ ਦੇ ਨੌਜਵਾਨ ਵਿਚ ਉਹ ਕਿਹੜੀ ਖਾਸ ਗੱਲ ਹੈ, ਜਿਸ ਨੇ ਉਸ ਨੂੰ ਮਹਾਤਮਾ ਗਾਂਧੀ ਵਰਗੇ ਕੌਮੀ ਮਹਾਂ ਨਾਇਕ ਦੀ ਕਤਾਰ ਵਿਚ ਲਿਆ ਖੜ੍ਹਾ ਕੀਤਾ ਹੈ। ਭਾਰਤ ਦੀ ਆਜ਼ਾਦੀ ਦੇ ਮਹਾਂਸੰਗਰਾਮ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦੇਣ ਵਾਲੇ, ਸੰਘਰਸ਼ ਕਰਨ ਵਾਲੇ ਤੇ ਫਾਂਸੀਆਂ ਦੇ ਰੱਸਿਆਂ ਨੂੰ ਹੱਸਦੇ-ਹੱਸਦੇ ਚੁੰਮਣ ਵਾਲੇ ਹੋਰ ਵੀ ਅਨੇਕਾਂ ਨਾਇਕ ਹਨ। ਆਖਿਰ ਕਿਹੜੀ ਅਜਿਹੀ ਗੱਲ ਹੈ ਜੋ ਭਗਤ ਸਿੰਘ ਜੀ ਨੂੰ ਉਹਨਾਂ ਸਾਰਿਆਂ ਤੋਂ ਵਖਰਾਂਦੀ ਹੈ ਕਿਉਂਕਿ ਉਹਨਾਂ ਦੀ ਸ਼ਹਾਦਤ ਸਾਡੇ ਮਨਾਂ ਅੰਦਰ ਉਤਨੀ ਹੀ ਜਵਾਨ ਹੈ, ਜਿਤਨੀ ਅੱਜ ਤੋਂ ਕੋਈ ਪੌਣੀ ਸਦੀ ਤੋਂ ਜ਼ਿਆਦਾ ਸਮਾਂ ਬੀਤ ਜਾਣ ਸਮੇਂ ਸੀ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਭਗਤ ਸਿੰਘ ਜੀ ਨੂੰ ਕੌਮੀ ਨਾਇਕ ਮੰਨਣ ਵਾਲੇ ਕਿਸੇ ਇਕ ਸਿਆਸੀ ਵਿਚਾਰਧਾਰਾ ਜਾਂ ਕਿਸੇ ਖਾਸ ਵਰਗ ਤੱਕ ਸੀਮਤ ਨਹੀਂ ਰੱਖਿਆ ਜਾ ਸਕਦਾ, ਸਗੋਂ ਇਹ ਉਸ ਦੇ ਉਲਟ ਇਕ ਵਿਸ਼ਾਲ ਮਹਾਂਸਾਗਰ ਵਾਂਗ ਦਿਖਾਈ ਦਿੰਦਾ ਹੈ, ਜਿੱਥੇ ਆ ਕੇ ਸਾਰੇ ਰਾਜਨੀਤਿਕ, ਸਿਆਸੀ ਤੇ ਵਿਚਾਰਧਾਰਕ ਵਖਰੇਵੇਂ ਆਪਣੇ ਅਰਥ ਗੁਆ ਬੈਠਦੇ ਹਨ। ਉਹ ਸਗੋਂ ਇਕੋ ਵੇਲੇ ਹਿੰਦੂ-ਰਾਸ਼ਟਰਵਾਦੀਆਂ ਤੇ ਭਾਰਤ ਵਿਚ ਸਮਾਜਵਾਦ ਦੀ ਸਥਾਪਨਾ ਕਰਨ ਦਾ ਸੁਪਨੇ ਲੈਣ ਵਾਲਿਆਂ ਦਾ ਹਰਮਨ ਪਿਆਰਾ ਕ੍ਰਾਂਤੀਕਾਰੀ ਨਾਇਕ ਹੈ। ਹਿੰਦੂ-ਰਾਸ਼ਟਰਵਾਦੀ ਤੇ ਸਮਾਜਵਾਦੀ ਚੇਤਨਾ ਰੱਖਣ ਵਾਲੇ ਦੋਵੇਂ ਵਰਗ, ਆਪੋ-ਆਪਣੇ ਮੰਤਵਾਂ ਨੂੰ ਪ੍ਰਾਪਤ ਕਰਨ ਲਈ, ਭਗਤ ਸਿੰਘ ਜੀ ਦੀ ਦਿੱਤੀ ਗਈ ਕੁਰਬਾਨੀ ਨੂੰ ਆਪਣੇ ਹਿੱਤਾਂ ਲਈ ਵਰਤਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਲਈ ਹੀ ਤਾਂ ਭਗਤ ਸਿੰਘ ਸਮੁੱਚੀ ਭਾਰਤੀ ਮਾਨਵਤਾ ਦਾ ਸਾਂਝਾ ਮਹਾਂ ਨਾਇਕ ਹੋ ਨਿੱਬੜਿਆ ਹੈ।



ਇਹਨਾਂ ਉਕਤ ਸਾਰੇ ਪ੍ਰਸ਼ਨਾਂ ਦਾ ਜਵਾਬ ਸ਼ਹੀਦੇ-ਏ-ਆਜ਼ਮ ਸਰਦਾਰ ਭਗਤ ਸਿੰਘ ਦੀ ਬੜੀ ਛੋਟੀ ਤੇ ਸੰਘਰਸ਼ ਮਈ ਜੀਵਨ ਦੀਆਂ ਤਹਿਆਂ ਵਿਚ ਕ੍ਰਮਵਾਰ ਉਤਰ ਕੇ ਹੀ ਤਲਾਸ਼ਿਆ ਜਾ ਸਕਦਾ ਹੈ। ਇਸ ਦੇ ਉਪਰੰਤ ਸਾਨੂੰ ਭਗਤ ਸਿੰਘ ਜੀ ਦੇ ਜੀਵਨ ਦਾ ਅਧਿਐਨ ਸਿਰਫ਼ ਇਤਿਹਾਸਕ ਨਜ਼ਰੀਏ ਤੋਂ ਕਰਨ ਦੀ ਬਜਾਏ, ਉਸ ਦੇ ਸਮੂਹਿਕ-ਜਨਤਕ ਆਈਨੇ ਵਿਚ ਬਣੇ ਬਿੰਬ ਵਜੋਂ ਵੀ ਦੇਖਣਾ ਪਵੇਗਾ। ਇਸ ਦੀਆਂ ਇਤਿਹਾਸਕ ਹੱਦਾਂ ਨੂੰ ਪਾਰ ਕਰਕੇ ਲੋਕਾਈ ਦੀਆਂ ਸਮਾਜਵਾਦੀ, ਯਥਾਰਥਵਾਦੀ ਤੇ ਵਿਗਿਆਨਕ ਹਕੀਕਤਾਂ ਵਿਚੋਂ ਵੀ ਤਲਾਸ਼ਣਾ ਪਵੇਗਾ।

ਭਗਤ ਸਿੰਘ ਜੀ ਦੇ ਵਿਚਾਰਧਾਰਕ ਜੀਵਨ ਅਤੇ ਬੜੀ ਤੇਜ਼ੀ ਨਾਲ ਹੋਏ ਬੌਧਿਕ ਵਿਕਾਸ ਵਿਚੋਂ ਹੀ ਉਹਨਾਂ ਦੇ ਬਣੇ ਜਨਤਕ-ਬਿੰਬ ਦੇ ਭੇਦ ਨੂੰ ਲੱਭਿਆ ਜਾ ਸਕਦਾ ਹੈ। ਜਿਹੜਾ ਕਿ ਇਕੋ ਸਮੇਂ ਹੀ ਕੌਮਪ੍ਰਸਤਾਂ, ਅੰਤਰ ਰਾਸ਼ਟਰਵਾਦੀਆਂ, ਹਥਿਆਰਬੰਦ ਕ੍ਰਾਂਤੀਕਾਰੀਆਂ ਦੇ ਹਿਮਾਤੀਆਂ ਤੇ ਇਕ ਜਥੇਬੰਦਕ ਲਹਿਰ ਖੜ੍ਹੀ ਕਰਨ ਵਾਲਿਆਂ ਦੇ ਮਨਾਂ ਨੂੰ ਪ੍ਰਭਾਵਿਤ ਕਰਦਾ ਹੈ। ਹਰ ਵਰਗ ਨੂੰ ਉਸ ਦੇ ਹਕੀਕੀ, ਵਿਚਾਰਧਾਰਕ ਤੇ ਅਮਲੀ ਜੀਵਨ ਵਿਚੋਂ ਕੁਝ ਨਾ ਕੁਝ ਅਜਿਹਾ ਆਧਾਰ ਮਿਲ ਜਾਂਦਾ ਹੈ ਜੋ ਉਸ ਨੂੰ ਆਪਣੇ ਭਗਤ ਸਿੰਘ ਬਣਨ ਲਈ ਸਹਾਈ ਬਣਦਾ ਹੈ।

ਭਗਤ ਸਿੰਘ ਦੇ ਵਿਚਾਰਧਾਰਕ ਵਿਕਾਸ ਦੀ ਜਾਣਕਾਰੀ ਪ੍ਰਾਪਤ ਕਰਕੇ ਇਸ ਧਾਰਨਾ ਨੂੰ ਵਿਚਾਰ ਯੁਕਤ ਤੇ ਤਰਕਸੰਗਤ ਮੰਨਿਆ ਜਾ ਸਕਦਾ ਹੈ। ਛੋਟੀ ਜਿਹੀ ਉਮਰੇ ਹੀ 'ਬੰਦੂਕਾਂ ਤੇ ਅਸਲੇ ਦੀ ਫਸਲ ਬੀਜਣ ਵਾਲਾ' ਭਗਤ ਸਿੰਘ ਜਦੋਂ ਆਪਣੇ ਆਰੀਆ ਸਮਾਜੀ ਦਾਦਾ ਜੀ ਨੂੰ ਖ਼ਤ ਲਿਖਦਾ ਹੈ ਤਾਂ ਹਰ ਖ਼ਤ ਦਾ ਆਰੰਭ 'ਓਮ' ਤੋਂ ਹੁੰਦਾ ਹੈ। ਮਹਾਨ ਤਪੱਸਵੀਆਂ ਵਰਗਾ ਇਹ ਵਿਅਕਤਿਤਵ ਤੇ ਜਤ-ਸਤ ਦਾ ਪੁੰਗਰ ਰਿਹਾ ਇਹ ਸੋਮਾ ਨਿਸ਼ਚਿਤ ਤੌਰ ਤੇ ਭਾਰਤ ਦੇ ਰੋਮਾਂਟਿਕ-ਰਾਸ਼ਟਰਵਾਦੀਆਂ ਤੇ ਹਿੰਦੂ-ਰਾਸ਼ਟਰਵਾਦੀਆਂ ਨੂੰ ਆਪਣੇ ਮੇਚ ਆਉਂਦਾ ਨਜ਼ਰ ਆਉਂਦਾ ਹੈ। ਉਹ ਭਗਤ ਸਿੰਘ ਜੀ ਦੀ ਅਜਿਹੀ ਪਛਾਣ ਨੂੰ ਹੀ ਉਹਨਾਂ ਦੀ ਵਿਚਾਰਧਾਰਾ ਮੰਨ ਬੈਠਦੇ ਹਨ।

ਪਰ ਇਹ ਹਕੀਕਤ ਵੀ ਹੈ ਕਿ ਭਗਤ ਸਿੰਘ ਇਸ ਪੜਾਅ ਉੱਤੇ ਬਹੁਤ ਥੋੜ੍ਹੇ ਸਮੇਂ ਲਈ ਵਿਰਾਮ ਕਰਦਾ ਹੈ। ਆਪਣੀ ਜ਼ਿੰਦਗੀ ਦੇ ਅੰਤਿਮ ਪੜਾਅ ਤੇ ਪਹੁੰਚਦਿਆਂ, ਉਹ ਐਲਾਨੀਆ ਤੌਰ ਤੇ ਨਾਸਤਕ ਹੋ ਨਿੱਬੜਦਾ ਹੈ। ਉਹ ਪ੍ਰਮਾਤਮਾ ਜਾਂ ਈਸ਼ਵਰ ਜਾਂ ਰੱਬ ਦੀ ਹੋਂਦ ਨੂੰ ਨਕਾਰਦਾ ਤੇ ਲਲਕਾਰਦਾ ਹੈ। ਉਹ ਪ੍ਰਮਾਤਮਾ ਦੀ ਕਾਲਪਨਿਕ ਹੋਂਦ ਨੂੰ ਸਮੁੱਚੀ ਮਾਨਵਤਾ ਦੇ ਦੁੱਖਾਂ, ਦਰਦਾਂ ਤੇ ਗੁਲਾਮੀ ਦਾ ਕਾਰਨ ਮੰਨਦਾ ਹੈ। ਉਹ ਪ੍ਰਮਾਤਮਾ ਨੂੰ ਕਿਸੇ ਚਾਤਰ ਮਨੁੱਖ ਦੀ ਕਲਪਨਾ ਮਾਤਰ ਹੀ ਮੰਨਦਾ ਹੈ। ਉਸ ਦੀ ਨਾਸਤਿਕ ਵਿਚਾਰਧਾਰਾ ਦਾ ਇਹ ਪੜਾਅ ਉਸ ਦੇ ਖੱਬੇ ਪੱਖੀ ਸ਼ਰਧਾਲੂਆਂ ਨੂੰ ਇਕ ਵਰਦਾਨ ਦਾ ਰੂਪ ਸਾਬਤ ਹੁੰਦਾ ਹੈ। ਉਹ ਭਗਤ ਸਿੰਘ ਜੀ ਦੀ ਛਬਿ ਨੂੰ ਇਸੇ ਵਿਚਾਰਧਾਰਾ 'ਤੇ ਉਸਾਰਦੇ ਹਨ ਤੇ ਉਹ ਅੱਗੇ ਜਾ ਕੇ ਇਸ ਵਿਚ ਕਿਸੇ ਕਿਸਮ ਦੀ ਤਬਦੀਲੀ ਦਾ ਕਿਆਸ ਵੀ ਨਹੀਂ ਕਰਦੇ ਤੇ ਭਗਤ ਸਿੰਘ ਜੀ ਦੀ ਇਸ ਵਿਚਾਰਧਾਰਾ ਨੂੰ ਉਸ ਦਾ ਸਿਖਰ ਮੰਨ ਲੈਂਦੇ ਹਨ ਤੇ ਜਿਸ ਉੱਤੇ ਭਗਤ ਸਿੰਘ ਜੀ ਵਰਗਾ ਯੋਧਾ ਆਪਣੀ ਚੜ੍ਹਦੀ ਉਮਰੇ ਹੀ ਜਿੱਤ ਪ੍ਰਾਪਤ ਕਰ ਗਿਆ।

ਇਸ ਚੜ੍ਹਦੀ ਜਵਾਨੀ ਵਿਚ ਭਗਤ ਸਿੰਘ ਜੀ ਸਿਰਤੋੜ ਯਤਨ ਕਰਦੇ ਹਨ ਕਿ ਉਹਨਾਂ ਦਾ ਅੱਤਵਾਦ ਵਿਚ ਕੋਈ ਵਿਸ਼ਵਾਸ ਨਹੀਂ ਹੈ। ਉਹ ਬੜੇ ਸਪਸ਼ਟ ਸ਼ਬਦਾਂ ਵਿਚ ਐਲਾਨ ਕਰਦੇ ਹਨ ਕਿ ਇਕ ਰਾਜਨੀਤਿਕ ਹਥਿਆਰ ਵਜੋਂ ਅੱਤਵਾਦ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਕਾਮਯਾਬ ਨਹੀਂ ਹੋਇਆ ਹੈ ਤੇ ਨਾ ਹੀ ਕਦੀ ਹੋਵੇਗਾ? ਇਸ ਦੇ ਨਾਲ ਉਹ ਇਹ ਵੀ ਸਵੀਕਾਰ ਕਰਦੇ ਹਨ ਕਿ ਉਨ੍ਹਾਂ ਦੇ ਰਾਜਨੀਤਿਕ ਜੀਵਨ ਦਾ ਆਰੰਭ ਇਕ ਦਹਿਸ਼ਤਵਾਦ ਦੇ ਰੂਪ ਵਿਚ ਹੋਇਆ ਹੈ। ਉਨ੍ਹਾਂ ਦੇ ਬੌਧਿਕ ਤੇ ਵਿਚਾਰਧਾਰਕ ਫੁਰਮਾਨਾਂ ਨਾਲੋਂ, ਉਹਨਾਂ ਦੇ ਅਮਲ ਜਨਤਕ ਮਨਾਂ ਅੰਦਰ ਡੂੰਘਾ ਅਸਰ ਕਰਦੇ ਹਨ। ਇਸਦਾ ਭਾਵ ਬੜਾ ਸਪਸ਼ਟ ਹੈ। ਉਹਨਾਂ ਦੇ ਬੌਧਿਕ ਤੇ ਵਿਚਾਰਧਾਰਕ ਐਲਾਨਾਂ ਦਾ ਸਬੰਧ ਚੇਤਨ ਮਨ ਅਤੇ ਸੁਚੇਤ ਅਮਲ ਨਾਲ ਹੈ ਜੋ ਬੜੇ ਪੇਤਲੇ ਪੱਧਰ ਤੇ ਮਨ ਵਿਚ ਆਉਂਦੇ ਹਨ ਤੇ ਇਹਨਾਂ ਵਿਚ ਆਉਣ ਵਾਲੇ ਬਦਲਾਅ ਵੀ ਬੜੀ ਜਲਦੀ-ਜਲਦੀ ਆਉਂਦੇ ਹਨ। ਅੰਗਰੇਜ਼ ਸਾਂਡਰਸ ਨੂੰ ਮਾਰ ਕੇ ਅਣਖਾਂ ਦੀ ਖਾਤਰ ਮਰ ਮਿਟਣ ਵਾਲੇ, ਅਸੈਂਬਲੀ ਵਿਚ ਫੋਕਾ ਬੰਬ ਸੁੱਟ ਕੇ ਵੈਰੀ ਅੰਗਰੇਜ਼ ਨੂੰ ਲਲਕਾਰਨ ਵਾਲੇ ਸੂਰਮੇ ਦੇ ਅਕਸਰ ਦੀ ਉਸਾਰੀ ਮਾਨਵ ਮਨ ਆਪਣੀ ਹੀ ਸਮੂਹਿਕ ਅਵਚੇਤਨ ਵਿਚੋਂ ਕਰਦਾ ਹੈ, ਜਿਹੜਾ ਕਿ ਕੋਈ ਸੁਚੇਤ ਨਿਰਣਾ ਨਹੀਂ ਹੈ, ਇਹ ਸਗੋਂ ਅਤੀ ਕਠੋਰ ਅਤੇ ਅਣਸੁਖਾਵੀਆਂ ਅਸਲੀਅਤਾਂ ਦੇ ਸਨਮੁਖ ਖ਼ਾਹਸ਼ਾਂ ਦੀ ਅਵਚੇਤਨ ਸਿਰਜਣ ਪ੍ਰਕਿਰਿਆ ਹੀ ਹੈ। ਇਹ ਸਭ ਕੁਝ ਦੇ ਹੁੰਦਿਆਂ ਹੋਇਆਂ ਵੀ ਭਗਤ ਸਿੰਘ ਜੀ ਦੇ ਬੌਧਿਕ ਤੇ ਵਿਚਾਰਧਾਰਕ ਪ੍ਰਗਤੀ ਦੀ ਗਤੀ ਇਸ ਤੋਂ ਭਿੰਨ ਹੈ। ਇਸ ਵਿਚ ਉਹ ਕਿਧਰੇ ਵੀ ਆਰਾਮ ਕਰਕੇ ਨਹੀਂ ਬਹਿੰਦਾ। ਸਾਂਡਰਸ ਦੇ ਕਤਲ ਤੋਂ ਬਾਅਦ ਉਹ ਖੁਸ਼ ਨਹੀਂ, ਸਗੋਂ ਉਦਾਸ ਰਹਿੰਦਾ ਹੈ। ਇਸ ਅਸਲੀਅਤ ਦਾ ਪਤਾ ਲੋਕ ਗੀਤਾਂ ਤੋਂ ਨਹੀਂ, ਸਗੋਂ ਉਹਨਾਂ ਨਾਲ ਵਿਚਰੇ ਸਾਥੀਆਂ ਤੇ ਦੋਸਤਾਂ ਦੀਆਂ ਯਾਦਾਂ ਤੋਂ ਪ੍ਰਾਪਤ ਹੁੰਦਾ ਹੈ ਜੋ ਅੱਜ ਵੀ ਸਾਡੇ ਕੋਲ ਲਿਖ਼ਤ ਰੂਪ ਵਿਚ ਉਪਲਬਧ ਹਨ। ਬੰਗਾਲ ਵਿਚ ਇਨਕਲਾਬੀ ਸਾਥੀਆਂ ਨਾਲ ਰਹਿੰਦਿਆਂ 'ਵਿਅਕਤੀਗਤ ਸਿਆਸੀ ਕਤਲਾਂ' ਦੀ ਅਰਥਹੀਣਤਾ ਦਾ ਉਸ ਨੂੰ ਪੂਰਾ ਗਿਆਨ ਹੋ ਜਾਂਦਾ ਹੈ। ਅਸੈਂਬਲੀ ਵਿਚ ਫੋਕਾ ਬੰਬ ਸੁੱਟਣਾ ਕਿਸੇ ਅਹਿੰਸਕ ਵਿਚਾਰਧਾਰਾ ਦਾ ਪ੍ਰਗਟਾ ਨਹੀਂ ਹੈ, ਸਗੋਂ ਲੋਕਾਂ ਤੱਕ ਆਪਣੀ ਪਾਰਟੀ ਦੀ ਯੋਜਨਾ ਤੇ ਵਿਚਾਰਧਾਰਾ ਨੂੰ ਪਹੁੰਚਾਉਣ ਦਾ ਤਰੀਕਾ ਮਾਤਰ ਹੀ ਹੈ। ਅਸੈਂਬਲੀ ਵਿਚ ਸੁੱਟੇ ਗਏ ਪੈਂਫਲਟ ਅਤੇ ਨਿਆਂਪਾਲਿਕਾ ਦੀ ਕਾਰਵਾਈ ਸਮੇਂ ਦਿੱਤੇ ਗਏ ਬਿਆਨ, ਇਸੇ ਅਸਲੀਅਤ ਨੂੰ ਬਿਆਨ ਕਰਦੇ ਹਨ ਕਿ ਮਾਨਵਤਾ ਦੇ ਜੀਵਨ ਦੀ ਉਹਨਾਂ ਦੇ ਮਨ ਅੰਦਰ ਕਿੰਨੀ ਇੱਜ਼ਤ ਹੈ। ਉਹ ਧਾਰਮਿਕ ਕੱਟੜਤਾਵਾਂ ਤੇ ਨਿੱਜੀ ਸੁਆਰਥਾਂ ਤੋਂ ਮੁਕਤ ਸੀ।

ਇਸ ਲਈ ਉਕਤ ਚਰਚਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਗਤ ਸਿੰਘ ਜੀ ਦਾ ਅਮਲੀ ਤੇ ਵਿਚਾਰਧਾਰਕ ਜੀਵਨ, ਵੱਖ-ਵੱਖ ਤੇ ਵਿਰੋਧੀ ਵਿਚਾਰਧਾਰਕ ਵਰਗਾਂ ਨੂੰ ਇਕ ਮਜ਼ਬੂਤ ਆਧਾਰ ਪ੍ਰਦਾਨ ਕਰਦਾ ਹੈ ਤਾਂ ਜੋ ਉਹ ਇਸ ਨੂੰ ਆਪਣੇ ਪ੍ਰਤੀਨਿਧ ਦੇ ਰੂਪ ਵਿਚ ਸਵੀਕਾਰ ਕਰ ਸਕਣ। ਵਿਵਹਾਰਿਕ, ਰਾਜਨੀਤਿਕ ਸੇਧ ਅਤੇ ਵਿਚਾਰਧਾਰਕ ਸੂਝ ਪੱਖੋਂ ਭਾਵੇਂ ਇਹ ਰਸਤਾ ਗੰਧਲਾ ਤੇ ਉਲਝਣਾਂ ਭਰਪੂਰ ਹੋ ਸਕਦਾ ਹੈ ਪਰ ਭਗਤ ਸਿੰਘ ਜੀ ਦੀ ਹਰਮਨ ਪਿਆਰਤਾ ਤੇ ਵਿਰੋਧੀ ਖੇਮਿਆਂ ਦਾ ਸਾਂਝਾ ਹੋ ਸਕਣ ਦੀ, ਉਸਦੀ ਸਮਰੱਥਾ ਦਾ ਭੇਦ ਵੀ ਇਸੇ ਅੰਦਰ ਸਮਾਇਆ ਹੋਇਆ ਹੈ। ਇਸ ਅਸਲੀਅਤ ਨੂੰ ਕਿਸੇ ਵੀ ਤਰ੍ਹਾਂ ਝੁਠਲਾਇਆ ਨਹੀਂ ਜਾ ਸਕਦਾ। ਭਗਤ ਸਿੰਘ ਜੀ ਦੀ ਵਿਚਾਰਧਾਰਕ ਉਡਾਰੀ ਇਤਨੀ ਵਿਸ਼ਾਲ ਹੈ ਜੋ ਇਕ ਸਮੇਂ ਸਾਰੇ ਵਿਰੋਧੀ ਪੱਖਾਂ ਨੂੰ ਆਪਣੇ ਕਲਾਵੇ ਵਿਚ ਲੈ ਲੈਣ ਦੀ ਸਮਰੱਥਾ ਰੱਖਦੀ ਹੈ। ਇਸ ਲਈ ਹੀ ਭਗਤ ਸਿੰਘ ਕਿਸੇ ਵਰਗ ਵਿਸ਼ੇਸ਼, ਵਿਚਾਰਧਾਰਾ, ਧਰਮ, ਪ੍ਰਾਂਤ ਅਤੇ ਭਾਸ਼ਾ ਦਾ ਨਾਇਕ ਨਾ ਹੋਕੇ ਸਮੁੱਚੇ ਭਾਰਤ ਵਰਸ਼ ਦਾ ਸਿਰਮੌਰ ਮਹਾਂ-ਨਾਇਕ ਹੈ। ਉਸ ਦੀ ਮਹਾਨਤਾ ਤੇ ਉਸ ਦੇ ਵਿਅਕਤਿਤਵ ਨੂੰ ਪੰਡਤ ਜਵਾਹਰ ਲਾਲ ਨਹਿਰੂ ਤੇ ਸੁਭਾਸ਼ ਚੰਦਰ ਬੋਸ ਜੀ ਵਰਗੇ ਪ੍ਰਗਤੀਸ਼ੀਲ ਮਹਾਂ-ਨਾਇਕ ਹੀ ਨਹੀਂ, ਸਗੋਂ ਖੁਦ ਰਾਸ਼ਟਰ ਪਿਤਾ ਅਖਵਾਉਣ ਵਾਲੇ ਮਹਾਂ-ਨਾਇਕ ਮਹਾਤਮਾ ਗਾਂਧੀ ਜੀ ਵੀ ਖੁਦ ਸਵੀਕਾਰ ਕਰਦੇ ਹਨ। ਆਪਣੀ ਵਿਗਿਆਨਕ ਤੇ ਬੌਧਿਕ ਵਿਚਾਰਧਾਰਾ ਦੀ ਵਿਸ਼ਾਲਤਾ ਨਾਲ ਹੀ ਉਹ ਸਮੇਂ ਨੂੰ ਪਛਾੜਨ ਦੇ ਸਮਰੱਥ ਹੋਇਆ ਹੈ। ਅੱਜ ਸਮਾਂ ਬੀਤਣ ਨਾਲ ਹੌਲੀ-ਹੌਲੀ ਬਹੁਤ ਸਾਰੇ ਪੁਰਾਣੇ ਆਜ਼ਾਦੀ ਦੇ ਸੂਰਮਿਆਂ ਦੇ ਅਕਸ ਧੁੰਦਲਾ ਰਹੇ ਹਨ ਪਰ ਭਗਤ ਸਿੰਘ ਜੀ ਦਾ ਅਕਸ ਉਵੇਂ ਹੀ ਸੂਰਜ ਦੀ ਤਰ੍ਹਾਂ ਚਮਕਦਾ ਰਹੇਗਾ ਕਿਉਂਕਿ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਜੀ ਇਕ ਅਜਿਹੇ ਚਮਕਦੇ ਗਿਆਨ ਤੇ ਕੁਰਬਾਨੀ ਦੇ ਸੂਰਜ ਹਨ, ਜਿਹਨਾਂ ਦਾ ਚਾਨਣ ਸਮੁੱਚੀ ਮਾਨਵਤਾ ਨੂੰ ਅਗਿਆਨਤਾ ਦੇ ਹਨੇਰੇ 'ਚੋਂ ਕੱਢ ਕੇ ਕੁਰਬਾਨੀ ਅਤੇ ਦੇਸ਼ ਪਿਆਰ ਦਾ ਜਜ਼ਬਾ ਪੈਦਾ ਕਰਦਾ ਤੇ ਪ੍ਰੇਰਨਾ ਦਿੰਦਾ ਹੋਇਆ, ਵਿਗਿਆਨਕ ਦ੍ਰਿਸ਼ਟੀਕੋਣ ਧਾਰਨ ਕਰਨ, ਸਮਾਜਵਾਦੀ-ਯਥਾਰਥਵਾਦੀ ਬਣਨ ਤੇ ਪ੍ਰਗਤੀਸ਼ੀਲਤਾ ਗ੍ਰਹਿਣ ਕਰਨ ਦੀ ਰੌਸ਼ਨੀ ਦਿੰਦਾ ਰਹੇਗਾ। ਸਾਰੀ ਮਾਨਵਤਾ ਲਈ ਸ਼ਹੀਦੇ-ਆਜ਼ਮ-ਸਰਦਾਰ ਭਗਤ ਸਿੰਘ ਜੀ ਕੋਲ ਥਾਂ ਹੈ ਤੇ ਉਹ ਕਿਸੇ ਨੂੰ ਵੀ ਨਿਰਾਸ਼ ਨਹੀਂ ਕਰਦਾ। ਉਹਨਾਂ ਦੇ ਸ਼ਹੀਦੀ ਪੁਰਬ ਤੇ ਬੜੇ ਸਤਿਕਾਰ ਨਾਲ ਮੈਂ ਆਪਣੇ ਸ਼ਰਧਾ-ਸੁੰਮਨ ਪੇਸ਼ ਕਰਦਾ ਹਾਂ।

# ਮਹਾਨ ਕ੍ਰਾਂਤੀਕਾਰੀ ਸ਼ਹੀਦ 'ਸੁਖਦੇਵ ਥਾਪਰ'

ਉਲੀਕੀ ਗਈ ਸੀ। ਉਸਦਾ ਕਤਲ ਕਰਕੇ ਸਾਡਾ ਉਸ ਜਗ੍ਹਾ ਤੋਂ ਦੌੜ ਜਾਣ ਦਾ ਮੰਤਵ ਨਹੀਂ ਸੀ। ਅਸੀਂ ਭਾਰਤੀ ਲੋਕਾਂ 'ਚ ਇਹ ਸੰਦੇਸ਼ ਪਹੁੰਚਾਉਣਾ ਚਾਹੁੰਦੇ ਸਾਂ ਕਿ ਇਹ ਇਕ ਰਾਜਨੀਤਿਕ ਕਤਲ ਹੈ ਅਤੇ ਇਹ ਅਪਰਾਧ ਕਰਨ ਵਾਲੇ ਭਾਰਤੀ ਕ੍ਰਾਂਤੀਕਾਰੀ ਹਨ। ਸਾਡੇ ਅਮਲ ਹਮੇਸ਼ਾ ਭਾਰਤੀ ਲੋਕਾਂ ਦੀਆਂ ਤਕਲੀਫ਼ਾਂ ਵੱਲ, ਧਿਆਨ ਖਿੱਚਣ ਵੱਲ ਤੇ ਉਹਨਾਂ ਵੱਲੋਂ ਮਿਲਦੇ ਹੁੰਗਾਰੇ ਵੱਲ ਰਹਿੰਦੇ ਸਨ।

ਅਸੀਂ ਚਾਹੁੰਦੇ ਸਾਂ ਕਿ ਭਾਰਤੀ ਲੋਕਾਂ 'ਚ ਕ੍ਰਾਂਤੀਕਾਰੀ ਵਿਚਾਰਾਂ ਦੀ ਰੂਹ ਫੂਕੀ ਜਾਵੇ ਤੇ ਸਾਨੂੰ ਲੋਕਾਂ 'ਚ ਸਾਡੇ ਇਸ ਪ੍ਰਭਾਵ ਦੀ ਕਿਰਨ ਨਜ਼ਰ ਆਵੇ ਤੇ ਅਜਿਹੇ ਵਿਚਾਰਾਂ ਦਾ ਪ੍ਰਭਾਵ ਸਾਡੀ ਸ਼ਾਨ ਨੂੰ ਹੋਰ ਵਧਾਵੇ।

ਜਦੋਂ ਕੋਈ ਕ੍ਰਾਂਤੀਕਾਰੀ ਇਹਨਾਂ ਵਿਚਾਰਾਂ 'ਤੇ ਚੱਲਦਾ ਹੋਇਆ ਤੇ ਅਮਲ ਕਰਦਾ ਹੋਇਆ, ਦੇਸ਼ ਦੀ ਆਜ਼ਾਦੀ ਦੀ ਖਾਤਰ ਫਾਂਸੀ ਦੇ ਰੱਸੇ ਨੂੰ ਚੁੰਮੇ ਤੇ ਆਪਣਾ ਜੀਵਨ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਲਾ ਦੇਵੇ। '' ਇਸ ਚਿੱਠੀ ਦੀ ਸਰਟੀਫਾਈਡ ਕਾਪੀ ਪੰਜਾਬ ਸੀ. ਆਈ. ਡੀ. ਵੱਲੋਂ ਗ੍ਰਹਿ ਵਿਭਾਗ ਨੂੰ ਭੇਜੀ ਗਈ ਸੀ। ਭਾਰਤੀ ਮਾਂ ਦੇ ਮਹਾਨ ਸਪੂਤ ਸੁਖਦੇਵ ਦਾ ਮਹਾਤਮਾ ਗਾਂਧੀ ਜੀ ਨੂੰ ਲਿਖਿਆ ਖ਼ਤ ਵੀ ਉਹਨਾਂ ਦੇ ਵਿਚਾਰਾਂ ਦੇ ਪ੍ਰਭਾਵ ਦੀ ਤਰਜ਼ਮਾਨੀ ਕਰਦਾ ਹੈ, "ਕ੍ਰਾਂਤੀਕਾਰੀਆਂ ਦਾ ਉਦੇਸ਼ ਭਾਰਤ 'ਚ ਸਮਾਜਵਾਦੀ ਗਣਤੰਤਰ ਦੀ ਸਿਰਜਣਾ ਕਰਨ ਦਾ ਹੈ। ਸਾਡਾ ਉਦੇਸ਼ ਹੈ ਕਿ ਸਾਡੇ ਇਸ ਸਮਾਜਵਾਦੀ ਨਿਜ਼ਾਮ 'ਚ ਜ਼ਰਾ ਜਿੰਨਾ ਵੀ ਪਰਿਵਰਤਨ ਨਾ ਕੀਤਾ ਜਾਵੇ।

ਮੈਂ ਸੋਚਦਾ ਹਾਂ ਕਿ ਤੁਸੀਂ ਮੇਰੀ ਗੱਲ 'ਤੇ ਵਿਸ਼ਵਾਸ ਕਰੋਗੇ ਕਿ ਕ੍ਰਾਂਤੀਕਾਰੀ ਦੇਸ਼ ਭਗਤ ਲੋਕ ਭਾਰਤ 'ਚ ਭਾਰੀ ਸੰਖਿਆ 'ਚ ਹਨ, ਜਿਹੜੇ ਤਬਾਹਕੁੰਨ ਅਮਲਾਂ 'ਚ ਵਿਸ਼ਵਾਸ ਰੱਖਦੇ ਹਨ। ਮੈਂ ਤੁਹਾਨੂੰ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਸਚਾਈ ਇੱਕਦਮ ਇਸ ਦੇ ਉਲਟ ਹੈ।

ਉਹ ਆਪਣੀ ਜ਼ਿੰਮੇਵਾਰੀ ਸਮਝਦੇ ਹਨ ਤੇ ਉਹਨਾਂ ਦੇ ਕ੍ਰਾਂਤੀਕਾਰੀ ਸੰਵਿਧਾਨ 'ਚ ਬੜੇ ਉਸਾਰੂ ਤੇ ਰਚਨਾਤਮਕ ਤੱਤ ਹਨ, ਇੱਥੋਂ ਤੱਕ ਕਿ ਮੌਜੂਦਾ ਹਾਲਾਤ 'ਚ ਵੀ ਉਹਨਾਂ ਪਾਸ ਤਬਾਹਕੁੰਨੀ ਦੇ ਬੜੇ ਮੌਕੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

## 3525 Highway 99, West Corning, CA 96021

Across the Street from TA Truck Stop